5-JAN-PAGE-1.qxd 1/4/2025 10:49 PM Page 1

ਐਤਵਾਰ, 5 ਜਨਵਰੀ, 2025
22 ਪੋਹ { ਨਾਨਕਸ਼ਾਹੀ 556 / ਬਿਕਰਮੀ 2081 }
ਜਿਲਦ/VOL. : 73
ਅੰਕ/NO. : 216

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 5 JANUARY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

# ਕਿਸਾਨਾਂ ਨੇ ਫਿਰ ਲਈ ਅੰਗੜਾਈ



ਟੋਹਾਣਾ : ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਪੰਜਾਬ ਤੇ ਹਰਿਆਣਾ ਬਾਰਡਰ 'ਤੇ ਖਨੌਰੀ ਤੇ ਸ਼ੰਭੂ ਵਿਖੇ ਚੱਲ ਰਹੇ ਕਿਸਾਨ ਮੋਰਚੇ ਨੂੰ ਕਿਸਾਨ ਏਕਤਾ ਤੋੜਨ ਤੇ ਸਿੱਖਾਂ ਨੂੰ ਬਦਨਾਮ ਕਰਨ ਲਈ ਲਮਕਾ ਰਹੀ ਹੈ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੇ ਪ੍ਰੋਟੈਸਟ ਨੂੰ ਇਸ ਕਰਕੇ ਜਾਰੀ ਰਖਵਾ ਰਹੀ ਹੈ, ਤਾਂ ਜੋ ਉਹ ਦਿੱਲੀ ਦੇ ਪ੍ਰੋਟੈਸਟ ਨਾਲੋਂ ਵੱਡਾ ਲੱਗੇ। ਪੰਜਾਬ ਦੇ ਬਾਰਡਰ 'ਤੇ ਪ੍ਰੋਟੈਸਟ ਕੇਂਦਰ ਸਰਕਾਰ ਨੂੰ ਸੂਤ ਬੈਠ ਰਿਹਾ ਹੈ।

ਟਿਕੈਤ ਦੇ ਬਿਆਨ ਦੇ ਬਾਵਜੂਦ ਇੱਥੇ ਸੰਯੁਕਤ ਕਿਾਸਨ ਮੋਰਚੇ ਦੀ ਮਹਾਂ-ਪੰਚਾਇਤ ਵਿੱਚ ਬੋਲਣ ਵਾਲੇ ਆਗੂਆਂ ਨੇ ਮਰਨ ਵਰਤ 'ਤੇ ਚੱਲ ਰਹੇ ਜਗਜੀਤ ਸਿੰਘ ਡੱਲੇਵਾਲ ਦੀ ਵਿਗੜ ਰਹੀ ਹਾਲਤ 'ਤੇ ਚਿੰਤਾ ਪ੍ਰਗਟਾਈ। ਉਨ੍ਹਾ ਕਿਹਾ ਕਿ ਜੇ ਡੱਲੇਵਾਲ ਨਾਲ ਕੁਝ ਮਾੜਾ ਹੋ ਗਿਆ ਤਾਂ ਉਸ ਲਈ ਕੇਂਦਰ ਤੇ ਹਰਿਆਣਾ ਦੀਆਂ ਸਰਕਾਰਾਂ ਜ਼ਿੰਮੇਵਾਰ ਹੋਣਗੀਆਂ। ਟਿਕੈਤ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਉਹ ਡੱਲੇਵਾਲ ਨੂੰ ਬਚਾਉਣ ਲਈ ਕਦਮ ਚੁੱਕੇ। ਉਨ੍ਹਾ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਏਕਤਾ ਲਈ ਗਠਿਤ ਕਮੇਟੀ ਪਹਿਲਾਂ ਹੀ ਇਸ ਲਈ ਜਤਨ ਕਰ ਰਹੀ ਹੈ। ਟਿਕੈਤ ਨੇ ਕਿਹਾ ਕਿ ਸ਼ੰਭੂ ਤੇ ਖਨੌਰੀ ਦੇ ਅੰਦੋਲਨ ਨੂੰ ਚਾਰ-ਪੰਜ ਮਹੀਨੇ ਹੋਰ ਲਮਕਾਇਆ ਜਾ ਸਕਦਾ ਹੈ, ਤਾਂ ਕਿ ਇਹ ਦਿਖਾਇਆ ਜਾ ਸਕੇ ਕਿ ਪੰਜਾਬ ਵਿੱਚ 14-15 ਮਹੀਨੇ ਪ੍ਰੋਟੈਸਟ ਚੱਲਿਆ। ਕੇਂਦਰ ਸਰਕਾਰ ਗੱਲਬਾਤ ਚਾਰ-ਪੰਜ ਮਹੀਨੇ ਬਾਅਦ ਸ਼ੁਰੂ ਕਰੇਗੀ, ਤਾਂ ਕਿ ਇਹ ਪ੍ਰੋਟੈਸਟ ਦਿੱਲੀ ਮੋਰਚੇ ਨਾਲੋਂ ਵੱਧ ਸਮਾਂ ਚੱਲ ਕੇ ਉਸ ਨੂੰ ਛੁਟਿਆ ਦੇਵੇ। ਇਸ ਪ੍ਰੋਟੈਸਟ ਨੂੰ ਲਮਕਾ ਕੇ ਕੇਂਦਰ ਸਰਕਾਰ ਕਿਸਾਨ ਫੋਰਮਾਂ ਵਿਚਾਲੇ ਪਾੜਾ ਪਾਉਣ ਤੇ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਸੰਯੁਕਤ ਕਿਸਾਨ ਮੋਰਚੇ ਦੀ ਸਮੁੱਚੀ ਲੀਡਰਸ਼ਿਪ ਟੋਹਾਨਾ ਪੁੱਜੀ ਹੋਈ ਸੀ। ਰੈਲੀ ਨੇ ਮੰਗ ਕੀਤੀ ਕਿ ਖੇਤੀਬਾੜੀ ਮੰਡੀਕਰਨ ਦੀ ਕੌਮੀ ਨੀਤੀ ਦਾ ਖਰੜਾ ਕੇਂਦਰ ਸਰਕਾਰ ਵਾਪਸ ਲਵੇ ਤੇ ਕਿਸਾਨ ਜਥੇਬੰਦੀਆਂ ਨਾਲ ਗੱਲ ਕਰੇ। ਮਹਾਂ-ਪੰਚਾਇਤ ਵਿੱਚ ਐਲਾਨ ਕੀਤਾ ਗਿਆ ਕਿ ਮੋਰਚੇ ਦੀ 24 ਜਨਵਰੀ ਨੂੰ ਦਿੱਲੀ ਵਿੱਚ ਮੀਟਿੰਗ ਹੋਵੇਗੀ, ਜਿਸ 'ਚ ਅਗਲੀ ਰਣਨੀਤੀ ਐਲਾਨੀ ਜਾਵੇਗੀ। ਮਹਾਂਪੰਚਾਇਤ ਨੇ ਮੰਡੀਕਰਨ ਬਾਰੇ ਖਰੜੇ ਨੂੰ ਸਰਬਸੰਮਤੀ ਨਾਲ ਰੱਦ ਕੀਤਾ ਤੇ ਸਾਰੀਆਂ ਪੰਚਾਇਤਾਂ ਨੂੰ ਬੇਨਤੀ ਕੀਤੀ ਕਿ ਉਹ ਇਸ ਨੂੰ ਰੱਦ ਕਰਕੇ ਇਸ ਬਾਰੇ ਕੇਂਦਰ ਸਰਕਾਰ ਨੂੰ 10 ਜਨਵਰੀ ਤੱਕ ਮਤੇ ਘੱਲਣਗੇ। ਮਹਾਂ-ਪੰਚਾਇਤ 'ਚ ਜੋਗਿੰਦਰ ਸਿੰਘ ਉਗਰਾਹਾਂ, ਦਰਸ਼ਨ ਪਾਲ, ਇੰਦਰਜੀਤ ਸਿੰਘ ਤੇ ਬਲਦੇਵ ਸਿੰਘ ਨਿਹਾਲਗੜ੍ਹ ਵੀ ਮੌਜੂਦ ਸਨ।

ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਸਨਿੱਚਰਵਾਰ ਹੋਰਨਾਂ ਰਾਜਾਂ ਦੀਆਂ ਕਿਸਾਨ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਆਪੋ-ਆਪਣੇ ਸੂਬਿਆਂ ਵਿਚ ਐੱਮ ਐੱਸ ਪੀ ਦੀ ਕਾਨੂੰਨੀ ਗਾਰੰਟੀ ਲਈ ਲੜਾਈ ਲੜਨ, ਤਾਂ ਕਿ ਕੇਂਦਰ ਨੂੰ ਇਹ ਸੁਨੇਹਾ ਜਾਵੇ ਕਿ ਇਹ ਇਕੱਲੀ ਪੰਜਾਬ ਦੀ ਲੜਾਈ ਨਹੀਂ। ਖਨੌਰੀ ਬਾਰਡਰ ਉੱਤੇ 'ਕਿਸਾਨ ਮਹਾਂ-ਪੰਚਾਇਤ' ਨੂੰ ਸੰਬੋਧਨ ਦੌਰਾਨ ਉਨ੍ਹਾ ਕਿਹਾ, 'ਪੂਰੇ ਦੇਸ਼ ਵਿਚ ਸੱਤ ਲੱਖ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ। ਜੇ ਅਸੀਂ ਬੈਠ ਜਾਈਏ ਤੇ ਇਹ ਸੋਚੀਏ ਕਿ ਇਹ ਮੁਸ਼ਕਲ ਕੰਮ ਹੈ, ਤਾਂ ਅਸੀਂ ਇਸ ਨੂੰ ਪੂਰਾ ਨਹੀਂ ਕਰ ਸਕਦੇ। ਕੀ ਅਸੀਂ ਉਨ੍ਹਾਂ (ਕਿਸਾਨਾਂ) ਨੂੰ ਮਰਨ ਦੇਈਏ।'

# ਮਹਾਂ-ਪੰਚਾਇਤ ਲਈ ਜਾਂਦਿਆਂ ਹਾਦਸੇ 'ਚ 3 ਕਿਸਾਨ ਬੀਬੀਆਂ ਸ਼ਹੀਦ



**ਭਗਤਾ ਭਾਈਕਾ (ਰਾਜੀਵ ਗੋਇਲ)**
ਪਿੰਡ ਕੋਠਾਗੁਰੂ (ਜ਼ਿਲ੍ਹਾ ਬਠਿੰਡਾ) ਤੋਂ ਟੋਹਾਣਾ (ਹਰਿਆਣਾ) ਕਿਸਾਨ ਮਹਾਂ-ਪੰਚਾਇਤ 'ਚ ਸ਼ਾਮਲ ਹੋਣ ਜਾ ਰਹੀ ਭਾਕਿਯੂ (ਏਕਤਾ-ਉਗਰਾਹਾਂ) ਦੀ ਬੱਸ ਹੰਢਿਆਇਆ ਵਿਖੇ ਪਲਟ ਗਈ। ਇਸ ਭਿਆਨਕ ਹਾਦਸੇ 'ਚ ਜਸਵੀਰ ਕੌਰ ਪਤਨੀ ਜੀਤ ਸਿੰਘ, ਸਰਬਜੀਤ ਕੌਰ ਪਤਨੀ ਸੁੱਖਾ ਨੰਬਰਦਾਰ ਅਤੇ ਬਲਵੀਰ ਕੌਰ ਪਤਨੀ ਬੰਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸਰਬਜੀਤ ਕੌਰ ਨਗਰ ਪੰਚਾਇਤ ਕੋਠਾਗੁਰੂ ਦੇ ਸਾਬਕਾ ਪ੍ਰਧਾਨ ਮੇਵਾ ਸਿੰਘ ਮਾਨ ਦੀ ਚਾਚੀ ਸੀ। ਬੱਸ ਵਿੱਚ 41 ਜਣੇ ਸਵਾਰ ਸਨ। 6 ਗੰਭੀਰ ਜ਼ਖਮੀਆਂ ਨੂੰ ਬਠਿੰਡਾ ਦੇ ਏਮਜ਼ ਹਸਪਤਾਲ ਵਿਚ ਰੈਫਰ ਕੀਤਾ ਗਿਆ, ਜਦਕਿ 32 ਦਾ ਬਰਨਾਲਾ ਦੇ ਸਿਵਲ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਸੀ। ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਹਾਦਸੇ 'ਤੇ ਦੁੱਖ ਪ੍ਰਗਟਾਇਆ ਹੈ। ਇੱਕ ਹੋਰ ਹਾਦਸੇ 'ਚ ਭਾਕਿਯੂ ਸਿੱਧੂਪੁਰ ਦੀ ਡੱਲੇਵਾਲ ਤੋਂ ਖਨੌਰੀ ਜਾ ਰਹੀ ਬੱਸ ਦੀ ਬਰਨਾਲਾ-ਬਾਜਾਖਾਨਾ ਰੋਡ 'ਤੇ ਸੋਹਲ ਪੱਤੀ ਨੇੜੇ ਜ਼ਿਲ੍ਹਾ ਜੇਲ੍ਹ ਕੋਲ ਟਰੱਕ ਨਾਲ ਟੱਕਰ ਹੋ ਗਈ। ਹਾਦਸੇ 'ਚ 30 ਤੋਂ ਵੱਧ ਫੱਟੜ ਕਿਸਾਨਾਂ ਨੂੰ ਬਰਨਾਲਾ ਦੇ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ 'ਚ ਇਲਾਜ ਲਈ ਦਾਖਲ ਕਰਵਾਇਆ ਗਿਆ।

# ਸਰਬ ਭਾਰਤ ਨੌਜਵਾਨ ਸਭਾ ਦੀ ਸਫਲ ਸੂਬਾਈ ਕਾਨਫਰੰਸ 'ਚ ਕਰਮਵੀਰ ਕੌਰ ਬੱਧਨੀ ਸੂਬਾ ਪ੍ਰਧਾਨ ਤੇ ਚਰਨਜੀਤ ਛਾਂਗਾ ਰਾਏ ਸਕੱਤਰ ਚੁਣੇ ਗਏ

## ਸਰਬ ਭਾਰਤ ਨੌਜਵਾਨ ਸਭਾ 'ਬਨੇਗਾ' ਦੀ ਪ੍ਰਾਪਤੀ ਲਈ ਕੌਮੀ ਪੱਧਰ 'ਤੇ ਮੁਹਿੰਮ ਚਲਾਏਗੀ



**ਸੰਗਰੂਰ (ਨਵਾਂ ਜ਼ਮਾਨਾ ਸਰਵਿਸ)**
ਸਰਬ ਭਾਰਤ ਨੌਜਵਾਨ ਸਭਾ ਪੰਜਾਬ ਇਕਾਈ ਦੀ ਦੋ ਰੋਜ਼ਾ ਸੂਬਾ ਕਾਨਫਰੰਸ ਕਾਮਰੇਡ ਭਾਨ ਸਿੰਘ ਭੌਰਾ ਡੈਲੀਗੇਟ ਹਾਲ ਵਿੱਚ ਹੋਈ, ਜਿਸ ਦੀ ਪ੍ਰਧਾਨਗੀ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ, ਕਰਮਵੀਰ ਕੌਰ ਬੱਧਨੀ, ਹਰਭਜਨ ਛੱਪੜੀਵਾਲਾ, ਇੰਦਰਜੀਤ ਦੀਨਾ, ਨਵਜੀਤ ਸੰਗਰੂਰ ਅਤੇ ਹਰਮੇਲ ਉੱਭਾ 'ਤੇ ਅਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ। ਕਾਨਫਰੰਸ ਦੀ ਸ਼ੁਰੂਆਤ ਜਥੇਬੰਦੀ ਦੇ ਕੌਮੀ ਜਨਰਲ ਸਕੱਤਰ ਆਰ. ਤਿਰਮਲਾਈ ਵੱਲੋਂ ਝੰਡਾ ਲਹਿਰਾ ਕੇ ਕੀਤੀ ਗਈ। ਉਪਰੰਤ ਆਏ ਹੋਏ ਡੈਲੀਗੇਟਾਂ ਦਾ ਸਵਾਗਤੀ ਕਮੇਟੀ ਦੇ ਕਨਵੀਨਰ ਡਾਕਟਰ ਮਨਿੰਦਰ ਧਾਲੀਵਾਲ ਵੱਲੋਂ ਸਵਾਗਤ ਕੀਤਾ ਗਿਆ।

ਕਾਨਫਰੰਸ ਦਾ ਉਦਘਾਟਨ ਕਰਦਿਆਂ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਕੌਮੀ ਪ੍ਰਧਾਨ ਅਤੇ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਜਿਨ੍ਹਾਂ ਹਾਲਤਾਂ ਵਿੱਚ ਅੱਜ ਸਰਬ ਭਾਰਤ ਨੌਜਵਾਨ ਸਭਾ ਦੀ ਸੂਬਾਈ ਕਾਨਫਰੰਸ ਕੀਤੀ ਗਈ, ਉਹਨਾਂ ਵਿੱਚ ਜਿੱਥੇ ਪੰਜਾਬ ਸੂਬੇ ਦੇ ਰੁਜ਼ਗਾਰ ਮੰਗਦੇ ਨੌਜਵਾਨ ਸੜਕਾਂ 'ਤੇ ਰੁਜ਼ਗਾਰ ਦੀ ਮੰਗ ਲਈ ਸੰਘਰਸ਼ ਕਰ ਰਹੇ ਹਨ, ਉੱਥੇ ਦੇਸ਼ ਪੱਧਰ 'ਤੇ ਵੀ ਬੇਰੁਜ਼ਗਾਰੀ ਕਾਰਨ ਜਵਾਨੀ ਨਿਰਾਸ਼ਾ ਵਿੱਚ ਹੈ। ਉਨ੍ਹਾ ਜਥੇਬੰਦੀ ਦੇ ਚੇਤਨ ਕਾਰਕੁਨਾਂ ਨੂੰ ਸੱਦਾ ਦਿੱਤਾ ਕਿ ਉਹ ਦੇਸ਼ ਪੱਧਰ 'ਤੇ ਰੁਜ਼ਗਾਰ ਦੀ ਗਰੰਟੀ ਕਰਦੇ ਕਾਨੂੰਨ 'ਬਨੇਗਾ' ਦੀ ਪ੍ਰਾਪਤੀ ਲਈ ਅਗਵਾਈ ਕਰਨ।

ਜਥੇਬੰਦੀ ਦੇ ਜਨਰਲ ਸਕੱਤਰ ਆਰ. ਤਿਰਮਲਾਈ ਅਤੇ ਕੌਮੀ ਪ੍ਰਧਾਨ ਸੁਖਜਿੰਦਰ ਮਹੇਸਰੀ ਨੇ ਕਿਹਾ ਕਿ ਉਹ 'ਬਨੇਗਾ ਦੀ ਪ੍ਰਾਪਤੀ' ਲਈ ਦੇਸ਼ ਪੱਧਰ 'ਤੇ ਇੱਕ ਮੁਹਿੰਮ ਚਲਾਉਣਗੇ। ਕਾਨਫਰੰਸ ਦੇ ਦੂਜੇ ਸੈਸ਼ਨ ਵਿੱਚ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਐਡਵੋਕੇਟ ਚਰਨਜੀਤ ਛਾਂਗਾ ਰਾਏ ਵੱਲੋਂ ਜਥੇਬੰਦਕ ਰਿਪੋਰਟ ਪੇਸ਼ ਕੀਤੀ ਗਈ, ਜਿਸ 'ਚ 18 ਦੇ ਕਰੀਬ ਡੈਲੀਗੇਟਾਂ ਨੇ ਬਹਿਸ ਵਿੱਚ ਹਿੱਸਾ ਲਿਆ। ਰਿਪੋਰਟ ਵਿੱਚ ਵਾਧੇ ਦਰਜ ਕਰਵਾਏ। ਉਪਰੰਤ ਸੂਬਾ ਸਕੱਤਰ ਵੱਲੋਂ ਪੇਸ਼ ਕੀਤੀ ਰਿਪੋਰਟ ਨੂੰ ਵਾਧਿਆਂ ਸਮੇਤ ਡੈਲੀਗੇਟ ਹਾਊਸ ਵੱਲੋਂ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਜਸਪ੍ਰੀਤ ਕੌਰ ਬੱਧਨੀ ਵੱਲੋਂ ਦੋ ਰੋਜ਼ਾ ਸੂਬਾਈ ਕਾਨਫਰੰਸ ਦਾ ਲੇਖਾ-ਜੋਖਾ ਕਰਦੀ ਰਿਪੋਰਟ ਪੇਸ਼ ਕੀਤੀ ਗਈ। ਕਾਨਫਰੰਸ ਦੇ ਆਖਰੀ ਦਿਨ ਸਰਬ ਭਾਰਤ ਨੌਜਵਾਨ ਸਭਾ ਦੀ ਸੂਬਾ ਕੌਂਸਲ ਦੀ ਚੋਣ ਕੀਤੀ ਗਈ, ਜਿਸ ਵਿੱਚ ਕਰਮਵੀਰ ਕੌਰ ਬੱਧਨੀ ਨੂੰ ਸੂਬਾ ਪ੍ਰਧਾਨ ਤੇ ਐਡਵੋਕੇਟ ਚਰਨਜੀਤ ਛਾਂਗਾ ਰਾਏ ਨੂੰ ਸਰਬਸੰਮਤੀ ਨਾਲ ਸੂਬਾ ਸਕੱਤਰ ਚੁਣਿਆ ਗਿਆ। ਇਸੇ ਤਰ੍ਹਾਂ ਹਰਭਜਨ ਛੱਪੜੀਵਾਲਾ ਸੀਨੀਅਰ ਮੀਤ ਪ੍ਰਧਾਨ, ਹਰਮੇਲ ਉੱਭਾ ਮੀਤ ਪ੍ਰਧਾਨ, ਨਵਜੀਤ ਸੰਗਰੂਰ, ਗੁਰਜੀਤ ਕੌਰ ਸਰਦੂਲਗੜ੍ਹ ਮੀਤ ਸਕੱਤਰ ਅਤੇ ਵਿਸ਼ਾਲ ਵਲਟੋਹਾ ਸੂਬਾ ਖਜ਼ਾਨਚੀ ਚੁਣੇ ਗਏ। ਦੋ ਰੋਜ਼ਾ ਸੂਬਾਈ ਕਾਨਫਰੰਸ ਵਿੱਚ ਰੁਜ਼ਗਾਰ ਲਈ ਲੜਦੀਆਂ ਵੱਖ-ਵੱਖ ਜਥੇਬੰਦੀਆਂ ਤੇ ਖਾਸ ਕਰਕੇ ਸੰਗਰੂਰ ਵਿੱਚ ਧਰਨਾ ਲਗਾ ਕੇ ਬੈਠੇ ਸਾਥੀਆਂ ਦੀ ਪੁਰਜ਼ੋਰ ਹਮਾਇਤ ਕਰਨ ਦਾ ਮਤਾ ਪਾਸ ਕੀਤਾ ਗਿਆ। ਦੂਜੇ ਮਤੇ ਵਿੱਚ ਸੰਗਰੂਰ ਵਿਖੇ ਆਪਣੀਆਂ ਹੱਕੀ ਮੰਗਾਂ ਲਈ ਮਰਨ ਵਰਤ 'ਤੇ ਬੈਠੇ ਕੰਪਿਊਟਰ ਅਧਿਆਪਕਾਂ ਨੂੰ ਤੁਰੰਤ ਪੱਕਾ ਕਰਨ ਲਈ ਕੀਤੇ ਜਾ ਰਹੇ ਸੰਘਰਸ਼ ਦੀ ਹਮਾਇਤ ਦਾ ਮਤਾ ਪਾਸ ਕੀਤਾ ਗਿਆ। ਮਤੇ ਵਿੱਚ ਦਰਜ ਕੀਤਾ ਗਿਆ ਕਿ ਸਭ ਲਈ ਰੁਜ਼ਗਾਰ ਦੀ ਗਾਰੰਟੀ ਕਰਦੇ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' (ਬਨੇਗਾ) ਨੂੰ ਦੇਸ਼ ਦੀ ਪਾਰਲੀਮੈਂਟ ਵਿੱਚ ਪਾਸ ਕਰਵਾਉਣ ਲਈ ਸਰਗਰਮੀ ਕੀਤੀ ਜਾਵੇਗੀ।

ਕਾਨਫਰੰਸ ਵਿੱਚ ਇਹ ਵੀ ਮਤਾ ਪਾਸ ਕੀਤਾ ਗਿਆ ਕਿ ਕਿਸਾਨੀ ਮੰਗਾਂ ਲਈ ਲੜ ਰਹੇ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਛੁਡਵਾਉਣ ਲਈ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਤੁਰੰਤ ਪੂਰੀਆਂ ਕੀਤੀਆਂ ਜਾਣ। ਕਾਨਫਰੰਸ 'ਚ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ, ਤਿਆਰੀ ਕਮੇਟੀ ਦੇ ਕਨਵੀਨਰ ਸੁਖਦੇਵ ਸ਼ਰਮਾ ਨੇ ਨਵੀਂ ਚੁਣੀ ਗਈ ਟੀਮ ਨੂੰ ਥਾਪੜਾ ਦਿੰਦਿਆਂ ਕਿਹਾ ਕਿ ਮੌਜੂਦਾ ਦੌਰ ਵਿੱਚ ਵੱਡੀ ਵਸੋਂ ਨੌਜਵਾਨਾਂ ਦੀ ਹੈ ਅਤੇ ਉਹ ਆਪਣੀ ਹੱਕੀ ਲੜਾਈ ਰੁਜ਼ਗਾਰ ਲਈ ਲੜ ਰਹੇ ਹਨ। ਉਹਨਾਂ ਦੀ ਯੋਗ ਅਗਵਾਈ ਕਰਨਾ ਨਵੀਂ ਚੁਣੀ ਹੋਈ ਟੀਮ ਦੀ ਮੁੱਖ ਜ਼ਿੰਮੇਵਾਰੀ ਹੋਵੇਗੀ।

ਕਾਨਫਰੰਸ ਨੂੰ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਧਰਮੂਵਾਲਾ, ਮੀਤ ਸਕੱਤਰ ਸੁਖਵਿੰਦਰ ਮਲੋਟ, ਨੌਜਵਾਨ ਸਭਾ ਦੇ ਸਾਬਕਾ ਸੂਬਾਈ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ, ਗੁਰਦਿਆਲ ਨਿਰਮਾਣ, ਗੁਰਦਿੱਤ ਸਿੰਘ ਦੀਨਾ, ਸ਼ੁਬੇਗ ਝੰਗੜਭੈਣੀ, ਮਦਨ ਗੁਰਦਾਸਪੁਰ, ਰਸਾਲ ਸਿੰਘ ਭਿੱਖੀਵਿੰਡ, ਕਿਰਤ ਅੰਮ੍ਰਿਤਸਰ, ਲਵਪ੍ਰੀਤ ਮਾੜੀਮੇਘਾ, ਕਿਰਨਜੀਤ ਕੌਰ ਬਠਿੰਡਾ, ਅੰਜੂ ਕੌਰ ਰਾਜੋਵਾਲਾ, ਰੋਹਿਤ ਕੁਮਾਰ ਮੁਕਤਸਰ, ਦਲਜੀਤ ਕੌਰ ਬਰਨਾਲਾ, ਪਰਮਿੰਦਰ ਰਹਿਮੇਸਾਹ, ਗੁਰਦਿਆਲ ਢਾਬਾਂ, ਨਵਜੋਤ ਕੌਰ ਬਿਲਾਸਪੁਰ, ਕੁਲਦੀਪ ਘੋੜੇਨਬ ਤੇ ਇਸ਼ਰਤ ਮਾਨ ਨੇ ਵੀ ਸੰਬੋਧਨ ਕੀਤਾ।

## ਜਵਾਨ ਵੱਲੋਂ ਖੁਦਕੁਸ਼ੀ

**ਸੂਰਤ** : ਇੱਥੇ ਕੌਮਾਂਤਰੀ ਹਵਾਈ ਅੱਡੇ 'ਤੇ ਸਨਿੱਚਰਵਾਰ ਬਾਅਦ ਦੁਪਹਿਰ ਸੀ ਆਈ ਐੱਸ ਐੱਫ ਦੇ ਜੈਪੁਰ ਦੇ ਜਵਾਨ ਕਿਸ਼ਨ ਸਿੰਘ ਨੇ ਪਖਾਨੇ ਵਿੱਚ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਕਾਰਨਾਂ ਦਾ ਫੌਰੀ ਪਤਾ ਨਹੀਂ ਲੱਗ ਸਕਿਆ।

## ਤਿੰਨ ਜਵਾਨਾਂ ਦੀ ਮੌਤ



**ਸ੍ਰੀਨਗਰ** : ਬਾਂਦੀਪੋਰਾ ਜ਼ਿਲ੍ਹੇ ਵਿੱਚ ਐੱਸ ਕੇ ਪਾਇਨ ਨੇੜੇ ਫੌਜੀ ਵਾਹਨ ਸਨਿੱਚਰਵਾਰ ਸੜਕ ਤੋਂ ਤਿਲਕ ਕੇ ਖੱਡ 'ਚ ਡਿੱਗਣ ਕਰਕੇ ਤਿੰਨ ਫੌਜੀਆਂ ਦੀ ਜਾਨ ਜਾਂਦੀ ਰਹੀ, ਜਦੋਂਕਿ ਦੋ ਹੋਰ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਸ੍ਰੀਨਗਰ ਰੈਫਰ ਕਰ ਦਿੱਤਾ ਗਿਆ ਹੈ।

## ਡਾਕਟਰ ਮਨਮੋਹਨ ਸਿੰਘ ਨੂੰ ਪੰਥ ਰਤਨ ਨਾਲ ਨਿਵਾਜਣ ਦੀ ਮੰਗ

**ਚੰਡੀਗੜ੍ਹ** : ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਲਿਖੀ ਚਿੱਠੀ 'ਚ ਪਹਿਲੇ ਸਿੱਖ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਪੰਥ ਪ੍ਰਤੀ ਯੋਗਦਾਨ ਨੂੰ ਦੇਖਦੇ ਹੋਏ ਉਨ੍ਹਾ ਨੂੰ ਪੰਥ ਰਤਨ ਐਵਾਰਡ ਨਾਲ ਨਿਵਾਜਣ ਦੀ ਮੰਗ ਕੀਤੀ ਹੈ।

## ਪੰਜਾਬ ਕਾਂਗਰਸ ਦਾ ਕੇਜਰੀਵਾਲ ਦੇ ਘਰ ਅੱਗੇ ਪ੍ਰਦਰਸ਼ਨ

**ਨਵੀਂ ਦਿੱਲੀ** : ਪੰਜਾਬ ਦੀ ਕਾਂਗਰਸ ਇਕਾਈ ਨੇ ਸਨਿੱਚਰਵਾਰ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਦਿੱਲੀ 'ਚ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ ਅੱਗੇ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਪੰਜਾਬ 'ਚ 'ਆਪ' ਸਰਕਾਰ ਨੇ ਵਾਅਦੇ ਮੁਤਾਬਕ ਮਹਿਲਾਵਾਂ ਨੂੰ ਤਿੰਨ ਸਾਲਾਂ ਲਈ 1000 ਰੁਪਏ ਨਹੀਂ ਦਿੱਤੇ ਤੇ ਦਿੱਲੀ ਵਿੱਚ 'ਆਪ' 2100 ਰੁਪਏ ਮਹੀਨਾ ਦੇਣ ਦਾ ਲਾਰਾ ਲਾ ਰਹੀ ਹੈ। ਅੰਮ੍ਰਿਤਸਰ ਤੋਂ ਪੁੱਜੀ ਇਕ ਔਰਤ ਨੇ ਕਿਹਾ—ਦਿੱਲੀ ਦੀਆਂ ਔਰਤਾਂ ਨਾਲ ਧੋਖਾ ਨਾ ਕਰੋ, ਜਿਵੇਂ ਤੁਸੀਂ ਪੰਜਾਬ ਦੀਆਂ ਔਰਤਾਂ ਨਾਲ ਕੀਤਾ ਹੈ। ਦਿੱਲੀ ਦੀਆਂ ਔਰਤਾਂ ਨਾਲ 2100 ਰੁਪਏ ਦਾ ਵਾਅਦਾ ਨਾ ਕਰੋ।

# ਦੇਸ਼ ਦੀ ਖੁਸ਼ਹਾਲੀ ਲਈ ਬਾਬਾ ਭਕਨਾ ਦੀ ਸੋਚ ਹੀ ਇੱਕੋ-ਇੱਕ ਰਾਹ

## ਜਨਮ ਦਿਹਾੜੇ 'ਤੇ ਸੀ ਪੀ ਆਈ ਵੱਲੋਂ ਵਿਸ਼ਾਲ ਕਾਨਫਰੰਸ, ਬਾਬਾ ਭਕਨਾ ਦਾ ਆਦਮ ਕੱਦ ਬੁੱਤ ਲਾਉਣ ਦੀ ਮੰਗ



**ਸਰਾਏ ਅਮਾਨਤ ਖਾਂ/ਝਬਾਲ (ਮੱਖਣ ਮਨੋਜ/ਹਰਜਿੰਦਰ ਸੋਨੀ)**
ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ, ਉੱਘੇ ਕਮਿਊਨਿਸਟ ਆਗੂ ਤੇ ਦੇਸ਼ ਭਗਤ ਬਾਬਾ ਸੋਹਣ ਸਿੰਘ ਭਕਨਾ ਦੇ ਜਨਮ ਦਿਨ 'ਤੇ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਸਮੂਹ ਦੇਸ਼ ਭਗਤਾਂ ਤੇ ਲੋਕ ਨਾਇਕਾਂ ਨੂੰ ਯਾਦ ਕਰਦਿਆਂ ਤਾਰਾ ਸਿੰਘ ਖਹਿਰਾ, ਦਵਿੰਦਰ ਸੋਹਲ, ਗੁਰਦੀਪ ਸਿੰਘ ਗੁਰੂਵਾਲੀ, ਬਲਕਾਰ ਸਿੰਘ ਵਲਟੋਹਾ, ਨਰਿੰਦਰ ਪਾਲੀ, ਬਲਜੀਤ ਸਿੰਘ ਫਤਿਆਬਾਦ, ਸੀਮਾ ਸੋਹਲ ਤੇ ਡਾਕਟਰ ਦਲਬੀਰ ਸਿੰਘ ਲਹਿਰੀ ਦੀ ਪ੍ਰਧਾਨਗੀ ਹੇਠ ਵਿਸ਼ਾਲ ਕਾਨਫਰੰਸ ਬਾਬਾ ਭਕਨਾ ਯਾਦਗਾਰ ਨੇੜੇ ਸਕੂਲ ਗਰਾਊਂਡ ਵਿੱਚ ਕੀਤੀ ਗਈ। ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾਈ ਸਕੱਤਰ ਬੰਤ ਸਿੰਘ ਬਰਾੜ, ਰਾਜਿੰਦਰਪਾਲ ਕੌਰ ਤੇ ਲਖਬੀਰ ਸਿੰਘ ਨਿਜ਼ਾਮਪੁਰ ਨੇ ਕਿਹਾ ਕਿ ਬਾਬਾ ਸੋਹਣ ਸਿੰਘ ਭਕਨਾ, ਹੋਰ ਗ਼ਦਰੀ ਯੋਧਿਆਂ ਤੇ ਦੇਸ਼ ਭਗਤਾਂ ਦੀ ਕੁਰਬਾਨੀ ਨੂੰ ਸਿਜਦਾ ਕਰਦਿਆਂ ਉਹਨਾਂ ਦੀ ਸੋਚ ਅਨੁਸਾਰ ਦੇਸ਼ ਵਿਚ ਰਾਜਨੀਤਕ ਇਨਕਲਾਬ ਕਰਨਾ ਪਵੇਗਾ, ਤਾਂ ਕਿ ਪੰਜਾਬ ਤੇ ਦੇਸ਼ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਕੱਢ ਕੇ ਵਿੱਦਿਆ ਤੇ ਰੁਜ਼ਗਾਰ ਦੀ ਗਰੰਟੀ ਰਾਹੀਂ ਆਉਣ ਵਾਲੀ ਪੀੜ੍ਹੀ ਦੀ ਜਵਾਨੀ ਖੁਸ਼ਹਾਲ ਬਣਾਈ ਜਾ ਸਕੇ। ਦੇਸ਼ ਦੀ ਖੁਸ਼ਹਾਲੀ ਲਈ ਬਾਬਾ ਭਕਨਾ ਦੀ ਸੋਚ ਹੀ ਇੱਕੋ-ਇੱਕ ਰਾਹ ਹੈ। ਉਹਨਾਂ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਦੀ ਇਸ ਸਾਲ 100 ਵੀਂ ਵਰ੍ਹੇਗੰਢ ਹੈ। ਬਾਬਾ ਸੋਹਣ ਸਿੰਘ ਭਕਨਾ ਸਮੇਤ ਬਹੁਤ ਸਾਰੇ ਦੇਸ਼ ਭਗਤਾਂ ਨੇ ਭਾਰਤੀ ਕਮਿਊਨਿਸਟ ਪਾਰਟੀ ਦੇ ਝੰਡੇ ਹੇਠ ਕਿਸਾਨਾਂ, ਮਜ਼ਦੂਰਾਂ ਦੇ ਵੱਡੇ-ਵੱਡੇ ਘੋਲ ਲੜੇ ਤੇ ਜਿੱਤੇ। ਉਹਨਾਂ ਕਿਹਾ ਕਿ ਦੇਸ਼ ਦੀ ਅਜ਼ਾਦੀ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਯੋਧਿਆਂ ਨੇ ਵੱਡਾ ਯੋਗਦਾਨ ਪਾਇਆ। ਅੱਜ ਦੇਸ਼ ਦੀ ਕਾਰਪੋਰੇਟ ਪੱਖੀ ਮੋਦੀ ਸਰਕਾਰ ਵੱਲੋਂ ਮਜ਼ਦੂਰਾਂ, ਕਿਸਾਨਾਂ ਤੇ ਹੋਰ ਮਿਹਨਤਕਸ਼ ਲੋਕਾਂ ਨੂੰ ਲੁੱਟ ਕੇ ਕਾਰਪੋਰੇਟ ਘਰਾਣਿਆਂ ਦਾ ਘਰ ਭਰਿਆ ਜਾ ਰਿਹਾ ਹੈ। ਅਡਾਨੀ, ਅੰਬਾਨੀ ਜਿਹੇ ਦੇਸੀ—ਵਿਦੇਸ਼ੀ ਕਾਰਪੋਰੇਟ ਘਰਾਣੇ ਅਰਬਾਂ ਰੁਪਏ ਲੁੱਟ ਰਹੇ ਹਨ। ਮਜ਼ਦੂਰਾਂ ਲਈ ਕੰਮ ਦੇ ਘੰਟੇ ਘਟਾਉਣ ਦੀ ਬਜਾਏ ਵਧਾਏ ਜਾ ਰਹੇ ਹਨ।

ਪੰਜਾਬ ਸਰਕਾਰ ਵੀ ਕੇਂਦਰ ਸਰਕਾਰ ਵਾਂਗ ਲੋਕ ਵਿਰੋਧੀ ਨੀਤੀਆਂ 'ਤੇ ਚੱਲ ਰਹੀ ਹੈ। ਪੰਜਾਬ ਰਿਸ਼ਵਤਖੋਰੀ, ਬੇਰੁਜ਼ਗਾਰੀ, ਨਸ਼ੇਬਾਜ਼ੀ ਤੇ ਗੈਂਗਸਟਰਵਾਦ ਵਿੱਚ ਬੁਰੀ ਤਰ੍ਹਾਂ ਫ਼ਸ ਗਿਆ ਹੈ। ਪੰਜਾਬ ਦੀਆਂ ਸਰਕਾਰੀ ਮੰਡੀਆਂ ਤੋੜੀਆਂ ਜਾ ਰਹੀਆਂ ਹਨ, ਤਾਂ ਜੋ ਕਾਰਪੋਰੇਟ ਘਰਾਣਿਆਂ ਨੂੰ ਫਸਲਾਂ ਆਪਣੀ ਮਰਜ਼ੀ ਨਾਲ ਖਰੀਦਣ ਦੀ ਖੁੱਲ੍ਹ ਹੋ ਸਕੇ। ਪੰਜਾਬ ਵਿੱਚ ਰੇਤ-ਬੱਜਰੀ, ਭੂ ਮਾਫੀਆ ਤੇ ਸ਼ਰਾਬ ਮਾਫੀਆ ਪੂਰੀ ਤਰ੍ਹਾਂ ਸਰਗਰਮ ਹੈ, ਸਰਕਾਰ ਦੇ ਕਰਿੰਦੇ ਇਹਨਾਂ ਸਭ ਮਾਫੀਆ ਗਰੁੱਪਾਂ ਦੀ ਪੁਸ਼ਤਪਨਾਹੀ ਕਰ ਰਹੇ ਹਨ। ਉਹਨਾਂ ਇਹ ਵੀ ਅਪੀਲ ਕੀਤੀ ਕਿ ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕਾਂਗਰਸ ਸਤੰਬਰ ਮਹੀਨੇ ਵਿੱਚ ਪੰਜਾਬ ਵਿੱਚ ਹੋ ਰਹੀ ਹੈ, ਜਿਸ ਕਰਕੇ ਪੰਜਾਬ ਦੇ ਕਮਿਊਨਿਸਟ ਵਰਕਰਾਂ ਦੀ ਵੱਡੀ ਜ਼ਿੰਮੇਵਾਰੀ ਹੈ ਕਿ ਇਸ ਕਾਂਗਰਸ ਨੂੰ ਸ਼ਾਨੋ-ਸ਼ੌਕਤ ਨਾਲ ਕਾਮਯਾਬ ਕਰੀਏ।

ਇਸ ਮੌਕੇ ਮੰਗ ਕੀਤੀ ਕਿ ਜੇਲ੍ਹਾਂ ਵਿੱਚ ਬੰਦ ਨਜਾਇਜ਼ ਤੌਰ 'ਤੇ ਕੈਦ ਭੁਗਤ ਰਹੇ ਲੋਕਾਂ ਨੂੰ ਰਿਹਾਅ ਕੀਤਾ ਜਾਵੇ।ਕਿਸਾਨਾਂ ਨਾਲ ਗੱਲਬਾਤ ਕਰਕੇ ਡੱਲੇਵਾਲ ਦਾ ਮਰਨ ਵਰਤ ਖ਼ਤਮ ਕਰਾਇਆ ਜਾਵੇ, ਕਿਉਂਕਿ ਹਰ ਇੱਕ ਦੀ ਜਾਨ ਬਹੁਤ ਕੀਮਤੀ ਹੈ। ਇਹ ਵੀ ਮੰਗ ਕੀਤੀ ਗਈ ਕਿ ਬਾਬਾ ਸੋਹਣ ਸਿੰਘ ਭਕਨਾ ਦਾ ਆਦਮ ਕੱਦ ਬੁੱਤ ਖ਼ਾਸਾ ਚੌਕ ਵਿੱਚ ਲਾਇਆ ਜਾਵੇ। ਖ਼ਾਸਾ-ਭਕਨਾ ਸੜਕ ਤੁਰੰਤ ਬਣਾਈ ਜਾਵੇ। ਲੰਗਰ ਦਾ ਸ਼ਾਨਦਾਰ ਪ੍ਰਬੰਧ ਵੀ ਕੀਤਾ ਗਿਆ।ਹੋਰਨਾਂ ਤੋਂ ਇਲਾਵਾ ਗੁਰਬਿੰਦਰ ਸਿੰਘ ਸੋਹਲ, ਗੁਰਪ੍ਰੀਤ ਸਿੰਘ ਗੰਡੀਵਿੰਡ, ਮਨਜੀਤ ਬਾਸਰਕੇ, ਜਸਪਾਲ ਸਿੰਘ ਚੱਕ ਮੁਕੰਦ, ਸਰਬਜੀਤ ਸਿੰਘ ਭਕਨਾ, ਕੰਵਲਜੀਤ ਢਿੱਲੋਂ ਤੇ ਰੁਪਿੰਦਰ ਕੌਰ ਮਾੜੀਮੇਘਾ ਵੀ ਮੌਜੂਦ ਸਨ।

# ਅਣਖੀਲੀ ਕਾਰਟੂਨਿਸਟ



**ਵਾਸ਼ਿੰਗਟਨ** : ਦੁਨੀਆ ਦੀ ਉੱਘੀ ਕਾਰਟੂਨਿਸਟ ਐਨ. ਟੇਲਨੇਸ ਨੇ ਨਾਮੀ ਅਖਬਾਰ 'ਦੀ ਵਾਸ਼ਿੰਗਟਨ ਪੋਸਟ' ਦੀ ਨੌਕਰੀ ਨੂੰ ਸਨਿੱਚਰਵਾਰ ਲੱਤ ਮਾਰ ਦਿੱਤੀ, ਜਦੋਂ ਅਖਬਾਰ ਨੇ ਉਸ ਦਾ ਉਹ ਕਾਰਟੂਨ ਛਾਪਣ ਤੋਂ ਇਨਕਾਰ ਕਰ ਦਿੱਤਾ, ਜਿਸ 'ਚ ਉਸ ਨੇ ਸ਼ਕਤੀਸ਼ਾਲੀ ਮੀਡੀਆ ਤੇ ਤਕਨੀਕੀ ਅਰਬਪਤੀਆਂ ਦਾ ਮਜ਼ਾਕ ਉਡਾਇਆ ਸੀ, ਜਿਨ੍ਹਾਂ ਵਿੱਚ 'ਵਾਸ਼ਿੰਗਟਨ' ਪੋਸਟ ਦੇ ਮਾਲਕ ਜੈਫ ਬੇਜ਼ੋਸ, ਲਾਸ ਏਂਜਲਸ ਟਾਈਮਜ਼ ਦੇ ਪ੍ਰਕਾਸ਼ਕ ਪੈਟਰਿਕ ਸੂਨ-ਸ਼ਿਓਨਗ, ਓਪਨ ਏ ਆਈ ਦੇ ਸੈਮ ਆਲਟਮੈਨ ਤੇ ਮੈਟਾ/ਫੇਸਬੁਕ ਦੇ ਮੁਖੀ ਮਾਰਕ ਜ਼ੁਕਰਬਰਗ ਸ਼ਾਮਲ ਸਨ। ਇਨ੍ਹਾਂ ਨੂੰ ਉਸ ਨੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਜਾ ਰਹੇ ਡੋਨਾਲਡ ਟਰੰਪ ਅੱਗੇ ਗੋਡੇ ਟੇਕਦੇ ਦਰਸਾਇਆ ਸੀ। ਉਹ ਅਖਬਾਰ ਵਿੱਚ 2008 ਤੋਂ ਕੰਮ ਕਰ ਰਹੀ ਸੀ।

ਉਸ ਨੇ ਕਿਹਾ ਕਿ ਉਸ ਦੇ ਕਾਰਟੂਨਾਂ ਬਾਰੇ ਪਹਿਲਾਂ ਵੀ ਮਤਭੇਦ ਹੁੰਦੇ ਰਹੇ ਹਨ, ਪਰ ਉਨ੍ਹਾਂ ਨੂੰ 'ਕਤਲ' ਕਰਨ ਦੀ ਕਦੇ ਨੌਬਤ ਨਹੀਂ ਆਈ ਸੀ। ਉਸ ਨੇ ਕਿਹਾ ਕਿ ਲੋਕ ਕਹਿਣਗੇ ਕਿ ਮਾਲਕ ਨੂੰ ਹੱਕ ਹੈ ਕਿ ਉਹ ਕੰਪਨੀ ਦੇ ਭਲੇ ਲਈ ਕੀ ਚਾਹੁੰਦਾ ਹੈ। ਇਹ ਠੀਕ ਹੈ, ਪਰ ਇਹ ਮਾਮਲਾ ਲੋਕਾਂ ਪ੍ਰਤੀ ਅਖਬਾਰਾਂ ਦੀ ਜਵਾਬਦੇਹੀ ਦਾ ਹੈ। ਪ੍ਰੈੱਸ ਅਦਾਰਿਆਂ ਦੀ ਪ੍ਰੈੱਸ ਦੀ ਆਜ਼ਾਦੀ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਹੈ। ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਤਾਨਾਸ਼ਾਹ (ਟਰੰਪ) ਦੀ ਖੁਸ਼ਨੂਦੀ ਹਾਸਲ ਕਰਨ ਦਾ ਨਤੀਜਾ ਪ੍ਰੈੱਸ ਦੀ ਆਜ਼ਾਦੀ ਦੇ ਘਾਣ ਵਿੱਚ ਨਿਕਲੇਗਾ। ਉਸ ਨੇ ਕਿਹਾ—ਸੰਪਾਦਕੀ ਕਾਰਟੂਨਿਸਟ ਵਜੋਂ ਮੇਰਾ ਕੰਮ ਸ਼ਕਤੀਸ਼ਾਲੀ ਲੋਕਾਂ ਤੇ ਅਦਾਰਿਆਂ ਨੂੰ ਜਵਾਬਦੇਹ ਬਣਾਉਣਾ ਹੈ। ਪਹਿਲੀ ਵਾਰ ਮੇਰੇ ਸੰਪਾਦਕ ਨੇ ਮੈਨੂੰ ਇਹ ਅਹਿਮ ਕੰਮ ਕਰਨ ਤੋਂ ਰੋਕਿਆ।

ਐਨ ਟੇਲਨੇਸ (ਐਨ ਕੈਰੋਲਿਨ ਟੇਲਨੇਸ) ਦਾ ਜਨਮ 1960 'ਚ ਸਵੀਡਨ ਦੇ ਸਟਾਕਹੋਮ 'ਚ ਹੋਇਆ ਸੀ। ਉਸ ਨੇ 2001 ਵਿੱਚ ਸੰਪਾਦਕੀ ਕਾਰਟੂਨਿੰਗ ਲਈ ਪੁਲਿਤਜ਼ਰ ਪੁਰਸਕਾਰ ਜਿੱਤਿਆ ਸੀ। 2017 'ਚ ਉਸ ਨੂੰ ਰੂਬੇਨ ਪੁਰਸਕਾਰ ਮਿਲਿਆ ਤੇ ਉਹ ਪੁਲਿਤਜ਼ਰ ਤੇ ਰੂਬੇਨ ਪੁਰਸਕਾਰ ਜਿੱਤਣ ਵਾਲੀ ਇੱਕੋ-ਇੱਕ ਕਾਰਟੂਨਿਸਟ ਹੈ।



ਇਸ ਕਾਰਟੂਨ ਨੂੰ ਸੰਪਾਦਕ ਵੱਲੋਂ ਛਾਪਣ ਤੋਂ ਨਾਂਹ ਕਰਨ 'ਤੇ ਐਨ ਟੇਲਨੇਸ ਨੇ 'ਦੀ ਵਾਸ਼ਿੰਗਟਨ ਪੋਸਟ' ਦੀ ਨੌਕਰੀ ਨੂੰ ਲੱਤ ਮਾਰ ਦਿੱਤੀ।

# ਖੁੱਡੀਆਂ ਨੇ ਡੱਲੇਵਾਲ ਦਾ ਮੁੱਦਾ ਚੌਹਾਨ ਅੱਗੇ ਉਠਾਇਆ

**ਚੰਡੀਗੜ੍ਹ** : ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਦੇ ਸਾਹਮਣੇ ਸਨਿੱਚਰਵਾਰ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਦਾ ਮੁੱਦਾ ਉਠਾਉਂਦਿਆਂ ਕਿਹਾ ਕਿ ਕੇਂਦਰ ਸਰਕਾਰ ਨੂੰ ਤੁਰੰਤ ਕਿਸਾਨਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਅਜਿਹਾ ਨਾ ਕੀਤੇ ਜਾਣ ਕਾਰਨ ਕਿਸਾਨ ਵਰਗ 'ਚ ਰੋਸ ਵਧ ਰਿਹਾ ਹੈ। ਖੁੱਡੀਆਂ ਨੇ ਵਰਚੁਅਲ ਮੀਟਿੰਗ ਦੌਰਾਨ ਚੌਹਾਨ ਨੂੰ ਕਿਹਾ ਕਿ ਤੁਸੀਂ ਜਾਇਜ਼ ਮੰਗਾਂ ਮੰਨ ਲਓ। ਤੁਸੀਂ ਨਿੱਜੀ ਤੌਰ 'ਤੇ ਦਖਲ ਦਿਓ। ਤੁਸੀਂ ਤਿੰਨ ਵਾਰ ਮੁੱਖ ਮੰਤਰੀ ਰਹਿ ਚੁੱਕੇ ਹੋ ਤੇ ਤੁਹਾਨੂੰ ਕਿਸਾਨਾਂ ਦੀਆਂ ਮੰਗਾਂ ਬਾਰੇ ਵਧੇਰੇ ਜਾਣਕਾਰੀ ਹੈ। ਚੌਹਾਨ ਨੇ ਦੇਸ਼ ਦੇ ਸਾਰੇ ਸੂਬਿਆਂ ਦੇ ਖੇਤੀ ਮੰਤਰੀਆਂ ਨਾਲ ਗੱਲਬਾਤ ਕੀਤੀ।

## ਅੱਜ-ਨਾਮਾ

ਕੀਤੀ ਪੰਚਾਇਤ ਕਿਸਾਨਾਂ ਨੇ ਫੇਰ ਕਹਿੰਦੇ,
ਇੱਕੋ ਈ ਥਾਂ ਇਹ ਫੇਰ ਨਹੀਂ ਹੋਈ ਬੇਲੀ।
ਵੱਖੋ-ਵੱਖ ਦੋਂਹ ਥਾਂਈਂ ਫਿਰ ਪਈ ਕਰਨੀ,
ਗੱਲ ਨਹੀਂ ਪਾਟਕ ਦੀ ਫੇਰ ਲੁਕੋਈ ਬੇਲੀ।
ਮੁੱਦਾ ਕਿਸਾਨੀ ਦਾ ਭਾਰੂ ਜੇ ਭਾਸ਼ਣਾਂ ਵਿੱਚ,
ਵਿਚਾਲੇ ਕੁਝ ਚੋਭ ਹੈ ਕਿਸੇ ਚੁਭੋਈ ਬੇਲੀ।
ਰੋਕਣ ਵਾਲਾ ਨਹੀਂ ਕਿਸੇ ਨੂੰ ਕੋਈ ਦੀਂਹਦਾ,
ਜਿਸ ਦਾ ਦਿਲ ਕੀਤਾ, ਬੋਲਦਾ ਸੋਈ ਬੇਲੀ।
ਦਾਅ 'ਤੇ ਜਾਨ ਇੱਕ ਆਗੂ ਦੀ ਜਿਵੇਂ ਲੱਗੀ,
ਕੀਤਾ ਉਹਦਾ ਕੁਝ ਜਾਵੇ ਅਹਿਸਾਸ ਨਾਹੀਂ।
ਇਹ ਹੀ ਹਾਲ ਵਿੱਚ ਸੱਟ ਜੇ ਫੇਰ ਖਾ ਗਏ,
ਹੋਣਾ ਕਦੀ ਇਮਤਿਹਾਨ ਇਹ ਪਾਸ ਨਾਹੀਂ।

-ਤੀਸ ਮਾਰ ਖਾਂ

# ਦਹਿਸ਼ਤਗਰਦਾਂ ਨੂੰ ਸਿੱਧੇ ਟੱਕਰਨ ਵਾਲੇ ਸਵਰਨ ਸਿੰਘ ਨਾਗੋਕੇ ਵਿਛੋੜਾ ਦੇ ਗਏ



**ਸ਼ਾਹਕੋਟ (ਗਿਆਨ ਸੈਦਪੁਰੀ)**
ਮਜ਼ਦੂਰ ਅਤੇ ਕਮਿਊਨਿਸਟ ਹਲਕਿਆਂ ਅੰਦਰ ਇਹ ਖਬਰ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਪੰਜਾਬ ਖੇਤ ਮਜ਼ਦੂਰ ਸਭਾ ਦੇ ਸਰਪ੍ਰਸਤ ਅਤੇ ਸਭਾ ਦੇ ਸੰਸਥਾਪਕਾਂ 'ਚ ਸ਼ੁਮਾਰ ਰਹੇ ਕਾਮਰੇਡ ਸਵਰਨ ਸਿੰਘ ਨਾਗੋਕੇ ਨਹੀਂ ਰਹੇ। ਉਨ੍ਹਾ ਚਾਰ ਜਨਵਰੀ ਨੂੰ ਸਵੇਰੇ ਚਾਰ ਵਜੇ ਆਖਰੀ ਸਾਹ ਲਿਆ।

ਕਾਮਰੇਡ ਨਾਗੋਕੇ ਨੇ 1947 ਦੀ ਦੇਸ਼ ਵੰਡ ਵੇਲੇ ਹੋਇਆ ਵੱਢ-ਵਢਾਂਗਾ ਵੀ ਅੱਖੀਂ ਦੇਖਿਆ। ਇਸ ਦਹਿਸ਼ਤੀ ਦੌਰ 'ਚ ਉਨ੍ਹਾ ਦੇ ਪਰਵਾਰ ਦਾ ਵੀ ਜਾਨੀ ਤੇ ਮਾਲੀ ਨੁਕਸਾਨ ਹੋਇਆ। ਪ੍ਰਸਥਿਤੀਆਂ ਦੀ ਕਰੂਰਤਾ ਹੀ ਆਖੀ ਜਾ ਸਕਦੀ ਹੈ ਕਿ ਉਨ੍ਹਾ ਦੇ ਬਾਪ ਨੂੰ ਯਤੀਮਖਾਨੇ ਦੇ ਵਾਸੀ ਬਣਨਾ ਪਿਆ। ਪੰਜਾਬ 'ਚ 80ਵਿਆਂ-90ਵਿਆਂ 'ਚ ਚੱਲੇ ਅੱਤਵਾਦ ਦੇ ਕਾਲੇ ਦੌਰ 'ਚ ਕਾਮਰੇਡ ਨਾਗੋਕੇ ਨੇ ਹਨੇਰਗਰਦੀ ਮਚਾ ਰਹੀਆਂ ਤਾਕਤਾਂ ਖਿਲਾਫ ਲਾਲ ਝੰਡਾ ਬੁਲੰਦ ਰੱਖਿਆ। ਇਸ ਦੇ ਇਵਜ਼ 'ਚ ਨਾਗੋਕੇ ਨੂੰ ਕਈ ਵਾਰ ਮੌਤ ਨੂੰ ਨੇੜਿਓਂ ਦੇਖਣਾ ਪਿਆ। ਇੱਕ ਵਾਰ ਤਾਂ ਇੱਕ ਹਮਲੇ 'ਚ ਦਹਿਸ਼ਤਗਸ਼ਤਾਂ ਨੇ ਇਹ ਸਮਝ ਲਿਆ ਸੀ ਕਿ ਉਨ੍ਹਾ ਨੂੰ ਮਾਰ-ਮੁਕਾ ਦਿੱਤਾ ਗਿਆ ਹੈ, ਪਰ ਉਹ ਬਚ ਗਏ।

ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ, ਪੰਜਾਬ ਖੇਤ ਮਜ਼ਦੂਰ ਸਭਾ ਦੇ ਪ੍ਰਧਾਨ ਪ੍ਰੀਤਮ ਸਿੰਘ ਨਿਆਮਤਪੁਰ, ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਕਿਹਾ ਕਿ ਕਾਮਰੇਡ ਸਵਰਨ ਸਿੰਘ ਨਾਗੋਕੇ ਸ਼ਬਦ ਦੇ ਸਹੀ ਅਰਥਾਂ 'ਚ ਇਨਕਲਾਬੀ ਆਗੂ ਸਨ। ਉਹ ਥੁੜਾਂ ਮਾਰਿਆਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਜੂਝਦੇ ਰਹੇ। ਉਨ੍ਹਾ ਦੇ ਅੱਖਾਂ ਮੀਟ ਜਾਣ ਨਾਲ ਮਜ਼ਦੂਰ ਲਹਿਰ ਨੂੰ ਵੱਡਾ ਘਾਟਾ ਪਿਆ ਹੈ। ਕਾਮਰੇਡ ਨਾਗੋਕੇ ਦਾ ਉਨ੍ਹਾ ਦੇ ਜੱਦੀ ਪਿੰਡ ਨਾਗੋਕੇ ਦੇ ਸ਼ਮਸ਼ਾਨਘਾਟ ਵਿਖੇ ਅੰਤਮ ਸੰਸਕਾਰ ਕਰ ਦਿੱਤਾ ਗਿਆ। ਉਨ੍ਹਾ ਦੀ ਚਿਖਾ ਨੂੰ ਅਗਨੀ ਉਨ੍ਹਾ ਦੇ ਪੁੱਤਰ ਮੁਖਤਾਰ ਸਿੰਘ ਨੇ ਦਿਖਾਈ। ਇਸ ਮੌਕੇ ਅਮਰਜੀਤ ਸਿੰਘ ਆਸਲ, ਪ੍ਰਿਥੀਪਾਲ ਸਿੰਘ ਮਾੜੀਮੇਘਾ (ਦੋਵੇਂ ਕੌਮੀ ਕੌਂਸਲ ਮੈਂਬਰ ਸੀ ਪੀ ਆਈ), ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਜੋਗਿੰਦਰ ਸਿੰਘ ਵਲਟੋਹਾ, ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਕਿਸਾਨ ਆਗੂ ਮਹਾਂਬੀਰ ਸਿੰਘ ਪੱਟੀ, ਏਟਕ ਆਗੂ ਮੁਕੰਦ ਸਿੰਘ, ਸੀ ਪੀ ਆਈ ਬਲਾਕ ਖਡੂਰ ਸਾਹਿਬ ਦੇ ਸਕੱਤਰ ਗੁਰਦਿਆਲ ਸਿੰਘ, ਪਰਮਜੀਤ ਕੌਰ ਨਾਗੋਕੇ, ਆਲ ਇੰਡੀਆ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਬਲਦੇਵ ਸਿੰਘ ਧੂੰਦਾ, ਮਾਸਟਰ ਅੰਮ੍ਰਿਤਪਾਲ ਸਿੰਘ ਬਾਕੀਪੁਰ, ਐਡਵੋਕੇਟ ਰਜਿੰਦਰ ਸਿੰਘ ਰਾਣਾ ਸੁਲਤਾਨਪੁਰ ਲੋਧੀ, ਚਰਨ ਸਿੰਘ ਤਰਨ ਤਾਰਨ, ਲਾਲ ਸਿੰਘ ਵਲਟੋਹਾ, ਮੇਜਰ ਸਿੰਘ ਦਾਰਾਪੁਰ, ਹੀਰਾ ਸਿੰਘ ਖਡੂਰ ਸਾਹਿਬ, ਸੁਖਦੇਵ ਸਿੰਘ ਭਲਾਈਪੁਰ, ਚਰਨ ਸਿੰਘ ਜਲਾਲਾਬਾਦ, ਸਤਪਾਲ ਕੌਰ ਤਰਨ ਤਾਰਨ, ਬੂਟਾ ਸਿੰਘ ਢੋਟੀਆਂ, ਆਮ ਆਦਮੀ ਪਾਰਟੀ ਦੇ ਸਰਕਲ ਪ੍ਰਧਾਨ ਨਿਰਵੈਲ ਸਿੰਘ ਧੂੰਦਾ ਤੇ ਪ੍ਰਦੀਪ ਸਿੰਘ ਸਰਪੰਚ ਭਲਾਈਪੁਰ ਆਦਿ ਮੌਜੂਦ ਸਨ।ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਮਾੜੀਮੇਘਾ ਨੇ ਕਿਹਾ ਕਿ ਕਾਮਰੇਡ ਨਾਗੋਕੇ ਗਰੀਬ ਪਰਵਾਰ 'ਚ ਪੈਦਾ ਹੋਏ ਅਤੇ ਯਤੀਮਖਾਨੇ ਪੁਤਲੀਘਰ ਵਿੱਚ ਉਨ੍ਹਾ ਦੀ ਪਰਵਰਿਸ਼ ਹੋਈ। ਯਤੀਮਖਾਨੇ 'ਚ ਹੀ ਉਨ੍ਹਾ ਤਬਲਾ ਵਜਾਉਣਾ ਸਿੱਖਿਆ ।ਉਹ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ ਵੀ ਕਰਦੇ ਰਹੇ। ਫਿਰ ਉਨ੍ਹਾ ਪਿੰਡਾਂ ਵਿੱਚ ਫੇਰੀ ਲਾ ਕੇ ਚੂੜੀਆਂ ਵੇਚਣ ਦਾ ਕੰਮ ਵੀ ਕੀਤਾ। ਚੂੜੀਆਂ ਵੇਚਦਿਆਂ ਹੀ ਉਨ੍ਹਾ ਦਾ ਮੇਲ ਕਮਿਊਨਿਸਟ ਪਾਰਟੀ ਨਾਲ ਹੋ ਗਿਆ ਤੇ ਪਾਰਟੀ ਵਿੱਚ ਉਨ੍ਹਾ ਆਖਰੀ ਦਮ ਤੱਕ ਹੋਲਟਾਈਮਰ ਰਹਿ ਕੇ ਕੰਮ ਕੀਤਾ।ਉਨ੍ਹਾ ਦੀ ਮੌਤ ਨਾਲ ਪਰਵਾਰ ਨੂੰ ਤਾਂ ਘਾਟਾ ਪਿਆ ਹੀ ਹੈ, ਪਰ ਪਾਰਟੀ ਨੂੰ ਪਰਵਾਰ ਨਾਲੋਂ ਵੀ ਜ਼ਿਆਦਾ ਘਾਟਾ ਪਿਆ ਹੈ।

## ਭਾਜਪਾ ਨੇ ਕੇਜਰੀਵਾਲ ਦੇ ਮੁਕਾਬਲੇ ਪਰਵੇਸ਼ ਵਰਮਾ ਉਤਾਰਿਆ

**ਨਵੀਂ ਦਿੱਲੀ** : ਭਾਜਪਾ ਨੇ ਦਿੱਲੀ ਅਸੈਂਬਲੀ ਚੋਣਾਂ ਲਈ ਨਵੀਂ ਦਿੱਲੀ ਹਲਕੇ ਤੋਂ ਸਾਬਕਾ ਮੁੱਖ ਮੰਤਰੀ ਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਖਿਲਾਫ ਸਾਬਕਾ ਸਾਂਸਦ ਪਰਵੇਸ਼ ਵਰਮਾ ਨੂੰ ਮੈਦਾਨ ਵਿਚ ਉਤਾਰਿਆ ਹੈ। ਇੱਕ ਹੋਰ ਸਾਬਕਾ ਸਾਂਸਦ ਰਮੇਸ਼ ਬਿਧੂੜੀ ਨੂੰ ਕਾਲਕਾਜੀ ਸੀਟ ਤੋਂ ਮੁੱਖ ਮੰਤਰੀ ਤੇ 'ਆਪ' ਉਮੀਦਵਾਰ ਆਤਿਸ਼ੀ ਖਿਲਾਫ ਟਿਕਟ ਦਿੱਤੀ ਹੈ। ਭਾਜਪਾ ਨੇ ਸਨਿੱਚਰਵਾਰ 29 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ। ਪਾਰਟੀ ਨੇ ਕੌਮੀ ਅਹੁਦੇਦਾਰਾਂ ਦੁਸ਼ਯੰਤ ਕੁਮਾਰ ਗੌਤਮ ਤੇ ਆਸ਼ੀਸ਼ ਸੂਦ ਨੂੰ ਕ੍ਰਮਵਾਰ ਕਰੋਲ ਬਾਗ ਤੇ ਜਨਕਪੁਰੀ, ਅਰਵਿੰਦਰ ਸਿੰਘ ਲਵਲੀ ਨੂੰ ਗਾਂਧੀ ਨਗਰ ਤੇ ਸਾਬਕਾ 'ਆਪ' ਆਗੂ ਕੈਲਾਸ਼ ਗਹਿਲੋਤ ਨੂੰ ਬਿਜਵਾਸਨ ਤੋਂ ਉਮੀਦਵਾਰ ਬਣਾਇਆ ਹੈ। ਦਿੱਲੀ ਭਾਜਪਾ ਦੇ ਸਾਬਕਾ ਪ੍ਰਧਾਨ ਸਤੀਸ਼ ਉਪਾਧਿਆਏ ਮਾਲਵੀਆ ਨਗਰ ਤੋਂ ਚੋਣ ਲੜਨਗੇ। ਸੂਚੀ ਵਿੱਚ ਪਿਛਲੀ ਵਾਰ ਲੜਨ ਵਾਲੇ 16 ਉਮੀਦਵਾਰਾਂ ਨੂੰ ਬਦਲਿਆ ਗਿਆ ਹੈ, ਜਦਕਿ 13 ਪਿਛਲੀ ਵਾਰ ਵੀ ਲੜੇ ਸਨ।

## ਗੁ. ਗੋਦੜੀ ਸਾਹਿਬ ਵਿਖੇ ਨਵੇਂ ਰਸੋਈ ਘਰ ਦਾ ਉਦਘਾਟਨ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਗੁ. ਗੋਦੜੀ ਸਾਹਿਬ ਵਿਖੇ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਰਸੋਈ ਘਰ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਪਹਿਲਾਂ ਅਰਦਾਸ ਕੀਤੀ ਗਈ।ਪ੍ਰਧਾਨ ਸਿਮਰਜੀਤ ਸਿੰਘ ਸੇਖੋਂ ਨੇ ਦੱਸਿਆ ਕਿ ਬਾਬਾ ਫਰੀਦ ਆਗਮਨ ਪੁਰਬ ਮੌਕੇ ਲੱਖਾਂ ਦੀ ਤਾਦਾਦ ਵਿੱਚ ਸੰਗਤਾਂ ਗੁਰੂ ਘਰ ਆਉਂਦੀਆਂ ਹਨ, ਲੰਗਰ ਦੇ ਕਿਸੇ ਵੀ ਕੰਮ ਵਿੱਚ ਕੋਈ ਦਿੱਕਤ ਨਾ ਆਵੇ, ਇਸ ਲਈ ਗੁਰੂ ਘਰ ਦੀ ਰਸੋਈ ਵਿੱਚ ਵੀ ਹਰ ਚੀਜ਼ ਉਪਲਬਧ ਕਰਵਾਈ ਗਈ ਹੈ।ਇਸ ਮੌਕੇ ਪ੍ਰਧਾਨ ਸਿਮਰਜੀਤ ਸਿੰਘ ਸੇਖੋਂ ਅਤੇ ਸਮੂਹ ਕਮੇਟੀ ਦੀਪਇੰਦਰ ਸਿੰਘ ਸੇਖੋਂ, ਸੀਨੀਅਰ ਵਾਈਸ ਪ੍ਰਧਾਨ, ਡਾ. ਗੁਰਇੰਦਰ ਮੋਹਨ ਸਿੰਘ ਪ੍ਰਬੰਧਕ ਅਤੇ ਖਜ਼ਾਨਚੀ, ਸੁਰਿੰਦਰ ਸਿੰਘ ਰੋਮਾਨਾ ਜਨਰਲ ਸੈਕਟਰੀ ਮੌਜੂਦ ਸਨ।

## ਲਾਇਨਜ਼ ਕਲੱਬ ਮਿੱਡ ਟਾਊਨ ਨੇ ਨਵਾਂ ਸਾਲ ਧੂਮਧਾਮ ਨਾਲ ਮਨਾਇਆ




**ਜਗਰਾਉਂ (ਅਮਿਤ ਖੰਨਾ)**-ਲਾਇਨਜ਼ ਕਲੱਬ ਮਿੱਡ ਟਾਊਨ ਵੱਲੋਂ ਨਵਾਂ ਸਾਲ ਹੋਟਲ ਫਾਈਵ ਰਿਵਰ ਵਿਖੇ ਕਲੱਬ ਦੇ ਪ੍ਰਧਾਨ ਸਤੀਸ਼ ਗਰਗ ਦੀ ਪ੍ਰਧਾਨਗੀ ਹੇਠ ਬੜੀ ਧੂਮਧਾਮ ਨਾਲ ਮਨਾਇਆ ਗਿਆ ਅਤੇ ਨਵੇਂ ਸਾਲ 2025 ਨੂੰ ਜੀ ਆਇਆਂ ਕਿਹਾ ਗਿਆ। ਲਾਇਨਜ਼ ਕਲੱਬ ਮਿੱਡ ਟਾਊਨ ਦੇ ਮੈਂਬਰਾਂ ਵੱਲੋਂ ਤੰਬੋਲਾ ਗੇਮ ਅਤੇ ਹੋਰ ਗੇਮਾਂ ਖਿਡਾਈਆਂ ਗਈਆਂ। ਇਸ ਤੋਂ ਬਾਅਦ ਮੈਂਬਰਾਂ ਡਾਂਸ ਕੀਤਾ ਅਤੇ ਕੇਕ ਵੀ ਕੱਟਿਆ। ਇਸ ਮੌਕੇ ਕਲੱਬ ਦੇ ਪੂਰੇ ਮੈਂਬਰ ਪਰਵਾਰ ਸਮੇਤ ਹਾਜ਼ਰ ਸਨ।

## ਗੌਰਵੀ ਦੇ ਸਿਰ ਸਜਿਆ ਮਿਸ ਲਿਟਲ ਪੰਜਾਬਣ ਦਾ ਤਾਜ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਬੀਤੇ ਦਿਨੀਂ ਕਿਡਜੀ ਸਕੂਲ ਤਲਵੰਡੀ ਸਾਬੋ ਵੱਲੋਂ ਕਰਵਾਏ ਗਏ ਮਿਸ ਲਿਟਲ ਪੰਜਾਬਣ ਅਤੇ ਸਿੰਘ ਮਾਲਵਾ ਦੇ ਮੁਕਾਬਲੇ ਵਿੱਚ ਗੌਰਵੀ ਪੁੱਤਰੀ ਪੰਕਜ ਜੂਨੀਅਰ ਵਰਗ ਵਿੱਚ ਜੇਤੂ ਰਹੀ ।ਜਿਸ ਵਿੱਚ ਉਸ ਨੇ ਜੇਤੂ ਟਰਾਫੀ, ਮਿਸ ਲਿਟਲ ਪੰਜਾਬਣ ਦਾ ਖਿਤਾਬ ਅਤੇ 3100 ਰੁਪਏ ਦਾ ਇਨਾਮ ਹਾਸਲ ਕੀਤਾ। ਗੌਰਵੀ ਤਲਵੰਡੀ ਸਾਬੋ ਦੇ ਪ੍ਰਸਿੱਧ ਗਜ਼ਲਗੋ ਜਨਾਬ ਜਨਕ ਰਾਜ ਜਨਕ ਦੀ ਪੋਤਰੀ ਹੈ।ਇਸ ਮੁਕਾਬਲੇ ਵਿੱਚ ਤਲਵੰਡੀ ਸਾਬੋ ਨਾਲ ਲੱਗਦੇ ਪਿੰਡਾਂ ਅਤੇ ਬਠਿੰਡਾ ਸ਼ਹਿਰ ਦੇ ਬੱਚਿਆਂ ਨੇ ਭਾਗ ਲਿਆ।ਡਾ.ਰਿਪੁਜੀਤ ਕੌਰ, ਸਿਮਰਦੀਪ ਕੌਰ ਬੈਨੀਵਾਲ, ਕੋਮਲਦੀਪ ਕੌਰ, ਸੁਸ਼ੀਲ ਨੇ ਜੱਜਾਂ ਦੀ ਭੂਮਿਕਾ ਨਿਭਾਈ। ਕਿਡਜੀ ਸਕੂਲ ਦੀ ਮੈਨੇਜਮੈਂਟ ਅਤੇ ਸਟਾਫ ਵੱਲੋਂ ਇਸ ਪ੍ਰੋਗਰਾਮ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਕਰਵਾਇਆ ਗਿਆ। ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਕਿਡਜੀ ਮੈਨੇਜਮੈਂਟ ਇਸ ਤਰ੍ਹਾਂ ਦੇ ਪ੍ਰੋਗਰਾਮ ਅੱਗੇ ਵੀ ਕਰਵਾਉਂਦੀ ਰਹੇਗੀ

## ਚਾਈਨਾ ਡੋਰ ਦੀ ਵਿਕਰੀ ਨੂੰ ਰੋਕਣ ਲਈ ਪੁਲਸ ਵੱਲੋਂ ਸਖਤ ਪ੍ਰਬੰਧ



**ਜਗਰਾਉਂ (ਅਮਿਤ ਖੰਨਾ)**-ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਅਧੀਨ ਆਉਂਦੇ ਥਾਣਾ ਦਾਖਾ ਦੇ ਡੀ ਐਸ ਪੀ ਵਰਿੰਦਰ ਸਿੰਘ ਖੋਸਾ ਨੇ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਬਸੰਤ ਪੰਚਮੀ ਦਾ ਤਿਉਹਾਰ ਸਮੂਹ ਭਾਰਤ ਵਿਚ ਮਨਾਇਆ ਜਾਦਾ ਹੈ, ਜਿਸ ਦੌਰਾਨ ਕੁਝ ਦੁਕਾਨਦਾਰ ਆਪਣੇ ਨਿੱਜੀ ਮੁਨਾਫੇ ਲਈ ਧਾਗੇ ਵਾਲੀ ਡੋਰ ਵੇਚਣ ਦੀ ਬਜਾਏ ਚਾਈਨਾ/ਪਲਾਸਟਿਕ ਡੋਰ ਵੇਚਦੇ ਹਨ।ਜਿਸ ਸਬੰਧੀ ਸਮੇ-ਸਮੇਂ 'ਤੇ ਪੰਜਾਬ ਸਰਕਾਰ ਅਤੇ ਸੀਨੀਅਰ ਪੁਲਸ ਅਫਸਰਾਨ ਵੱਲੋਂ ਚਾਈਨਾ ਡੋਰ ਨੂੰ ਵੇਚਨ ਅਤੇ ਵਰਤਨ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਹੈ। ਇਸ ਬਾਰੇ ਵਰਿੰਦਰ ਸਿੰਘ ਖੋਸਾ ਵੱਲੋਂ ਥਾਣਾ ਦਾਖਾ ਅਧੀਨ ਆਉਂਦੇ ਥਾਣਾ ਜੋਧਾਂ ਅਤੇ ਥਾਣਾ ਸੁਧਾਰ ਦੇ ਐਸ.ਐਚ.ਓਜ਼ ਨੂੰ ਚਾਈਨਾ ਡੋਰ ਦੀ ਵਿਕਰੀ ਅਤੇ ਵਰਤੋਂ ਨੂੰ ਰੋਕਣ ਸਬੰਧੀ ਲੋੜੀਂਦੇ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ।ਪੁਲਸ ਨੇ ਚਾਈਨਾ ਡੋਰ ਵੇਚਣ ਵਾਲਿਆਂ ਨੂੰ ਸਖਤ ਚਿਤਾਵਨੀ ਦਿੱਤੀ ਕਿ ਉਹ ਆਪਣਾ ਇਹ ਗੋਰਖਧੰਦਾ ਬੰਦ ਕਰ ਲੈਣ ਨਹੀਂ ਤਾਂ ਕਾਨੂੰਨੀ ਕਾਰਵਾਈ ਭੁਗਤਣ ਲਈ ਤਿਆਰ ਰਹਿਣ। ਡੀ.ਐਸ.ਪੀ ਖੋਸਾ ਨੇ ਦੱਸਿਆ ਕਿ ਚਾਈਨਾ ਡੋਰ ਨਾਲ ਇਨਸਾਨੀ ਜਾਨ ਨੂੰ ਕਾਫੀ ਖਤਰਾ ਹੁੰਦਾ ਹੈ, ਜਿਸ ਨਾਲ ਆਮ ਲੋਕਾਂ ਅਤੇ ਬੱਚਿਆਂ ਆਦਿ ਨੂੰ ਆਉਣ-ਜਾਣ ਸਮੇਂ ਡੋਰ ਗਲ ਆਦਿ ਵਿਚ ਪੈਣ ਨਾਲ ਮੌਤ ਤੱਕ ਵੀ ਹੋ ਸਕਦੀ ਹੈ। ਇਸ ਤੋਂ ਇਲਾਵਾ ਅਕਾਸ਼ ਵਿਚ ਉੱਡ ਰਹੇ ਪੰਛੀ ਵੀ ਇਸ ਦੇ ਘੇਰੇ ਵਿਚ ਆ ਕੇ ਆਪਣੀ ਜਾਨ ਗੁਆ ਬੈਠਦੇ ਹਨ। ਡੀ.ਐਸ.ਪੀ ਖੋਸਾ ਨੇ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਏਰੀਏ ਵਿੱਚ ਕੋਈ ਚਾਈਨਾ ਡੋਰ ਵੇਚਦਾ ਜਾਂ ਵਰਤਦਾ ਹੈ ਤਾਂ ਉਸ ਦੀ ਸੂਚਨਾ ਪੁਲਸ ਨੂੰ ਦਿੱਤੀ ਜਾਵੇ। ਸੂਚਨਾ ਦੇਣ ਵਾਲੇ ਦਾ ਨਾਂ ਅਤੇ ਪਤਾ ਗੁਪਤ ਰੱਖਿਆ ਜਾਵੇਗਾ।

## ਕਿਸਾਨਾਂ ਦੀ ਮਹਾਂ-ਪੰਚਾਇਤ ਟੋਹਾਣੇ ਲਈ ਬੱਸ ਰਵਾਨਾ



**ਚੀਮਾ ਮੰਡੀ (ਰਵਿੰਦਰ ਚੀਮਾ)**-ਹਰਿਆਣਾ ਸੂਬੇ ਦੇ ਸ਼ਹਿਰ ਟੋਹਾਣੇ ਵਿੱਚ ਹੋ ਰਹੀ ਕਿਸਾਨਾਂ ਦੀ ਮਹਾਂ ਪੰਚਾਇਤ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਇਕਾਈ ਤੋਲਾਵਾਲ ਤੋਂ ਬੱਸ ਟੋਹਾਣੇ ਲਈ ਰਵਾਨਾ ਹੋਈ ਹੈ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ ਨੇ ਕਿਹਾ ਕਿ ਕੇਂਦਰ ਦੀਆਂ ਕਿਸਾਨਾਂ ਮਾਰੂ ਨੀਤੀਆਂ ਖਿਲਾਫ ਅੱਜ ਟੋਹਾਣੇ ਵਿਖੇ ਕਿਸਾਨ ਜਥੇਬੰਦੀਆਂ ਵੱਲੋਂ ਮਹਾ ਪੰਚਾਇਤ ਕੀਤੀ ਜਾ ਰਹੀ ਹੈ ਜਿਸ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੀ ਵਧ ਚੜ੍ਹ ਕੇ ਹਿੱਸਾ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਨਿੱਤ ਨਵੇਂ ਕੇਂਦਰ ਸਰਕਾਰ ਵੱਲੋਂ ਫਰਮਾਨ ਜਾਰੀ ਕੀਤੇ ਜਾ ਰਹੇ ਹਨ ਜਿਵੇਂ ਕਿ ਮੰਡੀਆਂ ਖਤਮ ਕਰਨਾ, ਐਮ,ਐਸ ਪੀ ਲਾਗੂ ਨਾ ਕਰਨਾ ਅਜਿਹੀਆਂ ਨੀਤੀਆਂ ਖਿਲਾਫ ਅੱਜ ਟੋਹਾਣੇ ਵਿੱਚ ਸਾਰੇ ਸੂਬਿਆਂ ਦੀ ਮਹਾਂ ਪੰਚਾਇਤ ਕੀਤੀ ਜਾ ਰਹੀ ਹੈ। ਇਸ ਮੌਕੇ ਭੋਲਾ ਸਿੰਘ, ਸ਼ੇਰਾ ਸਿੰਘ, ਭੋਰਾ ਸਿੰਘ, ਪ੍ਰੇਮ ਚੰਦ, ਰਾਮ ਸਿੰਘ, ਨਾਇਬ ਸਿੰਘ, ਮਿੱਠੂ ਸਿੰਘ, ਸਾਬਕਾ ਸਰਪੰਚ ਪੂਰਨ ਚੰਦ, ਬੱਗਾ ਸਿੰਘ ਅਤੇ ਭਾਰੀ ਗਿਣਤੀ ਵਿੱਚ ਔਰਤਾਂ ਸ਼ਾਮਿਲ ਸਨ।

## ਘੁਡਾਣੀ ਕਲਾਂ ਵਿਖੇ ਨਸ਼ਿਆਂ ਖ਼ਿਲਾਫ਼ ਰੈਲੀ



**ਦੋਰਾਹਾ (ਹਰਮਿੰਦਰ ਸੇਠ)**-ਪਿੰਡ ਘੁਡਾਣੀ ਕਲਾਂ ਵਿਖੇ ਨਸ਼ਾ ਮੁਕਤ ਪੰਜਾਬ ਅਭਿਆਨ ਤਹਿਤ ਸਿਹਤ ਵਿਭਾਗ ਦੇ ਸਹਿਯੋਗ ਨਾਲ ਮੰਜੂ ਭੰਡਾਰੀ ਇਸਤਰੀ ਤੇ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਬਲਾਕ ਦੋਰਾਹਾ ਅਤੇ ਸੁਪਰਵਾਈਜ਼ਰ ਗੁਰਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਸ਼ਿਆਂ ਖ਼ਿਲਾਫ਼ ਰੈਲੀ ਕੀਤੀ ਗਈ, ਜਿਸ ਵਿੱਚ ਨਸ਼ਿਆਂ ਦੀ ਭਰਮਾਰ, ਕਾਰਨ, ਮਾੜੇ ਪ੍ਰਭਾਵਾਂ ਤੇ ਨਤੀਜਿਆਂ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਪਿੰਡ ਵਿੱਚ ਮਾਰਚ ਕੱਢਿਆ ਗਿਆ।ਇਸ ਮੌਕੇ ਆਂਗਨਵਾੜੀ ਵਰਕਰ ਗੀਤੂ ਬਾਲਾ ਨੇ ਪਿੰਡ ਵਾਸੀਆਂ ਨੂੰ ਨਸ਼ੇ ਤੋਂ ਛੁਟਕਾਰਾ ਪਾਉਣ ਤੇ ਮੁੜ ਵਸੇਬੇ ਲਈ ਸਰਕਾਰੀ ਸੇਵਾਵਾਂ ਅਤੇ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ।ਇਸ ਸਮੇਂ ਸਰਪੰਚ ਗੁਰਿੰਦਰ ਸਿੰਘ ਘੁਡਾਣੀ, ਸਮਾਜ ਸੇਵੀ ਰਾਜੇਸ਼ ਕੁਮਾਰ, ਗੁਰਜਿੰਦਰ ਸਿੰਘ, ਬਲਵਿੰਦਰ ਸਿੰਘ ਪੰਚ, ਰਣਜੀਤ ਸਿੰਘ ਪੰਚ, ਨਗਰ ਨਿਵਾਸੀ ਤੇ ਵੱਡੀ ਗਿਣਤੀ ਵਿੱਚ ਔਰਤਾਂ ਨੇ ਸ਼ਮੂਲੀਅਤ ਕੀਤੀ।

## ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੀ ਮੀਟਿੰਗ 'ਚ ਵੱਖ-ਵੱਖ ਮੁੱਦਿਆਂ 'ਤੇ ਚਰਚਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ਼ਹਿਰ ਤੇ ਇਲਾਕੇ ਵਿੱਚ ਲੋਕਾਂ ਦੀਆਂ ਸਮੱਸਿਆਵਾਂ ਬਾਰੇ ਮੁੱਦੇ ਚੁੱਕਣ ਵਾਲੀ ਸਮਾਜ ਸੇਵੀ ਸੰਸਥਾ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਮਾਛੀਵਾੜਾ ਦੀ ਅਹਿਮ ਮੀਟਿੰਗ ਸੁਖਵਿੰਦਰ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ ਵੱਖ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ।ਮੀਟਿੰਗ ਉਪਰੰਤ ਫਰੰਟ ਦੇ ਵਾਈਸ ਪ੍ਰਧਾਨ ਹਰਮਿੰਦਰ ਸਿੰਘ ਗਿੱਲ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਭ ਤੋਂ ਪਹਿਲਾਂ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਮੌਤ 'ਤੇ ਫਰੰਟ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਦੂਜੇ ਮਤੇ ਰਾਹੀਂ ਬਜ਼ਾਰਾਂ ਵਿੱਚ ਚਾਈਨਾ ਡੋਰ ਦੀ ਵਿਕਰੀ ਸਬੰਧੀ ਗੰਭੀਰ ਚਰਚਾ ਕੀਤੀ ਗਈ। ਫਰੰਟ ਵੱਲੋਂ ਮਤਾ ਪਾਇਆ ਗਿਆ ਕਿ ਇਸ ਸਬੰਧੀ ਪੁਲਸ ਪ੍ਰਸ਼ਾਸਨ ਤੇ ਨਗਰ ਕੌਂਸਲ ਸਖ਼ਤੀ ਨਾਲ ਰੋਕ ਲਗਾਵੇ ਤੇ ਉਲੰਘਣਾ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰੇ। ਇਸ ਤੋਂ ਇਲਾਵਾ ਤੀਜੇ ਮਤੇ ਵਿੱਚ ਮਾਛੀਵਾੜਾ ਸਾਹਿਬ ਵਿੱਚ ਲੰਬੇ ਸਮੇਂ ਤੋਂ ਕਾਬਜ਼ਕਾਰਾਂ ਨੂੰ ਕੋਈ ਵੀ ਮਾਲਕੀ ਹੱਕ ਨਹੀਂ ਦਿੱਤਾ ਗਿਆ। ਇਸ ਸਬੰਧੀ ਕਾਬਜ਼ਕਾਰਾਂ ਨੂੰ ਮਾਲਕੀ ਹੱਕ ਦੇਣ ਲਈ ਜ਼ਰੂਰੀ ਤੇ ਯੋਗ ਕਾਰਵਾਈ ਕਰਨ ਲਈ ਸਰਕਾਰ ਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਗਈ। ਇਸ ਮੌਕੇ ਬਖ਼ਸ਼ੀ ਰਾਮ, ਸੁਖਵਿੰਦਰ ਸਿੰਘ, ਰਾਜਿੰਦਰ ਸਿੰਘ ਸਮਰਾਲਾ, ਪ੍ਰਵੀਨ ਕੁਮਾਰ, ਕਰਮਜੀਤ ਸਿੰਘ, ਸੋਮ ਸਿੰਘ, ਦਰਸ਼ਨ ਸਿੰਘ, ਸੁਰਿੰਦਰ ਸਿੰਘ ਗਿੱਲ, ਪ੍ਰੈੱਸ ਸਕੱਤਰ ਸੁਭਾਸ਼ ਚੰਦਰ, ਜਗਮੀਤ ਸਿੰਘ, ਪ੍ਰੇਮ ਅਮਨ ਮੌਜੂਦ ਸਨ।

# ਗਤਕਾ ਮੁਕਾਬਲਿਆਂ 'ਚ ਵਿਦਿਆਰਥਣਾਂ ਨੇ ਗੋਲਡ ਮੈਡਲ ਜਿੱਤੇ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਜੈਪੁਰ ਵਿਖੇ ਹੋਏ ਆਲ ਇੰਡੀਆ ਇੰਟਰ ਯੂਨੀਵਰਸਿਟੀ ਗਤਕਾ ਮੁਕਾਬਲਿਆਂ ਵਿੱਚ ਫ਼ਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼, ਰਾਮਪੁਰਾ ਦੀਆਂ ਤਿੰਨ ਹੋਣਹਾਰ ਵਿਦਿਆਰਥਣਾਂ ਸੁਮਨਦੀਪ ਕੌਰ, ਸੁਖਦੀਪ ਕੌਰ ਅਤੇ ਹਰਮਨਦੀਪ ਕੌਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਨੁਮਾਇੰਦਗੀ ਕਰਦਿਆਂ ਪਹਿਲਾ ਸਥਾਨ ਹਾਸਲ ਕਰਦੇ ਹੋਏ ਤਿੰਨ ਗੋਲਡ ਮੈਡਲ ਜਿੱਤ ਕੇ ਸੰਸਥਾ ਅਤੇ ਪੰਜਾਬ ਦਾ ਮਾਣ ਵਧਾਇਆ। ਇਸ ਜਿੱਤ ਨੇ ਨਾ ਸਿਰਫ਼ ਗਤਕਾ ਦੀ ਸੱਭਿਆਚਾਰਕ ਮਹੱਤਤਾ ਨੂੰ ਉਜਾਗਰ ਕੀਤਾ ਹੈ, ਸਗੋਂ ਸਮੂਹ ਇਲਾਕੇ ਲਈ ਇੱਕ ਨਵੀਂ ਪ੍ਰੇਰਣਾ ਪੈਦਾ ਕੀਤੀ ਹੈ।ਸੰਸਥਾ ਦੇ ਚੇਅਰਮੈਨ ਐਸ ਐਸ ਚੱਠਾ ਨੇ ਇਸ ਜਿੱਤ 'ਤੇ ਖ਼ੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਇਹ ਤਿੰਨ ਬੇਟੀਆਂ ਸਾਡੇ ਸਮਾਜ ਦੀ ਤਾਕਤ ਹਨ।ਸਮਾਰੋਹ ਦੇ ਮੁੱਖ ਮਹਿਮਾਨ ਰਘਬੀਰ ਸਿੰਘ ਮਾਨ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਬਠਿੰਡਾ, ਪ੍ਰਿੰਸੀਪਲ ਡਾ. ਜਗਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਇਹ ਜਿੱਤ ਵਿਦਿਆਰਥਣਾਂ ਦੀ ਸਖ਼ਤ ਮਿਹਨਤ ਦਾ ਸਿੱਟਾ ਹੈ।

ਅਸੀਂ ਉਨ੍ਹਾਂ ਦੇ ਮਾਪਿਆਂ ਅਤੇ ਗਤਕਾ ਅਖਾੜੇ ਦੇ ਕੋਚ ਬਾਬਾ ਹਰਜੀਤ ਸਿੰਘ ਗਿੱਲ ਕਲਾਂ ਦਾ ਧੰਨਵਾਦ ਕਰਦੇ ਹਾਂ।ਪਬਲਿਕ ਰਿਲੇਸ਼ਨ ਅਫਸਰ ਤੇ ਸਹਾਇਕ ਡਾਇਰੈਕਟਰ ਹਰਪ੍ਰੀਤ ਸ਼ਰਮਾ, ਰਜਿਸਟਰਾਰ ਡਾ. ਰਜਿੰਦਰ ਕੁਮਾਰ ਤਿਰਪਾਠੀ, ਸਹਾਇਕ ਡਾਇਰੈਕਟਰ ਜਸਵਿੰਦਰ ਸਿੰਘ ਬਰਾੜ ਤੇ ਗਤਕਾ ਕੋਚ ਬਾਬਾ ਹਰਜੀਤ ਸਿੰਘ ਗਿੱਲ ਕਲਾਂ ਨੇ ਕਿਹਾ ਇਹ ਸਫਲਤਾ ਸਾਡੇ ਵਿਦਿਆਰਥੀਆਂ ਦੀਆਂ ਗਤਕਾ ਖੇਡਾਂ ਲਈ ਦਿਲਚਸਪੀ ਅਤੇ ਪ੍ਰਤੀਬੱਧਤਾ ਨੂੰ ਦਰਸਾਉਂਦੀ ਹੈ।ਉਕਤ ਖਿਡਾਰੀ ਪਹਿਲਾਂ ਵੀ ਨੈਸ਼ਨਲ, ਸਟੇਟ ਪੱਧਰ ਤੇ ਸੈਂਕੜੇ ਮੈਡਲ ਜਿੱਤਣ ਵਿੱਚ ਕਾਮਯਾਬ ਰਹੇ ਹਨ।ਫ਼ਤਿਹ ਗਰੁੱਪ ਨੇ ਤਿੰਨਾਂ ਵਿਦਿਆਰਥਣਾਂ ਦੀ ਇਸ ਇਤਿਹਾਸਕ ਜਿੱਤ ਮੌਕੇ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਆਯੋਜਿਤ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰੋਗਰਾਮ ਅਫਸਰ ਸੰਦੀਪ ਕੌਰ, ਚਰਨਜੀਤ ਕੌਰ, ਖੁਸ਼ਦੀਪ ਸੰਧੂ, ਰੋਬਿਨ ਮੰਗਲਾ, ਕਰਮਜੀਤ ਕੌਰ, ਪ੍ਰੋਗਰਾਮ ਅਫਸਰ ਰਮਨਪ੍ਰੀਤ ਕੌਰ, ਡਾ. ਗੁਰਵਿੰਦਰ ਸਿੰਘ ਕੋਟ ਫੱਤਾ, ਪ੍ਰੋਗਰਾਮ ਅਫਸਰ ਜਸਪ੍ਰੀਤ ਸਿੰਘ, ਕ੍ਰਿਸ਼ਨ ਸਿੰਘ, ਖੇਡ ਵਿਭਾਗ ਦੇ ਮੁਖੀ ਕੁਲਦੀਪ ਸਿੰਘ, ਕੁਲਵਿੰਦਰ ਸਿੰਘ, ਹਰਜੀਤ ਕੌਰ, ਹਰਨੂਰ ਸਿੰਘ ਹਾਜ਼ਰ ਸਨ ।

# ਦਸਮ ਪਿਤਾ ਦੇ ਅਵਤਾਰ ਦਿਹਾੜੇ ਨੂੰ ਸਮਰਪਤ ਨਗਰ ਕੀਰਤਨ ਸਜਾਇਆ



**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)**-ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਦਿਹਾੜੇ ਨੂੰ ਸਮਰਪਤ ਸਥਾਨਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਲੋਂ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ, ਜੋ ਉਕਤ ਗੁਰਦੁਆਰਾ ਸਾਹਿਬ ਤੋਂ ਅਰੰਭ ਹੋ ਕੇ ਸ਼ਹਿਰ ਦੇ ਵੱਖ ਵੱਖ ਗਲੀ ਮੁਹੱਲਿਆਂ ਅਤੇ ਬਜ਼ਾਰਾਂ 'ਚ ਪੁੱਜਾ ਅਤੇ ਦੇਰ ਸ਼ਾਮ ਨੂੰ ਇਸੇ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਇਆ। ਜਲਾਲਾਬਾਦ ਸ਼ਹਿਰ ਵਿਚ ਕੱਢੇ ਗਏ ਇਸ ਨਗਰ ਕੀਰਤਨ ਦਾ ਸੰਗਤਾਂ ਵੱਲੋਂ ਭਰਵਾਂ ਸੁਆਗਤ ਕੀਤਾ ਗਿਆ ਅਤੇ ਵੱਖ ਵੱਖ ਪ੍ਰਕਾਰ ਦਾ ਪ੍ਰਸ਼ਾਦ ਵਰਤਾਇਆ ਗਿਆ, ਥਾਂ ਥਾਂ 'ਤੇ ਸਵਾਗਤੀ ਗੇਟ ਲਗਾਏ ਗਏ ਅਤੇ ਲੜੀਆਂ ਲਗਾਈਆਂ ਗਈਆਂ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਮੁੱਖ ਸੇਵਾਦਾਰ ਸੰਪੂਰਨ ਸਿੰਘ ਕਮਰਾ ਨੇ ਦੱਸਿਆ ਕਿ ਦਸਵੇਂ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਦਿਹਾੜਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ 6 ਜਨਵਰੀ ਨੂੰ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਸ੍ਰੀ ਅਖੰਡ ਪਾਠ ਦੇ ਭੋਗ ਸਵੇਰੇ ਸਾਢੇ 9 ਵਜੇ ਪਾਏ ਜਾਣਗੇ ਅਤੇ ਇਸ ਉਪਰੰਤ ਕੀਰਤਨ ਦਰਬਾਰ ਸਜਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਨਗਰ ਕੀਰਤਨ ਵਿੱਚ ਸਥਾਨਕ ਸ਼ਹਿਰ ਦੇ ਵੱਖ ਵੱਖ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਅਤੇ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਗੁਰਦੁਆਰਾ ਸ੍ਰੀ ਗੁਰੂ ਸਿੰਘ ਦੀ ਗਤਕਾ ਟੀਮ ਦੇ ਨੌਜਵਾਨਾਂ ਵੱਲੋਂ ਗਤਕੇ ਦੇ ਜੌਹਰ ਦਿਖਾਏ ਗਏ। ਸੰਗਤਾਂ ਵੱਲੋਂ ਥਾਂ-ਥਾਂ 'ਤੇ ਸਵਾਗਤੀ ਗੇਟ ਲਗਾ ਕੇ ਅਤੇ ਫੁੱਲਾਂ ਦੀ ਵਰਖਾ ਕਰਕੇ ਨਗਰ ਕੀਰਤਨ ਦਾ ਸੁਆਗਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਤਾਪ ਸਿੰਘ ਖ਼ਾਲਸਾ, ਅੰਮ੍ਰਿਤ ਪਾਲ ਸਿੰਘ ਨੀਲਾ ਮਦਾਨ, ਬਲਤੇਜ ਸਿੰਘ ਬਰਾੜ, ਸੁਰਜੀਤ ਸਿੰਘ ਦਰਗਨ, ਇੰਦਰਜੀਤ ਸਿੰਘ ਬਿੱਟੂ ਬੱਬਰ, ਸੁਖਪ੍ਰੀਤ ਸਿੰਘ ਟੈਨੀ ਖੁਰਾਣਾ, ਗੁਰਦੀਪ ਸਿੰਘ ਤਨੇਜਾ, ਤੇਜਿੰਦਰ ਪਾਲ ਸਿੰਘ ਮਿੰਟੂ ਕਮਰਾ, ਸੁਰਿੰਦਰ ਸਿੰਘ ਮਦਾਨ, ਸੁਦਰਸ਼ਨ ਸਿੰਘ ਕੁੱਕੜ ਹਾਜ਼ਰ ਸਨ।

## ਜਸਵਿੰਦਰ ਸਿੰਘ ਅੱਤਰੀ ਨੇ ਐੱਸ ਡੀ ਓ ਦਾ ਚਾਰਜ ਸੰਭਾਲਿਆ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪਾਵਰਕਾਮ ਉੱਪ-ਮੰਡਲ ਭਲਵਾਨ ਵਿੱਚ ਜਸਵਿੰਦਰ ਸਿੰਘ ਅੱਤਰੀ ਨੇ ਬਤੌਰ ਐੱਸ.ਡੀ.ਓ. ਚਾਰਜ ਸੰਭਾਲ ਲਿਆ ਹੈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਅੱਤਰੀ ਨੇ ਕਿਹਾ ਕਿ ਦਫ਼ਤਰ ਵਿੱਚ ਆਉਣ ਵਾਲੇ ਲੋਕਾਂ ਦੇ ਕੰਮ ਪਹਿਲ ਦੇ ਅਧਾਰ 'ਤੇ ਕੀਤੇ ਜਾਣਗੇ ਅਤੇ ਕਿਸੇ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਮਾਣਯੋਗ ਮੁੱਖ ਮੰਤਰੀ ਤੇ ਪਾਵਰਕਾਮ ਉੱਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਲੋਕਾਂ ਨੂੰ ਬਣਦੀਆਂ ਸਹੂਲਤਾਂ ਦਾ ਲਾਭ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।ਉਨ੍ਹਾਂ ਉੱਪ-ਮੰਡਲ ਭਲਵਾਨ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਮੁਸ਼ਕਲ ਆਵੇ ਤਾਂ ਉਹ ਬੇਝਿੱਜਕ ਉਨ੍ਹਾਂ ਨੂੰ ਮਿਲ ਸਕਦਾ ਹੈ।

## ਅਣਪਛਾਤੀ ਲਾਸ਼ ਮਿਲੀ

**ਬਰੇਟਾ (ਰੀਤਵਾਲ)**-ਬੁਢਲਾਡਾ ਰੋਡ ਤੇ ਇੱਕ ਅਣਪਛਾਤੇ ਕਰੀਬ 28 ਸਾਲ ਦੇ ਨੌਜਵਾਨ ਦੀ ਲਾਸ਼ ਮਿਲਣ ਦੀ ਖਬਰ ਹੈ।ਥਾਣਾ ਮੁਖੀ ਅਮਰੀਕ ਸਿੰਘ ਨੇ ਦੱਸਿਆ ਕਿ ਸਵੇਰ ਵਕਤ ਉਨ੍ਹਾ ਨੂੰ ਸੂਚਨਾ ਮਿਲੀ ਸੀ ਕਿ ਬੁਢਲਾਡਾ ਰੋਡ 'ਤੇ ਇੱਕ ਪੈਟਰੌਲ ਪੰਪ ਨਜ਼ਦੀਕ ਇੱਕ ਨੌਜਵਾਨ ਦੀ ਲਾਸ਼ ਪਈ ਹੈ ਤਾਂ ਉਨ੍ਹਾ ਨੇ ਮੌਕੇ 'ਤੇ ਜਾ ਕੇ ਵੇਖਿਆ ਕਿ ਇਹ ਨੌਜਵਾਨ ਰਾਤ ਸਮੇਂ ਸੜਕੀ ਹਾਦਸੇ ਦਾ ਸ਼ਿਕਾਰ ਹੋਇਆ ਹੈ।ਉਨ੍ਹਾ ਦੱਸਿਆ ਕਿ ਲਾਸ਼ ਦੀ ਸ਼ਨਾਖਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਕਿਸਾਨਾਂ ਦਾ ਆਪਸੀ ਮੇਲ ਹੋਣ ਦੀ ਬਜਾਏ ਦੂਰੀਆਂ ਵਧੀਆਂ



ਮੂਣਕ (ਰਾਜਪਾਲ ਸਿੰਗਲਾ)-ਪਿਛਲੇ ਦਿਨੀਂ ਕਿਸਾਨਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਅਲੱਗ ਅਲੱਗ ਜਥੇਬੰਦੀਆਂ ਵੱਲੋਂ ਦੋ ਜਗ੍ਹਾ ਖਨੌਰੀ ਦੇ ਹਰਿਆਣਾ ਪੰਜਾਬ ਬਾਰਡਰ ਤੇ ਟੋਹਾਣਾ ਦੀ ਅਨਾਜ ਮੰਡੀ 'ਚ ਮਹਾ ਪੰਚਾਇਤ ਕਰਨ ਦਾ ਫੈਸਲਾ ਲਿਆ ਸੀ।ਇਨ੍ਹਾਂ ਦੋਨਾਂ ਮਹਾਂ ਪੰਚਾਇਤਾਂ 'ਚ ਪਹੁੰਚਣ ਲਈ ਕਿਸਾਨਾਂ ਦੇ ਭਰੇ ਸਾਧਨਾਂ ਦੀਆਂ ਲੰਬੀਆਂ ਲੰਬੀਆਂ ਲਾਈਨਾਂ ਮੂਣਕ ਸ਼ਹਿਰ ਦੇ 'ਚ ਦੇਖਣ ਨੂੰ ਮਿਲੀਆਂ। ਇਨ੍ਹਾਂ ਲੰਬੀਆਂ ਲੰਬੀਆਂ ਲਾਈਨਾਂ ਕਾਰਨ ਬੈਰੀਅਰ ਚੌਕ ਮੂਣਕ ਵਿੱਚ ਕਾਫੀ ਦੇਰ ਤੱਕ ਜਾਮ ਦੇਖਣ ਨੂੰ ਮਿਲਿਆ।ਇਸ ਮੌਕੇ ਬੈਰੀਅਰ ਚੌਕ 'ਚ ਕਿਸਾਨਾਂ ਨੇ ਪੱਕਾ ਮੋਰਚਾ ਲਗਾਇਆ ਹੋਇਆ ਸੀ, ਕਿਤੇ ਉਨ੍ਹਾਂ ਦਾ ਸਾਧਨ ਦੂਜੀ ਮਹਾਂ ਪੰਚਾਇਤ ਵਿੱਚ ਨਾ ਚਲਾ ਜਾਵੇ। ਕਿਉਂਕਿ ਕਿਸਾਨ ਜਥੇਬੰਦੀਆਂ ਨਹੀਂ ਚਾਹੁੰਦੀਆਂ ਸਨ ਕਿ ਉਨ੍ਹਾਂ ਨਾਲੋਂ ਦੂਜੀ ਕਿਸਾਨ ਜਥੇਬੰਦੀ ਦਾ ਇਕੱਠ ਵੱਧ ਹੋਵੇ। ਦੋਨੋਂ ਪਾਸੇ ਕਿਸਾਨ ਜਥੇਬੰਦੀਆਂ ਆਪਣੀ ਆਪਣੀ ਮਹਾਂ ਪੰਚਾਇਤ 'ਚ ਵੱਧ ਤੋਂ ਵੱਧ ਇਕੱਠ ਕਰਨ ਲਈ ਤਰਲੋਮੱਛੀ ਹੋ ਰਹੀਆਂ ਸਨ।ਜਿਸ ਤੋਂ ਸਾਫ ਦਿਖਾਈ ਦੇ ਰਿਹਾ ਹੈ ਕਿ ਕਿਸਾਨਾਂ ਦਾ ਆਪਸੀ ਮੇਲ ਹੋਣ ਦੀ ਬਜਾਏ ਆਪਸੀ ਦੂਰੀ ਜ਼ਿਆਦਾ ਹੀ ਵਧ ਗਈ ਹੈ।ਜਿਵੇਂ ਕਿ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਕਿਸਾਨਾਂ ਨੇ ਆਪਣੀ ਮਹਾਂ ਪੰਚਾਇਤ ਹਰਿਆਣਾ ਦੇ ਸ਼ਹਿਰ ਟੋਹਾਣਾ ਦੀ ਅਨਾਜ ਮੰਡੀ ਵਿੱਚ ਕੀਤੀ।ਜਿਸ ਦੀ ਅਗਵਾਈ ਭਾਰਤ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਖਾਸ ਤੌਰ 'ਤੇ ਸ਼ਮੂਲੀਅਤ ਕੀਤੀ। ਜਦੋਂ ਕਿ ਦੂਜੇ ਪਾਸੇ ਖਨੌਰੀ ਪੰਜਾਬ ਹਰਿਆਣਾ ਬਾਰਡਰ ਤੇ ਕਿਸਾਨਾਂ ਨੇ ਆਪਣੀ ਮਹਾਂ ਪੰਚਾਇਤ ਕੀਤੀ।

## ਨਵੇਂ ਸਾਲ ਦੀ ਆਮਦ 'ਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**-ਨਵੇਂ ਸਾਲ 2025 ਦੀ ਆਮਦ ਮੌਕੇ ਡਿਪਟੀ ਕਮਿਸ਼ਨਰ ਦਫ਼ਤਰ ਦੇ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ।ਇਸ ਮੌਕੇ ਰਾਗੀ ਜਥੇ ਨੇ ਸੰਗਤ ਨੂੰ ਰਸਭਿੰਨਾ ਗੁਰਬਾਣੀ ਕੀਰਤਨ ਸਰਵਣ ਕਰਵਾਇਆ।ਸਮੁੱਚੀ ਸੰਗਤ ਨੇ ਗੁਰਬਾਣੀ ਦੇ ਕੀਰਤਨ ਦਾ ਆਨੰਦ ਮਾਣਿਆ, ਉਪਰੰਤ ਗੁਰੂ ਕਾ ਅਟੁੱਟ ਲੰਗਰ ਵੀ ਵਰਤਾਇਆ ਗਿਆ।ਇਸ ਮੌਕੇ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਵਾਹਿਗੁਰੂ ਅੱਗੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਉਨ੍ਹਾ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਨਵੇਂ ਵਰ੍ਹੇ ਦੀਆਂ ਸ਼ੁੱਭ-ਕਾਮਨਾਵਾਂ ਦਿੰਦਿਆਂ ਸੱਦਾ ਦਿੱਤਾ ਕਿ ਜਿਸ ਤਰ੍ਹਾਂ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਪਿਛਲੇ ਵਰ੍ਹੇ 'ਚ ਆਪਣੀ ਡਿਊਟੀ ਇਮਾਨਦਾਰੀ, ਤਨਦੇਹੀ ਤੇ ਪੂਰੀ ਲਗਨ ਨਾਲ ਨਿਭਾਈ, ਇਸ ਨਵੇਂ ਵਰ੍ਹੇ 'ਚ ਵੀ ਸਾਰੇ ਮੁਲਾਜ਼ਮ ਆਪਣੇ ਫ਼ਰਜ਼ ਤੇ ਸੌਂਪੀ ਗਈ ਡਿਊਟੀ ਸਮਰਪਣ ਭਾਵਨਾ ਨਾਲ ਨਿਭਾਉਣ।ਉਨ੍ਹਾ ਕਿਹਾ ਕਿ ਉਹ ਉਮੀਦ ਕਰਦੇ ਹਨ ਕਿ ਹਰ ਵਿਭਾਗ ਦਾ ਅਧਿਕਾਰੀ ਤੇ ਕਰਮਚਾਰੀ, ਨਵੇਂ ਵਰ੍ਹੇ 'ਚ ਲੋਕ ਸੇਵਾ ਨੂੰ ਸਮਰਪਤ ਰਹੇਗਾ ਤੇ ਸਰਕਾਰ ਵੱਲੋਂ ਉਲੀਕੀਆਂ ਯੋਜਨਾਵਾਂ ਤੇ ਪ੍ਰੋਗਰਾਮਾਂ ਦਾ ਲਾਭ, ਲਾਭਪਾਤਰੀਆਂ ਨੂੰ ਹੇਠਲੇ ਪੱਧਰ ਤੱਕ ਪੁੱਜਦਾ ਕਰਨ ਲਈ ਆਪਣਾ ਯੋਗਦਾਨ ਪਾਵੇਗਾ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬੰਬਾਹ ਸਮੇਤ ਵੱਡੀ ਗਿਣਤੀ ਸਮੂਹ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਵਿੱਚ ਸ਼ਾਮਲ ਹੋਏ।


**Ujjivan SMALL FINANCE BANK**

**ਰਜਿਸਟਰਡ ਦਫ਼ਤਰ :** ਗਰੇਪ ਗਾਰਡਨ, ਨੰ. 27 ਤੀਜਾ 'ਏ' ਕਰੌਸ, 18ਵੀਂ ਮੇਨ, 6ਵਾਂ ਬਲਾਕ, ਕੋਰਾਮੰਗਾਲਾ, ਬੈਂਗਲੁਰੂ-560095
**ਰਿਜਨਲ ਦਫ਼ਤਰ :** ਜੀ ਐਮ ਟੀ ਟੀ ਬਿਲਡਿੰਗ ਪਲਾਟ ਨੰ. ਡੀ-7, ਸੈਕਟਰ-3, ਨੋਇਡਾ (ਯੂ ਪੀ)-201301
**ਬਰਾਂਚ ਦਫ਼ਤਰ :** ਸੰਧੂ ਟਾਵਰ 2, ਫਿਰੋਜ਼ਪੁਰ ਰੋਡ, ਨੇੜੇ ਆਂਸਲ ਪਲਾਜ਼ਾ, ਗੁਰਦੇਵ ਨਗਰ, ਲੁਧਿਆਣਾ, ਪੰਜਾਬ-141001
**ਸੰਪਰਕ ਵਿਅਕਤੀ :** 1. ਗੁਰਦੇਵ ਰਾਠੀ :-9999982989; 2. ਅਸ਼ੀਸ਼ ਚੌਧਰੀ :- 9875980425

**ਜਨਤਕ ਨਿਲਾਮੀ ਸੂਚਨਾ**

ਸਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 (6) ਅਤੇ 9 ਦੀ ਵਿਵਸਥਾ ਨਾਲ ਪੜ੍ਹੇ ਜਾਂਦੇ ਸਕਿਓਰਟਾਈਜ਼ੇਸ਼ਨ ਐਂਡ ਰਿਕੰਸਟਰੱਕਸ਼ਨ ਆਫ਼ ਫਾਈਨਾਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰੈਸਟ ਐਕਟ (ਸਰਫੇਸੀ) 2002 ਅਧੀਨ ਵਿਕਰੀ ਲਈ ਜਨਤਕ ਸੂਚਨਾ। ਨਿਮਨ ਹਸਤਾਖਰੀ ਨੇ ਉਜੀਵਨ ਸਮਾਲ ਫਾਈਨਾਂਸ ਬੈਂਕ ਲਿਮ. ਦੇ ਅਧਿਕਾਰਤ ਅਫਸਰ ਹੋਣ ਦੇ ਨਾਤੇ ਸਰਫੇਸ ਐਕਟ ਦੇ ਸੈਕਸ਼ਨ 13(4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਸੂਚਨਾ ਦਿੱਤੀ ਜਾਂਦੀ ਹੈ ਕਿ ਬੈਂਕ ਦੇ ਬਕਾਇਆ ਵਸੂਲੀ ਲਈ ਹੇਠਾਂ ਖਾਤੇ ਸਾਹਮਣੇ ਵਰਨਣ ਗਿਰਵੀ ਰੱਖੀ ਜਾਇਦਾਦ ਜਨਤਕ ਨਿਲਾਮੀ ਨਿਮਨ ਦਰਸਾਈ ਮਿਤੀ "ਜਿਵੇਂ ਵੀ ਹੈ ਜਿੱਥੇ ਵੀ ਹੈ" ਅਤੇ "ਜੋ ਵੀ ਹੈ ਜਿੱਥੇ ਹੈ" ਦੇ ਅਧਾਰ 'ਤੇ ਕਰਵਾਈ ਜਾਵੇਗੀ।

| ਲੜੀ ਨੰ. | ਕਰਜ਼ਾ ਖਾਤਾ ਨੰਬਰ | ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ ਦਾ ਨਾਂਅ | 13-2 ਦੇ ਨੋਟਿਸ ਦੀ ਮਿਤੀ ਅਤੇ ਮੰਗੀ ਗਈ ਰਾਸ਼ੀ | ਕਬਜ਼ੇ ਦੀ ਮਿਤੀ | ਵਰਤਮਾਨ ਬਕਾਇਆ ਰਾਸ਼ੀ | ਜਾਇਦਾਦ ਦੀ ਪੜਤਾਲ ਕਰਨ ਦੀ ਮਿਤੀ ਅਤੇ ਸਮਾਂ | ਰਾਖਵੀਂ ਕੀਮਤੀ ਆਈ ਐਨ ਆਰ ਵਿੱਚ | ਬਿਆਨਾਂ ਰਾਸ਼ੀ ਜਮ੍ਹਾਂ (ਈ ਐਮ ਡੀ) ਆਈ ਐਨ ਆਰ ਵਿੱਚ (ਰਾਖਵੀਂ ਕੀਮਤ ਦਾ 10 ਫੀਸਦੀ) | ਈ-ਨਿਲਾਮੀ ਦੀ ਮਿਤੀ ਅਤੇ ਸਮਾਂ | ਬੋਲੀ ਦੇ ਜਮ੍ਹਾਂ ਕਰਵਾਉਣ ਲਈ ਆਖਰੀ ਮਿਤੀ | ਈ ਐੱਮ ਡੀ ਜਮ੍ਹਾਂ ਕਰਵਾਉਣ ਲਈ ਖਾਤਾ ਵੇਰਵੇ (ਉਜੀਵਨ ਸਮਾਲ ਫਾਈਨਾਂਸ ਬੈਂਕ ਦੇ ਪੱਖ ਵਿੱਚ ਡਿਮਾਂਡ ਡਰਾਫਟ ਦੇ ਰਾਹੀਂ ਜਮ੍ਹਾਂ ਕਰਵਾਈ ਜਾਣ ਵਾਲੀ ਈ ਐੱਮ ਡੀ ਲਈ) |
|---|---|---|---|---|---|---|---|---|---|---|---|
| 1. | 227521 017000 0154 & 227521 017000 0067 | ਉਮੇਸ਼ ਰਾਏ ਪੁੱਤਰ ਬਿੰਦਸਵਾ ਰਾਏ ਉਰਫ ਬਿਦੇਸ਼ਵਰ ਰੇਅ, ਵਾਸੀ ਮਕਾਨ ਨੰ. 3627, ਗਲੀ ਨੰ. 6, ਗਿੱਲ ਰੋਡ, ਨੇੜੇ ਰੌਕੀ ਮਾਡਲ ਸਕੂਲ, ਚੇਤ ਸਿੰਘ ਨਗਰ, ਜਨਤਾ ਨਗਰ, ਲੁਧਿਆਣਾ, ਪੰਜਾਬ-141003 ਪ੍ਰਮਿਲਾ ਦੇਵੀ ਪਤਨੀ ਉਮੇਸ਼ ਰਾਏ ਵਾਸੀ ਮਕਾਨ ਨੰ. 3627, ਗਲੀ ਨੰ. 6, ਗਿੱਲ ਰੋਡ, ਨੇੜੇ ਰੌਕੀ ਮਾਡਲ ਸਕੂਲ, ਚੇਤ ਸਿੰਘ ਨਗਰ, ਜਨਤਾ ਨਗਰ, ਲੁਧਿਆਣਾ, ਪੰਜਾਬ-141003 | 23.07.2024 ਰੁਪਏ 36,07.180/- | 07.10.2024 (ਸੰਕੇਤਕ ਕਬਜ਼ਾ) | ਰੁਪਏ 37,32,588.97/- (07.10.2024 ਨੂੰ) | 16.10.2025 ਦੁਪਿਹਰ 2.00 ਵਜੇ ਪਹਿਲਾਂ ਨਿਯੁਕਤੀ ਲੈ ਕੇ | ਰੁਪਏ 36,21,000/- | ਰੁਪਏ 3,52,100/- | 29.01.2025 ਸਵੇਰੇ 11.00 ਵਜੇ ਤੋਂ ਦੁਪਹਿਰ 12.00 ਵਜੇ | 28.01.2025 ਸ਼ਾਮ 4.00 ਵਜੇ ਤੱਕ | ਈ ਐੱਮ ਡੀ ਡਿਮਾਂਡ ਡਰਾਫਟ ਦੇ ਰਾਹੀਂ ਉਜੀਵਨ ਸਮਾਲ ਫਾਈਨਾਂਸ ਬੈਂਕ ਦੇ ਪੱਖ ਵਿੱਚ ਲੁਧਿਆਣਾ-ਫਿਰੋਜ਼ਪੁਰ ਰੋਡ ਬਰਾਂਚ ਵਿਖੇ ਅਦਾਇਗੀਯੋਗ ਜਾਂ ਆਰ ਟੀ ਜੀ ਐੱਸ/ਐੱਨ ਈ ਐੱਫ ਟੀ/ਆਈ ਐੱਮ ਪੀ ਐੱਸ ਦੇ ਰਾਹੀਂ ਖਾਤਾ ਨੰਬਰ 22011013462001/ ਆਈ ਐੱਫ ਐੱਸ ਸੀ ਯੂ ਜੇ ਵੀ ਐੱਨ 0002201 |
| ਰਿਹਾਇਸ਼ੀ ਮਕਾਨ ਨੰ. ਬੀ-22-3672, ਰਕਬਾ 100 ਵਰਗ ਗਜ਼, ਪਿੰਡ ਚੇਤ ਸਿੰਘ ਨਗਰ, ਗਿੱਲ-1, ਲੁਧਿਆਣਾ, ਖਾਤਾ ਨੰ. 62/99, 100, 101, ਖਸਰਾ ਨੰ. 6164/261/2, 3534/260, 6163/261, 3533/260, ਜਮ੍ਹਾਂਬੰਦੀ ਸਾਲ 2010-2011, ਪਿੰਡ ਗਿੱਲ-1, ਹੱਦਬਸਤ ਨੰ. 263, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗਲੀ, ਪੱਛਮ : ਗੁਆਂਢ, ਉੱਤਰ : ਗੁਆਂਢ, ਦੱਖਣ : ਗੁਆਂਢ | | | | | | | | | | | |
| 2. | 227521 008000 0032 | ਅਮਿਤ ਕੁਮਾਰ ਪੁੱਤਰ ਸੁਭਾਸ਼ ਚੰਦਰ, ਵਾਸੀ 1634, ਪਹਿਲੀ ਮੰਜ਼ਲ, ਚੰਡੀਗੜ੍ਹ ਰੋਡ, ਸੈਕਟਰ 39, ਜੀ ਆਰ ਡੀ ਕਾਲੋਨੀ, ਫੋਕਲ ਪੁਆਇੰਟ, ਲੁਧਿਆਣਾ, ਪੰਜਾਬ-141010 ਰੁਚੀ ਜੈਨ ਪਤਨੀ ਅਮਿਤ ਕੁਮਾਰ ਵਾਸੀ 1634, ਪਹਿਲੀ ਮੰਜ਼ਲ, ਚੰਡੀਗੜ੍ਹ ਰੋਡ, ਸੈਕਟਰ 39, ਜੀ ਆਰ ਡੀ ਕਾਲੋਨੀ, ਫੋਕਲ ਪੁਆਇੰਟ, ਲੁਧਿਆਣਾ, ਪੰਜਾਬ-141010 | 05.04.2024 ਰੁਪਏ 6,77.351/- | 16.12.2024 | ਰੁਪਏ 8,37.537.86/- 16.12.2024 ਨੂੰ | 28.01.2025 ਦੁਪਿਹਰ 2.00 ਵਜੇ ਪਹਿਲਾਂ ਨਿਯੁਕਤੀ ਲੈ ਕੇ | ਰੁਪਏ 4,26,000/- | ਰੁਪਏ 42,600/- | 12.02.2025 ਸਵੇਰੇ 11.00 ਵਜੇ ਤੋਂ ਦੁਪਹਿਰ 12.00 ਵਜੇ | 11.02.2025 ਸ਼ਾਮ 4.00 ਵਜੇ ਤੱਕ | ਈ ਐੱਮ ਡੀ ਡਿਮਾਂਡ ਡਰਾਫਟ ਦੇ ਰਾਹੀਂ ਉਜੀਵਨ ਸਮਾਲ ਫਾਈਨਾਂਸ ਬੈਂਕ ਦੇ ਪੱਖ ਵਿੱਚ ਲੁਧਿਆਣਾ-ਫਿਰੋਜ਼ਪੁਰ ਰੋਡ ਬਰਾਂਚ ਵਿਖੇ ਅਦਾਇਗੀਯੋਗ ਜਾਂ ਆਰ ਟੀ ਜੀ ਐੱਸ/ਐੱਨ ਈ ਐੱਫ ਟੀ/ਆਈ ਐੱਮ ਪੀ ਐੱਸ ਦੇ ਰਾਹੀਂ ਖਾਤਾ ਨੰਬਰ 22011013462001/ ਆਈ ਐੱਫ ਐੱਸ ਸੀ ਯੂ ਜੇ ਵੀ ਐੱਨ 0002201 |
| ਫ਼ ਫ੍ਰੀਹੋਲਡ ਜਾਇਦਾਦ ਦੁਕਾਨ ਨੰ. 07 ਐੱਮ ਸੀ ਨੰ. ਬੀ-9-350/350 ਏ, ਰਕਬਾ 17 ਵਰਗ ਗਜ਼, ਛੱਤ ਤੋਂ ਬਗੈਰ ਸਿਰਫ ਉਪਰਲਾ ਗਰਾਊਂਡ ਫਲੋਰ, ਟਾਊਨ ਲੁਧਿਆਣਾ, ਚੌੜੀ ਸੜਕ, ਮਲਟੀਸਟੋਰੀ ਬਿਲਡਿੰਗ, ਸਿਟੀ ਪੈਲੇਸ, ਲੁਧਿਆਣਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਰਸਤਾ, ਪੱਛਮ : ਹੋਰਨਾਂ ਦੀ ਕੰਧ, ਉੱਤਰ : ਦੁਕਾਨ ਨੰ. 06, ਦੱਖਣ : ਦੁਕਾਨ ਨੰ. 08 | | | | | | | | | | | |

**ਨਿਯਮ ਅਤੇ ਸ਼ਰਤਾਂ :-**
ਈ-ਨਿਲਾਮੀ "ਜੋ ਵੀ ਹੈ ਜਿੱਥੇ ਹੈ", "ਜੋ ਵੀ ਹੈ ਜਿਵੇਂ ਹੈ" ਅਤੇ "ਜੋ ਵੀ ਹੈ ਉੱਥੇ ਹੈ" ਦੇ ਅਧਾਰ 'ਤੇ ਕਰਵਾਈ ਜਾਵੇਗੀ।
1. ਅਧਿਕਾਰਤ ਅਫਸਰ ਦੀ ਸਰਬੋਤਮ ਜਾਣਕਾਰੀ ਅਤੇ ਗਿਆਨ ਅਨੁਸਾਰ ਕਿਸੇ ਜਾਇਦਾਦ ਉਪਰ ਕੋਈ ਝੰਜਟ ਨਹੀਂ ਹੈ। ਫਿਰ ਵੀ ਚਾਹਵਾਨ ਬੋਲੀਕਾਰ ਆਪਣੀ ਬੋਲੀ ਪੇਸ਼ ਕਰਨ ਤੋਂ ਪਹਿਲਾਂ ਨਿਲਾਮੀ ਲਈ ਰੱਖੀ ਗਈ ਜਾਇਦਾਦ/ਜਾਇਦਾਦਾਂ ਬਾਰੇ ਝੰਜਟਾਂ, ਜਾਇਦਾਦ ਦੀ ਮਾਲਕੀ ਅਤੇ ਜਾਇਦਾਦ ਨੂੰ ਪ੍ਰਭਾਵਿਤ ਕਰਦੇ ਦਾਅਵਿਆ/ਅਧਿਕਾਰਾਂ/ਬਕਾਇਆਂ ਬਾਰੇ ਆਪਣੇ ਤੌਰ 'ਤੇ ਸੁਤੰਤਰ ਪੁੱਛ-ਪੜਤਾਲ ਕਰ ਲੈਣ। ਈ-ਨਿਲਾਮੀ ਇਸ਼ਤਿਹਾਰ ਬੈਂਕ ਦੀ ਵਚਨਬੱਧਤਾ ਜਾਂ ਕੋਈ ਪ੍ਰਤੀਨਿਧਤਾ ਨਹੀਂ ਕਰਦਾ ਹੈ। ਜਾਇਦਾਦ ਬੈਂਕ ਨੂੰ ਮਾਲੂਮ ਜਾਂ ਨਾ-ਮਾਲੂਮ ਸਾਰੇ ਮੌਜੂਦਾ ਅਤੇ ਭਵਿੱਖੀ ਝੰਜਟਾਂ ਸਹਿਤ ਵੇਚੀ ਜਾਣੀ ਹੈ। ਅਧਿਕਾਰਤ ਅਫਸਰ/ ਸਕਿਓਰਡ ਕ੍ਰੈਡੀਟਰ ਕਿਸੇ ਤੀਜੀ ਧਿਰ ਦੇ ਦਾਅਵਿਆਂ/ਅਧਿਕਾਰਾਂ/ਬਕਾਇਆਂ ਲਈ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਹੋਵੇਗਾ।
2. ਇਹ ਬੋਲੀਕਾਰਾਂ ਦੀ ਖ਼ੁਦ ਦੀ ਜ਼ਿੰਮੇਵਾਰੀ ਹੋਵੇਗੀ ਕਿ ਬੋਲੀ ਪੇਸ਼ ਕਰਨ ਤੋਂ ਪਹਿਲਾਂ ਐਸਟ ਅਤੇ ਸਪੈਸੀਫਿਕੇਸ਼ਨ ਬਾਰੇ ਜਾਂਚ-ਪੜਤਾਲ ਕਰ ਲੈਣ ਅਤੇ ਖ਼ੁਦ ਦੀ ਤਸੱਲੀ ਕਰ ਲੈਣ। ਨਿਲਾਮੀ ਲਈ ਰੱਖੀ ਗਈ ਜਾਇਦਾਦ/ਜਾਇਦਾਦਾਂ ਦੀ ਹਰੇਕ ਜਾਇਦਾਦ ਦੇ ਅੱਗੇ ਵਰਨਣ ਕੀਤੇ ਗਏ ਸਥਾਨਾਂ ਉਪਰ ਪੜਤਾਲ ਕਰਨ ਲਈ ਇਜਾਜ਼ਤ ਚਾਹਵਾਨ ਬੋਲੀਕਾਰਾਂ ਨੂੰ ਦਿੱਤੀ ਜਾਵੇਗੀ।
3. ਚਾਹਵਾਨ ਬੋਲੀਕਾਰ ਆਪਣੀ ਬੋਲੀ ਉਪਰੋਕਤ ਵਰਨਣ ਅਨੁਸਾਰ ਨਿਲਾਮੀ ਦੀ ਮਿਤੀ ਤੋਂ ਪਹਿਲਾਂ ਅਧਿਕਾਰਤ ਅਫਸਰ/ਨਿਮਨ ਹਸਤਾਖਰੀ ਕੋਲ ਜਮ੍ਹਾਂ ਕਰਵਾਉਣਗੇ।
4. ਈ-ਨਿਲਾਮੀ ਉਜੀਵਨ ਸਮਾਲ ਫਾਈਨਾਂਸ ਬੈਂਕ ਦੇ ਪ੍ਰਵਾਨਿਤ ਈ-ਨਿਲਾਮੀ ਸੇਵਾ ਪ੍ਰਦਾਤਾ-ਮੈਸ. ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਦੁਆਰਾ ਕਰਵਾਈ ਜਾਵੇਗੀ। ਸੰਪਰਕ ਵਿਅਕਤੀ ਪ੍ਰਭਾਕਰਨ ਐਮ. (ਮੋਬਾਈਲ ਨੰ. 74182-81709)। ਚਾਹਵਾਨ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਵੈਬਸਾਈਟ ਵਿੱਚ ਦਿੱਤੇ ਜਾਇਦਾਦਾਂ ਦੇ ਵਰੇਵਿਆਂ ਲਈ https://www.bankeauctions.com ਜਾਂ https://www.ujjivansfb.in/e-auctions ਉਪਰ ਪਹੁੰਚ ਕਰਨ ਅਤੇ ਪੋਰਟਲ https://www.bankeauctions.com 'ਤੇ ਬੋਲੀ ਵਿੱਚ ਭਾਗ ਲੈਣ ਲਈ ਆਪਣਾ ਨਾਮ ਰਜਿਸਟਰਡ ਕਰਵਾ ਲੈਣ ਅਤੇ ਬਿਨਾਂ ਕਿਸੇ ਲਾਗਤ ਦੇ ਆਪਣਾ ਯੂਜ਼ਰ ਆਈਡੀ ਅਤੇ ਪਾਸਵਰਡ ਪ੍ਰਾਪਤ ਕਰ ਲੈਣ। ਉਤਸਾਹੀ ਬੋਲੀਕਾਰ ਸੇਵਾ ਪ੍ਰਦਾਤਾ ਮੈਸ. ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਤੋਂ ਈ-ਨਿਲਾਮੀ ਉਪਰ ਆਨਲਾਈਨ ਸਿਖਲਾਈ ਪ੍ਰਾਪਤ ਕਰ ਸਕਦੇ ਹਨ, ਹੈਲਪਲਾਈਨ ਨੰ. 7291918824, 25, 26, Support email id-support@bankeauctions.com, ਨਿਲਾਮੀ ਪੋਰਟਲ-https://www.bankeauctions.com ਦਾ ਹਵਾਲਾ ਲਿਆ ਜਾਵੇ।
5. ਜਾਇਦਾਦ ਉਚ ਬੋਲੀਦਾਤਾ/ਪੇਸ਼ਕਸ਼ ਕਰਤਾ ਨੂੰ ਵੇਚੀ ਜਾਵੇਗੀ, ਜੋ ਸਕਿਓਰਡ ਕ੍ਰੈਡੀਟਰ ਅਰਥਾਤ ਉਜੀਵਨ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੀ ਪ੍ਰਵਾਨਗੀ ਦਾ ਵਿਸ਼ਾ ਹੋਵੇਗੀ। ਫਿਰ ਵੀ ਜੇਕਰ ਲਾਜ਼ਮੀ ਹੋਇਆ ਤਾਂ ਅੰਤਰ ਬੋਲੀ ਕਰਵਾਉਣ ਦਾ ਫੈਸਲਾ ਪੂਰਨ ਰੂਪ 'ਚ ਨਿਮਨ ਹਸਤਾਖਰੀ ਦਾ ਹੋਵੇਗਾ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸਿਆ ਕਿਸੇ ਵੀ ਪੇਸ਼ਕਸ਼/ਟੈਂਡਰ ਨੂੰ ਸਵੀਕਾਰ ਜਾਂ ਰੱਦ ਕਰਨ ਦਾ ਅਧਿਕਾਰ ਹੋਵੇਗਾ।
6. ਸ.ਫਲ ਬੋਲੀਕਾਰ ਦੀ ਬਿਆਨਾ ਰਾਸ਼ੀ ਜਮ੍ਹਾਂ (ਈ ਐਮ ਡੀ) ਵਿਕਰੀ ਦੇ ਹਿੱਸੇ ਵਜੋਂ ਰੱਖ ਲਈ ਜਾਵੇਗੀ ਅਤੇ ਅਸਫਲ ਬੋਲੀਕਾਰਾਂ ਦੀ ਈ ਐਮ ਡੀ ਵਾਪਸ ਕਰ ਦਿੱਤੀ ਜਾਵੇਗੀ। ਬਿਆਨਾ ਰਾਸ਼ੀ ਜਮ੍ਹਾਂ ਉਪਰ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ। ਸ.ਫਲ ਬੋਲੀਕਾਰ ਨੂੰ ਵਿੱਕਰੀ ਕੀਮਤੀ ਦਾ 25% ਪਹਿਲਾਂ ਜਮ੍ਹਾਂ ਕਰਵਾਈ ਈ ਐਮ ਡੀ ਨੂੰ ਸਮਾਯੋਜਿਤ ਕਰਕੇ, ਅਧਿਕਾਰਤ ਅਫਸਰ ਦੁਆਰਾ ਬੋਲੀ ਕੀਮਤ ਦੇ ਸਵੀਕਾਰ ਕੀਤੇ ਜਾਣ ਦੇ 24 ਘੰਟਿਆਂ ਦੇ ਅੰਦਰ-ਅੰਦਰ ਜਮ੍ਹਾਂ ਕਰਵਾਉਣੀ ਹੋਵੇਗੀ ਅਤੇ ਬਾਕੀ ਬਚਦੀ 75% ਰਾਸ਼ੀ ਵਿਕਰੀ ਦੇ 15ਵੇਂ ਦਿਨ ਜਾਂ ਪਹਿਲਾਂ ਜਾਂ ਅਜਿਹੇ ਕਿਸੇ ਵਧਾਏ ਅਰਸੇ ਵਿੱਚ ਕਰਵਾਉਣੀ ਹੋਵੇਗੀ, ਜੇਕਰ ਅਧਿਕਾਰਤ ਅਫਸਰ ਦੇ ਇੱਕ ਮਾਤਰ ਫੈਸਲੇ 'ਤੇ ਲਿਖਤੀ ਸਹਿਮਤੀ ਨਾਲ 3 ਮਹੀਨਿਆਂ ਤੋਂ ਵੱਧ ਸਮਾਂ ਨਹੀਂ ਹੋਵੇਗਾ। ਸ.ਫਲ ਬੋਲੀਕਾਰ ਦੇ ਅਦਾਇਗੀ ਕਰਨ ਵਿੱਚ ਅਸ.ਫਲ ਰਹਿਣ ਦੇ ਮਾਮਲੇ ਵਿੱਚ ਪੇਸ਼ਕਸ਼ ਰਾਹੀਂ ਪਹਿਲਾਂ ਜਮ੍ਹਾਂ ਕਰਵਾਈ ਗਈ ਰਾਸ਼ੀ ਜ਼ਬਤ ਕਰਨਯੋਗ ਹੋਵੇਗੀ ਅਤੇ ਜਾਇਦਾਦ ਮੁੜ ਨਿਲਾਮੀ ਲਈ ਰੱਖੀ ਜਾਵੇਗੀ ਅਤੇ ਉਲੰਘਣਕਾਰ ਖ਼੍ਰੀਦਦਾਰ ਦਾ ਜਾਇਦਾਦ/ਰਕਮ ਉਪਰ ਕੋਈ ਦਾਅਵਾ/ਅਧਿਕਾਰ ਨਹੀਂ ਰਹਿ ਜਾਵੇਗਾ।
7. ਪ੍ਰਕਾਸ਼ਨਾ ਪ੍ਰਮੁੱਖ ਕਲਾਜ ਦਾ ਵਿਸ਼ਾ ਹੈ।
8. ਆਖਰੀ ਪਲਾਂ ਵਿੱਚ ਬੋਲੀ ਦੇਣ ਤੋਂ ਬੋਲੀਕਾਰਾਂ ਨੂੰ ਬਚਣਾ ਚਾਹੀਦਾ ਹੈ ਅਤੇ ਉਜੀਵਨ ਸਮਾਲ ਫਾਈਨਾਂਸ ਬੈਂਕ ਨਾ ਹੀ ਸੇਵਾ ਪ੍ਰਦਾਤਾ ਕਿਸੇ ਵੀ ਲੈਪਸ/ਨਾਕਾਮੀ (ਇੰਟਰਨੈੱਟ ਦੇ ਨਾ ਚੱਲਣ/ਬਿਜਲੀ ਚਲੇ ਜਾਣ) ਲਈ ਜ਼ਿੰਮੇਵਾਰ ਨਹੀਂ ਹੋਣਗੇ। ਅਜਿਹੀਆਂ ਪ੍ਰਸਥਿਤੀਆਂ ਤੋਂ ਬਚਣ ਲਈ ਬੋਲੀਕਾਰਾਂ ਨੂੰ ਜ਼ਰੂਰੀ ਪ੍ਰਬੰਧ/ਬਦਲਵੇਂ ਪ੍ਰਬੰਧ ਪਾਵਰ ਸਪਲਾਈ ਬੈਕਅੱਪ ਆਦਿ ਲਈ ਪਹਿਲਾਂ ਹੀ ਕਰ ਲੈਣ ਦੀ ਬੇਨਤੀ ਕੀਤੀ ਜਾਂਦੀ ਹੈ ਤਾਂ ਜੋ ਉਹ ਅਜਿਹੀਆਂ ਪ੍ਰਸਥਿਤੀਆਂ ਤੋਂ ਬਚ ਸਕਣ ਅਤੇ ਨਿਲਾਮੀ ਵਿੱਚ ਸ.ਫਲਤਾਪੂਰਵਕ ਹਿੱਸਾ ਲੈ ਸਕਣ।
9. ਇਹ ਗਿਰਵੀ ਰੱਖੀਆਂ ਜਾਇਦਾਦਾਂ ਦੀ ਕਰਵਾਈ ਜਾਣ ਵਾਲੀ ਜਨਤਕ ਨਿਲਾਮੀ ਬਾਰੇ ਉਪਰੋਕਤ ਨਾਮੀ ਕਰਜ਼ਦਾਰਾਂ/ਗਰੰਟਰਾਂ/ਗਿਰਵੀਕਾਰਾਂ ਦੇ ਲਈ ਨੋਟਿਸ ਵੀ ਹੈ।

ਮਿਤੀ : 05.01.2025
ਸਥਾਨ : ਨੋਇਡਾ

ਅਧਿਕਾਰਤ ਅਫ਼ਸਰ
ਉਜੀਵਨ ਸਮਾਲ ਫਾਈਨਾਂਸ ਬੈਂਕ



**ਉਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਨਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-06 | 23.01.2025 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 22486/F1, 14612/F1, 12014/F1, 12030/F1, 14634/F2, 14634/R1, 14633/F2, 14634/F1, 14633/F1 & 14633/R1. |
| EAFZR-SLR25-07 | 24.01.2025 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ):14654/F1, 12266/F1, 12470/F1, 14508/R1, 12752/F1, 19028/F1, 14508/F2, 14508/F1,14654/R1 & 22430/F1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 38/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਇੰਡੀਅਨ ਬੈਂਕ Indian Bank**
ਇਲਾਹਾਬਾਦ ALLAHABAD

**ZONAL OFFICE: S.C.F. 88,URBAN ESTATE, PHASE 1, DUGRI, LUDHIANA.**
**EMAIL: zoludhiana@indianbank.co.in**

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਤਹਿਤ ਇੰਡੀਅਨ ਬੈਂਕ ਦੇ ਅਧਿਕਾਰਤ ਅਫਸਰ ਵਜੋਂ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ (ਕਰਜ਼ਦਾਰਾਂ)/ਗਰੰਟਰ (ਗਰੰਟਰਾਂ) ਨੂੰ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ 'ਚ ਦਰਸਾਈ ਰਕਮ ਵਾਪਸ ਮੋੜਨ ਲਈ ਸੱਦਾ ਦਿੰਦਿਆਂ ਹੇਠਾਂ ਦਰਸਾਈਆਂ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕੀਤੇ ਸਨ। ਕਿਉਂਕਿ ਸੰਬੰਧਤ ਪਾਰਟੀਆਂ ਰਕਮ ਵਾਪਸ ਮੋੜਨ 'ਚ ਅਸਫਲ ਰਹੀਆਂ ਹਨ, ਜਾਇਦਾਦ ਦੇ ਮਾਲਕ, ਸੰਬੰਧਤ ਪਾਰਟੀਆਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਰੂਲਜ਼ ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਖੁਦ ਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਖਾਤਿਆਂ ਵਿਰੁੱਧ ਦਰਸਾਈਆਂ ਗਈਆਂ ਮਿਤੀਆਂ 'ਤੇ ਹੇਠਾਂ ਦਰਸਾਈ ਜਾਇਦਾਦ ਦਾ ਕਬਜ਼ਾ ਹਾਸਲ ਕਰ ਲਿਆ ਹੈ।
ਸੰਬੰਧਤ ਪਾਰਟੀਆਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਸ ਜਾਇਦਾਦ ਸੰਬੰਧੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਇੰਡੀਅਨ ਬੈਂਕ ਦੀ ਹੇਠਾਂ ਦਰਸਾਈ ਕੁਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਸਮੇਤ ਵਸੂਲੀ ਹੇਠ ਹੋਵੇਗਾ, ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਬਰਾਂਚ ਦਾ ਨਾਂਅ ਕਰਜ਼ਦਾਰ/ਗਰੰਟਰ/ ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀ ਜਾਇਦਾਦ/ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ ਬਕਾਇਆ ਰਕਮ |
|---|---|---|---|---|
| ਬਰਾਂਚ : ਭੌਰਾ, ਲੁਧਿਆਣਾ | | | | |
| (ਕਰਜ਼ਦਾਰ/ਗਿਰਵੀਕਾਰ) : ਸ੍ਰੀਮਤੀ ਵਿਦਿਆ ਦੇਵੀ ਪਤਨੀ ਮਨੋਜ ਕੁਮਾਰ, ਪਤਾ 1: ਪਲਾਟ ਨੰ. 96, ਬਲਾਕ-ਬੀ, ਗੁਰੂ ਤੇਗ ਬਹਾਦਰ ਨਗਰ, ਭਾਮੀਆਂ, ਲੁਧਿਆਣਾ, ਪੰਜਾਬ-141010, ਪਤਾ 2 : ਮਕਾਨ ਨੰ. 1473 ਵਾਰਡ ਨੰ. 10, ਚੰਡੀਗੜ੍ਹ, ਰੋਡ, ਸੈਕਟਰ 32-ਏ, ਲੁਧਿਆਣਾ, ਪੰਜਾਬ-141010, ਮੋਬਾਈਲ : 9317566121 (ਸਹਿ-ਕਰਜ਼ਦਾਰ) : ਮਨੋਜ ਕੁਮਾਰ ਪੁੱਤਰ ਹਰੀ ਰਾਮ ਪਤਾ-1: ਪਲਾਟ ਨੰ. 96, ਬਲਾਕ-ਬੀ, ਗੁਰੂ ਤੇਗ ਬਹਾਦਰ ਨਗਰ, ਭਾਮੀਆਂ, ਲੁਧਿਆਣਾ, ਪੰਜਾਬ-141010, ਮੋਬਾਈਲ : 9317566121, ਪਤਾ : ਮਕਾਨ ਨੰ. 1473 ਵਾਰਡ ਨੰ. 10, ਚੰਡੀਗੜ੍ਹ, ਰੋਡ, ਸੈਕਟਰ 32-ਏ, ਲੁਧਿਆਣਾ, ਪੰਜਾਬ-141010, ਮੋਬਾਈਲ : 9317566121 | ਸ੍ਰੀਮਤੀ ਵਿਦਿਆ ਪਤਨੀ ਮਨੋਜ ਕੁਮਾਰ ਦੇ ਨਾਂਅ 'ਤੇ ਵਸੀਕਾ ਨੰ. 22656 ਮਿਤੀ 27.03.2018 ਤਹਿਤ ਰਜਿਸਟਰਡ ਪਿੰਡ ਭਾਮੀਆਂ ਕਲਾਂ, ਹਦਬਸਤ ਨੰ. 181, ਤਹਿ. ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਜਮ੍ਹਾਂਬੰਦੀ ਵਾਸਤੇ ਸਾਲ 2008-09 ਅਨੁਸਾਰ ਖਸਰਾ ਨੰ. 50//2/1, 3, ਖਾਤਾ ਖਤੌਨੀ ਨੰ. 424/491 ਵਿੱਚ ਸ਼ਾਮਲ ਰਿਹਾਇਸ਼ੀ ਜਾਇਦਾਦ ਰਕਬਾ 100.00 ਵਰਗ ਗਜ਼, ਪਲਾਟ ਅਤੇ ਮਕਾਨ ਨੰ. 96, ਬਲਾਕ-ਬੀ, ਗੁਰੂ ਤੇਗ ਬਹਾਦਰ ਨਗਰ, ਨੇੜੇ ਬਾਬਾ ਪ੍ਰਾਪਰਟੀ ਡੀਲਰ, ਭਾਮੀਆਂ ਰੋਡ ਲੁਧਿਆਣਾ। ਜਾਇਦਾਦ ਦੀਆਂ ਹੱਦਾਂ :-ਉੱਤਰ : ਗੁਆਂਢੀ 40'-00", ਦੱਖਣ : ਗੁਆਂਢੀ 40'-00", ਪੂਰਬ : ਗੁਆਂਢੀ 22'-6", ਪੱਛਮ : ਗਲੀ 22'-6" | 25.10.2024 | 04.01.2025 | ਸੰਕੇਤਕ ਕਬਜ਼ਾ ਰੁਪਏ 20, 57,556.00 (ਰੁਪਏ ਵੀਹ ਲੱਖ ਸਤਵੰਜਾ ਹਜ਼ਾਰ ਪੰਜ ਸੌ ਛਪੰਜਾ ਕੇਵਲ) 23.10.2024 ਅਨੁਸਾਰ ਅਤੇ ਇਸ ਉਪਰ ਬਣਦਾ ਵਿਆਜ ਅਤੇ ਹੋਰ ਚਾਰਜਿਜ਼/ਖਰਚੇ |

ਮਿਤੀ : 04.01.2025 ਸਥਾਨ : ਭੌਰਾ ਅਧਿਕਾਰਤ ਅਫਸਰ



**AXIS BANK**
**Retail Asset Centre:** AXIS Bank Ltd, SCO 367-368, SECTOR – 34A, Chandigarh, 160022
**Corporate Office:** 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
**Registered Office:** 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

**ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਲੈ ਲਿਆ ਹੈ।
ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਦੀ ਵਸੂਲੀ ਦਾ ਵਿਸ਼ਾ ਹੋਵੇਗਾ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਗਿਰਵੀ ਰੱਖੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ ਵਿੱਚ ਰਾਸ਼ੀ (ਰੁਪਏ) |
|---|---|---|---|---|
| ਮੈਸਰਜ਼ ਬਾਲਾਜੀ ਇੰਡਸਟਰੀਜ਼ ਰਾਹੀਂ ਇਸ ਦੇ ਮਾਲਕ ਸ੍ਰੀ ਵਿਸ਼ਾਲ ਆਨੰਦ ਪੁੱਤਰ ਸੈਨ ਦਾਸ ਪਤਾ : 58 ਰਾਜਾ ਗਾਰਡਨ ਗਦੱਈਪੁਰ, ਜਲੰਧਰ, ਪ੍ਰੀਤ ਨਗਰ, ਜਲੰਧਰ-144004 ਸ੍ਰੀ ਵਿਸ਼ਾਲ ਆਨੰਦ ਪੁੱਤਰ ਸੈਨ ਦਾਸ, ਪਤਾ : ਮਕਾਨ ਨੰ. 97, ਵਿਕਾਸਪੁਰੀ, ਜਲੰਧਰ-1, ਇੰਡਸਟਰੀਅਲ ਟਾਊਨ, ਜਲੰਧਰ-144004 ਸ੍ਰੀਮਤੀ ਪ੍ਰਵੀਨ ਆਨੰਦ ਪੁੱਤਰੀ ਪ੍ਰੇਮ ਕੁਮਾਰ ਮਕਾਨ ਨੰ. 97, ਵਿਕਾਸਪੁਰੀ, ਜਲੰਧਰ-1, ਇੰਡਸਟਰੀਅਲ ਟਾਊਨ, ਜਲੰਧਰ-144004 | ਜਾਇਦਾਦ ਨੰ. 1 : ਵਿਕਰੀ ਬੈਨਾਮਾ ਨੰਬਰ 98 ਮਿਤੀ 5/4/2011 ਅਨੁਸਾਰ ਰਾਜਾ ਗਾਰਡਨ, ਗਦੱਈਪੁਰ, ਜਲੰਧਰ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਖਸਰਾ ਨੰ. 20//4, 5, 6, 20//7, 144, 15, 16/1, 17/1 ਵਿੱਚ ਸ਼ਾਮਲ ਇੰਡਸਟਰੀਅਲ ਜਾਇਦਾਦ ਪ੍ਰਾਪਰਟੀ ਨੰ. 57 ਰਕਬਾ 7 ਮਰਲੇ 196 ਵਰਗ ਫੁੱਟ ਦੇ ਸਾਰੇ ਹਿੱਸੇ। ਹੱਦਾਂ ਇੰਝ ਹਨ : ਪੂਰਬ : ਨੰਬਰ 73, 74, ਪੱਛਮ : ਨੰਬਰ 58, ਉੱਤਰ : ਨੰਬਰ 59, ਦੱਖਣ : ਸੜਕ, ਜਾਇਦਾਦ ਨੰ. 2 : ਵਿਕਰੀ ਬੈਨਾਮਾ ਨੰ. 2774 ਮਿਤੀ | 26 ਜੁਲਾਈ 2024 | 2 ਜਨਵਰੀ 2024 ਜਲੰਧਰ, ਪੰਜਾਬ ਵਿਖੇ | ਰੁਪਏ : 50,49,958/- (ਰੁਪਏ ਪੰਜਾਹ ਲੱਖ ਉਨੰਜਾ ਹਜ਼ਾਰ ਨੌ ਸੌ ਅਠਵੰਜਾ ਕੇਵਲ) |
| 20/10/2000 ਅਨੁਸਾਰ ਰਾਜਾ ਗਾਰਡਨ, ਗਦੱਈਪੁਰ, ਜਲੰਧਰ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਖਸਰਾ ਨੰ. 20//4, 5, 6, 20//7, 144, 15, 16/1, 17/1 ਅਤੇ ਹੋਰ ਵਿੱਚ ਸ਼ਾਮਲ ਇੰਡਸਟਰੀਅਲ ਜਾਇਦਾਦ ਪ੍ਰਾਪਰਟੀ ਨੰ. 58 ਰਕਬਾ 7 ਮਰਲੇ 196 ਵਰਗ ਗਜ਼ ਦੇ ਸਾਰੇ ਹਿੱਸੇ। ਹੱਦਾਂ ਇੰਝ ਹਨ : ਪੂਰਬ : ਹੋਰਨਾਂ, ਪੱਛਮ : ਸੜਕ, ਉੱਤਰ : ਨੰ. 59, ਦੱਖਣ : ਸੜਕ | | | | |
| 1. ਸਾਗਰ ਸੀਡ ਕੰਪਨੀ ਰਾਹੀਂ ਇਸ ਦੇ ਮਾਲਕ ਸ੍ਰੀ ਰਾਜਨ ਸਿੰਗਲਾ ਪੁੱਤਰ ਸ਼ਾਮ ਲਾਲ ਪਤਾ : ਮਲੋਟ ਰੋਡ, ਗਿੱਦੜਬਾਹਾ, ਮੁਕਤਸਰ-152101 2. ਸ੍ਰੀ ਰਾਜਨ ਸਿੰਗਲਾ ਪੁੱਤਰ ਸ਼ਾਮ ਲਾਲ ਪਤਾ : ਵਾਰਡ ਨੰ. 6, ਗੁੜ ਬਜ਼ਾਰ, ਗਿੱਦੜਬਾਹਾ, ਸ੍ਰੀ ਮੁਕਤਸਰ ਸਾਹਿਬ-152101 3. ਸ੍ਰੀਮਤੀ ਨਿਰਮਲਾ ਦੇਵੀ ਪਤਨੀ ਸ਼ਾਮ ਲਾਲ ਪਤਾ : # 1236 ਵਾਰਡ ਨੰ. 6, ਗੁੜ ਬਜ਼ਾਰ, ਗਿੱਦੜਬਾਹਾ, ਸ੍ਰੀ ਮੁਕਤਸਰ ਸਾਹਿਬ-152101 4. ਸ੍ਰੀ ਸ਼ਾਮ ਲਾਲ ਪੁੱਤਰ ਕੁੰਦਨ ਲਾਲ ਪਤਾ : # 1238 ਵਾਰਡ ਨੰ. 3, ਗੁੜ ਬਜ਼ਾਰ, ਗਿੱਦੜਬਾਹਾ, ਸ੍ਰੀ ਮੁਕਤਸਰ ਸਾਹਿਬ-152101 | ਜਾਇਦਾਦ ਨੰ. 1 : ਗਿੱਦੜਬਾਹਾ, ਤਹਿਸੀਲ ਮੁਕਤਸਰ, ਜ਼ਿਲ੍ਹਾ ਫਰੀਦਕੋਟ ਦੀਆਂ ਮਾਲੀਆ ਹੱਦਾਂ ਅੰਦਰ ਸਥਿਤ ਖਸਰਾ ਨੰ. 332 (0-4), ਖੇਵਟ ਨੰ. 133 ਵਿੱਚ ਸ਼ਾਮਲ ਰਿਹਾਇਸ਼ੀ ਜਾਇਦਾਦ ਰਕਬਾ 00 ਕਨਾਲ 02 ਮਰਲੇ, ਜੋ 00 ਕਨਾਲ 04 ਮਰਲੇ ਦਾ 1/2 ਹਿੱਸਾ ਹੈ, ਦੇ ਸਾਰੇ ਹਿੱਸੇ। ਹੱਦਾਂ ਇੰਝ ਹਨ : ਪੂਰਬ : ਐੱਨ ਏ, ਪੱਛਮ : ਐੱਨ ਏ, ਉੱਤਰ : ਐੱਨ ਏ, ਦੱਖਣ : ਐੱਨ ਏ। ਜਾਇਦਾਦ ਨੰ. 2 : ਗਿੱਦੜਬਾਹਾ, ਤਹਿਸੀਲ ਮੁਕਤਸਰ, ਜ਼ਿਲ੍ਹਾ ਫਰੀਦਕੋਟ ਦੀਆਂ ਮਾਲੀਆ ਹੱਦਾਂ ਅੰਦਰ ਸਥਿਤ ਖਸਰਾ ਨੰ. 332 (0-4), ਖੇਵਟ ਨੰ. 133 ਵਿੱਚ ਸ਼ਾਮਲ ਰਿਹਾਇਸ਼ੀ ਜਾਇਦਾਦ ਰਕਬਾ 00 ਕਨਾਲ 01 ਮਰਲਾ, ਜੋ 00 ਕਨਾਲ 04 ਮਰਲੇ ਦਾ | 26 ਜੁਲਾਈ 2024 | 2 ਜਨਵਰੀ 2024 ਮੁਕਤਸਰ, ਪੰਜਾਬ ਵਿਖੇ | ਰੁਪਏ : 2,14,61,208/- (ਰੁਪਏ ਦੋ ਕਰੋੜ ਚੌਦਾਂ ਲੱਖ ਇਕਾਹਠ ਹਜ਼ਾਰ ਦੋ ਸੌ ਅੱਠ ਕੇਵਲ) |
| 1/4 ਹਿੱਸਾ ਹੈ, ਦੇ ਸਾਰੇ ਹਿੱਸੇ। ਹੱਦਾਂ ਇੰਝ ਹਨ : ਪੂਰਬ : ਐੱਨ ਏ, ਪੱਛਮ : ਐੱਨ ਏ, ਉੱਤਰ : ਐੱਨ ਏ, ਦੱਖਣ : ਐੱਨ ਏ। ਜਾਇਦਾਦ ਨੰ. 3 : ਗਿੱਦੜਬਾਹਾ, ਤਹਿਸੀਲ ਮੁਕਤਸਰ, ਜ਼ਿਲ੍ਹਾ ਫਰੀਦਕੋਟ ਦੀਆਂ ਮਾਲੀਆ ਹੱਦਾਂ ਅੰਦਰ ਸਥਿਤ ਖਸਰਾ ਨੰ. 332 (0-4), ਖੇਵਟ ਨੰ. 133 ਵਿੱਚ ਸ਼ਾਮਲ ਰਿਹਾਇਸ਼ੀ ਜਾਇਦਾਦ ਰਕਬਾ 00 ਕਨਾਲ 01 ਮਰਲਾ, ਜੋ 00 ਕਨਾਲ 04 ਮਰਲੇ ਦਾ 1/4 ਹਿੱਸਾ ਹੈ, ਦੇ ਸਾਰੇ ਹਿੱਸੇ। ਹੱਦਾਂ ਇੰਝ ਹਨ : ਪੂਰਬ : ਐੱਨ ਏ, ਪੱਛਮ : ਐੱਨ ਏ, ਉੱਤਰ : ਐੱਨ ਏ, ਦੱਖਣ : ਐੱਨ ਏ। | | | | |

**ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਾਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।**

ਮਿਤੀ : 05-01-2025
ਸਥਾਨ : ਖੰਨਾ, ਪੰਜਾਬ

ਸਹੀ/- ਅਧਿਕਾਰਤ ਅਫਸਰ,
ਐਕਸਿਸ ਬੈਂਕ ਲਿਮਟਿਡ



**ਨਵਾਂ ਜ਼ਮਾਨਾ**
**ਪੋਸਟ ਬਾਕਸ ਨੰ. 134**

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ :** 0181-5097300, **ਸਮਾਚਾਰ ਵਿਭਾਗ :** 0181-5097310, **ਈ-ਮੇਲ :** nawanzamana@gmail.com * **Web :** www.nawanzamana.in

5-Jan-PAGE-3.qxd 1/4/2025 11:07 PM Page 1



# ਇੱਕੋ ਰਾਤ ਚੋਰਾਂ ਨੇ ਚਾਰ ਦੁਕਾਨਾਂ ਨੂੰ ਬਣਾਇਆ ਨਿਸ਼ਾਨਾ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਪੁਲਸ ਚੌਕੀ ਹਰਚੋਵਾਲ ਅਧੀਨ ਨਜ਼ਦੀਕ ਗੁਰਦਾਸਪੁਰ ਰੋਡ ਸਥਿਤ ਹਰਚੋਵਾਲ ਪੈਟਰੋਲ ਪੰਪ ਦੇ ਕੋਲ ਬੀਤੀ ਦੇਰ ਰਾਤ ਚੋਰਾਂ ਦੇ ਵੱਲੋਂ ਚਾਰ ਦੁਕਾਨਾਂ ਦੀਆਂ ਪਿਛਲੇ ਪਾਸੇ ਤੋਂ ਦੀਵਾਰਾਂ ਪਾੜ ਕੇ ਅੰਦਰ ਪਈ ਨਗਦੀ ਅਤੇ ਕੀਮਤੀ ਸਾਮਾਨ ਚੋਰੀ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਿੱਟੂ ਮਸੀਹ ਪੁੱਤਰ ਬੀਰਾ ਮਸੀਹ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਆਪਣੀ ਦੁਕਾਨ ਬੰਦ ਕਰਕੇ ਘਰ ਚਲਾ ਗਿਆ ਤਾਂ ਜਦੋਂ ਉਸਨੇ ਸਵੇਰੇ ਆ ਕੇ ਦੇਖਿਆ ਤਾਂ ਉਸ ਦੀ ਦੁਕਾਨ ਦੇ ਪਿਛਲੇ ਪਾਸੇ ਤੋਂ ਚੋਰਾਂ ਵੱਲੋਂ ਦੀਵਾਰ ਨੂੰ ਪਾੜਿਆ ਹੋਇਆ ਸੀ।ਇਸ ਦੌਰਾਨ ਉਸ ਦੀ ਦੁਕਾਨ ਵਿੱਚੋਂ ਮੁਰਗੇ ਅਤੇ 5000 ਰੁਪਏ ਨਕਦੀ ਚੋਰਾਂ ਵੱਲੋਂ ਚੋਰੀ ਕੀਤੇ ਗਏ।ਇਸੇ ਤਰ੍ਹਾਂ ਦੂਜੇ ਪਾਸੇ ਬਾਊ ਪੁੱਤਰ ਸ਼ਿੰਦਾ ਮਸੀਹ ਨੇ ਦੱਸਿਆ ਕਿ ਉਸ ਦੀ ਦੁਕਾਨ ਦੀ ਵੀ ਪਿਛਲੇ ਪਾਸੇ ਤੋਂ ਕੰਧ ਪਾੜ ਕੇ ਅੰਦਰ ਪਏ 6000 ਰੁਪਏ ਚੋਰੀ ਕੀਤੇ ਗਏ। ਇਸੇ ਤਰ੍ਹਾਂ ਹੀ ਨਾਲ ਲੱਗਦੀ ਦੁਕਾਨ ਦੇ ਮਾਲਕ ਲੀਲੋ ਪੁੱਤਰ ਜਸਪਾਲ ਮਸੀਹ ਨੇ ਦੱਸਿਆ ਕਿ ਉਸ ਦੀ ਹੇਅਰ ਡਰੈੱਸਰ ਦੀ ਦੁਕਾਨ ਹੈ ਅਤੇ ਚੋਰਾਂ ਦੇ ਵੱਲੋਂ ਉਸ ਦੀ ਦੁਕਾਨ ਦੇ ਪਿਛਲੇ ਪਾਸਿਓਂ ਦੀਵਾਰ ਨੂੰ ਪਾੜਿਆ ਗਿਆ ਪਰ ਉਸ ਦੀ ਦੁਕਾਨ ਦਾ ਕੋਈ ਵੀ ਨੁਕਸਾਨ ਨਹੀਂ ਹੋਇਆ।ਉਧਰ ਦੂਜੇ ਪਾਸੇ ਪ੍ਰਕਾਸ਼ ਮਸੀਹ ਪੁੱਤਰ ਰਾਜ ਮਸੀਹ ਨੇ ਦੱਸਿਆ ਕਿ ਉਸ ਦੀ ਦੁਕਾਨ ਦੇ ਪਿਛਲੇ ਪਾਸੇ ਤੋਂ ਚੋਰਾਂ ਵੱਲੋਂ ਕੰਧ ਪਾੜ ਕੇ 3500 ਰੁਪਏ ਨਗਦ ਚੋਰੀ ਕੀਤੇ ਗਏ।ਦੁਕਾਨਦਾਰਾਂ ਨੇ ਇਸ ਮਾਮਲੇ ਸਬੰਧੀ ਸਥਾਨਕ ਪੁਲਿਸ ਚੌਕੀ ਹਰਚੋਵਾਲ ਨੂੰ ਸੂਚਿਤ ਕਰ ਦਿੱਤਾ ਅਤੇ ਪੁਲਸ ਕੋਲੋਂ ਮੰਗ ਕੀਤੀ ਹੈ ਕਿ ਇਨ੍ਹਾਂ ਚੋਰਾਂ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕੀਤਾ ਜਾਵੇ।ਉਧਰ ਦੂਜੇ ਪਾਸੇ ਇੱਕੋ ਰਾਤ ਹੀ ਇਕੱਠੀਆਂ ਚਾਰ ਦੁਕਾਨਾਂ ਦੀਆਂ ਕੰਧਾਂ ਪਾੜ ਕੇ ਚੋਰਾਂ ਵੱਲੋਂ ਦਿੱਤੀ ਗਈ ਇਸ ਘਟਨਾ ਦੀ ਵਾਰਦਾਤ ਤੋਂ ਬਾਅਦ ਇਲਾਕੇ ਦੇ ਦੁਕਾਨਦਾਰਾਂ ਦੇ ਵਿੱਚ ਦਹਿਸ਼ਤ ਵਰਗਾ ਮਾਹੌਲ ਦੇਖਣ ਨੂੰ ਮਿਲ ਰਿਹਾ ਸੀ।ਦੁਕਾਨਦਾਰਾਂ ਨੇ ਮੰਗ ਕੀਤੀ ਕਿ ਪੁਲਸ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਇਸ ਇਲਾਕੇ ਦੇ ਵਿੱਚ ਰਾਤ ਸਮੇਂ ਪੁਲਸ ਦੀ ਗਸ਼ਤ ਨੂੰ ਤੇਜ਼ ਕੀਤਾ ਜਾਵੇ ਤਾਂ ਜੋ ਭਵਿੱਖ ਦੇ ਵਿੱਚ ਕਿਸੇ ਹੋਰ ਦੁਕਾਨਦਾਰ ਦਾ ਕੋਈ ਨੁਕਸਾਨ ਨਾ ਹੋ ਸਕੇ।



# ਏਡੀਸੀ ਨੇ ਚਾਈਨਾ ਡੋਰ ਦੀ ਵਰਤੋਂ ਰੋਕਣ 'ਚ ਜ਼ਿਲ੍ਹਾ ਵਾਸੀਆਂ ਦਾ ਸਹਿਯੋਗ ਮੰਗਿਆ

**ਗੁਰਦਾਸਪੁਰ, (ਜਨਕ ਮਹਾਜਨ)**

ਵਧੀਕ ਡਿਪਟੀ ਕਮਿਸ਼ਨਰ (ਜ) ਹਰਜਿੰਦਰ ਸਿੰਘ ਬੇਦੀ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਜ਼ਿਲ੍ਹੇ ਵਿੱਚ ਪਤੰਗਬਾਜ਼ੀ ਲਈ ਚਾਈਨਾ ਡੋਰ (ਸਿੰਥੈਟਿਕ ਡੋਰ) ਦੀ ਵਰਤੋਂ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਦਾ ਸਾਥ ਦੇਣ। ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਪਤੰਗਬਾਜ਼ੀ ਦੌਰਾਨ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਲਈ ਸਮਝਾਉਣਾ ਚਾਹੀਦਾ ਹੈ ਤਾਂ ਜੋ ਇਸ ਮਾੜੇ ਰੁਝਾਨ ਨੂੰ ਰੋਕਿਆ ਜਾ ਸਕੇ। ਏਡੀਸੀ ਬੇਦੀ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਾਈਨਾ ਡੋਰ ਦੀ ਵਿੱਕਰੀ ਤੇ ਵਰਤੋਂ ਨੂੰ ਰੋਕਣ ਲਈ ਵੱਖ-ਵੱਖ ਸ਼ਹਿਰਾਂ ਤੇ ਕਸਬਿਆਂ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਿਹੜਾ ਵੀ ਵਿਅਕਤੀ ਪਲਾਸਟਿਕ/ਸਿੰਥੈਟਿਕ ਡੋਰ ਦੀ ਵਿੱਕਰੀ ਜਾਂ ਵਰਤੋਂ ਕਰੇਗਾ ਉਸ ਖ਼ਿਲਾਫ਼ ਧਾਰਾ 188 ਦੇ ਨਾਲ-ਨਾਲ ਇਨਵਾਇਰਮੈਂਟ ਪ੍ਰੋਟੈਕਸ਼ਨ ਐਕਟ ਦੇ ਸੈਕਸ਼ਨ 15 ਤਹਿਤ ਕਾਨੂੰਨੀ ਕਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਜਿਸ ਤਹਿਤ 5 ਸਾਲ ਦੀ ਸਜ਼ਾ ਅਤੇ 1 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਉਨ੍ਹਾਂ ਪਾਬੰਦੀਸ਼ੁਦਾ ਚਾਈਨਾ ਡੋਰ ਵੇਚਣ ਤੇ ਵਰਤੋਂ ਕਰਨ ਵਾਲੇ ਵਿਅਕਤੀਆਂ ਨੂੰ ਸਖ਼ਤ ਤਾੜਨਾ ਕਰਦਿਆਂ ਕਿਹਾ ਹੈ ਕਿ ਉਹ ਮਨੁੱਖੀ ਜਾਨਾਂ ਨਾਲ ਖੇਡਣ ਵਾਲੇ ਇਸ ਧੰਦੇ ਨੂੰ ਤੁਰੰਤ ਬੰਦ ਕਰ ਦੇਣ ਨਹੀਂ ਤਾਂ ਪ੍ਰਸ਼ਾਸਨ ਵੱਲੋਂ ਉਨ੍ਹਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸਿੰਥੈਟਿਕ/ਪਲਾਸਟਿਕ ਡੋਰ ਦੇ ਮਾੜੇ ਰੁਝਾਨ ਨੂੰ ਰੋਕਣ ਲਈ ਅੱਗੇ ਆਉਣ।



# 16 ਪੇਟੀਆਂ ਚਾਈਨਾ ਡੋਰ ਦੇ ਗੱਟੂ ਤੇ 10 ਗ੍ਰਾਮ ਹੈਰੋਇਨ ਸਮੇਤ 2 ਗ੍ਰਿਫ਼ਤਾਰ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਕਾਦੀਆਂ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਹਾਸਲ ਹੋਈ ਜਦੋਂ ਕਾਦੀਆਂ ਪੁਲਸ ਵੱਲੋਂ 16 ਪੇਟੀਆਂ (768) ਪਾਬੰਦੀਸ਼ੁਦਾ ਚਾਈਨਾ ਡੋਰ ਦੇ ਗੱਟੂ ਅਤੇ 10 ਗ੍ਰਾਮ ਹੈਰੋਇਨ ਸਮੇਤ ਦੋ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ।ਥਾਣਾ ਕਾਦੀਆਂ ਦੇ ਐੱਸਐੱਚਓ ਪਰਮਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਏਐੱਸਆਈ ਸੁਰਜੀਤ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਕਰ ਰਹੇ ਸਨ। ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਸੋਹਨ ਸਿੰਘ ਉਰਫ ਸੋਨੂ ਪੁੱਤਰ ਸੇਵਾ ਸਿੰਘ ਵਾਸੀ ਹਿੰਦੂ ਮੁਹੱਲਾ ਕਾਦੀਆਂ ਜਿਸ ਦੀ ਪਤੰਗਾਂ/ਡੋਰਾਂ ਦੀ ਦੁਕਾਨ ਬੱਸ ਸਟੈਂਡ ਪੀਰ ਬਾਬਾ ਲੱਖ ਦਾਤਾ ਦਰਬਾਰ ਦੇ ਬਿਲਕੁਲ ਸਾਹਮਣੇ ਹੈ ਜੋ ਪਾਬੰਦੀਸ਼ੁਦਾ ਚਾਈਨਾ ਡੋਰ ਵੇਚਦਾ ਹੈ। ਪੁਲਸ ਵੱਲੋਂ ਦੁਕਾਨ ਤੇ ਰੇਡ ਕੀਤੀ ਗਈ। ਇੱਕ ਮੋਨਾ ਵਿਅਕਤੀ ਦੁਕਾਨ ਦੇ ਅੰਦਰ ਚਾਈਨਾ ਡੋਰ ਦੀਆਂ ਪੇਟੀਆਂ ਨੂੰ ਖਿੱਚ ਕੇ ਦੁਕਾਨ ਦੇ ਅੰਦਰ ਕਰ ਰਿਹਾ ਸੀ।ਪੁਲਸ ਨੂੰ ਦੇਖ ਕੇ ਜਦੋਂ ਉਹ ਭੱਜਣ ਲੱਗਾ ਤਾਂ ਪੁਲਸ ਨੇ ਉਸ ਨੂੰ ਰੋਕਿਆ ਅਤੇ ਨਾਮ ਪਤਾ ਪੁੱਛਿਆ ਜਿਸ ਨੇ ਆਪਣਾ ਨਾਮ ਸੋਹਨ ਸਿੰਘ ਉਰਫ ਸੋਨੂ ਪੁੱਤਰ ਸੇਵਾ ਸਿੰਘ ਦੱਸਿਆ। ਦੁਕਾਨ 'ਚੋਂ 16 ਪੇਟੀਆਂ ਚਾਈਨਾ ਡੋਰ ਬਰਾਮਦ ਹੋਈ ਜਿਸ ਵਿੱਚ 768 ਪਾਬੰਦੀਸ਼ੁਦਾ ਚਾਈਨਾ ਡੋਰ ਦੇ ਗੱਟੂ ਸਨ। ਫੜੀ ਗਈ ਚਾਈਨਾ ਡੋਰ ਨੂੰ ਪੁਲਸ ਨੇ ਆਪਣੇ ਕਬਜ਼ੇ ਵਿੱਚ ਲੈ ਕੇ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਦੇ ਖਿਲਾਫ ਥਾਣਾ ਕਾਦੀਆਂ ਅੰਦਰ ਬਣਦੀਆਂ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਪੁਲਸ ਥਾਣਾ ਕਾਦੀਆਂ ਦੇ ਐੱਸਐੱਚਓ ਪਰਮਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਇਸੇ ਤਰ੍ਹਾਂ ਹੀ ਏਐੱਸਆਈ ਗੁਰਨਾਮ ਸਿੰਘ ਪੁਲਸ ਪਾਰਟੀ ਸਮੇਤ ਵਾਲਮੀਕੀ ਮੁਹੱਲਾ ਨਜਦੀਕ ਗਸ਼ਤ ਕਰ ਰਹੇ ਸਨ। ਇਥੋਂ ਵੀ ਤਲਾਸ਼ੀ ਦੌਰਾਨ ਇਕ ਵਿਅਕਤੀ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ ਜਿਸ ਦੀ ਪਹਿਚਾਣ ਨੀਰਜ ਉਰਫ ਗੋਰੀ ਉਰਫ ਤਤਪਰ ਪੁੱਤਰ ਵਿਕਟਰ ਗੋਰੀ ਉਰਫ ਬਿੱਟੂ ਵਾਸੀ ਵਾਲਮੀਕੀ ਮੁਹੱਲਾ ਕਾਦੀਆਂ ਵਜੋਂ ਹੋਈ ਹੈ। ਨੌਜਵਾਨ ਨੂੰ ਗ੍ਰਿਫਤਾਰ ਕਰਕੇ ਉਸ ਦੇ ਖਿਲਾਫ ਥਾਣਾ ਕਾਦੀਆਂ ਵਿਖੇ ਐੱਨਡੀਪੀਐੱਸ ਐਕਟ ਦੇ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਐੱਸਐੱਚਓ ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਇਲਾਕੇ ਵਿੱਚੋਂ ਕ੍ਰਾਈਮ ਨੂੰ ਖਤਮ ਕਰਨ ਲਈ ਲੋਕ ਪੁਲਸ ਦਾ ਸਹਿਯੋਗ ਕਰਨ।



# ਸ਼ਿਵ ਪਰਿਵਾਰ ਲੰਗਰ ਭੰਡਾਰ ਕਮੇਟੀ ਵੱਲੋਂ ਪੰਜ ਪਿਆਰਿਆਂ ਦਾ ਸਨਮਾਨ



**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**-ਅਜਨਾਲਾ ਤੋਂ ਗੁਰਦੁਆਰਾ ਸ੍ਰੀ ਗੁਰੂ ਕਲਗੀਧਰ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਜਨਮ ਦਿਹਾੜੇ ਨੂੰ ਸਮਰਪਿਤ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਜਿਸ ਨਗਰ ਕੀਰਤਨ ਦੀ ਅਗਵਾਈ ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਅਤੇ ਪੰਜ ਪਿਆਰੇ ਕਰ ਰਹੇ ਸਨ। ਨਗਰ ਕੀਰਤਨ ਦੇ ਗੁਰਦੁਆਰਾ ਸਾਹਿਬ ਤੋਂ ਚਲਣ ਉਪਰੰਤ ਸ਼ਿਵ ਪਰਿਵਾਰ ਲੰਗਰ ਭੰਡਾਰ ਕਮੇਟੀ ਅਮਰਨਾਥ ਵੱਲੋਂ ਸਿਰੋਪਾਓ ਦੀ ਬਖਸ਼ਿਸ਼ ਕਰਕੇ ਪੰਜ ਪਿਆਰਿਆਂ ਨੂੰ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭੁਪਿੰਦਰ ਸਿੰਘ ਨਿੱਜਰ, ਕੇਵਲ ਸਿੰਘ ਪ੍ਰਧਾਨ ਨੂੰ ਸਨਮਾਨਿਤ ਕੀਤਾ ਗਿਆ ਅਤੇ ਲੰਗਰ ਭੰਡਾਰ ਕਮੇਟੀ ਵੱਲੋਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਜਨਮ ਦਿਹਾੜੇ 'ਤੇ ਸਾਰਿਆਂ ਨੂੰ ਨਸ਼ੇ ਛੱਡ ਕੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਦੱਸੇ ਮਾਰਗ 'ਤੇ ਚੱਲਣ ਦੀ ਬੇਨਤੀ ਕੀਤੀ ਗਈ। ਇਸ ਮੌਕੇ ਲੰਗਰ ਕਮੇਟੀ ਦੇ ਆਗੂ ਰਕੇਸ਼ ਕੁਮਾਰ ਰਿੰਕੂ, ਸੁਰਜੀਤ ਕੁਮਾਰ ਦੇਵਗਨ, ਪ੍ਰਦੀਪ ਕੁਮਾਰ, ਨਰੇਸ਼ ਕੁਮਾਰ ਮੰਗੀ, ਸ਼ਕਤੀ ਸ਼ਰਮਾ, ਪ੍ਰਕਾਸ਼ ਕੁਮਾਰ, ਮੋਹਿਤ ਮਹਾਜਨ ਆਦਿ ਹਾਜ਼ਰ ਸਨ।

# ਨਵੇਂ ਸਾਲ ਮੌਕੇ ਨਗਰ ਨਿਗਮ ਨੇ ਕਰਵਾਇਆ ਹਵਨ ਯੱਗ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**

ਨਗਰ ਨਿਗਮ ਹੁਸ਼ਿਆਰਪੁਰ ਦੇ ਨਵੇਂ ਸਾਲ ਮੌਕੇ ਹਵਨ ਕਰਵਾਇਆ ਗਿਆ। ਇਸ ਦੌਰਾਨ ਸੰਸਦ ਡਾ. ਰਾਜ ਕੁਮਾਰ ਚੱਬੇਵਾਲ, ਵਿਧਾਇਕ ਬ੍ਰਮ ਸ਼ੰਕਰ ਜਿੰਪਾ, ਡਿਪਟੀ ਕਮਿਸ਼ਨਰ ਕੋਮਲ ਮਿੱਤਲ ਅਤੇ ਮੇਅਰ ਸੁਰਿੰਦਰ ਕੁਮਾਰ ਨੇ ਹਵਨ ਵਿਚ ਭਾਗ ਲਿਆ ਅਤੇ ਸ਼ਹਿਰਵਾਸੀਆਂ ਨੂੰ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਉਨ੍ਹਾਂ ਦੀ ਸੁਖ-ਸ਼ਾਂਤੀ ਦੀ ਕਾਮਨਾ ਕੀਤੀ।ਸੰਸਦ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਨਵੇਂ ਸਾਲ ਦੀ ਸ਼ੁਰੂਆਤ ਇਸ ਤਰ੍ਹਾਂ ਦੇ ਅਧਿਆਤਮਕ ਅਤੇ ਸਕਾਰਾਤਮਕ ਸਮਾਰੋਹ ਨਾਲ ਹੋਣਾ ਸ਼ੁਭ ਸੰਕੇਤ ਹੈ। ਇਹ ਸਮਾਰੋਹ ਨਾ ਕੇਵਲ ਸ਼ਹਿਰਵਾਸੀਆਂ ਲਈ ਸੁਖ-ਸ਼ਾਂਤੀ ਲਈ ਪ੍ਰੇਰਣਾ ਹੈ ਬਲਕਿ ਨਗਰ ਨਿਗਮ ਦੇ ਕੰਮਾਂ ਵਿਚ ਪਾਰਦਰਸ਼ਤਾ ਅਤੇ ਸਮਰਪਣ ਨੂੰ ਵੀ ਦਰਸਾਉਂਦਾ ਹੈ। ਹਵਨ ਦਾ ਉਦੇਸ਼ ਕੇਵਲ ਧਾਰਮਿਕ ਸਮਾਰੋਹ ਨਹੀਂ ਹੈ, ਬਲਕਿ ਇਹ ਇਕ ਇਸ ਤਰ੍ਹਾਂ ਦਾ ਯਤਨ ਹੈ ਜੋ ਸਮੂਹਿਕ ਸ਼ਕਤੀ ਅਤੇ ਇਕਜੁੱਟਤਾ ਦਾ ਪ੍ਰਤੀਕ ਹੈ। ਉਨ੍ਹਾਂ ਨਗਰ ਨਿਗਮ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਨਿਰੰਤਰ ਯਤਨਾਂ ਕਾਰਨ ਹੁਸ਼ਿਆਰਪੁਰ ਸ਼ਹਿਰ ਦਾ ਵਿਕਾਸ ਤੇਜ਼ ਗਤੀ ਨਾ ਹੋ ਰਿਹਾ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਕੇਂਦਰ ਸਰਕਾਰ ਅਤੇ ਉਨ੍ਹਾਂ ਵਲੋਂ ਹਰ ਸੰਭਵ ਸਹਿਯੋਗ ਪ੍ਰਦਾਨ ਕੀਤਾ ਜਾਵੇਗਾ।ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਨਗਰ ਨਿਗਮ ਵਲੋਂ ਨਵੇਂ ਸਾਲ ਮੌਕੇ ਇਸ ਤਰ੍ਹਾਂ ਦੇ ਸਮਾਰੋਹ ਨਾ ਕੇਵਲ ਅਧਿਆਤਮਕ ਮਹੱਤਵ ਰੱਖਦੇ ਹਨ ਬਲਕਿ ਸਮਾਜ ਵਿਚ ਸਕਾਰਾਤਮਕ ਸੰਦੇਸ਼ ਵੀ ਦਿੰਦੇ ਹਨ।ਹਵਨ ਉਪਰੰਤ ਸੰਸਦ ਚੱਬੇਵਾਲ ਅਤੇ ਵਿਧਾਇਕ ਜਿੰਪਾ ਨੇ ਨਗਰ ਨਿਗਮ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੱਤੀ ਅਤੇ ਉਨ੍ਹਾਂ ਦੇ ਸਮਰਪਣ ਅਤੇ ਉਪਰਾਲਿਆਂ ਲਈ ਧੰਨਵਾਦ ਕੀਤਾ।ਪਦਉੱਨਤ ਕਰਮਚਾਰੀਆਂ ਨੂੰ ਸੰਸਦ ਚੱਬੇਵਾਲ ਅਤੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਵਲੋਂ ਤਰੱਕੀ ਪੱਤਰ ਸੌਂਪੇ ਗਏ।ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਹਰਮੀਤ ਸਿੰਘ ਔਲਖ, ਕੋ-ਅਪਰੇਟਿਵ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ, ਸੰਯੁਕਤ ਕਮਿਸ਼ਨਰ ਸੰਦੀਪ ਤਿਵਾੜੀ, ਕੌਂਸਲਰ ਬਲਵਿੰਦਰ ਕੁਮਾਰ, ਕੌਂਸਲਰ ਜਸਵੰਤ ਰਾਏ, ਕੌਂਸਲਰ ਆਸ਼ਾ ਦੱਤਾ, ਕੌਂਸਲਰ ਮੋਹਿਤ ਸੈਣੀ, ਕੌਂਸਲਰ ਰਜਨੀ ਡਡਵਾਲ, ਲਵਕੇਸ਼ ਓਹਰੀ, ਬਲਵਿੰਦਰ ਕੌਰ, ਰਾਜੇਸ਼ਵਰ ਦਿਆਲ ਬੱਬੀ, ਮੀਨਾ ਕੁਮਾਰੀ, ਅਸ਼ੋਕ ਮਹਿਰਾ, ਨਰਿੰਦਰ ਕੌਰ, ਹਰਵਿੰਦਰ ਸਿੰਘ, ਵਿਜੇ ਕੁਮਾਰ ਅਗਰਵਾਲ, ਦਵਿੰਦਰ ਕੌਰ ਮਾਨ ਤੋਂ ਇਲਾਵਾ ਹੋਰ ਵਾਰਡਾਂ ਦੇ ਕੌਂਸਲਰ, ਨਗਰ ਨਿਗਮ ਦੇ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀ ਅਤੇ ਯੂਨੀਅਨ ਦੇ ਪ੍ਰਤੀਨਿੱਧੀ ਵੀ ਮੌਜੂਦ ਸਨ।



# ਵਰਲਡ ਕੈਂਸਰ ਕੇਅਰ ਵੱਲੋਂ ਰਮਦਾਸ ਵਿਖੇ ਕੈਂਪ ਆਯੋਜਿਤ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**

ਸਨਮ ਕਾਹਲੋਂ ਦੇ ਉਪਰਾਲੇ ਨਾਲ ਜੋ ਅਜਨਾਲਾ ਤਹਿਸੀਲ ਅਤੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਵਰਲਡ ਕੈਂਸਰ ਕੇਅਰ ਵੱਲੋਂ ਜੋ ਕੈਂਪ ਲਗਾਏ ਜਾ ਰਹੇ ਹਨ ਉਹ ਬਹੁਤ ਸ਼ਲਾਘਾਯੋਗ ਕਾਰਜ ਹਨ ਅਤੇ ਮੈਂ ਧੰਨਵਾਦ ਕਰਦੀ ਹਾਂ ਸਨਮ ਕਾਹਲੋਂ ਦਾ ਜਿਨ੍ਹਾਂ ਨੇ ਆਸਟਰੇਲੀਆ ਵਿੱਚ ਰਹਿੰਦਿਆਂ ਆਪਣੇ ਪੰਜਾਬੀਆਂ ਅਤੇ ਪੰਜਾਬੀਅਤ ਦਾ ਖਿਆਲ ਰੱਖਿਆ। ਉਨ੍ਹਾਂ ਪਿੰਡ ਗੁੰਬਗੜ੍ਹ ਤੋਂ ਚੱਲ ਕੇ ਆਸਟਰੇਲੀਆ ਵਰਗੇ ਦੇਸ਼ ਵਿੱਚ ਮੱਲਾਂ ਮਾਰੀਆਂ ਅਤੇ ਪੰਜਾਬ ਨੂੰ ਜੋ ਕੈਂਸਰ ਵਰਗੀ ਬਿਮਾਰੀ ਖਾ ਰਹੀ ਹੈ ਉਸ ਬਿਮਾਰੀ ਤੋਂ ਨਿਜਾਤ ਪਾਉਣ ਲਈ ਅਤੇ ਉਸ ਦੀ ਰੋਕਥਾਮ ਲਈ ਬਹੁਤ ਉਪਰਾਲੇ ਕੀਤੇ ਜਿਸ ਦੇ ਚਲਦਿਆਂ ਅੱਜ ਰਮਦਾਸ ਵਿਖੇ ਵੀ ਵਰਲਡ ਕੈਂਸਰ ਕੇਅਰ ਵੱਲੋਂ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਐਡਵੋਕੇਟ ਅਮਨਦੀਪ ਕੌਰ ਨੇ ਕੀਤਾ। ਇਸ ਕੈਂਪ ਵਿੱਚ ਫਰੀ ਟੈਸਟ ਅਤੇ ਫਰੀ ਦਵਾਈਆਂ ਵੰਡੀਆਂ ਗਈਆਂ। ਇਸ ਮੌਕੇ ਅਜਨਾਲਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਕੌਂਸਲਰ ਰਾਜਬੀਰ ਕੌਰ ਚਾਹਲ ਅਤੇ ਅਜਨਾਲਾ ਸ਼ਹਿਰੀ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਿਤ ਔਲ ਹਾਜ਼ਰ ਸਨ।

# ਧੋਖਾਧੜੀ ਕਰਨ ਵਾਲੀ ਇਕ ਔਰਤ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਧੋਖਾਧੜੀ ਕਰਨ ਵਾਲੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਇਨਕੁਆਰੀ ਉਪ ਕਪਤਾਨ ਪੁਲਸ ਡਿਟੈਕਟਿਵ ਗੁਰਦਾਸਪੁਰ ਵਿਚ ਪਾਇਆ ਕਿ ਪੀੜਤ ਦੀ ਮਾਤਾ ਗੀਤਾ ਪਾਉਲ ਦੀ ਮੌਤ ਤੋਂ ਬਾਅਦ ਉਸ ਦੇ (Colgate-Palmolive (India) Limited) ਕੰਪਨੀ ਦੇ 3000 ਹਜ਼ਾਰ ਸ਼ੇਅਰ ਆਪਣੇ ਬਾਕੀ ਭੈਣ ਭਰਾਵਾਂ ਨੂੰ ਬਿਨ੍ਹਾਂ ਦੱਸੇ ਬਿਨਾਂ ਭਰੋਸੇ ਵਿੱਚ ਲਿਆਂ ਸੰਗੀਤਾ ਪਾਉਲ ਉਰਫ ਸੰਗੀਤਾ ਸ਼ਰਮਾ ਪਤਨੀ ਲੇਟ ਦਿਨੇਸ਼ ਸ਼ਰਮਾ ਵਾਸੀ ਗੁਰਦਾਸਪੁਰ ਨੇ ਧੋਖੇ ਨਾਲ ਆਪਣੇ ਅਕਾਊਂਟ ਵਿੱਚ ਟਰਾਂਸਫਰ ਕਰਕੇ ਧੋਖਾਧੜੀ ਕੀਤੀ ਹੈ। ਪੁਲਸ ਨੇ ਉਕਤ ਔਰਤ ਖ਼ਿਲਾਫ਼ ਜ਼ੇਰੇ ਧਾਰਾ 420 ਆਈ. ਪੀ. ਸੀ. ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਆਦਰਸ਼ ਸੋਸ਼ਲ ਵੈਲਫੇਅਰ ਐਂਡ ਐਜੂਕੇਸ਼ਨਲ ਸੁਸਾਇਟੀ ਵੱਲੋਂ ਸਿਲਾਈ ਸੈਂਟਰ ਦਾ ਉਦਘਾਟਨ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਆਦਰਸ਼ ਸੋਸ਼ਲ ਵੈਲਫੇਅਰ ਐਂਡ ਐਜੂਕੇਸ਼ਨਲ ਸੁਸਾਇਟੀ ਗੁਰਦਾਸਪੁਰ ਵਲੋਂ ਲੜਕੀਆਂ ਨੂੰ ਮੁਫਤ ਟਰੇਨਿੰਗ ਦੇਣ ਲਈ ਪਿੰਡ ਬਾਲਾਪਿੰਡੀ ਵਿਖੇ ਸਿਲਾਈ ਸੈਂਟਰ ਖੋਲ੍ਹਿਆ ਗਿਆ। ਇਸ ਸਿਲਾਈ ਸੈਂਟਰ ਦਾ ਉਦਘਾਟਨ ਮੁੱਖ ਮਹਿਮਾਨ ਸ਼ੁਕਲਾ ਸ਼ਰਮਾ ਬੀ ਡੀ ਓ ਦੀਨਾਨਗਰ ਵੱਲੋਂ ਕੀਤਾ ਗਿਆ। ਉਹਨਾਂ ਕਿਹਾ ਕਿ ਇਹ ਸੰਸਥਾ ਵੱਲੋਂ ਜੋ ਇਸ ਪਿੰਡ ਵਿੱਚ ਸਿਲਾਈ ਸੈਂਟਰ ਖੋਲ੍ਹਿਆ ਗਿਆ ਹੈ, ਇਸ ਦਾ ਪਿੰਡ ਵਾਸੀਆਂ ਨੂੰ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ, ਜਿਸ ਵਿੱਚ ਲੜਕਿਆਂ ਨੂੰ ਛੇ ਮਹੀਨੇ ਮੁਫਤ ਸਿਲਾਈ ਸਿਖਲਾਈ ਜਾਵੇਗੀ।ਟ੍ਰੇਨਿੰਗ ਪੂਰੀ ਹੋਣ ਉਪਰੰਤ ਲੜਕੀਆਂ ਨੂੰ ਇੱਕ ਸਰਟੀਫਿਕੇਟ ਅਤੇ ਮਸ਼ੀਨ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਪ੍ਰਧਾਨ ਸਤਨਾਮ ਦਾ ਕਹਿਣਾ ਹੈ ਕਿ ਲੜਕੀਆਂ ਨੂੰ ਆਤਮ ਨਿਰਭਰ ਬਣਾਉਣਾ ਬਹੁਤ ਜ਼ਰੂਰੀ ਹੈ।ਕਿਉਂਕਿ ਕਦੇ ਵੀ ਅਗਰ ਕਿਸੇ 'ਤੇ ਮੁਸ਼ਕਿਲ ਆਉਂਦੀ ਹੈ ਤਾਂ ਇਹ ਹੁਨਰ ਮੁਸ਼ਕਿਲ ਸਮੇਂ ਵਿਚ ਤੁਹਾਡਾ ਸਾਥ ਦਿੰਦਾ ਹੈ। ਫਿਰ ਸੋਸਾਇਟੀ ਦੇ ਚੇਅਰਪਰਸਨ ਮੈਡਮ ਰੀਨਾ ਸ਼ਰਮਾ ਅਤੇ ਕੋਆਰਡੀਨੇਟਰ ਮੈਡਮ ਇੰਦਰਜੀਤ ਕੌਰ ਨੇ ਆਏ ਹੋਏ ਮੁੱਖ ਮਹਿਮਾਨ ਅਤੇ ਹੋਰ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸੁਸਾਇਟੀ ਦੇ ਚੇਅਰਪਰਸਨ ਮੈਡਮ ਰੀਨਾ ਸਰਮਾਲ, ਪ੍ਰਧਾਨ ਸਤਨਾਮ ਸਿੰਘ, ਕੋਆਰਡੀਨੇਟਰ ਮੈਡਮ ਇੰਦਰਜੀਤ ਕੌਰ, ਐਡਵੋਕੇਟ ਸੁਖਰਾਜ ਸਿੰਘ, ਅਨੂ ਕੁਮਾਰੀ, ਰਾਧਨਾ ਦੇਵੀ, ਪੰਚਾਇਤੀ ਸੈਕਟਰੀ ਵਿਨੋਦ ਕੁਮਾਰ, ਮਾਸਟਰ ਆਜੀਵ ਸਿੰਘ, ਜੋਤੀ ਆਦਿ ਮੌਜੂਦ ਸਨ।

# ਖਨੌਰੀ ਬਾਰਡਰ 'ਤੇ ਕਿਸਾਨਾਂ ਨੂੰ ਫ੍ਰੀ ਮੈਡੀਕਲ ਸੇਵਾਵਾਂ ਨਿਰੰਤਰ ਜਾਰੀ : ਬੋਪਾਰਾਏ



**ਪੱਟੀ (ਬਲਦੇਵ ਸਿੰਘ ਸੰਧੂ/ ਸ਼ਮਸ਼ੇਰ ਸਿੰਘ ਯੋਧਾ)**

ਕਿਸਾਨੀ ਮੰਗਾਂ ਨੂੰ ਲੈ ਕੇ ਬੀਤੇ 11 ਮਹੀਨਿਆਂ ਤੋਂ ਪੰਜਾਬ ਤੇ ਹਰਿਆਣਾ ਦੇ ਬਾਰਡਰਾਂ 'ਤੇ ਚੱਲ ਰਹੇ ਸੰਘਰਸ਼ ਵਿੱਚ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਵੱਲੋਂ ਕਿਸਾਨਾਂ ਨੂੰ ਲਗਾਤਾਰ ਫਰੀ ਮੈਡੀਕਲ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।ਅਗਾਂਹ ਵੀ ਇਸੇ ਤਰ੍ਹਾਂ ਸਹੂਲਤਾਂ ਜਾਰੀ ਰਹਿਣਗੀਆਂ।ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਵੱਲੋਂ ਕਿਸਾਨਾਂ ਦੇ ਚੱਲ ਰਹੇ ਸੰਘਰਸ਼ ਵਿੱਚ ਜ਼ਿਲ੍ਹਾ ਤਰਨ ਤਾਰਨ ਦੇ ਬਲਾਕ ਪੱਟੀ ਤੇ ਬਲਾਕ ਵਲਟੋਹਾ ਦੇ ਪ੍ਰੈਕਟੀਸ਼ਨਰਾਂ ਦੀ ਟੀਮ ਜ਼ਿਲ੍ਹਾ ਆਗੂ ਗੁਰਜੀਤ ਸਿੰਘ ਦੁੱਬਲੀ ਦੀ ਅਗਵਾਈ ਹੇਠ ਦਵਾਈਆਂ ਲੈ ਕੇ ਖਨੌਰੀ ਬਾਰਡਰ ਵਿਖੇ ਕਿਸਾਨਾਂ ਨੂੰ ਮੈਡੀਕਲ ਸਹੂਲਤਾਂ ਦੇਣ ਲਈ ਪਹੁੰਚ ਗਈ ਹੈ।ਇਸ ਮੌਕੇ ਬਲਾਕ ਵਲਟੋਹਾ ਦੇ ਪ੍ਰਧਾਨ ਸੁਖਚੈਨ ਸਿੰਘ ਬੋਪਾਰਾਏ ਨੇ ਕਿਹਾ ਕਿ ਪੰਜਾਬ ਪ੍ਰਧਾਨ ਧੰਨਾ ਮੱਲ ਗੋਇਲ ਵੱਲੋਂ ਜਦ ਤੱਕ ਜ਼ਿਲ੍ਹਾ ਤਰਨ ਤਾਰਨ ਦੇ ਸਾਥੀਆਂ ਦੀ ਡਿਊਟੀ ਲਗਾਈ ਗਈ ਹੈ ਅਸੀਂ ਸਾਰੇ ਤਨਦੇਹੀ ਨਾਲ ਕਿਸਾਨ ਭਰਾਵਾਂ ਨੂੰ ਮੈਡੀਕਲ ਸਹੂਲਤ ਪ੍ਰਦਾਨ ਕਰਦੇ ਰਹਾਂਗੇ।ਉਨ੍ਹਾਂ ਕਿਹਾ ਕਿ ਜਗਜੀਤ ਸਿੰਘ ਡੱਲੇਵਾਲ ਵੱਲੋਂ ਪੰਜਾਬ ਵਾਸੀਆਂ ਨੂੰ ਮਿਲਣ ਦੀ ਅਪੀਲ ਕੀਤੀ ਗਈ ਹੈ। ਇਸੇ ਤਹਿਤ ਸਮੂਹ ਪੰਜਾਬ ਵਾਸੀਆਂ ਨੂੰ ਬੇਨਤੀ ਹੈ ਕਿ ਡੱਲੇਵਾਲ ਦੀ ਅਪੀਲ ਨੂੰ ਧਿਆਨ ਵਿੱਚ ਰੱਖਦੇ ਹੋਏ ਖਨੌਰੀ ਬਾਰਡਰ 'ਤੇ ਹਰੇਕ ਪੰਜਾਬੀ ਜ਼ਰੂਰ ਪਹੁੰਚੇ।ਇਸ ਕੈਂਪ ਵਿੱਚ ਡਾ. ਪਰਮਿੰਦਰ ਸਿੰਘ ਦੁੱਬਲੀ ਨੇ ਸ਼ਾਮਿਲ ਹੋ ਕੇ ਕਿਸਾਨਾਂ ਨੂੰ ਮੈਡੀਕਲ ਸੇਵਾਵਾਂ ਪ੍ਰਦਾਨ ਕੀਤੀਆਂ।

# ਗਣਤੰਤਰ ਦਿਵਸ ਦੀਆਂ ਤਿਆਰੀਆਂ ਸਬੰਧੀ ਏਡੀਸੀ ਵੱਲੋਂ ਅਧਿਕਾਰੀਆਂ ਨਾਲ ਮੀਟਿੰਗ

**ਗੁਰਦਾਸਪੁਰ,(ਜਨਕ ਮਹਾਜਨ)**

26 ਜਨਵਰੀ ਨੂੰ ਸ਼ਹੀਦ ਲੈਫ਼ਟੀਨੈਂਟ ਨਵਦੀਪ ਸਿੰਘ (ਅਸ਼ੋਕ ਚੱਕਰ) ਸਟੇਡੀਅਮ, ਗੁਰਦਾਸਪੁਰ ਵਿਖੇ 76ਵਾਂ ਗਣਤੰਤਰ ਦਿਵਸ ਸਮਾਗਮ ਪੂਰੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਏਡੀਸੀ (ਜਨਰਲ) ਹਰਜਿੰਦਰ ਸਿੰਘ ਬੇਦੀ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਖੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਗਣਤੰਤਰ ਦਿਵਸ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕਰਦਿਆਂ ਕਿਹਾ ਕਿ ਸਾਰੇ ਵਿਭਾਗ ਹੁਣ ਤੋਂ ਗਣਤੰਤਰ ਦਿਵਸ ਮਨਾਉਣ ਦੀਆਂ ਤਿਆਰੀਆਂ ਸ਼ੁਰੂ ਕਰ ਦੇਣ। ਸਮਾਗਮ ਮੌਕੇ ਮੁੱਖ ਮਹਿਮਾਨ ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਤੋਂ ਬਾਅਦ ਪੰਜਾਬ ਪੁਲਸ ਦੇ ਜਵਾਨਾਂ, ਪੰਜਾਬ ਪੁਲਸ ਦੀ ਮਹਿਲਾ ਪਲਟੂਨ, ਪੰਜਾਬ ਹੋਮਗਾਰਡ, ਐੱਨ. ਸੀ. ਸੀ. ਕੈਡਿਟਸ ਅਤੇ ਸਕੂਲੀ ਵਿਦਿਆਰਥੀਆਂ ਦੀਆਂ ਬੈਂਡ ਟੀਮਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ। ਇਸ ਤੋਂ ਬਾਅਦ ਵੱਖ-ਵੱਖ ਵਿਭਾਗਾਂ ਵੱਲੋਂ ਵਿਕਾਸ ਨੂੰ ਦਰਸਾਉਂਦੀਆਂ ਝਾਕੀਆਂ ਪੇਸ਼ ਕੀਤੀਆਂ ਜਾਣਗੀਆਂ। ਸਮਾਗਮ ਦੌਰਾਨ ਵੀਰ ਨਾਰੀਆਂ, ਸੁਤੰਤਰਤਾ ਸੈਨਾਨੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਸਮਾਗਮ ਦੌਰਾਨ ਸਨਮਾਨਿਤ ਹੋਣ ਵਾਲੇ ਵਿਅਕਤੀਆਂ ਦੀਆਂ ਨਾਮਜ਼ਦਗੀਆਂ 17 ਜਨਵਰੀ ਤੱਕ ਡੀਸੀ ਦਫ਼ਤਰ ਭੇਜ ਦਿੱਤੀਆਂ ਜਾਣ। ਕਲਚਰਲ ਪ੍ਰੋਗਰਾਮ ਅਤੇ ਪਰੇਡ ਦੀ ਰਿਹਰਸਲ 17, 21 ਅਤੇ 23 ਜਨਵਰੀ ਨੂੰ ਹੋਵੇਗੀ, ਜਦਕਿ ਫੁੱਲ ਡਰੈੱਸ ਰਿਹਰਸਲ 24 ਜਨਵਰੀ ਨੂੰ ਹੋਵੇਗੀ। ਉਨ੍ਹਾਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ 26 ਜਨਵਰੀ ਨੂੰ ਆਪਣੇ ਵਿਭਾਗ ਨਾਲ ਸਬੰਧਿਤ ਸਮੂਹ ਮੁਲਾਜ਼ਮਾਂ ਦੀ ਹਾਜ਼ਰੀ ਨੂੰ ਵੀ ਯਕੀਨੀ ਬਣਾਉਣ। ਇਸ ਮੌਕੇ ਐੱਸ. ਪੀ. ਜੁਗਰਾਜ ਸਿੰਘ, ਐੱਸ. ਡੀ. ਐੱਮ. ਗੁਰਦਾਸਪੁਰ ਡਾ. ਕਰਮਜੀਤ ਸਿੰਘ, ਸਹਾਇਕ ਕਮਿਸ਼ਨਰ (ਜ) ਅਦਿੱਤਿਆ ਗੁਪਤਾ, ਜ਼ਿਲ੍ਹਾ ਖ਼ੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਸੁਖਜਿੰਦਰ ਸਿੰਘ ਸਮੇਤ ਸਮੂਹ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।



# ਪ੍ਰਕਾਸ਼ ਦਿਹਾੜੇ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਇਆ ਨਗਰ ਕੀਰਤਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਦੇ ਸਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਗਰ ਕੀਰਤਨ ਸਜਾਇਆ ਗਿਆ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਸਜਾਏ ਗਏ ਨਗਰ ਕੀਰਤਨ ਦੀ ਆਰੰਭਤਾ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤਾ।ਇਸ ਮੌਕੇ ਗੱਤਕਾ ਅਤੇ ਬੈਂਡ ਪਾਰਟੀਆਂ ਨੇ ਹਾਜ਼ਰੀ ਭਰੀ ਅਤੇ ਸ਼ਬਦੀ ਜਥਿਆਂ ਨੇ ਗੁਰੂ ਸਾਹਿਬ ਜੀ ਦੀ ਉਸਤਤ ਵਿਚ ਗੁਰੂ ਜਸ ਗਾਇਨ ਕੀਤਾ।ਇਸ ਮੌਕੇ ਮੌਜੂਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦਸਮ ਪਾਤਸ਼ਾਹ ਜੀ ਦੇ ਪਾਵਨ ਪ੍ਰਕਾਸ਼ ਗੁਰਪੁਰਬ ਦੀ ਸੰਗਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਦੁਨੀਆ ਦੇ ਧਾਰਮਿਕ ਇਤਿਹਾਸ ਅੰਦਰ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਜੀਵਨ ਲਾਸਾਨੀ ਅਤੇ ਪ੍ਰੇਰਨਾਦਾਇਕ ਹੈ।ਉਨ੍ਹਾਂ ਸੰਗਤ ਨੂੰ ਗੁਰੂ ਸਾਹਿਬ ਵੱਲੋਂ ਬਖ਼ਸ਼ੇ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਕੇ ਬਾਣੀ ਅਤੇ ਬਾਣੇ ਨਾਲ ਜੁੜਨ ਦੀ ਪ੍ਰੇਰਨਾ ਕੀਤੀ।



# ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਸੰਬੰਧੀ ਮਹਾਨ ਨਗਰ ਕੀਰਤਨ ਸਜਾਇਆ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**

ਦਸਵੇਂ ਪਾਤਸ਼ਾਹ ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸਬੰਧ 'ਚ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਇੱਕ ਮਹਾਨ ਨਗਰ ਕੀਰਤਨ ਸਜਾਇਆ ਗਿਆ।ਇਹ ਨਗਰ ਕੀਰਤਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਬਾਬਾ ਬਲਵੰਤ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ ਖਾਲਸਾਈ ਸ਼ਾਨੋ ਸ਼ੌਕਤ ਤੇ ਜੈਕਾਰਿਆਂ ਦੀ ਗੂੰਜ ਨਾਲ ਆਰੰਭ ਹੋਇਆ।ਇਸ ਮੌਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਫੁੱਲਾਂ ਨਾਲ ਸ਼ਿੰਗਾਰੀ ਇੱਕ ਸੁੰਦਰ ਪਾਲਕੀ ਵਿੱਚ ਸਜਾਇਆ ਹੋਇਆ ਸੀ ਜਿਸ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ।ਸ੍ਰੀ ਗੁਰੂ ਨਾਨਕ ਦੇਵ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਜੋੜੀਆਂ ਕਲਾਂ ਅਤੇ ਸੁਖਮਨੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚਾਂਕਾਂਵਾਲੀ ਦੇ ਬੱਚਿਆਂ ਵੱਲੋਂ ਸਕੂਲੀ ਬੈਂਡ ਨਾਲ ਇਸ ਨਗਰ ਕੀਰਤਨ ਦੀ ਸ਼ਾਨ ਨੂੰ ਹੋਰ ਵਧਾਇਆ ਜਾ ਰਿਹਾ ਸੀ।ਇਸ ਮੌਕੇ ਭਾਈ ਮਨਜਿੰਦਰ ਸਿੰਘ, ਭਾਈ ਜਸਵਿੰਦਰ ਸਿੰਘ ਹਜ਼ੂਰੀ ਰਾਗੀ ਵੱਲੋਂ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਜਥੇਦਾਰ ਸੁਖਜਿੰਦਰ ਸਿੰਘ ਲੰਗਾਹ ਵੱਲੋਂ ਪੰਜ ਪਿਆਰਿਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਉ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਹ ਮਹਾਨ ਨਗਰ ਕੀਰਤਨ ਕਸਬੇ ਦੀਆਂ ਪਰਿਕਰਮਾ ਕਰਦਾ ਹੋਇਆ ਵਾਪਿਸ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਪੁੱਜਾ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਨੇਜਰ ਸਤਨਾਮ ਸਿੰਘ ਗੋਸਲ ਵੱਲੋਂ ਵੀ ਪੰਜ ਪਿਆਰਿਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਉ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

# ਹਰਪ੍ਰੀਤ ਸਿੰਘ ਐਮਾ ਖੁਰਦ ਨੂੰ ਸਦਮਾ, ਮਾਤਾ ਦਾ ਦਿਹਾਂਤ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜਥੇਬੰਦੀ ਇਕਾਈ ਐਮਾ ਖੁਰਦ ਦੇ ਪ੍ਰਧਾਨ ਹਰਪ੍ਰੀਤ ਸਿੰਘ ਐਮਾ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੀ ਮਾਤਾ ਬੀਬੀ ਗੁਰਮੀਤ ਕੌਰ ਦਾ ਦਿਹਾਂਤ ਹੋ ਗਿਆ। ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਐਮਾ ਵਿਖੇ ਕਰ ਦਿੱਤਾ ਗਿਆ। ਮਾਤਾ ਦੇ ਸਪੁੱਤਰ ਖਜ਼ਾਨ ਸਿੰਘ, ਨਿਸ਼ਾਨ ਸਿੰਘ, ਹਰਪ੍ਰੀਤ ਸਿੰਘ ਐਮਾ ਨਾਲ ਜ਼ਿਲ੍ਹਾ ਆਗੂ ਸੁਖਬੀਰ ਸਿੰਘ ਗੱਗੋਬੂਹਾ, ਜ਼ਿਲ੍ਹਾ ਆਗੂ ਜਗਬੀਰ ਸਿੰਘ, ਬਾਬਾ ਬਲਜਿੰਦਰ ਸਿੰਘ, ਪ੍ਰਧਾਨ ਮੇਜਰ ਸਿੰਘ ਮੰਨਣ, ਪ੍ਰਧਾਨ ਦਿਲਬਾਗ ਸਿੰਘ ਐਮਾ, ਸਰਪੰਚ ਮਨਜਿੰਦਰ ਸਿੰਘ, ਗੁਰਸੇਵਕ ਸਿੰਘ, ਸਤਨਾਮ ਸਿੰਘ ਫੌਜੀ, ਗੁਰਮੁੱਖ ਸਿੰਘ, ਡਾ. ਨੌਨਿਹਾਲ ਸਿੰਘ, ਸੁਖਦੇਵ ਸਿੰਘ, ਰੇਸ਼ਮ ਸਿੰਘ ਬਿੱਲਾ, ਕਾਮਰੇਡ ਦਵਿੰਦਰ ਕੁਮਾਰ ਸੋਹਲ, ਬਲਵੰਤ ਸਿੰਘ ਦੋਧੀ, ਆੜ੍ਹਤੀ ਅੰਗਰੇਜ਼ ਸਿੰਘ, ਕਸ਼ਮੀਰ ਸਿੰਘ ਅਤੇ ਹਰਪਾਲ ਸਿੰਘ ਲਾਡੀ ਬੁਰਜ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।



# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਵੋਟਰ ਸੂਚੀਆਂ ਦੀ ਮੁੱਢਲੀ ਪ੍ਰਕਾਸ਼ਨਾ

## ਵੋਟਰ ਸੂਚੀਆਂ 'ਤੇ ਦਾਅਵੇ/ਇਤਰਾਜ਼ 24 ਜਨਵਰੀ ਤੱਕ ਕੀਤੇ ਜਾ ਸਕਦੇ ਨੇ ਪੇਸ਼

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-ਮਾਨਯੋਗ ਗੁਰਦੁਆਰਾ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਅੰਮ੍ਰਿਤਸਰ ਵਿਚ ਪੈਂਦੇ ਸਮੂਹ 10 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਚੋਣ ਹਲਕਿਆਂ 87-ਬਾਬਾ ਬਕਾਲਾ, 95-ਵੇਰਕਾ, 96-ਅੰਮ੍ਰਿਤਸਰ ਸ਼ਹਿਰ (ਪੂਰਬੀ), 97-ਅੰਮ੍ਰਿਤਸਰ ਸ਼ਹਿਰ (ਕੇਂਦਰੀ), 98-ਅੰਮ੍ਰਿਤਸਰ ਸ਼ਹਿਰ (ਪੱਛਮੀ), 99-ਚੋਗਾਵਾਂ, 100-ਅਜਨਾਲਾ, 101-ਗੁਰੂ ਕਾ ਬਾਗ, 102-ਜੰਡਿਆਲਾ ਅਤੇ 103-ਮੱਤੇਵਾਲ ਵਿਚ ਗੁਰਦੁਆਰਾ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ ਨਿਰਧਾਰਤ ਸਥਾਨਾਂ ਦਫਤਰ ਡਿਪਟੀ ਕਮਿਸ਼ਨਰ, ਸਬੰਧਤ ਰਿਵਾਈਜ਼ਿੰਗ ਅਥਾਰਟੀਜ਼/ ਰਿਟਰਨਿੰਗ ਅਫਸਰਾਂ ਦੇ ਦਫਤਰਾਂ, ਸਮੂਹ ਤਹਿਸੀਲ ਦਫਤਰਾਂ, ਪਟਵਾਰ ਸਰਕਲਾਂ ਵਿਚਲੇ ਪਟਵਾਰੀਆਂ ਦੇ ਦਫਤਰਾਂ ਅਤੇ ਸਮੂਹ ਨੋਟੀਫਾਈਡ ਸਿੱਖ ਗੁਰਦੁਆਰਿਆਂ ਵਿਚ 3.01.2025 ਨੂੰ ਕਰਵਾ ਦਿੱਤੀ ਗਈ ਹੈ ਅਤੇ ਇਨ੍ਹਾਂ ਸਥਾਨਾਂ 'ਤੇ ਵੋਟਰ ਸੂਚੀਆਂ ਦੇਖਣ ਲਈ ਉਪਲਬਧ ਹਨ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਜੋਤੀ ਬਾਲਾ ਨੇ ਦੱਸਿਆ ਕਿ ਸਮੂਹ ਚੋਣ ਹਲਕਿਆਂ ਦੀਆਂ ਰਿਵਾਈਜ਼ਿੰਗ ਅਥਾਰਟੀਜ਼ 87-ਬਾਬਾ ਬਕਾਲਾ (ਉਪ ਮੰਡਲ ਮੈਜਿਸਟਰੇਟ ਬਾਬਾ ਬਕਾਲਾ ਸਾਹਿਬ), 95-ਵੇਰਕਾ (ਉਪ ਮੰਡਲ ਮੈਜਿਸਟਰੇਟ, ਅੰਮ੍ਰਿਤਸਰ-2), 96-ਅੰਮ੍ਰਿਤਸਰ ਸ਼ਹਿਰ (ਪੂਰਬੀ) (ਰਿਜਨਲ ਟਰਾਂਸਪੋਰਟ ਅਫ਼ਸਰ, ਅੰਮ੍ਰਿਤਸਰ), 97-ਅੰਮ੍ਰਿਤਸਰ ਸ਼ਹਿਰ (ਕੇਂਦਰੀ) (ਵਧੀਕ ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ), 98-ਅੰਮ੍ਰਿਤਸਰ ਸ਼ਹਿਰ (ਪੱਛਮੀ) (ਵਧੀਕ ਮੁੱਖ ਪ੍ਰਸ਼ਾਸ਼ਕ, ਅੰਮ੍ਰਿਤਸਰ ਵਿਕਾਸ ਅਥਾਰਟੀ, ਅੰਮ੍ਰਿਤਸਰ), 99-ਚੋਗਾਵਾਂ (ਉਪ ਮੰਡਲ ਮੈਜਿਸਟਰੇਟ ਲੋਪੋਕੇ), 100-ਅਜਨਾਲਾ (ਉਪ ਮੰਡਲ ਮੈਜਿਸਟਰੇਟ, ਅਜਨਾਲਾ), 101-ਗੁਰੂ ਕਾ ਬਾਗ (ਉਪ ਮੰਡਲ ਮੈਜਿਸਟਰੇਟ ਮਜੀਠਾ), 102-ਜੰਡਿਆਲਾ (ਉਪ ਮੰਡਲ ਮੈਜਿਸਟਰੇਟ, ਅੰਮ੍ਰਿਤਸਰ-1) ਅਤੇ 103-ਮੱਤੇਵਾਲ (ਸਹਾਇਕ ਕਮਿਸ਼ਨਰ (ਜ), ਅੰਮ੍ਰਿਤਸਰ) ਵੱਲੋਂ ਡਰਾਫਟ ਵੋਟਰ ਸੂਚੀ ਉਪਰ ਦਾਅਵੇ/ਇਤਰਾਜ਼ 3.1.2025 ਤੋਂ 24.1.2025 ਤੱਕ ਪ੍ਰਾਪਤ ਕੀਤੇ ਜਾਣਗੇ ਅਤੇ ਪ੍ਰਾਪਤ ਹੋਏ ਦਾਅਵੇ/ਇਤਰਾਜ਼ਾਂ ਦਾ ਨਿਪਟਾਰਾ 05.02.2025 ਤੱਕ ਕੀਤਾ ਜਾਵੇਗਾ।ਪ੍ਰਵਾਨ ਹੋਏ ਦਾਅਵੇ/ਇਤਰਾਜ਼ਾਂ ਦੇ ਮਸੌਦੇ/ਸਪਲੀਮੈਂਟ ਤਿਆਰ ਕਰਕੇ ਪ੍ਰਿੰਟਿੰਗ 24 ਜਨਵਰੀ ਤੱਕ ਕਰਵਾਈ ਜਾਵੇਗੀ ਅਤੇ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ 25.02.2025 ਨੂੰ ਕਰਵਾਈ ਜਾਵੇਗੀ।ਡਰਾਫਟ ਵੋਟਰ ਸੂਚੀ ਸਬੰਧੀ ਬਿਨੈਕਾਰ/ਇਤਰਾਜ਼ਕਰਤਾ ਆਪਣੇ ਦਾਅਵੇ/ਇਤਰਾਜ਼ ਲਿਖਤੀ ਰੂਪ ਵਿਚ ਤਸਦੀਕੀ ਤੌਰ 'ਤੇ ਆਪਣੇ ਰਿਵਾਈਜ਼ਿੰਗ ਅਥਾਰਟੀਜ਼ ਨੂੰ ਨਿੱਜੀ ਤੌਰ 'ਤੇ ਲਿਖਤੀ, ਡਾਕ ਰਾਹੀਂ ਜਾਂ ਕਿਸੇ ਅਜਿਹੇ ਏਜੰਟ, ਜੋ ਕਿ ਲਿਖਤੀ ਤੌਰ ਤੇ ਪ੍ਰਵਾਨਤ ਹੋਵੇ, ਰਾਹੀਂ ਮਿਥੀ ਮਿਤੀ ਤੱਕ ਭੇਜੇ ਜਾ ਸਕਦੇ ਹਨ। ਕੇਵਲ ਉਹ ਵਿਅਕਤੀ, ਜਿਸ ਦੀ ਉਮਰ 21 ਸਾਲ ਜਾਂ ਇਸ ਤੋਂ ਉਪਰ ਹੋਵੇ ਅਤੇ ਜਿਸ ਦਾ ਨਾਮ ਉਸ ਚੋਣ ਹਲਕੇ ਦੀ ਵੋਟਰ ਸੂਚੀ ਵਿਚ ਪਹਿਲਾਂ ਹੀ ਦਰਜ ਹੋਵੇ, ਹੀ ਇਤਰਾਜ਼ ਪੇਸ਼ ਕਰ ਸਕਦਾ ਹੈ।ਜ਼ਿਲ੍ਹੇ ਦੇ ਸਮੂਹ ਯੋਗ ਵੋਟਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਦੀਆਂ ਹਾਲੇ ਤੱਕ ਵੋਟਾਂ ਨਹੀਂ ਬਣੀਆਂ, ਉਹ ਉਹ 24.1.2025 ਤੱਕ ਫਾਰਮ ਭਰ ਕੇ ਜ਼ਰੂਰ ਬਣਵਾ ਲੈਣ।ਵੋਟਾਂ ਸਬੰਧੀ ਕਿਸੇ ਕਿਸਮ ਦੀ ਜਾਣਕਾਰੀ ਲਈ ਵੋਟਰ ਹੈਲਪ ਲਾਈਨ ਨੰਬਰ 1950 ਉਪਰ ਸੰਪਰਕ ਕੀਤਾ ਜਾ ਸਕਦਾ ਹੈ।

# ਵਿਧਾਇਕ ਸੋਹਲ ਵੱਲੋਂ ਕੋਆਪਰੇਟਿਵ ਸੋਸਾਇਟੀ ਦੇ ਪ੍ਰਧਾਨ ਬਾਬਾ ਲੰਗਾਹ ਤੇ ਮੈਂਬਰ ਸਨਮਾਨਿਤ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**

ਵਿਧਾਇਕ ਡਾ. ਕਸ਼ਮੀਰ ਸੋਹਲ ਨੇ ਵੀਰਵਾਰ ਨੂੰ ਸਹਿਕਾਰੀ ਖੇਤੀਬਾੜੀ ਬਹੁਸੰਮਤੀ ਸਭਾ ਝਬਾਲ ਦੀ ਕਮੇਟੀ ਦੀ ਚੋਣ ਵਿੱਚ ਸਰਬਸੰਮਤੀ ਨਾਲ ਬਣੇ ਪ੍ਰਧਾਨ ਸੁਖਦੇਵ ਸਿੰਘ ਬਾਬਾ ਲੰਗਾਹ ਦੇ ਗ੍ਰਹਿ ਵਿਖੇ ਵਿਸ਼ੇਸ਼ ਤੌਰ 'ਤੇ ਪੁੱਜੇ ਤੇ ਪ੍ਰਧਾਨ ਸੁਖਦੇਵ ਸਿੰਘ ਪੁੱਤਰ ਗੁਰਾ ਸਿੰਘ ਮੀਤ ਪ੍ਰਧਾਨ ਪ੍ਰਧਾਨ ਸੁਖਦੇਵ ਸਿੰਘ ਪੁੱਤਰ ਜੋਗਿੰਦਰ ਸਿੰਘ ਤੋਂ ਇਲਾਵਾ ਨਿਸ਼ਾਨ ਸਿੰਘ, ਰਣਧੀਰ ਸਿੰਘ, ਹਰਦੇਵ ਸਿੰਘ, ਸਰਬਜੀਤ ਕੌਰ, ਜਸਬੀਰ ਕੌਰ, ਹਰਭਜਨ ਸਿੰਘ, ਗੁਰਮੀਤ ਸਿੰਘ, ਅਮਰੀਕ ਸਿੰਘ ਤੇ ਸੁਖਬੀਰ ਸਿੰਘ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਵਿਧਾਇਕ ਸੋਹਲ ਨੇ ਕਿਹਾ ਕਿ ਉਹ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਚੁਣੀ ਗਈ ਕਮੇਟੀ ਦੇ ਸਹਿਯੋਗ ਨਾਲ ਸੁਸਾਇਟੀ ਨੂੰ ਚਲਾਉਣਗੇ।ਇਸ ਸਮੇਂ ਪੀਏ ਕੋਮਲਦੀਪ ਸਿੰਘ, ਡਾ. ਤਸਵੀਰ ਕੌਰ, ਸਰਪੰਚ ਜਤਿੰਦਰ ਸਿੰਘ ਬਘੇਲ ਸਿੰਘ ਵਾਲਾ, ਪ੍ਰਧਾਨ ਸਰਬਜੀਤ ਸਿੰਘ ਐੱਨ. ਆਰ. ਆਈ. ਆਈ., ਮੈਂਬਰ ਅਵਤਾਰ ਸਿੰਘ, ਸੁਖਬੀਰ ਸਿੰਘ, ਇੰਸਪੈਕਟਰ ਸੁਖਦੇਵ ਸਿੰਘ, ਸੀਨੀਅਰ ਮੀਤ ਪ੍ਰਧਾਨ ਪੰਜਾਬ ਪੁਲਸ ਵੈੱਲਫੇਅਰ ਐਸੋਸੀਏਸ਼ਨ ਤਰਨਤਾਰਨ, ਬਲਵਿੰਦਰ ਸਿੰਘ ਸਾਬਕਾ ਸਰਪੰਚ, ਮੈਂਬਰ ਡਾ. ਗੁਰਪ੍ਰੀਤ ਸਿੰਘ, ਮੈਂਬਰ ਅੰਮ੍ਰਿਤ ਕੌਰ, ਮੈਂਬਰ ਰਾਮ ਸ਼ਰਨ, ਵਾਈਸ ਪ੍ਰਧਾਨ ਆਮ ਆਦਮੀ ਪਾਰਟੀ, ਨੰਬਰਦਾਰ ਪ੍ਰੀਤਮ ਸਿੰਘ, ਜਸਪ੍ਰੀਤ ਕੌਰ ਵਲੰਟੀਅਰ, ਸਾਬਕਾ ਮੈਂਬਰ ਕਸ਼ਮੀਰ ਸਿੰਘ, ਸਾਬਕਾ ਦਲਜੀਤ ਸਿੰਘ, ਭਗਵੰਤ ਸਿੰਘ, ਪਲਵਿੰਦਰ ਸਿੰਘ, ਕਰਮ ਸਿੰਘ, ਹਰਦੀਪ ਸਿੰਘ, ਰਣਜੀਤ ਸਿੰਘ, ਅਮਨਦੀਪ ਸਿੰਘ ਅਤੇ ਸੰਦੀਪ ਸਿੰਘ ਆਦਿ ਹਾਜ਼ਰ ਸਨ।



# ਪਿੰਡਾਂ 'ਚ ਚਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਕਟਾਰੂਚੱਕ ਵੱਲੋਂ ਵਿਸ਼ੇਸ਼ ਦੌਰਾ

**ਪਠਾਨਕੋਟ (ਦਵਿੰਦਰ ਸਿੰਘ)**

ਵੱਖ-ਵੱਖ ਪਿੰਡਾਂ ਅੰਦਰ ਚਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਖਾਸ ਦੌਰਾ ਕੀਤਾ। ਕਟਾਰੂਚੱਕ ਨੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਨ ਮਗਰੋਂ ਪਿੰਡ ਸਾਹਿਬ ਚੱਕ ਵਿਖੇ ਇੱਕ ਜਨਸਮੂਹ ਨੂੰ ਸੰਬੋਧਨ ਵੀ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਕੁਮਾਰ ਸੈਣੀ ਜ਼ਿਲ੍ਹਾ ਪ੍ਰਧਾਨ ਬੀ. ਸੀ. ਵਿੰਗ ਪਠਾਨਕੋਟ, ਰਾਜਾ ਬਕਨੌਰ, ਸੁਰਿੰਦਰ ਸ਼ਾਹ ਅਤੇ ਹੋਰ ਪਾਰਟੀ ਦੇ ਕਾਰਜਕਰਤਾ ਹਾਜ਼ਰ ਸਨ।ਜ਼ਿਕਰਯੋਗ ਹੈ ਕਿ ਕੈਬਨਿਟ ਮੰਤਰੀ ਨੇ ਪਿੰਡ ਬਕਨੌਰ, ਤਾਰਾਗੜ੍ਹ, ਬੈਂਗੋਵਾਲ ਅਤੇ ਪੱਖੋਚੱਕ ਵਿਖੇ ਦੌਰਾ ਕਰਕੇ ਨਿਕਾਸੀ ਪਾਣੀ ਲਈ ਕੀਤੇ ਜਾਣ ਵਾਲੇ ਪ੍ਰਬੰਧ, ਪਿੰਡਾਂ ਅੰਦਰ ਛੱਪੜਾਂ ਦਾ ਨਵਨਿਰਮਾਣ ਆਦਿ ਦਾ ਜਾਇਜ਼ਾ ਲਿਆ ਗਿਆ।ਪਿੰਡ ਸਾਹਿਬ ਚੱਕ ਵਿਖੇ ਜਨਸਮੂਹ ਨੂੰ ਸੰਬੋਧਨ ਕਰਦਿਆਂ ਕਟਾਰੂਚੱਕ ਨੇ ਕਿਹਾ ਕਿ ਉਨ੍ਹਾਂ ਵੱਲੋਂ ਵੱਖ-ਵੱਖ ਪਿੰਡਾਂ ਅੰਦਰ ਪਹੁੰਚ ਕਰਕੇ ਪਿੰਡਾਂ ਵਿੱਚ ਨਿਕਾਸੀ ਪਾਣੀ ਦੀ ਸਮੱਸਿਆ ਦਾ ਜਾਇਜ਼ਾ ਲਿਆ ਗਿਆ ਹੈ।ਉਨ੍ਹਾਂ ਦੱਸਿਆ ਕਿ ਉਹ ਸਭ ਤੋਂ ਪਹਿਲਾਂ ਬਕਨੌਰ ਅੰਦਰ ਬਣਾਏ ਜਾ ਰਹੇ ਥਾਪਰ ਮਾਡਲ (ਛੱਪੜ) ਦਾ ਜਾਇਜ਼ਾ ਲੈਣ ਗਏ, ਤਾਰਾਗੜ੍ਹ ਵਿਖੇ ਵੀ ਨਿਕਾਸੀ ਪਾਣੀ ਦੀ ਕੋਈ ਵਿਵਸਥਾ ਨਾ ਹੋਣ ਕਰਕੇ ਲੋਕਾਂ ਨੂੰ ਨਰਕ ਭਰਿਆ ਜੀਵਨ ਗੁਜ਼ਾਰਨਾ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਤਾਰਾਗੜ੍ਹ ਅਤੇ ਬੈਂਗੋਵਾਲ ਵੀ ਸਥਿਤੀ ਅਜਿਹੀ ਹੀ ਬਣੀ ਹੋਈ ਹੈ।ਉਨ੍ਹਾਂ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ।ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਲਈ ਪੈਸੇ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਪਿੰਡ ਸਾਹਿਬ ਚੱਕ ਵਿਖੇ ਜਿੱਥੋਂ ਦੇ ਪਿੰਡ ਦੇ ਲੋਕਾਂ ਨੇ ਸਰਬਸੰਮਤੀ ਨਾਲ ਪੰਚਾਇਤ ਦੀ ਚੋਣ ਕੀਤੀ ਹੈ, ਨੂੰ ਪੰਜ ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ।ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਪਿੰਡ ਦੇ ਦੌਰੇ ਦੌਰਾਨ ਦੇਖਣ ਵਿੱਚ ਆਇਆ ਹੈ ਕਿ ਪਿੰਡ ਦਾ ਜੰਞਘਰ ਖਸਤਾ ਹਾਲ ਹੈ, ਉਸ ਲਈ ਪੰਜ ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਿੰਡ ਨੂੰ ਜੋ ਹੋਰ ਵੀ ਸਮੱਸਿਆਵਾਂ ਆ ਰਹੀਆਂ ਹਨ। ਉਨ੍ਹਾਂ ਕਾਰਜਾਂ ਦੀ ਯੋਜਨਾ ਬਣਾ ਕੇ ਐਸਟੀਮੇਟ ਲਗਾਇਆ ਜਾਵੇ ਕਿ ਕਿੰਨਾ ਖਰਚ ਆ ਸਕਦਾ ਹੈ।ਉਨ੍ਹਾਂ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਪਿੰਡ ਵਿੱਚ ਜੋ ਵੀ ਵਿਕਾਸ ਕਾਰਜ ਰਹਿੰਦੇ ਹਨ ਉਨ੍ਹਾਂ ਸਾਰੇ ਕਾਰਜਾਂ ਨੂੰ ਕਰਵਾਇਆ ਜਾਵੇਗਾ।



# ਗੁਰਦੁਆਰਾ ਸਿੰਘ ਸਭਾ ਸਾਹਿਬ ਕਾਦੀਆਂ ਤੋਂ ਸਜਾਇਆ ਨਗਰ ਕੀਰਤਨ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਧੰਨ-ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸਿੰਘ ਸਭਾ ਸਾਹਿਬ ਮੁਹੱਲਾ ਧਰਮਪੁਰਾ ਕਾਦੀਆਂ ਤੋਂ ਸਮੂਹ ਸੰਗਤ ਦੇ ਸਹਿਯੋਗ ਦੇ ਨਾਲ ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅਤੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਅਗਵਾਈ ਵਿੱਚ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਆਰੰਭ ਹੋਇਆ ਅਤੇ ਵੱਖ-ਵੱਖ ਥਾਵਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਵਿੱਚ ਸਮਾਪਤ ਹੋਇਆ।ਇਸ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਪੰਜ ਪਿਆਰੇ ਸਿੰਘ ਸਾਹਿਬਾਨ ਦਾ ਵੱਖ-ਵੱਖ ਥਾਵਾਂ 'ਤੇ ਸੰਗਤਾਂ ਤੇ ਪ੍ਰਬੰਧਕਾਂ ਵੱਲੋਂ ਗੁਰੂ ਬਖਸ਼ਿਸ਼ ਸਿਰੋਪਾ ਪਾ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਸੰਗਤਾਂ ਵੱਲੋਂ ਵੱਖ-ਵੱਖ ਥਾਵਾਂ 'ਤੇ ਨਗਰ ਕੀਰਤਨ ਦੇ ਸਵਾਗਤ ਲਈ ਸਜਾਵਟੀ ਗੇਟ ਬਣਾਏ ਗਏ, ਅਤੇ ਫੁੱਲਾਂ ਦੀ ਵਰਖਾ ਕੀਤੀ ਗਈ। ਵੱਖ-ਵੱਖ ਸੰਗਤਾਂ ਵੱਲੋਂ ਅਤੇ ਢਾਡੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਦੇ ਜਾਪ ਕੀਤੇ ਗਏ।ਇਸ ਨਗਰ ਕੀਰਤਨ ਵਿੱਚ ਨਿਹੰਗ ਸਿੰਘਾਂ ਵੱਲੋਂ ਗਤਕੇ ਦੇ ਜੌਹਰ ਦਿਖਾਏ ਗਏ ।ਸਕੂਲੀ ਵਿਦਿਆਰਥੀਆਂ ਵੱਲੋਂ ਵੀ ਨਗਰ ਕੀਰਤਨ ਵਿੱਚ ਹਾਜ਼ਰੀ ਭਰ ਕੇ ਸੇਵਾਵਾਂ ਨਿਭਾਈਆਂ ਗਈਆਂ।ਇਸ ਮੌਕੇ ਨਗਰ ਕੀਰਤਨ ਵਿੱਚ ਗੁਰਦੁਆਰਾ ਸਾਹਿਬ ਦੇ ਸਮੂਹ ਪ੍ਰਬੰਧਕ, ਸੇਵਾਦਾਰ ਅਤੇ ਇਲਾਕੇ ਦੀ ਸੰਗਤ ਵੱਡੀ ਗਿਣਤੀ ਵਿੱਚ ਹਾਜ਼ਰ ਸੀ।



## ਡਾ. ਵਿਕਰਮ ਸ਼ਰਮਾ ਨੇ ਸੰਭਾਲਿਆ ਕਾਰਜਕਾਰੀ ਪ੍ਰਿੰਸੀਪਲ ਦਾ ਅਹੁਦਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਡਾ. ਵਿਕਰਮ ਸ਼ਰਮਾ ਨੇ ਮੋਗਾ ਕਾਲਜ ਆਫ ਐਜੂਕੇਸ਼ਨ ਫਾਰ ਗਰਲਜ਼ ਘੱਲਕਲਾਂ ਮੋਗਾ ਦੇ ਕਾਰਜਕਾਰੀ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲ ਲਿਆ ਹੈ। ਕਾਲਜ ਚੇਅਰਮੈਨ ਕੇ.ਕੇ.ਕੌੜਾ, ਮੈਨੇਜਮੈਂਟ ਕਮੇਟੀ ਮੈਂਬਰ ਐਡਵੋਕੇਟ ਹੀਰਾ ਲਾਲ ਸ਼ਰਮਾ, ਰਣਜੀਤ ਸਿੰਘ ਬਰਾੜ, ਮਨਿੰਦਰ ਗਿੱਲ, ਡਾ. ਰਮੇਸ਼ ਬਾਂਸਲ, ਡਾ. ਰੋਹਿਨ ਸਚਦੇਵਾ, ਅਨਿਰੁਧ ਸ਼ਰਮਾ ਨੇ ਪ੍ਰਿੰਸੀਪਲ ਦਾ ਸਵਾਗਤ ਕੀਤਾ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਵਿਕਰਮ ਸ਼ਰਮਾ ਨੇ ਕਾਲਜ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਿਆਂ ਸਮੂਹ ਸਟਾਫ਼ ਨੂੰ ਕਾਲਜ ਨੂੰ ਨਵੀਆਂ ਬੁਲੰਦੀਆਂ 'ਤੇ ਲਿਜਾਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕਾਲਜ ਦੇ ਲੋਕ ਸੰਪਰਕ ਡਾਇਰੈਕਟਰ ਗੁਰਸ਼ਰਨ ਸਿੰਘ ਚੀਮਾ ਤੋਂ ਇਲਾਵਾ ਪਰਮਜੀਤ ਕੌਰ ਹਾਜ਼ਰ ਸਨ। ਇਸ ਮੌਕੇ ਡਾ: ਵਿਕਰਮ ਸ਼ਰਮਾ ਨੇ ਸਮੂਹ ਪ੍ਰਬੰਧਕ ਕਮੇਟੀ ਤੇ ਸਟਾਫ਼ ਦਾ ਧੰਨਵਾਦ ਕੀਤਾ।

## ਮੇਲਾ ਮਾਘੀ ਦੇ ਮੱਦੇਨਜ਼ਰ ਸ਼ਹਿਰ ਵਿੱਚ ਸਫਾਈ ਅਭਿਆਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਚਾਲੀ ਮੁਕਤਿਆਂ ਦੀ ਯਾਦ ਵਿੱਚ ਲੱਗਣ ਵਾਲਾ ਪਵਿੱਤਰ ਤੇ ਇਤਿਹਾਸਕ ਮਾਘੀ ਮੇਲੇ ਨੂੰ ਮੁੱਖ ਰੱਖਦਿਆਂ ਸ੍ਰੀ ਰਾਜੇਸ਼ ਤ੍ਰਿਪਾਠੀ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਤੇ ਵੱਖ-ਵੱਖ ਵਿਭਾਗਾਂ ਵੱਲੋਂ ਅਗੇਤੇ ਪ੍ਰਬੰਧ ਕੀਤੇ ਜਾ ਰਹੇ ਹਨ।ਸ੍ਰੀ ਕੇਵਲ ਕੁਮਾਰ ਬੀ.ਡੀ.ਪੀ.ਓ. ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਵਿੱਚ ਮਨਰੇਗਾ ਮਜ਼ਦੂਰਾਂ ਵੱਲੋਂ ਪਿੰਡ ਸੰਗੂਧੋਣ, ਸਦਰਵਾਲਾ ਵਿਖੇ ਸ੍ਰੀ ਮੁਕਤਸਰ ਸਾਹਿਬ ਵਿੱਚ ਦਾਖਲ ਹੋਣ ਵਾਲੀਆਂ ਸੜਕਾਂ 'ਤੇ ਸਾਫ ਸਫਾਈ ਕੀਤੀ ਗਈ ਅਤੇ ਸੜਕਾਂ ਦੇ ਕਿਨਾਰੇ ਉੱਗੀਆਂ ਨਜਾਇਜ਼ ਝਾੜੀਆਂ ਤੇ ਵਧ ਚੁੱਕੀਆਂ ਦਰੱਖਤਾਂ ਦੀਆਂ ਟਾਹਣੀਆਂ ਦੀ ਕਟਾਈ ਕੀਤੀ ਗਈ ਤਾਂ ਜੋ ਧੁੰਦ ਦੇ ਚੱਲਦੇ ਮਾਘੀ ਮੇਲੇ ਦੌਰਾਨ ਲੋਕਾਂ ਨੂੰ ਕਿਸੇ ਵੀ ਪ੍ਰਕਾਰ ਦੀ ਕੋਈ ਸਮੱਸਿਆ ਪੇਸ਼ ਨਾ ਆਵੇ।ਇਸੇ ਤਰ੍ਹਾਂ ਹੀ ਸ੍ਰੀ ਰਜਨੀਸ਼ ਕੁਮਾਰ ਗਿਰਧਰ ਕਾਰਜ ਸਾਧਕ ਅਫਸਰ ਸ੍ਰੀ ਮੁਕਤਸਰ ਸਾਹਿਬ ਦੀਆਂ ਹਦਾਇਤਾਂ 'ਤੇ ਨਗਰ ਕੌਂਸਲ ਦੇ ਕਰਮਚਾਰੀਆਂ ਵੱਲੋਂ ਗੋਨਿਆਨਾ ਚੌਂਕ, ਬਠਿੰਡਾ ਰੋਡ ਤੋਂ ਇਲਾਵਾ ਸ਼ਹਿਰ ਵਿੱਚ ਵੀ ਲਗਾਤਾਰ ਸਫਾਈ ਅਭਿਆਨ ਚਲਾਇਆ ਜਾ ਰਿਹਾ ਹੈ।

## 8 ਨੰਬਰ ਵਾਰਡ 'ਚ ਵਿਕਾਸ ਕੰਮ ਸ਼ੁਰੂ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਦੇ ਯਤਨਾਂ ਸਦਕਾ ਮਾਛੀਕੇ ਪਿੰਡ ਵਿਖੇ ਸਰਪੰਚ ਜਗਮੋਹਨ ਸਿੰਘ ਤੇ ਸਮੂਹ ਗ੍ਰਾਮ ਪੰਚਾਇਤ ਦੇ ਸਹਿਯੋਗ ਸਦਕਾ 8 ਨੰਬਰ ਵਾਰਡ ਵਿੱਚ ਗਲੀਆਂ ਨਾਲੀਆਂ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ। ਇਸ ਮੌਕੇ ਸਰਪੰਚ ਜਗਮੋਹਨ ਸਿੰਘ, ਬਿੱਟੂ ਆੜ੍ਹਤੀਆ ਮਾਛੀਕੇ ਪੰਚ, ਪਰਮਿੰਦਰ ਸਿੰਘ ਕਾਲਾ ਪੰਚ, ਜਗਜੀਤ ਸਿੰਘ ਪੰਚ, ਹਾਕਮ ਸਿੰਘ ਪੰਚ, ਭੋਲਾ ਸਿੰਘ ਪੰਚ, ਗੁਰਪਿਆਰ ਸਿੰਘ ਐੱਸ ਸੀ ਵਿੰਗ ਪ੍ਰਧਾਨ, ਡਾਕਟਰ ਬੱਬੂ ਮੀਡੀਆ ਇੰਚਾਰਜ ਬਲਾਕ ਨਿਹਾਲ ਸਿੰਘ ਵਾਲਾ, ਕਰਮਾ ਸਿੰਘ ਕੋਚ, ਮੈਗਲ ਆਪ ਆਗੂ, ਚੰਦ ਸਿੰਘ ਆਪ ਆਗੂ, ਅਮਰਜੀਤ ਸਿੰਘ ਮਿੰਟੂ ਆਪ ਆਗੂ, ਬਲਜਿੰਦਰ ਸਿੰਘ ਸੇਖੋਂ, ਬੰਟੀ ਬੁੱਟਰ ਆਪ ਆਗੂ, ਮਿੰਟੂ ਸੇਖੋ, ਕੁਲਦੀਪ ਸਿੰਘ ਖੇਲਾ ਹਰਦੀਪ ਸਿੰਘ ਮਾਛੀਕੇ, ਰਾਮ ਸਿੰਘ ਯੂ ਐੱਸ ਏ ਤੇ ਇਸ ਤੋਂ ਇਲਾਵਾ ਸਮੂਹ ਨਗਰ ਨਿਵਾਸੀ ਆਦਿ ਹਾਜ਼ਰ ਸਨ।

## ਭਾਰਤ ਵਿਕਾਸ ਪ੍ਰੀਸ਼ਦ ਨੇ ਜਨਤਕ ਥਾਵਾਂ 'ਤੇ ਬੈਂਚ ਲਵਾਏ



**ਬੁਦਲਾਡਾ (ਅਸ਼ੋਕ ਲਾਕੜਾ)**-ਸਥਾਨਕ ਸ਼ਹਿਰ ਅੰਦਰ ਜਨਤਕ ਥਾਵਾਂ 'ਤੇ ਲੋਕਾਂ ਨੂੰ ਆਰਾਮਦਾਇਕ ਸਹੂਲਤ ਦੇਣ ਲਈ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਦਰਜਨ ਦੇ ਕਰੀਬ ਬੈਂਚ ਲਗਾਏ ਗਏ ਸਨ, ਉਸੇ ਲੜੀ ਤਹਿਤ ਅੱਜ ਰੇਲਵੇ ਰੋਡ ਤੇ ਜਨਤਕ ਥਾਵਾਂ 'ਤੇ ਬੈਂਚ ਲਗਾਏ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੰਸਥਾਂ ਦੇ ਪ੍ਰਧਾਨ ਅਮਿਤ ਜਿੰਦਲ ਨੇ ਦੱਸਿਆ ਕਿ ਅੱਜ ਰੇਲਵੇ ਰੋਡ ਤੇ ਸੈਂਕੜੇ ਬਜ਼ੁਰਗ ਸੈਰ ਕਰਦੇ ਹਨ, ਜਿੱਥੇ ਉਨ੍ਹਾਂ ਦੇ ਬੈਠਨ ਲਈ ਥਾਂ ਥਾਂ 'ਤੇ ਬੈਂਚ ਰੱਖੇ ਹਨ।ਆਮ ਪਬਲਿਕ ਵੱਲੋਂ ਪ੍ਰੀਸ਼ਦ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ ਗਈ। ਉਨ੍ਹਾਂ ਕਿਹਾ ਕਿ ਪੌਦੇ ਲਗਾਉਣਾ, ਟ੍ਰੀ ਗਾਰਡ ਲਗਾਉਣੇ ਤੇ ਪਾਣੀ ਦੀ ਰੇਹੜੀ ਤੋਂ ਬਾਅਦ ਬੈਂਚ ਲਾਉਣਾ ਆਦਿ ਸੰਸਥਾ ਮਾਨਵਤਾ ਦੀ ਸੇਵਾ ਦੇ ਕਾਰਜ ਕਰ ਰਹੀ ਹੈ। ਇਸ ਮੌਕੇ ਵਿਨੋਦ ਗਰਗ, ਸ਼ਿਵ ਕਾਂਸਲ, ਰਾਜ ਕੁਮਾਰ ਕਾਂਸਲ, ਸਤੀਸ਼ ਕੁਮਾਰ ਸਿੰਗਲਾ, ਬੌਬੀ ਬਾਂਸਲ, ਅਰੁਣ ਕੁਮਾਰ, ਧੀਰਜ ਮਗਲਾ, ਹਰੀਸ਼ ਕੁਮਾਰ ਆਦਿ ਹਾਜ਼ਰ ਸਨ।

## ਡੀ ਸੀ ਨੇ ਹੁਸਨਪ੍ਰੀਤ ਕੌਰ ਦੇ ਪਿਤਾ ਨੂੰ ਕੀਤਾ ਚੈੱਕ ਭੇਟ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਜ਼ਿਲ੍ਹੇ ਦੇ ਪਿੰਡ ਬਾਂਡੀ ਦੀ ਨੀਟ ਦੀ ਪ੍ਰੀਖਿਆ ਪਾਸ ਕਰਨ ਵਾਲੀ ਵਿਦਿਆਰਥਣ ਹੁਸਨਪ੍ਰੀਤ ਕੌਰ ਦੇ ਪਿਤਾ ਨੂੰ ਪਿੰਡ ਬੱਲ੍ਹੋ ਦੀ ਵੈਲਫੇਅਰ ਸੁਸਾਇਟੀ ਸਵ: ਗੁਰਬਚਨ ਸਿੰਘ ਦੇ ਸਹਿਯੋਗ ਨਾਲ ਤੀਸਰੇ ਸਾਲ ਦੀ ਫੀਸ ਲਈ 1 ਲੱਖ 98 ਹਜ਼ਾਰ ਰੁਪਏ ਦਾ ਚੈਕ ਭੇਟ ਕੀਤਾ। ਇਸ ਮੌਕੇ ਸਕੱਤਰ ਰੈੱਡ ਕਰਾਸ ਦਰਸ਼ਨ ਕੁਮਾਰ ਤੋਂ ਇਲਾਵਾ ਪਿੰਡ ਬੱਲ੍ਹੋ ਦੀ ਵੈਲਫੇਅਰ ਸੁਸਾਇਟੀ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

## ਭਾਰਤ ਵਿਕਾਸ ਪ੍ਰੀਸ਼ਦ ਨੇ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ



**ਜਲਾਲਾਬਾਦ (ਜੀਤ ਕੁਮਾਰ)**-ਭਾਰਤ ਵਿਕਾਸ ਪ੍ਰੀਸ਼ਦ ਜਲਾਲਾਬਾਦ ਦੀ ਮੀਟਿੰਗ ਪ੍ਰਧਾਨ ਰੋਸ਼ਨ ਲਾਲ ਅਸੀਜਾ ਦੀ ਪ੍ਰਧਾਨਗੀ ਹੇਠ ਅੰਕੁਸ਼ ਇੰਟਰਪ੍ਰਾਈਜ਼ ਵਿਖੇ ਹੋਈ, ਜਿਸ ਵਿੱਚ ਅਸ਼ੋਕ ਕੁਮਾਰ ਡੂਮੜਾ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਸਭ ਤੋਂ ਪਹਿਲਾਂ ਲੋੜਵੰਦ ਪਰਵਾਰਾਂ ਨੂੰ ਮਹੀਨਾਵਾਰ ਰਾਸ਼ਨ ਵੰਡਿਆ ਗਿਆ ਤੇ ਉਸ ਤੋਂ ਬਾਅਦ ਮੀਟਿੰਗ ਕੀਤੀ ਗਈ, ਜਿਸ 'ਚ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ ਗਈ। ਗੁਰਮੀਤ ਮਦਾਨ ਸਕੱਤਰ ਨੇ ਮੀਟਿੰਗ ਦੀ ਸ਼ੁਰੂਆਤ ਕੀਤੀ ਤੇ ਉਪਰੰਤ ਤਰਸੇਮ ਵਿਖੋਨਾ, ਨਰੇਸ਼ ਕੁੱਕੜ ਮੁੱਖ ਸਲਾਹਕਾਰ, ਮਦਨ ਲਾਲ ਡੂਮੜਾ ਸਲਾਹਕਾਰ, ਪ੍ਰਵੇਸ਼ ਖੰਨਾ ਸੂਬਾ ਕਨਵੀਨਰ, ਦਵਿੰਦਰ ਕੁੱਕੜ ਪੰਜਾਬ ਮੀਤ ਪ੍ਰਧਾਨ, ਸੁਰੇਸ਼ ਗਾਬਾ ਕੈਸ਼ੀਅਰ, ਸੁਖਵਿੰਦਰ ਕੰਬੋਜ ਵਾਈਸ. ਪ੍ਰਧਾਨ, ਰਮੇਸ਼ ਸਿਡਾਨਾ ਮੀਤ ਪ੍ਰਧਾਨ, ਕੇਵਲ ਸੁਖੀਜਾ ਆਦਿ ਨੇ ਸੰਬੋਧਨ ਕੀਤਾ। ਮੁੱਖ ਮਹਿਮਾਨ ਅਸ਼ੋਕ ਕੁਮਾਰ ਡੂਮੜਾ ਨੇ ਕੌਂਸਲ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ। ਭਾਰਤ ਵਿਕਾਸ ਪ੍ਰੀਸ਼ਦ ਜਲਾਲਾਬਾਦ ਨੇ ਇੱਕ ਗਰੀਬ ਪਰਵਾਰ ਦੇ ਬਿਮਾਰ ਬੱਚਿਆਂ ਦੇ ਇਲਾਜ ਲਈ 5000 ਰੁਪਏ ਦੀ ਰਾਸ਼ੀ ਦਾਨ ਕੀਤੀ। ਇਸ ਸਮੇਂ ਮੀਟਿੰਗ ਵਿੱਚ ਮੁੱਖ ਮਹਿਮਾਨ ਅਸ਼ੋਕ ਕੁਮਾਰ ਡੂਮੜਾ, ਪ੍ਰਧਾਨ ਰੋਸ਼ਨ ਲਾਲ ਅਸੀਜਾ, ਸਕੱਤਰ ਗੁਰਮੀਤ ਮਦਾਨ, ਖਜ਼ਾਨਚੀ ਸੁਰੇਸ਼ ਗਾਬਾ, ਪੰਜਾਬ ਮੀਤ ਪ੍ਰਧਾਨ ਦਵਿੰਦਰ ਕੁੱਕੜ, ਸੂਬਾ ਕਨਵੀਨਰ ਪ੍ਰਵੇਸ਼ ਖੰਨਾ, ਮਦਨ ਲਾਲ ਡੂਮੜਾ, ਤਰਸੇਮ ਵਿਖੋਨਾ, ਡਾ. ਨਰੇਸ਼ ਕੁੱਕੜ, ਰਮੇਸ਼ ਸਿਡਾਨਾ, ਸੁਖਵਿੰਦਰ ਕੰਬੋਜ, ਬੰਟੀ ਆਹੂਜਾ, ਸਾਜਨ ਚੁੱਘ, ਕੇਵਲ ਸੁਖੀਜਾ, ਰਾਜਨ ਡੂਮਰਾ ਆਦਿ ਹਾਜ਼ਰ ਸਨ।

## ਦੇਸ਼ ਭਗਤ 'ਵਰਸਿਟੀ ਨੇ ਸੁਖਮਨੀ ਸਾਹਿਬ ਦੇ ਪਾਠ ਨਾਲ ਨਵੇਂ ਸਾਲ ਦਾ ਕੀਤਾ ਸਵਾਗਤ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਦੇ ਪਰਫਾਰਮਿੰਗ ਆਰਟ ਐਂਡ ਮੀਡੀਆ ਵਿਭਾਗ ਵੱਲੋਂ ਨਵੇਂ ਸਾਲ ਦੀ ਆਮਦ ਨੂੰ ਆਪਣੇ ਕੈਂਪਸ ਵਿਖੇ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਪਾ ਕੇ ਮਨਾਇਆ ਗਿਆ।ਇਹ ਸਮਾਗਮ ਸ਼ਾਂਤੀ, ਸਦਭਾਵਨਾ ਅਤੇ ਸਫਲਤਾ ਲਈ ਬ੍ਰਹਮ ਅਸੀਸਾਂ ਦੀ ਪ੍ਰਾਪਤੀ ਲਈ ਆਯੋਜਿਤ ਕੀਤਾ ਗਿਆ ਸੀ।ਇਸ ਸਮਾਗਮ ਵਿੱਚ ਵੱਖ-ਵੱਖ ਵਿਭਾਗਾਂ ਦੇ ਫੈਕਲਟੀ ਮੈਂਬਰਾਂ, ਵਿਦਿਆਰਥੀਆਂ ਅਤੇ ਸਟਾਫ਼ ਨੇ ਉਤਸ਼ਾਹ ਨਾਲ ਭਾਗ ਲਿਆ। ਪ੍ਰੋਗਰਾਮ ਦੌਰਾਨ ਪਾਠ ਦੇ ਭੋਗ ਪਾਏ ਗਏ, ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਡਾ. ਕੰਵਲਜੀਤ ਸਿੰਘ ਅਤੇ ਵਿਦਿਆਰਥਣ ਪੂਨਮ ਨੇ ਸ਼ਬਦ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਅਤੇ ਨਵੇਂ ਸਾਲ ਦੀ ਸ਼ੁਰੂਆਤ ਅਧਿਆਤਮਕ ਆਧਾਰ ਨਾਲ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਮੌਕੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਅਧਿਆਤਮਕ ਸਿੱਖਿਆਵਾਂ ਨੂੰ ਅਪਣਾਉਣ ਦੀ ਲੋੜ 'ਤੇ ਚਾਨਣਾ ਪਾਇਆ।ਸਮਾਗਮ ਦੀ ਸਮਾਪਤੀ ਪ੍ਰਸ਼ਾਦ ਵੰਡਣ ਅਤੇ ਲੰਗਰ ਨਾਲ ਹੋਈ। ਇਸ ਦੌਰਾਨ ਹੋਰਨਾਂ ਤੋਂ ਇਲਾਵਾ ਸਮਾਗਮ ਵਿੱਚ ਚਾਂਸਲਰ ਦੇ ਸਲਾਹਕਾਰ ਡਾ. ਵਰਿੰਦਰ ਸਿੰਘ, ਵਾਈਸ ਪ੍ਰੈਜ਼ੀਡੈਂਟ ਡਾ. ਹਰਸ਼ ਸਦਾਵਰਤੀ ਅਤੇ ਪਰਫਾਰਮਿੰਗ ਆਰਟ ਐਂਡ ਮੀਡੀਆ ਦੇ ਡਾਇਰੈਕਟਰ ਡਾ. ਸੁਰਜੀਤ ਕੌਰ ਪਥੇਜਾ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਹਾਜ਼ਰੀ ਭਰੀ।

# ਸਰਹਿੰਦ ਨਹਿਰ ਦੇ ਗੜ੍ਹੀ ਪੁਲ 'ਤੇ ਕਿਸਾਨਾਂ ਤੇ ਲੋਕਾਂ ਵੱਲੋਂ ਚੱਕਾ ਜਾਮ

**ਕਿਸਾਨਾਂ ਤੇ ਪ੍ਰਸ਼ਾਸਨ ਵਿਚਕਾਰ ਸਹਿਮਤੀ ਕਿ ਨਹਿਰ ਨੂੰ ਪੱਕਾ ਨਹੀਂ ਚੌੜਾ ਕੀਤਾ ਜਾਵੇਗਾ**



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕਿਸਾਨ ਜਥੇਬੰਦੀਆਂ ਤੇ ਲੋਕਾਂ ਵੱਲੋਂ ਰੋਪੜ ਤੋਂ ਲੈ ਕੇ ਨੀਲੋਂ ਤੱਕ ਵਗਦੀ ਸਰਹਿੰਦ ਨਹਿਰ ਨੂੰ ਪੱਕਾ ਕਰਨ ਦੇ ਵਿਰੋਧ ਵਿੱਚ ਸ਼ੁੱਕਰਵਾਰ ਰੋਸ ਪ੍ਰਦਰਸ਼ਨ ਕਰਦਿਆਂ ਗੜ੍ਹੀ ਪੁਲ 'ਤੇ ਚੱਕਾ ਜਾਮ ਕਰ ਦਿੱਤਾ, ਜਿਸ ਕਾਰਨ ਖੰਨਾ ਤੋਂ ਜੰਮੂ ਅਤੇ ਰੋਪੜ ਤੋਂ ਲੁਧਿਆਣਾ ਸੜਕੀ ਆਵਾਜਾਈ ਠੱਪ ਰਹੀ। ਕਿਸਾਨ ਜਥੇਬੰਦੀਆਂ ਸਵੇਰੇ 11 ਵਜੇ ਗੜ੍ਹੀ ਪੁਲ 'ਤੇ ਧਰਨਾ ਲਗਾ ਕੇ ਬੈਠ ਗਈਆਂ ਤੇ ਭਾਰੀ ਗਿਣਤੀ 'ਚ ਲੋਕ ਵੀ ਸਮਰਥਨ ਵਿੱਚ ਆਏ, ਜਿਨ੍ਹਾਂ ਕਿਹਾ ਕਿ ਸਰਹਿੰਦ ਨਹਿਰ ਪੱਕੀ ਕਰਨ ਨਾਲ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਹੋਰ ਗਿਰ ਜਾਵੇਗਾ, ਜਿਸ ਨਾਲ ਸਾਡੀਆਂ ਫਸਲਾਂ ਪ੍ਰਭਾਵਿਤ ਹੋਣਗੀਆਂ। ਪ੍ਰਸ਼ਾਸਨ ਨੂੰ ਪਤਾ ਸੀ ਕਿ ਕਿਸਾਨ ਜਥੇਬੰਦੀਆਂ ਨੇ ਅੱਜ ਧਰਨਾ ਲਗਾਉਣਾ ਹੈ, ਜਿਸ 'ਤੇ ਉੱਚ ਅਧਿਕਾਰੀ ਜਿਸ ਵਿੱਚ ਵਧੀਕ ਡਿਪਟੀ ਕਮਿਸ਼ਨਰ, ਐੱਸ ਡੀ ਐੱਮ ਸਮਰਾਲਾ ਰਜਨੀਸ਼ ਅਰੋੜਾ, ਡੀ ਐੱਸ ਪੀ ਤਰਲੋਚਨ ਸਿੰਘ ਤੇ ਸਿੰਚਾਈ ਵਿਭਾਗ ਦੇ ਅਧਿਕਾਰੀ ਮੌਜੂਦ ਸਨ। ਉਨ੍ਹਾਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਕਿ ਨਹਿਰ ਵਿੱਚ ਪਾਣੀ ਦੀ ਸਮਰੱਥਾ ਵਧਾਉਣ ਲਈ ਇਸ ਨੂੰ ਚੌੜਾ ਤੇ ਕੁਝ ਥਾਵਾਂ 'ਤੇ ਪੱਕਾ ਕੀਤਾ ਜਾ ਰਿਹਾ ਹੈ, ਜਿਸ ਨਾਲ ਆਸ-ਪਾਸ ਦੇ ਪਿੰਡਾਂ ਦੇ ਕਿਸਾਨਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਕਿਸਾਨ ਜਥੇਬੰਦੀਆਂ ਤੇ ਲੋਕ ਇਸ ਗੱਲ 'ਤੇ ਅੜੇ ਰਹੇ ਕਿ ਨਹਿਰ ਨੂੰ ਪੱਕਾ ਕਰਨ ਦਾ ਜੋ ਕੰਮ ਹੈ, ਉਹ ਰੁਕਵਾਇਆ ਜਾਵੇ, ਉਸ ਤੋਂ ਬਾਅਦ ਹੀ ਉਹ ਧਰਨਾ ਖੋਲ੍ਹਣਗੇ। ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਜੋ ਮਸ਼ੀਨਾਂ ਨਹਿਰ ਨੂੰ ਚੌੜਾ ਕਰਨ ਦਾ ਕੰਮ ਕਰ ਰਹੀਆਂ ਸਨ, ਉਨ੍ਹਾਂ ਨੂੰ ਬੰਦ ਕਰਵਾ ਦਿੱਤਾ ਅਤੇ ਸ਼ਾਮ ਨੂੰ 3.30 ਵਜੇ ਮੀਟਿੰਗ ਦਾ ਸੱਦਾ ਦਿੱਤਾ ਗਿਆ। ਇਹ ਮੀਟਿੰਗ ਕਰੀਬ 2.30 ਘੰਟੇ ਚੱਲੀ, ਜਿਸ ਵਿੱਚ ਕਿਸਾਨ ਯੂਨੀਅਨਾਂ ਦੇ ਨੁਮਾਇੰਦੇ, ਰਾਜਸ਼ੀ ਆਗੂਆਂ ਨਾਲ ਪ੍ਰਸ਼ਾਸਨਕ ਅਧਿਕਾਰੀਆਂ ਦੀ ਇਹ ਸਹਿਮਤੀ ਹੋਈ ਕਿ ਸਰਹਿੰਦ ਨਹਿਰ ਨੂੰ ਕੇਵਲ ਚੌੜਾ ਕੀਤਾ ਜਾਵੇਗਾ ਤੇ ਕੁਝ ਨਾਜ਼ੁਕ ਸਥਾਨ ਜਿੱਥੇ ਪਾੜ ਪੈਣ ਦਾ ਖ਼ਤਰਾ ਹੁੰਦਾ ਹੈ, ਉਸ ਭਾਗ ਨੂੰ ਪੱਕਾ ਕੀਤਾ ਜਾਵੇਗਾ। ਕਿਸਾਨਾਂ ਨੇ ਪ੍ਰਸ਼ਾਸਨਕ ਅਧਿਕਾਰੀਆਂ ਤੋਂ ਮੀਟਿੰਗ ਵਿੱਚ ਜੋ ਸਮਝੌਤਾ ਹੋਇਆ, ਉਸ ਨੂੰ ਲਿਖਤੀ ਰੂਪ ਵਿੱਚ ਮੰਗਿਆ। ਨਹਿਰ ਪੱਕੀ ਕਰਨ ਦੇ ਵਿਰੋਧ ਵਿੱਚ ਜੋ ਕਿਸਾਨਾਂ ਵੱਲੋਂ ਅਣਮਿੱਥੇ ਸਮੇਂ ਲਈ ਮੋਰਚੇ ਦਾ ਐਲਾਨ ਕੀਤਾ ਗਿਆ ਸੀ, ਉਹ ਅੱਜ ਪਹਿਲੇ ਦਿਨ ਹੀ ਫਤਹਿ ਹੋ ਗਿਆ ਅਤੇ ਲੋਕਾਂ ਨੂੰ ਚੱਕਾ ਜਾਮ ਤੋਂ ਨਿਜ਼ਾਤ ਮਿਲ ਜਾਵੇਗੀ। ਧਰਨੇ 'ਚ ਪਰਮਜੀਤ ਸਿੰਘ ਢਿੱਲੋਂ, ਹਰਜਤਿੰਦਰ ਸਿੰਘ ਬਾਜਵਾ, ਨਿੱਕਾ ਸਿੰਘ ਖੇੜਾ, ਸੁਖਵਿੰਦਰ ਸਿੰਘ ਭੱਟੀਆਂ, ਹਰਜਿੰਦਰ ਸਿੰਘ ਛੌੜੀਆਂ, ਹਰਦੀਪ ਸਿੰਘ ਗਿਆਸਪੁਰਾ, ਮਨਜੀਤ ਸਿੰਘ ਢੀਂਡਸਾ ਮੌਜੂਦ ਸਨ।

## ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਨਸ਼ਾ ਛੁਡਾਊ ਹਸਪਤਾਲ ਪਹੁੰਚੇ

**ਸੰਗਰੂਰ (ਪ੍ਰਵੀਨ ਸਿੰਘ)**-ਸਮਾਜਿਕ ਜਥੇਬੰਦੀ ਭਾਰਤੀ ਅੰਬੇਡਕਰ ਮਿਸ਼ਨ ਭਾਰਤ ਦੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਜ਼ਿਲ੍ਹਾ ਰੈਡ ਕਰਾਸ ਨਸ਼ਾ ਛੁਡਾਊ ਹਸਪਤਾਲ ਪਹੁੰਚੇ ਅਤੇ ਮਰੀਜ਼ਾਂ ਦਾ ਹਾਲਚਾਲ ਪੁੱਛਿਆ।

ਇਸ ਮੌਕੇ ਕਾਂਗੜਾ ਨੇ ਕਿਹਾ ਕਿ ਨਸ਼ਿਆਂ ਨੇ ਸਾਡੀ ਨੌਜਵਾਨੀ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ, ਜਿਸ ਕਾਰਨ ਉਹ ਆਪਣੀਆਂ ਜਾਨਾਂ ਗੁਆ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦਲਦਲ ਵਿਚ ਫ਼ਸ ਕੇ ਨੌਜਵਾਨ ਜਿੱਥੇ ਆਪਣੀ ਜ਼ਿੰਦਗੀ ਬਰਬਾਦ ਕਰ ਲੈਂਦੇ ਹਨ, ਉਥੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਦਾ ਵੀ ਬੁਰਾ ਹਾਲ ਹੁੰਦਾ ਹੈ ਅਤੇ ਆਰਥਿਕ ਹਾਲਾਤ ਵੀ ਬਦਤਰ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਭਾਰਤੀ ਅੰਬੇਡਕਰ ਮਿਸ਼ਨ ਭਾਰਤ ਵੱਲੋਂ ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਵਿਚ ਜਾਗਰੂਕਤਾ ਕੈਂਪ ਲਗਾਏ ਜਾਣਗੇ। ਇਸ ਮੌਕੇ ਹਸਪਤਾਲ ਦੇ ਡਾਇਰੈਕਟਰ ਬਲਰਾਜ ਸਿੰਘ ਸਣੇ ਸਮੂਹ ਸਟਾਫ਼ ਤੋਂ ਇਲਾਵਾ ਹਰਜੀਤ ਸਿੰਘ ਸਹੋਤਾ, ਵਿਕਰਮਜੀਤ ਸਿੰਘ ਗਿੱਲ, ਹਿਮਾਂਸ਼ੂ ਗਿੱਲ ਅਤੇ ਰਾਣਾ ਬੱਲੂ ਆਦਿ ਹਾਜ਼ਰ ਸਨ।

## ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਤ ਢਾਡੀ ਦਰਬਾਰ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਗੁਰਦੁਆਰਾ ਸਿੰਘ ਸਭਾ ਬਾਬਾ ਫ਼ਤਹਿ ਸਿੰਘ ਨਗਰ, ਪ੍ਰੀਤ ਨਗਰ ਫ਼ਤਹਿਗੜ੍ਹ ਸਾਹਿਬ ਵਿਖੇ 8ਵਾਂ ਢਾਡੀ ਦਰਬਾਰ ਕਰਵਾਇਆ ਗਿਆ।ਇਸ ਮੌਕੇ ਪੰਥਕ ਢਾਡੀ ਜਥਾ ਗਿਆਨੀ ਗੁਰਪ੍ਰਤਾਪ ਸਿੰਘ ਪਦਮ ਅੰਮ੍ਰਿਤਸਰ ਵਾਲਿਆਂ ਵੱਲੋਂ ਗੁਰੂ ਇਤਿਹਾਸ ਸਬੰਧੀ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਢਾਡੀ ਜਥੇ ਨੂੰ ਸਿਰੋਪਾ ਪਾ ਕੇ ਸਨਮਾਨਤ ਕੀਤਾ ਗਿਆ।ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਲਵਪ੍ਰੀਤ ਸਿੰਘ ਵੱਲੋਂ ਸਮਾਗਮ ਦੀ ਸਮਾਪਤੀ ਮੌਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਮੌਕੇ ਗੁਰੂ ਦਾ ਲੰਗਰ ਵੀ ਅਤੁੱਟ ਵਰਤਾਇਆ ਗਿਆ।ਇਸ ਮੌਕੇ ਪਰਵਿੰਦਰ ਸਿੰਘ ਦਿਓਲ ਨੇ ਦੱਸਿਆ ਕਿ ਅਗਲੀ ਵਾਰ ਤੋਂ ਇਹ ਢਾਡੀ ਦਰਬਾਰ ਸਮਾਗਮ 1 ਪੋਹ ਤੋਂ ਕਰਵਾਇਆ ਜਾਵੇਗਾ।ਇਸ ਮੌਕੇ ਦੀਦਾਰ ਸਿੰਘ ਭੱਟੀ ਜ਼ਿਲ੍ਹਾ ਪ੍ਰਧਾਨ ਭਾਜਪਾ ਤੇ ਸਾਬਕਾ ਵਿਧਾਇਕ, ਬਲਜੀਤ ਸਿੰਘ ਭੁੱਟਾ ਸਾਬਕਾ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ, ਗੁਰਦੁਆਰਾ ਸਾਹਿਬ ਕਮੇਟੀ ਦੇ ਪ੍ਰਧਾਨ ਬਲਵਿੰਦਰ ਸਿੰਘ ਸੋਹੀ, ਜਰਨੈਲ ਸਿੰਘ ਬੀਰੂ, ਬਲਜੀਤ ਸਿੰਘ ਦਿਓਲ, ਗਗਨਦੀਪ ਸਿੰਘ ਦਿਓਲ, ਸਵਰਨ ਸਿੰਘ ਬਾਠ, ਸਾਬਕਾ ਮੈਨੇਜਰ ਅਮਰਜੀਤ ਸਿੰਘ, ਹਰਵਿੰਦਰ ਸਿੰਘ ਬੱਬਲ, ਦਵਿੰਦਰ ਸਿੰਘ ਚੀਮਾ, ਗੁਰਵਿੰਦਰ ਸਿੰਘ ਸੋਹੀ, ਅਜੀਤ ਸਿੰਘ ਫ਼ਤਹਿਗੜ੍ਹੀਆ, ਰਣਜੋਧ ਸਿੰਘ, ਹਰਵਿੰਦਰ ਸਿੰਘ ਭੰਗੂ ਆਦਿ ਸ਼ਾਮਲ ਸਨ।

## ਲੁਟੇਰੇ ਮੋਟਰਸਾਈਕਲ ਸਵਾਰ ਤੋਂ ਨਕਦੀ ਤੇ ਮੋਬਾਇਲ ਖੋਹ ਕੇ ਫਰਾਰ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਧੂਰੀ-ਸ਼ੇਰਪੁਰ ਮੁੱਖ ਸੜਕ 'ਤੇ ਪਿੰਡ ਘਨੌਰ ਖੁਰਦ ਤੇ ਘਨੌਰੀ ਕਲਾਂ ਦੇ ਗੇਟ ਨੇੜੇ ਤਿੰਨ ਲੁਟੇਰੇ ਮੋਟਰਸਾਈਕਲ ਸਵਾਰ ਤੋਂ ਨਕਦੀ, ਮੋਬਾਇਲ ਤੇ ਹੋਰ ਸਾਮਾਨ ਖੋਹ ਕੇ ਫਰਾਰ ਹੋ ਗਏ।ਇਸ ਸੜਕ 'ਤੇ ਪਹਿਲਾਂ ਵੀ ਅਜਿਹੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ।ਲੁੱਟ ਦਾ ਸ਼ਿਕਾਰ ਹੋਏ ਵਰਖਾ ਰਾਮ ਉਰਫ ਬਿੱਟੂ ਵਾਸੀ ਘਨੌਰੀ ਕਲਾਂ ਅਨੁਸਾਰ ਬੀਤੀ ਰਾਤ ਤਕਰੀਬਨ 8 ਵਜੇ ਆਪਣੇ ਕੰਮ ਤੋਂ ਮੋਟਰਸਾਈਕਲ 'ਤੇ ਆਪਣੇ ਪਿੰਡ ਘਨੌਰੀ ਕਲਾਂ ਨੂੰ ਵਾਪਸ ਆ ਰਿਹਾ ਸੀ ਤਾਂ ਇੱਕ ਮੋਟਰਸਾਈਕਲ 'ਤੇ ਸਵਾਰ ਤਿੰਨ ਵਿਅਕਤੀਆਂ ਨੇ ਹਨੇਰੇ ਦਾ ਫਾਇਦਾ ਚੁੱਕ ਕੇ ਉਸ ਦੇ ਅੱਗੇ ਲਿਆ ਕੇ ਮੋਟਰਸਾਈਕਲ ਰੋਕ ਲਿਆ। ਉਨ੍ਹਾਂ ਵਿੱਚੋਂ ਇੱਕ ਕੋਲ ਕਿਰਪਾਨ, ਇੱਕ ਕੋਲ ਬੇਸਬੈਟ ਤੇ ਤੀਜੇ ਕੋਲ ਵੀ ਕੋਈ ਹਥਿਆਰ ਸੀ ਜਿਨ੍ਹਾਂ ਨੇ ਬੇਸਬੈਟ ਮਾਰ ਕੇ ਉਸ ਦਾ ਮੋਬਾਇਲ ਖੋਹ ਲਿਆ।ਤਕਰੀਬਨ ਦੋ ਹਜ਼ਾਰ ਨਕਦੀ ਖੋਹ ਲਈ ਅਤੇ ਉਸ ਦੀ ਜੈਕੇਟ, ਦਸਤਾਨੇ, ਦੁਕਾਨ ਤੇ ਮੋਟਰਸਾਈਕਲ ਦੀਆਂ ਚਾਬੀਆਂ ਆਦਿ ਸਾਮਾਨ ਖੋਹ ਲਿਆ। ਪੀੜਤ ਅਨੁਸਾਰ, ਉਹ ਰਾਤ ਸਮੇਂ ਥਾਣੇ ਵੀ ਗਏ ਅਤੇ ਹੈਲਪਲਾਈਨ ਨੰਬਰ 'ਤੇ ਫੋਨ ਕੀਤਾ।ਅੱਜ ਸਵੇਰੇ ਐੱਸ ਐੱਚ ਓ ਸਦਰ ਧੂਰੀ ਕਰਮਜੀਤ ਸਿੰਘ ਆਪਣੀ ਟੀਮ ਸਮੇਤ ਘਨੌਰੀ ਕਲਾਂ ਪੁੱਜੇ ਅਤੇ ਮੌਕੇ 'ਤੇ ਜਾ ਕੇ ਜਾਇਜ਼ਾ ਲਿਆ।ਭਰੋਸੇਯੋਗ ਸੂਤਰਾਂ ਦਾ ਕਹਿਣਾ ਹੈ ਪੁਲਸ ਨੇ ਇੱਕ ਸ਼ੱਕੀ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਜਦੋਂ ਕਿ ਉਸ ਦੇ ਦੋ ਸਾਥੀ ਹਾਲੇ ਗ੍ਰਿਫ਼ਤ 'ਚੋਂ ਬਾਹਰ ਹਨ।

## ਕਿਸਾਨ ਆਗੂ ਸਰਪੰਚ ਹਰਜੀਤ ਬੁਗਰਾ ਨੇ ਸੰਘਰਸ਼ ਵਿੱਢਣ ਦੇ ਦਿੱਤੇ ਸੰਕੇਤ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਚਾਇਤ ਯੂਨੀਅਨ ਧੂਰੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਹਲਕੇ ਦੇ ਮੋਹਰੀ ਕਿਸਾਨ ਆਗੂ ਸਰਪੰਚ ਹਰਜੀਤ ਸਿੰਘ ਬੁਗਰਾ ਨੇ ਅੱਜ ਬੁਗਰਾ ਦੇ ਪੰਚਾਇਤ ਮੈਂਬਰਾਂ ਦੀ ਹਾਜ਼ਰੀ ਵਿੱਚ ਆਪਣੇ ਫੇਸਬੁੱਕ ਪੇਜ 'ਤੇ ਲਾਈਵ ਹੁੰਦਿਆਂ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਖਿਲਾਫ਼ ਲੜਾਈ ਵਿੱਢਣ ਦੇ ਸੰਕੇਤ ਦਿੱਤੇ ਹਨ।ਦੱਸਣਯੋਗ ਹੈ ਕਿ ਸਰਪੰਚ ਹਰਜੀਤ ਸਿੰਘ ਬੁਗਰਾ ਵੱਲੋਂ ਲੰਮੇ ਸਮੇਂ ਤੋਂ ਪੰਚਾਇਤਾਂ ਭੰਗਾਂ ਹੋਣ ਤੋਂ ਬਾਅਦ ਪ੍ਰਬੰਧਕਾਂ ਦੀ ਨਿਗਰਾਨੀ ਹੇਠ ਹੋਏ ਵਿਕਾਸ ਕਾਰਜਾਂ ਵਿੱਚ ਕਥਿਤ ਤੌਰ 'ਤੇ ਵੱਡੇ ਹੇਰਫ਼ੇਰ ਹੋਣ ਦੇ ਦੋਸ਼ ਲਗਾਉਂਦਿਆਂ ਜਾਂਚ ਕਰਵਾਉਣ ਸਮੇਤ ਕਈ ਹੋਰ ਸੰਗੀਨ ਦੋਸ਼ ਲਗਾਏ ਸਨ।ਕਿਸਾਨ ਆਗੂ ਬੁਗਰਾ ਨੇ ਦੋਸ਼ ਲਗਾਇਆ ਕਿ ਭਾਵੇਂ ਪੰਚਾਇਤਾਂ ਦੀ ਚੋਣ ਹੋਈ ਨੂੰ ਕਰੀਬ 3 ਮਹੀਨੇ ਹੋ ਚੁੱਕੇ ਹਨ, ਪਰ ਅੱਜ ਤੱਕ ਵਿਭਾਗ ਵੱਲੋਂ ਪੰਚਾਇਤਾਂ ਨੂੰ ਪੂਰਾ ਚਾਰਜ ਨਹੀਂ ਦਿੱਤਾ ਗਿਆ ਅਤੇ ਨਾ ਹੀ ਬੈਂਕ ਖਾਤਿਆਂ ਵਿੱਚ ਦਸਤਖਤ ਅਪਡੇਟ ਕਰਵਾਏ ਗਏ ਹਨ।ਉਨ੍ਹਾਂ ਆਪਣੇ ਪਿੰਡ ਦੇ ਸਟੇਡੀਅਮ ਦੀ ਗੱਲ ਕਰਦਿਆਂ ਕਿਹਾ ਕਿ ਪ੍ਰਬੰਧਕਾਂ ਦੇ ਕਾਰਜਕਾਲ ਦੌਰਾਨ ਸਾਡੇ ਪਿੰਡ ਵਿੱਚ ਹੋਏ ਵਿਕਾਸ ਕਾਰਜਾਂ ਵਿੱਚ ਵੱਡੇ ਪੱਧਰ 'ਤੇ ਘਪਲੇਬਾਜ਼ੀ ਕੀਤੀ ਗਈ ਹੈ।ਉਨ੍ਹਾਂ ਸਟੇਡੀਅਮ ਵਿੱਚ ਹੋਏ ਪਲੱਸਤਰ, ਚਾਰਦੀਵਾਰੀ, ਲਾਈਟਾਂ ਸਮੇਤ ਹੋਰਨਾਂ ਵਿਕਾਸ ਕਾਰਜਾਂ ਦੀ ਜਾਂਚ ਕਰਵਾਉਣ ਦੀ ਮੰਗ ਕਰਦਿਆਂ ਕਿਹਾ ਕਿ ਭਾਵੇਂ ਮਾਮਲੇ ਸਬੰਧੀ ਕਈ ਵਾਰ ਪੰਜਾਬ ਦੇ ਮੁੱਖ ਮੰਤਰੀ ਦੇ ਓ.ਐੱਸ.ਡੀ ਰਾਜਬੀਰ ਸਿੰਘ ਘੁੰਮਣ ਅਤੇ ਮੁੱਖ ਮੰਤਰੀ ਕੈਂਪਸ ਦਫ਼ਤਰ ਧੂਰੀ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਨਾਲ ਮੀਟਿੰਗਾਂ ਹੋ ਚੁੱਕੀਆਂ ਹਨ, ਪਰ ਪਰਨਾਲਾ ਉਥੇ ਦਾ ਉਥੇ ਹੀ ਹੈ।ਉਨ੍ਹਾਂ ਦੋਸ਼ ਲਗਾਇਆ ਕਿ ਪੰਚਾਇਤਾਂ ਦੀ ਚੋਣ ਹੋਣ ਤੋਂ ਬਾਅਦ ਵੀ ਪ੍ਰਬੰਧਕਾਂ ਵੱਲੋਂ ਖਾਤਿਆਂ ਵਿੱਚ ਲੈਣ-ਦੇਣ ਕੀਤਾ ਜਾ ਰਿਹਾ ਹੈ ਅਤੇ ਅੱਜ ਤੱਕ ਪੰਚਾਇਤਾ ਨੂੰ ਬੈਂਕ ਖਾਤਿਆਂ ਦੀਆ ਡਿਟੇਲਾਂ ਨਹੀਂ ਦਿੱਤੀਆਂ ਜਾ ਰਹੀਆਂ।ਉਨ੍ਹਾਂ ਅਗਾਮੀ ਦਿਨਾਂ ਵਿੱਚ ਸੰਘਰਸ਼ ਵਿੱਢਣ ਦੇ ਸੰਕੇਤ ਦਿੰਦਿਆਂ ਕਿਹਾ ਕਿ ਪ੍ਰਸ਼ਾਸਨ ਨੂੰ ਸਬਰ ਦਾ ਇਮਤਿਹਾਨ ਨਹੀਂ ਲੈਣਾ ਚਾਹੀਦਾ ਅਤੇ ਜਾਂਚ ਕਰਵਾਉਣ ਦੀ ਮੰਗ ਨੂੰ ਸਵੀਕਾਰਦਿਆਂ ਪ੍ਰਬੰਧਕਾਂ ਦੇ ਕਾਰਜਕਾਲ ਦੌਰਾਨ ਹੋਏ ਵਿਕਾਸ ਕਾਰਜਾਂ ਦੀ ਜਾਂਚ ਕਿਸੇ ਵੱਡੇ ਅਫ਼ਸਰ ਤੋਂ ਕਰਵਾਉਣੀ ਚਾਹੀਦੀ ਹੈ।ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੀਟਿੰਗ ਦੀ ਮੰਗ ਕਰਦਿਆਂ ਕਿਹਾ ਕਿ ਭਾਵੇਂ ਮੁੱਖ ਮੰਤਰੀ ਵੱਲੋਂ ਕੁਰੱਪਸ਼ਨ ਰਹਿਤ ਪ੍ਰਸ਼ਾਸਨ ਦੇਣ ਦੇ ਵਾਅਦੇ ਕੀਤੇ ਜਾ ਰਹੇ ਹਨ, ਪਰ ਉਨ੍ਹਾਂ ਦੇ ਆਪਣੇ ਹਲਕੇ ਦੀ ਅਫ਼ਸਰਸ਼ਾਹੀ ਹੀ ਉਨ੍ਹਾਂ ਦੇ ਹੁਕਮਾਂ ਦੀ ਪ੍ਰਵਾਹ ਨਹੀਂ ਕਰ ਰਹੀ।

## ਸਿੰਥੈਟਿਕ ਜਾਂ ਪਲਾਸਟਿਕ ਦੀ ਬਣੀ ਡੋਰ 'ਤੇ ਮੁਕੰਮਲ ਪਾਬੰਦੀ : ਜ਼ਿਲ੍ਹਾ ਮੈਜਿਸਟ੍ਰੇਟ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਜ਼ਿਲ੍ਹਾ ਮੈਜਿਸਟ੍ਰੇਟ ਸੰਗਰੂਰ ਸੰਦੀਪ ਰਿਸ਼ੀ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ (ਬੀ.ਐਨ.ਐਸ.ਐਸ.), 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਸੰਗਰੂਰ 'ਚ ਪੈਂਦੇ ਥਾਣਿਆਂ ਦੇ ਇਲਾਕਿਆਂ ਅੰਦਰ ਪਤੰਗ/ਗੁੱਡੀਆਂ ਉਡਾਉਣ ਲਈ ਸੰਥੈਟਿਕ/ਪਲਾਸਟਿਕ/ਨਾਇਲੋਨ ਦੀ ਬਣੀ ਡੋਰ/ਚਾਇਨਾ ਡੋਰ ਅਤੇ ਮਜ਼ਾਜ (ਕੱਚ ਦੇ ਪਾਊਡਰ/ਮੈਟਲ ਜਾਂ ਕੋਈ ਤਿੱਖੇ ਮਟੀਰੀਅਲ ਲੱਗੇ ਹੋਏ ਧਾਗੇ) ਨੂੰ ਵੇਚਣ/ਖਰੀਦਣ, ਸਟੋਰ, ਸਪਲਾਈ, ਆਯਾਤ ਕਰਨ ਅਤੇ ਇਸ ਦੀ ਵਰਤੋਂ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾਈ ਹੈ।ਹੁਕਮ 'ਚ ਕਿਹਾ ਗਿਆ ਹੈ ਕਿ ਅੱਜ ਕੱਲ੍ਹ ਪਤੰਗ/ਗੁੱਡੀਆਂ ਉਡਾਉਣ ਲਈ ਜਿਹੜੀ ਡੋਰ ਦੀ ਵਰਤੋਂ ਕੀਤੀ ਜਾ ਰਹੀ ਹੈ, ਉਹ ਸੂਤੀ ਡੋਰ ਤੋਂ ਹਟ ਕੇ ਸੰਥੈਟਿਕ/ਪਲਾਸਟਿਕ ਦੀ ਬਣੀ ਡੋਰ/ਚਾਇਨਾ ਡੋਰ ਜਾਂ ਮਾਂਜਾ ਦਾ ਇਸਤੇਮਾਲ ਹੁੰਦਾ ਹੈ ਅਤੇ ਉਹ ਬਹੁਤ ਮਜ਼ਬੂਤ, ਨਾ -ਗਲਣਯੋਗ ਅਤੇ ਨਾ ਹੀ ਟੁੱਟਣਯੋਗ ਹੈ।ਇਹ ਡੋਰ ਪਤੰਗਬਾਜ਼ੀ ਸਮੇਂ ਪਤੰਗ/ਗੁੱਡੀਆਂ ਉਡਾਉਣ ਵਾਲਿਆਂ ਦੇ ਹੱਥ ਅਤੇ ਉਂਗਲਾਂ ਕੱਟ ਦਿੰਦੀ ਹੈ।ਸਾਈਕਲ ਅਤੇ ਸਕੂਟਰ ਚਾਲਕਾਂ ਦੇ ਗਲ ਅਤੇ ਕੰਨ ਕੱਟੇ ਜਾਣ ਤੋਂ ਇਲਾਵਾ ਉਡਦੇ ਪੰਛੀਆਂ ਦੇ ਫਸ ਜਾਣ ਤੇ ਉਨ੍ਹਾਂ ਦੇ ਮਰਨ ਦੀਆਂ ਕਾਫੀ ਘਟਨਾਵਾਂ ਵਾਪਰਦੀਆਂ ਹਨ।ਹੁਕਮ 'ਚ ਅੱਗੇ ਦੱਸਿਆ ਕਿ ਇਨ੍ਹਾਂ ਤੱਥਾਂ ਨੂੰ ਮੁੱਖ ਰੱਖਦਿਆਂ ਸੰਥੈਟਿਕ/ਪਲਾਸਟਿਕ ਦੀ ਬਣੀ ਡੋਰ/ਚਾਈਨਾ ਡੋਰ ਅਤੇ ਮਾਂਜਾ ਨੂੰ ਪਤੰਗਾਂ ਲਈ ਵਰਤਣ ਵਾਸਤੇ ਵੇਚਣ/ਖਰੀਦਣ, ਸਟੋਰ ਕਰਨ ਅਤੇ ਇਸ ਦੀ ਵਰਤੋਂ 'ਤੇ ਰੋਕ ਲਗਾਉਣ ਲਈ ਕਦਮ ਚੁੱਕਣ ਦੀ ਅਤਿ ਲੋੜ ਮਹਿਸੂਸ ਕੀਤੀ ਗਈ ਹੈ।ਇਹ ਹੁਕਮ ਮਿਤੀ 24 ਫਰਵਰੀ ਤੱਕ ਲਾਗੂ ਰਹਿਣਗੇ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਜ਼ੀਰਾ ਦੇ ਅਹੁਦੇਦਾਰਾਂ ਦੀ ਚੋਣ



**ਜ਼ੀਰਾ (ਨਰਿੰਦਰ ਅਨੇਜਾ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਬਲਾਕ ਜ਼ੀਰਾ ਦੀ ਮਹੀਨਾਵਾਰ ਮੀਟਿੰਗ ਵਿੱਚ ਅਹੁਦੇਦਾਰਾਂ ਦੀ ਚੋਣ ਜ਼ਿਲ੍ਹਾ ਪ੍ਰਧਾਨ ਹਰਭਜਨ ਕੰਬੋਜ ਦੀ ਪ੍ਰਧਾਨਗੀ ਤੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਕੈਸ਼ੀਅਰ ਗੁਰਪ੍ਰੀਤ ਸਿੰਘ ਵੱਲੋਂ ਰਿਪੋਰਟ ਪੇਸ਼ ਕੀਤੀ ਗਈ ਅਤੇ ਜਨਰਲ ਸਕੱਤਰ ਸੁਰਜੀਤ ਸਿੰਘ ਵੱਲੋਂ ਸੈਕਟਰੀ ਰਿਪੋਰਟ ਪੇਸ਼ ਕਰਨ ਤੋਂ ਬਾਅਦ ਪ੍ਰਧਾਨ ਗੁਰਦਿੱਤ ਸਿੰਘ ਵੱਲੋਂ ਪ੍ਰਧਾਨਗੀ ਭਾਸ਼ਣ ਦੇਣ ਉਪਰੰਤ ਜ਼ਿਲ੍ਹਾ ਪ੍ਰਧਾਨ ਹਰਭਜਨ ਲਾਲ ਕੰਬੋਜ ਵੱਲੋਂ ਮੈਨਜਮੈਂਟ ਕਮੇਟੀ ਭੰਗ ਕਰ ਦਿੱਤੀ ਗਈ।ਜ਼ਿਲ੍ਹਾ ਪ੍ਰਧਾਨ ਹਰਭਜਨ ਕੰਬੋਜ ਵੱਲੋਂ ਵੱਖ ਵੱਖ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਪਹੁੰਚੇ ਪ੍ਰੈਕਟੀਸ਼ਨਰਾਂ ਦੀ ਹਾਜ਼ਰੀ ਵਿੱਚ ਸਰਬਸੰਮਤੀ ਨਾਲ ਆਤਮਾ ਸਿੰਘ ਨੂੰ ਪ੍ਰਧਾਨ ਚੁਣਿਆ ਗਿਆ।ਹੋਰ ਅਹੁਦੇਦਾਰਾਂ ਵਿੱਚ ਗੁਰਦਿੱਤ ਸਿੰਘ ਚੇਅਰਮੈਨ, ਧਰਮਿੰਦਰ ਸਿੰਘ ਤੇ ਸਲਵਿੰਦਰ ਸਿੰਘ ਵਾਈਸ ਚੇਅਰਮੈਨ, ਸੁਰਜੀਤ ਸਿੰਘ ਜਨਰਲ ਸਕੱਤਰ ਤੇ ਜਗਮੀਤ ਸਿੰਘ ਜੋਆਇੰਟ ਸਕੱਤਰ, ਗੁਰਪ੍ਰੀਤ ਸਿੰਘ ਕੈਸ਼ੀਅਰ, ਬੋਹੜ ਸਿੰਘ ਤੇ ਕੁਲਵੀਰ ਸਿੰਘ ਨੂੰ ਜੋਆਇੰਟ ਕੈਸ਼ੀਅਰ, ਜਸਵਿੰਦਰ ਸਿੰਘ ਸੁੱਖੇਵਾਲਾ ਤੇ ਅਜਮੇਰ ਸਿੰਘ ਢੇਰੂ ਨੂੰ ਸੀਨੀਅਰ ਮੀਤ ਪ੍ਰਧਾਨ, ਪ੍ਰੈਸ ਸਕੱਤਰ ਵਰਿੰਦਰ ਸਿੰਘ, ਸਟੇਜ ਸਕੱਤਰ ਸੰਤੋਖ ਸਿੰਘ ਤੇ ਵਾਈਸ ਸਟੇਜ ਸਕੱਤਰ ਡਾ. ਗੁਰਜੀਤ ਸਿੰਘ ਪੰਡੋਰੀ, ਸੋਸ਼ਲ ਮੀਡੀਆ ਇੰਚਾਰਜ ਲਵਲੀ ਸਿੰਘ ਤੇ ਮਨਪ੍ਰੀਤ ਸਿੰਘ ਜ਼ੀਰਾ, ਸਲਾਹਕਾਰ ਕਮੇਟੀ ਵਿੱਚ ਜਰਨੈਲ ਸਿੰਘ, ਹਰਬੰਸ ਸਿੰਘ, ਪੂਰਨ ਸਿੰਘ, ਬਲਜੀਤ ਸਿੰਘ, ਸ਼ਮਸ਼ੇਰ ਸਿੰਘ, ਜਸਵਿੰਦਰ ਸਿੰਘ ਸੋਢੀਵਾਲਾ, ਜਗਜੀਤ ਸਿੰਘ ਅਤੇ ਸੁਖਦੀਪ ਸਿੰਘ ਚੁਣੇ ਗਏ। ਚੋਣ ਪ੍ਰਕਿਰਿਆ ਉਪਰੰਤ ਜ਼ਿਲ੍ਹਾ ਪ੍ਰਧਾਨ ਹਰਭਜਨ ਕੰਬੋਜ ਨੇ ਨਵੀਂ ਚੁਣੀ ਮੈਨਜਮੈਂਟ ਕਮੇਟੀ ਨੂੰ ਵਧਾਈ ਦਿੱਤੀ ਤੇ ਪਿੰਡਾਂ ਵਿੱਚ ਕੰਮ ਕਰਦੇ ਪ੍ਰੈਕਟੀਸ਼ਨਰਾਂ ਦੀ ਚਿਰੋਕਣੀ ਮੰਗ ਨੂੰ ਦੁਹਰਾਉਂਦਿਆਂ ਸਰਕਾਰ ਕੋਲੋਂ ਮੰਗ ਕੀਤੀ ਕਿ ਸਰਕਾਰ ਪਿਛਲੇ ਲੰਮੇ ਸਮੇਂ ਤੋਂ ਬੰਦ ਪਈ ਰਜਿਸਟਰੇਸ਼ਨ ਖੋਲ੍ਹੇ ਜਾਂ ਕੋਈ ਸ਼ਾਰਟ ਟਰਮ ਕੋਰਸ ਕਰਵਾ ਕੇ ਬੇਖੌਫ ਕੰਮ ਕਰਨ ਦਾ ਅਧਿਕਾਰ ਦੇਵੇ। ਅਖ਼ੀਰ ਨਵੇਂ ਬਣੇ ਪ੍ਰਧਾਨ ਆਤਮਾ ਸਿੰਘ ਨੇ ਪ੍ਰਧਾਨ ਬਣਾਏ ਜਾਣ 'ਤੇ ਸਮੁੱਚੀ ਯੂਨੀਅਨ ਤੇ ਜ਼ਿਲ੍ਹਾ ਕਮੇਟੀ ਦਾ ਧੰਨਵਾਦ ਕੀਤਾ।ਮੀਟਿੰਗ ਵਿੱਚ ਉਪਰੋਕਤ ਚੁਣੀ ਗਈ ਕਮੇਟੀ ਤੋਂ ਇਲਾਵਾ ਵੱਖ ਵੱਖ ਪਿੰਡਾਂ ਤੋਂ ਪ੍ਰੈਕਟੀਸ਼ਨਰਾਂ ਜਸਕਰਨ ਸਿੰਘ, ਜੋਗਿੰਦਰ ਸਿੰਘ, ਸੁਖਬੀਰ ਸਿੰਘ, ਜਗੀਰ ਸਿੰਘ, ਸੋਨੂੰ, ਹਰਪ੍ਰੀਤ ਸਿੰਘ, ਤਰਸੇਮ ਸਿੰਘ, ਇੰਦਰ ਸਿੰਘ, ਮਨਪ੍ਰੀਤ ਸਿੰਘ ਛੂਛਕ, ਵਿਜੇ ਕੁਮਾਰ, ਕੁਲਵਿੰਦਰ ਸਿੰਘ, ਮੁਖਤਿਆਰ ਸਿੰਘ, ਪਰਮਜੀਤ ਸਿੰਘ, ਗੁਰਭੇਜ ਸਿੰਘ, ਸੰਦੀਪ ਸਿੰਘ, ਗੁਰਪ੍ਰੀਤ ਸਿੰਘ ਮਸਤੇ ਵਾਲਾ, ਪਵਨਵੀਰ, ਰਾਜਵਿੰਦਰ ਸਿੰਘ, ਗੁਰਵੀਰ ਕੌਰ, ਰਮਨਜੀਤ ਕੌਰ, ਗਗਨਦੀਪ, ਸਰਬਜੀਤ, ਸੁਖਦੀਪ, ਦਵਿੰਦਰ ਸਿੰਘ ਆਦਿ ਨੇ ਸ਼ਮੂਲੀਅਤ ਕੀਤੀ।

## ਰਾਏ ਨੇ ਵਿਕਾਸ ਕਾਰਜਾਂ ਲਈ ਪੰਚਾਇਤਾਂ ਨੂੰ ਗਰਾਂਟਾਂ ਦਿੱਤੀਆਂ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਾਲ 2025 ਦੇ ਪਹਿਲੇ ਹਫਤੇ ਹੀ ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਗਰਾਂਟਾਂ ਦੀ ਝੜੀ ਲਗਾ ਦਿੱਤੀ ਗਈ ਹੈ। ਇਸੇ ਲੜੀ ਦੇ ਤਹਿਤ ਅੱਜ ਵਿਧਾਇਕ ਵੱਲੋਂ ਆਪਣੇ ਦਫਤਰ ਵਿਖੇ 41 ਲੱਖ ਰੁਪਏ ਦੀਆਂ ਗਰਾਂਟਾਂ ਦੇ ਸੈਂਕਸ਼ਨ ਲੈਟਰ ਪੰਚਾਇਤਾਂ ਨੂੰ ਮੁਹੱਈਆ ਕਰਵਾਏ ਗਏ। ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਹ ਸੰਕੇਤ ਦਿੱਤੇ ਗਏ ਹਨ ਕਿ ਆਉਣ ਵਾਲੇ ਦੋ ਸਾਲ ਵਿਕਾਸ ਕਾਰਜਾਂ ਦੇ ਲਈ ਬਹੁਤ ਜ਼ਿਆਦਾ ਲਾਹੇਮੰਦ ਹੋਣ ਵਾਲੇ ਹਨ। ਇਨਾਂ ਸਾਲਾਂ ਦੇ ਵਿੱਚ ਸੂਬੇ ਦੀ ਕਾਇਆ ਕਲਪ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵੱਖ-ਵੱਖ ਪਿੰਡਾਂ ਨੂੰ ਅਲੱਗ ਅਲੱਗ ਗਰਾਂਟਾਂ ਦਿੱਤੀਆਂ ਗਈਆਂ ਹਨ। ਵਿਵੇਕੀ ਗਰਾਂਟ ਦੇ ਤਹਿਤ ਖਰੇ ਪਿੰਡ ਨੂੰ 2 ਲੱਖ ਰੁਪਏ, ਭੱਲ ਮਾਜਰਾ ਨੂੰ 3 ਲੱਖ, ਨੌਲੱਖਾ ਨੂੰ 5 ਲੱਖ, ਪੰਜੋਲੀ ਖੁਰਦ ਨੂੰ 3 ਲੱਖ, ਮੁੱਲਾਂਪੁਰ ਖੁਰਦ ਨੂੰ 5 ਲੱਖ, ਜਖਵਾਲੀ ਨੂੰ 2.50 ਲੱਖ, ਪੋਲਾਂ ਨੂੰ 2.50 ਲੱਖ, ਜਾਗੋ ਚਨਾਰਥਲ ਨੂੰ 2 ਲੱਖ, ਮੂਲੇਪੁਰ ਨੂੰ 5 ਲੱਖ ਦਿੱਤਾ ਗਿਆ ਹੈ। ਇਸੇ ਤਰ੍ਹਾਂ ਆਰਡੀਓਜ਼ ਦੇ ਤਹਿਤ ਗ੍ਰਾਮ ਪੰਚਾਇਤ ਭਮਾਰਸੀ ਬੁਲੰਦ ਨੂੰ ਦੋ ਲੱਖ, ਬੁੱਚੜੇ ਨੂੰ 2 ਲੱਖ, ਬਧੌਛੀ ਕਲਾਂ ਨੂੰ 2 ਲੱਖ, ਭਮਾਰਸੀ ਬੁਲੰਦ ਨੂੰ 2 ਲੱਖ, ਨੌਲੱਖਾ ਨੂੰ 1 ਲੱਖ, ਮੁਹੰਮਦੀਪੁਰ ਨੂੰ 2 ਲੱਖ ਰੁਪਏ ਦਿੱਤੇ ਗਏ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਿੰਡ ਖਰੇ ਤੋਂ ਸਰਪੰਚ ਸਤਪਾਲ ਸਿੰਘ, ਭੱਲ ਮਾਜਰਾ ਤੋਂ ਸਰਪੰਚ ਕਰਮਜੀਤ ਕੌਰ, ਕਿੰਦਰ ਭੱਲਮਾਜਰਾ, ਬਲਦੇਵ ਸਿੰਘ ਭੱਲਮਾਜਰਾ, ਸਰਪੰਚ ਮੋਹਣ ਸਿੰਘ ਭੱਟਮਾਜਰਾ, ਬਲਕਾਰ ਸਿੰਘ, ਸਰਪੰਚ ਗੁਰਨਾਮ ਸਿੰਘ ਪੰਜੋਲੀ ਖੁਰਦ, ਸਰਬਜੀਤ ਸਿੰਘ ਪੰਜੋਲੀ ਖੁਰਦ, ਸੁੱਚਾ ਸਿੰਘ ਬੁੱਚੜੇ, ਮਨਦੀਪ ਪੋਲਾ, ਰੁਪਿੰਦਰ ਸਿੰਘ ਕੋਟਲਾ ਸੁਲੇਮਾਨ, ਪੀ ਏ ਸਤੀਸ਼ ਲਟੌਰ ਆਦਿ ਵੀ ਹਾਜ਼ਰ ਸਨ।

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ ਸਜਾਇਆ ਅਲੌਕਿਕ ਨਗਰ ਕੀਰਤਨ



**ਚੀਮਾ ਮੰਡੀ (ਰਵਿੰਦਰ ਚੀਮਾ)**-ਪਿੰਡ ਸ਼ਾਹਪੁਰ ਕਲਾਂ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹੀ ਨੌਵੀਂ ਮੰਜੀ ਸਾਹਿਬ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਾਹਿਬ ਏ ਕਮਾਲ, ਸਰਬੰਸਦਾਨੀ, ਕਲਗੀਧਰ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਦੀਆਂ ਖੁਸ਼ੀਆਂ ਨੂੰ ਮੁੱਖ ਰੱਖਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ।ਨਗਰ ਕੀਰਤਨ ਦੀ ਸ਼ੁਰੂਆਤ ਕਰਦਿਆਂ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਬਾਬਾ ਬੂਟਾ ਸਿੰਘ ਨੇ ਅਰਦਾਸ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਕਰਨ ਦੀ ਸੇਵਾ ਨਿਭਾਈ।ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਬਹੁਤ ਹੀ ਸੁੰਦਰ ਪਾਲਕੀ 'ਚ ਰਵਾਨਾ ਹੋਇਆ ਤੇ ਪਿੰਡ ਦੇ ਵੱਖ ਵੱਖ ਸਥਾਨਾਂ ਤੋਂ ਹੁੰਦਾ ਹੋਇਆ ਸ਼ਾਮ ਨੂੰ ਵਾਪਸ ਗੁਰਦੁਆਰਾ ਸਾਹਿਬ ਵਿਖੇ ਸੰਪੂਰਨ ਹੋਇਆ।ਪਿੰਡ 'ਚ ਵੱਖ ਸਥਾਨਾਂ 'ਤੇ ਚਾਹ ਮਦਾਨਾ ਤੇ ਪਕੌੜਿਆਂ ਦਾ ਲੰਗਰ ਅਤੁੱਟ ਵਰਤਿਆ ਅਤੇ ਪਿੰਡ ਦੀਆਂ ਸੰਗਤਾਂ ਨੇ ਗੁਰੂ ਗ੍ਰੰਥ ਸਾਹਿਬ ਜੀ 'ਤੇ ਫੁੱਲਾਂ ਦੀ ਵਰਖਾ ਕਰਕੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ।

ਨਗਰ ਕੀਰਤਨ ਦੌਰਾਨ ਵੱਖ ਵੱਖ ਢਾਡੀ ਜਥਿਆਂ ਨੇ ਵਾਰਾਂ ਸੁਣਾਈਆਂ ਤੇ ਭਾਈ ਗੁਰਸੇਵਕ ਸਿੰਘ ਹਜ਼ੂਰੀ ਰਾਗੀ ਦੇ ਜਥੇ ਨੇ ਰਸਭਿੰਨਾ ਕੀਰਤਨ ਕਰਦਿਆਂ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸਕੱਤਰ ਦੀ ਸੇਵਾ ਗੁਰਚਰਨ ਸਿੰਘ ਨੇ ਨਿਭਾਈ।

## ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਸਜਾਇਆ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਨੇੜਲੇ ਪਿੰਡ ਸ਼ਾਹਪੁਰ ਕਲਾਂ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹੀ ਨੌਵੀਂ ਮੰਜੀ ਸਾਹਿਬ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਦਸਮੇਸ਼ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਖੁਸ਼ੀਆਂ ਨੂੰ ਮੁੱਖ ਰੱਖਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ, ਜੋ ਪਿੰਡ ਦੇ ਵੱਖ ਵੱਖ ਸਥਾਨਾਂ ਤੋਂ ਹੁੰਦਾ ਹੋਇਆ ਸ਼ਾਮ ਨੂੰ ਵਾਪਸ ਗੁਰਦੁਆਰਾ ਸਾਹਿਬ ਵਿਖੇ ਸੰਪੂਰਨ ਹੋਇਆ।ਨਗਰ ਕੀਰਤਨ ਦੌਰਾਨ ਪਿੰਡ 'ਚ ਵੱਖ-ਵੱਖ ਸਥਾਨਾਂ 'ਤੇ ਚਾਹ-ਪਕੌੜਿਆਂ ਦਾ ਲੰਗਰ ਅਤੁੱਟ ਵਰਤਿਆ ਅਤੇ ਪਿੰਡ ਦੀਆਂ ਸੰਗਤਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੁੰਦਿਆਂ ਨਗਰ ਕੀਰਤਨ ਦਾ ਫੁੱਲਾਂ ਦੀ ਵਰਖਾ ਕਰਕੇ ਭਰਵਾਂ ਸਵਾਗਤ ਕੀਤਾ।ਨਗਰ ਕੀਰਤਨ ਦੌਰਾਨ ਵੱਖ ਵੱਖ ਢਾਡੀ ਜਥਿਆਂ ਵੱਲੋਂ ਸੰਗਤਾਂ ਨੂੰ ਸਿੱਖ ਧਰਮ ਨਾਲ ਸੰਬੰਧਤ ਵਾਰਾਂ ਸੁਣਾਈਆਂ ਤੇ ਭਾਈ ਗੁਰਸੇਵਕ ਸਿੰਘ ਹਜ਼ੂਰੀ ਰਾਗੀ ਦੇ ਜਥੇ ਨੇ ਰਸਭਿੰਨਾ ਕੀਰਤਨ ਕਰਦਿਆਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸਟੇਜ ਸਕੱਤਰ ਦੀ ਸੇਵਾ ਗੁਰਚਰਨ ਸਿੰਘ ਨੇ ਨਿਭਾਈ।

## ਨਗਰ ਪੰਚਾਇਤ ਵੱਲੋਂ ਖ੍ਰੀਦੀਆਂ ਗੱਡੀਆਂ ਨੂੰ ਵਿਧਾਇਕ ਨੇ ਦਿਖਾਈ ਹਰੀ ਝੰਡੀ

**5 ਸਫਾਈ ਸੇਵਕਾਂ ਨੂੰ ਦਿੱਤੇ ਨਿਯੁਕਤੀ ਪੱਤਰ**



**ਮਮਦੋਟ (ਜਸਬੀਰ ਸਿੰਘ ਕੰਬੋਜ)**-ਨਗਰ ਪੰਚਾਇਤ ਮਮਦੋਟ ਵੱਲੋਂ ਕਸਬੇ ਵਿੱਚੋਂ ਕੂੜਾ ਚੁੱਕਣ ਲਈ ਖਰੀਦ ਕੀਤੀਆਂ ਗਈਆਂ 4 ਛੋਟੀਆਂ ਟਾਟਾ ਏਸ ਗੱਡੀਆਂ ਨੂੰ ਹਲਕਾ ਵਿਧਾਇਕ ਐਡਵੋਕੇਟ ਰਜਨੀਸ਼ ਕੁਮਾਰ ਦਹੀਆਂ ਵੱਲੋਂ ਅੱਜ ਹਰੀ ਝੰਡੀ ਦਿੱਤੀ ਗਈ, ਜਿਸ ਤੋਂ ਬਾਅਦ ਇਨ੍ਹਾਂ ਗੱਡੀਆਂ ਵੱਲੋਂ ਕੂੜਾ ਚੁੱਕਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ।

ਇਸ ਦੇ ਨਾਲ ਹੀ ਵਿਧਾਇਕ ਦਹੀਆ ਵੱਲੋਂ 5 ਸਫਾਈ ਸੇਵਕਾਂ ਨੂੰ ਨਿਯੁਕਤੀ ਪੱਤਰ ਵੀ ਤਕਸੀਮ ਕੀਤੇ ਗਏ।ਇਸ ਮੌਕੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਵੱਲੋਂ ਕੀਤੇ ਗਏ ਵਾਅਦਿਆਂ ਮੁਤਾਬਕ ਜਿੱਥੇ ਇਲਾਕੇ ਦੀ ਸਾਫ-ਸਫਾਈ ਲਈ ਯੋਗ ਪ੍ਰਬੰਧ ਕਰ ਰਹੀ ਹੈ, ਉਥੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਵੀ ਦਿੱਤਾ ਜਾ ਰਿਹਾ ਹੈ।ਇਸ ਮੌਕੇ ਆਸ਼ੀਸ਼ ਕੁਮਾਰ ਕਾਰਜ ਸਾਧਕ ਅਫ਼ਸਰ ਨਗਰ ਪੰਚਾਇਤ ਮਮਦੋਟ, ਸੀਨੀਅਰ ਆਗੂ ਬਲਰਾਜ ਸਿੰਘ ਸੰਧੂ, ਨਗਰ ਪੰਚਾਇਤ ਮਮਦੋਟ ਦੇ ਪ੍ਰਧਾਨ ਉਪਿੰਦਰ ਸਿੰਘ ਸਿੰਧੀ, ਹਰਜਿੰਦਰ ਸਿੰਘ ਸਿੰਧੀ ਉਪ ਪ੍ਰਧਾਨ ਦਲਜੀਤ ਸਿੰਘ ਬਾਬਾ, ਕੌਂਸਲਰ ਸੁਰਿੰਦਰ ਸੇਠੀ, ਕੌਂਸਲਰ ਗੁਰਪ੍ਰੀਤ ਸਿੰਘ, ਕੌਂਸਲਰ ਬਲਵਿੰਦਰ ਸਿੰਘ, ਸੁੱਚਾ ਸਿੰਘ ਜੂਨੀਅਰ ਅਸਿਸਟੈਂਟ, ਤ੍ਰਿਪਤਾ ਮੈਡਮ ਇੰਸਪੈਕਟਰ, ਸਵਿਤਾ ਬਜਾਜ ਅਕਾਊਂਟੈਂਟ, ਜਗੀਰ ਸਿੰਘ ਸੈਨਟਰੀ ਇੰਸਪੈਕਟਰ, ਸੀਨੀਅਰ ਆਗੂ ਡਾ : ਦਲਜੀਤ ਸਿੰਘ ਜੋਸਨ, ਬਲਵਿੰਦਰ ਸਿੰਘ ਰਾਉ ਕੇ, ਗੁਰਨਾਮ ਸਿੰਘ ਹਜ਼ਾਰਾ, ਸੰਦੀਪ ਕੁਮਾਰ ਸੋਨੀ, ਬਗੀਚਾ ਸਿੰਘ ਕਾਲੂ ਅਰਾਈ, ਬਲਵੀਰ ਸਿੰਘ ਫੱਤੇਵਾਲਾ, ਹਰਪ੍ਰੀਤ ਸਿੰਘ ਹੈਪੀ, ਸੁਭਾਸ਼ ਬੱਤਾ ਸਮੇਤ ਵੱਡੀ ਗਿਣਤੀ ਵਿੱਚ ਆਪ ਆਗੂ ਤੇ ਵਰਕਰ ਹਾਜ਼ਰ ਸਨ।

## ਸ੍ਰੀਮਦ ਭਾਗਵਤ ਕਥਾ ਤੇ ਗਿਆਨ ਯੱਗ ਦਾ ਕਾਰਡ ਰਿਲੀਜ਼



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸ੍ਰੀ ਰਮੇਸ਼ਵਰ ਸ਼ਿਵ ਮੰਦਰ ਤੇ ਧਰਮਸ਼ਾਲਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਰਮੇਸ਼ਵਰ ਸ਼ਿਵ ਮੰਦਰ ਵਿਖੇ ਸ੍ਰੀ ਮਦ ਭਾਗਵਤ ਕਥਾ ਤੇ ਗਿਆਨ ਯੱਗ 16 ਜਨਵਰੀ ਤੋਂ 22 ਜਨਵਰੀ ਤੱਕ ਕਰਵਾਇਆ ਜਾ ਰਿਹਾ ਹੈ, ਜਿਸ ਨੂੰ ਲੈ ਕੇ ਪ੍ਰਬੰਧਕ ਕਮੇਟੀ ਵੱਲੋਂ ਕਾਰਡ ਰਿਲੀਜ਼ ਕੀਤਾ ਗਿਆ ਅਤੇ ਪਹਿਲਾ ਕਾਰਡ ਪੰਡਤ ਨੀਰਜ ਸ਼ਰਮਾ ਵੱਲੋਂ ਭਗਵਾਨ ਨੂੰ ਅਰਪਿਤ ਕੀਤਾ ਗਿਆ।ਇਸ ਮੌਕੇ ਪ੍ਰਧਾਨ ਬਲਵਿੰਦਰ ਸ਼ਰਮਾ ਨੇ ਦੱਸਿਆ ਕਿ ਸ਼ਿਵ ਯੋਗੀ ਤਰੁਣ ਤਪਸਵੀ ਸ੍ਰੀ 1008 ਮਹਾਂ ਮੰਡਲੇਸ਼ਵਰ ਸਵਾਮੀ ਜਮੁਨਾਪੁਰੀ ਮਹਾਰਾਜ ਜੀ ਹਰਿਦਵਾਰ ਵਾਲੇ ਇਹ ਕਥਾ ਕਰਨਗੇ, 16 ਤੋਂ 22 ਜਨਵਰੀ ਤੱਕ ਇਹ ਕਥਾ ਹੋਵੇਗੀ, 15 ਜਨਵਰੀ ਨੂੰ ਕੱਲਸ਼ ਯਾਤਰਾ ਕੱਢੀ ਜਾਵੇਗੀ। ਇਸ ਕਥਾ ਦੇ ਮੁੱਖ ਯਜਮਾਨ ਸੁਰਿੰਦਰ ਕੁਮਾਰ, ਸ਼ਿਵਜੀ ਰਾਮ ਤੇ ਸਮਸਤ ਜਿੰਦਲ ਪਰਿਵਾਰ ਜੇਖੇਪਲ ਵਾਲੇ ਹੋਣਗੇ, 22 ਜਨਵਰੀ ਨੂੰ ਹਵਨ ਯਗ ਤੇ ਭੰਡਾਰਾ ਹੋਵੇਗਾ।ਇਸ ਮੌਕੇ ਵਿਨੋਦ ਕੁਮਾਰ ਖਜ਼ਾਨਚੀ, ਰਜੀਵ ਕੁਮਾਰ ਬਿੰਦਲ ਸੈਕਟਰੀ, ਗੁਰਮੀਤ ਸ਼ਰਮਾ ਸਹਿ ਸੈਕਟਰੀ, ਪਰਮ ਅਗਰਵਾਲ ਵਾਈਸ ਪ੍ਰਧਾਨ, ਪੰਡਤ ਨਿਰਜ ਸ਼ਰਮਾ, ਸੁਰਿੰਦਰ ਮੋਹਨ ਆਦਿ ਮੌਜੂਦ ਸਨ।

## ਦਿਆਲਪੁਰਾ ਮਿਰਜ਼ਾ ਦੀ ਪੰਚਾਇਤ ਵੱਲੋਂ ਨਵੇਂ ਵਰ੍ਹੇ ਦਾ ਕੈਲੰਡਰ ਰਿਲੀਜ਼

- **ਸਰਪੰਚ ਇਮਾਨਦਾਰੀ ਤੇ ਸੇਵਾ ਭਾਵਨਾ ਨਾਲ ਆਪਣੀ ਡਿਊਟੀ ਨਿਭਾਉਣ : ਡੀ ਸੀ**
- **ਪਿੰਡ ਦੇ ਵਿਕਾਸ 'ਚ ਕੋਈ ਕਸਰ ਨਹੀਂ ਛੱਡੀ ਜਾਵੇਗੀ : ਸਰਪੰਚ ਸੁਰਿੰਦਰ ਕੌਰ**



**ਬਠਿੰਡਾ (ਰਾਜੀਵ ਗੋਇਲ)**

ਸੂਬੇ ਭਰ ਪਿਛਲੇ ਸਮੇਂ ਹੋਈਆਂ ਪੰਚਾਇਤੀ ਚੋਣਾਂ ਦਰਮਿਆਨ ਨਵੇਂ ਚੁਣੇ ਗਏ ਸਰਪੰਚਾਂ ਵੱਲੋਂ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਇਸੇ ਹੀ ਲੜੀ ਤਹਿਤ ਭਗਤਾ ਬਲਾਕ ਨਾਲ ਸੰਬੰਧਤ ਪਿੰਡ ਦਿਆਲਪੁਰਾ ਮਿਰਜ਼ਾ ਦੀ ਨਵੀਂ ਚੁਣੀ ਗਈ ਸਰਪੰਚ ਬੀਬੀ ਸੁਰਿੰਦਰ ਕੌਰ ਵੱਲੋਂ ਇੱਕ ਨਵੀਂ ਪਹਿਲਕਦਮੀ ਕਰਦੇ ਹੋਏ ਨਵੇਂ ਵਰ੍ਹੇ ਦਾ ਕੈਲੰਡਰ ਰਿਲੀਜ਼ ਕੀਤਾ ਗਿਆ ਹੈ ਅਤੇ ਇਸ ਮੌਕੇ ਉਨ੍ਹਾਂ ਵੱਲੋਂ ਪੰਚਾਇਤੀ ਫੰਡ ਵਿੱਚੋਂ ਨਰੇਗਾ ਕਰਮੀਆਂ ਨੂੰ ਪਾਣੀ ਵਾਲੀ ਟੈਂਕੀ ਵੀ ਭੇਟ ਕੀਤੀ ਗਈ। ਇਹ ਕੈਲੰਡਰ ਡੇਰਾ ਬਾਬਾ ਦਿਆਲ ਦਾਸ ਜੀ ਨੂੰ ਸਮਰਪਤ ਕੀਤਾ ਗਿਆ ਹੈ ਤੇ ਡੇਰੇ ਅੰਦਰ ਹੀ ਇਹ ਕੈਲੰਡਰ ਰਿਲੀਜ਼ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਬਠਿੰਡਾ ਵੱਲੋਂ ਭਗਤਾ ਬੀ.ਡੀ.ਪੀ.ਓ. ਦਫਤਰ ਵਿਖੇ ਕੀਤੀ ਗਈ ਮੀਟਿੰਗ ਤੇ ਦਿੱਤੇ ਗਏ ਹੌਸਲੇ ਤੋਂ ਬਾਅਦ ਸਾਡੇ ਵੱਲੋਂ ਪਿੰਡ ਦੇ ਵਿਕਾਸ ਕਾਰਜ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪਿੰਡ ਦੇ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਧਰ ਦੂਜੇ ਪਾਸੇ ਡਿਪਟੀ ਕਮਿਸ਼ਨਰ ਬਠਿੰਡਾ ਵੱਲੋਂ ਵੀ ਸਾਰੇ ਹੀ ਸਰਪੰਚਾਂ ਨੂੰ ਅਪੀਲ ਕੀਤੀ ਗਈ ਕਿ ਉਹ ਇਮਾਨਦਾਰੀ ਤੇ ਸੇਵਾ ਭਾਵਨਾ ਨਾਲ ਪਿੰਡਾਂ ਦੇ ਵਿਕਾਸ ਕਾਰਜਾਂ ਵੱਲ ਧਿਆਨ ਦੇਣ ਅਤੇ ਸਹੀ ਢੰਗ ਨਾਲ ਕੰਮ ਕਰਵਾਉਣ ਤਾਂ ਕਿ ਜ਼ਿਲ੍ਹਾ ਬਠਿੰਡਾ ਦੇ ਪਿੰਡ ਸੂਬੇ ਦੇ ਮੋਹਰੀ ਪਿੰਡਾਂ ਵਿੱਚੋਂ ਮੂਹਰਲੀ ਕਤਾਰ ਵਿੱਚ ਆਉਣ।

## ਮਾਤਾ ਗੁਜਰੀ ਸਕੂਲ ਦੇ ਵਿਦਿਆਰਥੀਆਂ ਤਾਈਕਵਾਂਡੋ ਚੈਂਪੀਅਨਸ਼ਿਪ 'ਚ ਸੋਨ ਤਮਗੇ ਜਿੱਤੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਦੇ ਵਿਦਿਆਰਥੀਆਂ ਨੇ ਭੁਵਨੇਸ਼ਵਰ (ਉੜੀਸਾ) ਵਿਖੇ ਇੰਡੋਰ ਸਟੇਡੀਅਮ ਵਿਖੇ ਹੋਈ ਦੂਜੀ ਰਾਸ਼ਟਰੀ ਤਾਈਕਵਾਂਡੋ ਚੈਂਪੀਅਨਸ਼ਿਪ ਵਿੱਚ ਭਾਗ ਲੈ ਕੇ ਸ਼ਾਨਦਾਰ ਮੱਲਾਂ ਮਾਰੀਆਂ।ਇਹ ਖੇਡਾਂ 30 ਦਸੰਬਰ 2024 ਤੋਂ ਲੈ ਕੇ 1 ਜਨਵਰੀ 2025 ਤੱਕ ਹੋਈਆਂ।ਇਨ੍ਹਾਂ ਖਿਡਾਰੀਆਂ ਦੇ ਕੋਚ ਹਰਦੀਪ ਕੁਮਾਰ ਦੀ ਅਗਵਾਈ ਨਾਲ ਵਿਦਿਆਰਥੀਆਂ ਨੇ ਸੋਨੇ ਤੇ ਚਾਂਦੀ ਦੇ ਤਮਗੇ ਜਿੱਤੇ।

ਇਸ ਚੈਂਪੀਅਨਸ਼ਿਪ ਵਿੱਚ ਅੱਠ ਵੱਖ-ਵੱਖ ਰਾਜਾਂ ਦੇ ਸਕੂਲਾਂ ਤੇ ਅਕੈਡਮੀਆਂ ਦੇ ਲਗਭਗ 700 ਦੇ ਕਰੀਬ ਖਿਡਾਰੀਆਂ ਨੇ ਭਾਗ ਲਿਆ। ਇਸ ਵਿੱਚ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਦੇ ਅੰਡਰ 14 ਸਾਲ ਤੋਂ ਲੈ ਕੇ ਅੰਡਰ 19 ਤੱਕ ਦੇ 6 ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚ ਤਿੰਨ ਗੋਲਡ ਮੈਡਲ, ਦੋ ਸਿਲਵਰ ਮੈਡਲ ਤੇ ਇੱਕ ਬਰੌਂਜ ਮੈਡਲ ਜਿੱਤ ਕੇ ਸਕੂਲ ਦਾ ਮਾਣ ਵਧਾਇਆ।ਸਕੂਲ ਡਾਇਰੈਕਟਰ ਭੁਪਿੰਦਰ ਸਿੰਘ, ਪ੍ਰੈਜ਼ੀਡੈਂਟ ਰਵਿੰਦਰ ਕੌਰ, ਪ੍ਰਿੰਸੀਪਲ ਤਰਨਦੀਪ ਅਰੋੜਾ, ਅਕਾਦਮਿਕ ਡਾਇਰੈਕਟਰ ਤੇਜਿੰਦਰ ਕੌਰ ਨੇ ਵਿਦਿਆਰਥੀਆਂ ਦੀ ਇਸ ਉਪਲਬਧੀ ਲਈ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਕੋਚ ਹਰਦੀਪ ਕੁਮਾਰ ਨੂੰ ਵਧਾਈ ਦਿੱਤੀ ਤੇ ਭਵਿੱਖ ਵਿੱਚ ਹੋਣ ਵਾਲੇ ਮੁਕਾਬਲਿਆਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਡਾਊਨ ਕੇਡਰ ਪਾਲਸੀ ਨਹੀਂ ਮਨਜ਼ੂਰ, ਟਰਾਂਸਪੋਰਟ ਵਿਭਾਗ ਦੀ ਵੱਖਰੀ ਪਾਲਸੀ ਤਿਆਰ ਕੀਤੀ ਜਾਵੇ : ਰੇਸ਼ਮ ਸਿੰਘ ਗਿੱਲ

- ਮੁੱਖ ਮੰਤਰੀ ਦੇ ਹੁਕਮਾਂ ਅਨੁਸਾਰ ਕਰੋ ਕਾਰਵਾਈ, ਨਹੀਂ ਤਾਂ ਭਲਕ ਤੋਂ ਮੁਕੰਮਲ ਚੱਕਾ ਜਾਮ : ਬਰਾੜ
- 7 ਨੂੰ ਚੰਡੀਗੜ੍ਹ ਮੁੱਖ ਮੰਤਰੀ ਦੀ ਰਹਾਇਸ਼ ਅੱਗੇ ਪੰਜਾਬ ਪੱਧਰੀ ਧਰਨਾ



**ਮੋਗਾ (ਇਕਬਾਲ ਸਿੰਘ ਖਹਿਰਾ)**

ਪੰਜਾਬ ਰੋਡਵੇਜ਼ ਪਨਬਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਤੇ ਸੀਨੀ. ਮੀਤ ਪ੍ਰਧਾਨ ਬਲਜਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਪਿਛਲੇ ਦਿਨੀਂ 1 ਜੁਲਾਈ 2024 ਨੂੰ ਮਾਨਯੋਗ ਮੁੱਖ ਮੰਤਰੀ ਪੰਜਾਬ ਵੱਲੋਂ ਚੀਫ ਸੈਕਟਰੀ ਪੰਜਾਬ ਤੇ ਐਡਵੋਕੇਟ ਜਨਰਲ ਅਤੇ ਪ੍ਰਮੁੱਖ ਸਕੱਤਰ ਟਰਾਂਸਪੋਰਟ ਵਿਭਾਗ ਤੇ ਡਰਾਇਕੈਟਰ ਸਟੇਟ ਟਰਾਂਸਪੋਰਟ ਅਤੇ ਐੱਮ ਡੀ ਪੀ ਆਰ ਟੀ ਸਮੇਤ ਜਥੇਬੰਦੀ ਨੁਮਾਇੰਦਿਆਂ ਨਾਲ ਪੈਨਿਲ ਮੀਟਿੰਗ ਕੀਤੀ ਗਈ ਸੀ, ਜਿਸ ਵਿੱਚ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨਾ, ਠੇਕੇਦਾਰਾਂ ਤੇ ਵਿਚੋਲਿਆਂ ਨੂੰ ਬਾਹਰ ਕੱਢਣਾ, ਤਨਖਾਹਾਂ 'ਚ ਵਾਧਾ ਇਕਸਾਰਤਾ, ਸਰਵਿਸ ਰੂਲ ਲਾਗੂ ਕਰਨਾ ਵਿਭਾਗ ਵਿੱਚ ਨਵੀਆਂ ਬੱਸਾਂ ਪਾਉਣੀਆਂ ਤੇ ਕਿਲੋਮੀਟਰ ਸਕੀਮ ਬੱਸਾਂ ਬੰਦ ਕਰਨ ਦੀਆਂ ਮੰਗਾਂ, ਟਰਾਂਸਪੋਰਟ ਮਾਫੀਆ ਬੰਦ ਕਰਨਾ, ਕੰਡੀਸ਼ਨਾਂ ਲਾ ਕੇ ਕੱਢੇ ਮੁਲਾਜ਼ਮਾਂ ਨੂੰ ਬਹਾਲ ਕਰਨਾ ਤੇ ਵਿਭਾਗ ਨੂੰ ਸੁਚੱਜੇ ਢੰਗ ਨਾਲ ਚਲਾਉਣ ਸਮੇਤ ਜਥੇਬੰਦੀ ਦੇ ਦੋ ਨੁਮਾਇੰਦਿਆਂ ਨੂੰ ਸ਼ਾਮਲ ਕਰਦਿਆਂ ਕਮੇਟੀ ਗਠਿਤ ਕੀਤੀ ਗਈ ਹੈ, ਜਿਸ ਵਿੱਚ ਪਹਿਲੀ ਮੰਗ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨਾ, ਠੇਕੇਦਾਰੀ ਪ੍ਰਥਾ ਖਤਮ ਕਰਨ, ਸਰਵਿਸ ਰੂਲ ਲਾਗੂ ਕਰਨ, ਤਨਖਾਹਾਂ 'ਚ ਵਾਧਾ ਲਾਗੂ ਕਰਨ ਲਈ ਇੱਕ ਮਹੀਨੇ ਦੇ ਸਮਾਂਬੰਦ ਵਿੱਚ ਕਮੇਟੀ ਨੂੰ ਪੌਲਸੀ ਤਿਆਰ ਕਰਕੇ ਸਰਕਾਰ ਤੋਂ ਲਾਗੂ ਕਰਵਾਉਣ ਦੇ ਅਦੇਸ਼ ਦਿੱਤੇ ਸਨ, ਜਿਸ ਨੂੰ ਕਮੇਟੀ ਵੱਲੋਂ ਸਮਾਂਬੰਦ ਇੱਕ ਮਹੀਨੇ ਵਿੱਚ ਪੂਰਾ ਕਰਕੇ ਸਰਕਾਰ ਕੋਲ ਭੇਜਿਆ ਜਾਣਾ ਸੀ, ਜੋ ਕਿ ਹਰੇਕ ਨਵੇਂ ਪੁਰਾਣੇ ਮੁਲਾਜ਼ਮਾਂ ਦੇ ਹਿੱਤ ਵਿੱਚ ਬਣ ਰਹੀ ਸੀ, ਪ੍ਰੰਤੂ ਅਧਿਕਾਰੀ ਬਦਲ ਗਏ ਅਤੇ ਸਾਰੀ ਪੌਲਸੀ ਨੂੰ ਬਦਲ ਦਿੱਤਾ ਗਿਆ। ਟਰਾਂਸਪੋਰਟ ਮੰਤਰੀ ਪੰਜਾਬ ਵੱਲੋਂ ਮੀਟਿੰਗਾਂ ਵਿੱਚ ਸਾਰੀਆਂ ਮੰਗਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। ਪਿਛਲੇ ਦਿਨ 2 ਜਨਵਰੀ 2025 ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਟਰਾਂਸਪੋਰਟ ਮੰਤਰੀ ਪੰਜਾਬ ਵੱਲੋਂ ਮੀਟਿੰਗ ਕੀਤੀ ਗਈ, ਜਿਸ ਵਿੱਚ ਤਿੰਨ ਮੰਗ ਪੱਤਰਾਂ 'ਤੇ ਮੀਟਿੰਗ ਬੁਲਾਈ ਗਈ, ਪ੍ਰੰਤੂ ਯੂਨੀਅਨ ਦੇ ਮੰਗ ਪੱਤਰ 'ਤੇ ਚਰਚਾ ਕਰਨੀ ਵੀ ਮੁਨਾਸਿਬ ਨਹੀਂ ਸਮਝਿਆ ਗਿਆ, ਉਲਟਾ ਜੋ ਪੌਲਸੀ ਤਿਆਰ ਕਰਨੀ ਸੀ, ਉਸ ਦੀ ਉਲਟ ਸਪੈਸ਼ਲ ਕਾਡਰ ਵਾਲੀ 10 ਸਾਲ ਦੀ ਕੱਚੀ ਪਿੱਲੀ ਪੌਲਸੀ ਨੂੰ 8 ਸਾਲ ਦੀ ਕਰਕੇ ਲਾਗੂ ਕਰਨ ਦੀ ਗੱਲ ਸਾਹਮਣੇ ਆਈ ਹੈ, ਜਿਸ ਦਾ ਯੂਨੀਅਨ ਵੱਲੋਂ ਸਖ਼ਤ ਵਿਰੋਧ ਕੀਤਾ ਜਾਂਦਾ ਹੈ। ਪਨਬਸ ਪੀ ਆਰ ਟੀ ਸੀ ਦੇ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਪਿੱਤਰੀ ਵਿਭਾਗਾਂ ਵਿੱਚ ਸਕੇਲਾਂ ਤਹਿਤ ਸਿਵਲ ਸਰਵਿਸ ਰੂਲਾਂ, ਭੱਤਿਆਂ ਗ੍ਰੇਟ ਪੇ ਤਹਿਤ ਸਾਰੀਆਂ ਸਹੂਲਤਾਂ ਨਾਲ ਪੱਕਾ ਕੀਤਾ ਜਾਵੇ। ਦੂਸਰੇ ਪਾਸੇ ਆਊਟ ਸੋਰਸ ਮੁਲਾਜ਼ਮਾਂ ਦੇ ਠੇਕੇਦਾਰ ਵੱਲੋਂ 4-5 ਕਰੋੜ ਰੁਪਏ ਈ.ਪੀ.ਐੱਫ, ਈ.ਐੱਸ.ਆਈ. ਦੇ ਖਾਦੇ ਗਏ ਹਨ, ਵਰਕਰਾਂ ਦੀਆਂ ਤਨਖਾਹਾਂ ਵਿੱਚੋਂ ਸਕਿਉਰਟੀ ਦੇ ਨਾਮ 'ਤੇ 7-8 ਕਰੋੜ ਰੁਪਏ ਦੀ ਨਜਾਇਜ਼ ਕਟੌਤੀ ਕੀਤੀ ਗਈ ਹੈ, ਹੁਣ ਦਾਤਾਰ ਸਕਿਉਰਟੀ ਗਰੁੱਪ ਠੇਕੇਦਾਰ ਨੂੰ ਭਜਾ ਕੇ ਬਾਹਰਲੇ ਸੂਬਿਆਂ ਹਰਿਆਣੇ ਤੋਂ ਸਾਈਂ ਰਾਮ ਠੇਕੇਦਾਰ ਲਿਆ ਕੇ ਮੁਲਾਜ਼ਮਾਂ ਦੀ ਲੁੱਟ ਕਰਵਾਈ ਜਾ ਰਹੀ ਹੈ ਅਤੇ ਨਾਲ ਹੀ ਵਿਭਾਗਾਂ ਵਿੱਚ ਕਿਲੋਮੀਟਰ ਬੱਸਾਂ ਪ੍ਰਾਈਵੇਟ ਮਾਲਕਾਂ ਦੀਆਂ ਪਾ ਕੇ ਇੱਕ ਬੱਸ ਰਾਹੀਂ 6 ਸਾਲ ਵਿੱਚ 1 ਕਰੋੜ ਤੋਂ ਸਵਾ ਕਰੋੜ ਰੁਪਏ ਲੁੱਟ ਕਰਵਾਉਣ ਦੀ ਤਿਆਰੀ ਕੀਤੀ ਗਈ ਹੈ। ਬੱਸ ਸਟੈਂਡਾਂ ਨੂੰ ਠੇਕੇਦਾਰ ਬਾਹਰੀ ਕੰਪਨੀਆਂ ਨੂੰ ਸੌਂਪ ਕੇ ਵਿਭਾਗ ਦਾ ਉੱਚ ਪੱਧਰੀ ਨਿੱਜੀਕਰਨ ਕੀਤਾ ਜਾ ਰਿਹਾ ਹੈ ਤੇ ਕਾਰਪੋਰੇਟ ਘਰਾਣਿਆਂ ਨਾਲ ਸਾਂਝ ਗੂੜੀ ਕੀਤੀ ਜਾ ਰਹੀ ਹੈ, ਜਿਸ ਦਾ ਜਥੇਬੰਦੀ ਸਖਤ ਵਿਰੋਧ ਕਰਦੀ ਹੈ। ਆਪਣੀਆਂ ਹੱਕੀ ਮੰਗਾਂ ਮਨਵਾਉਣ ਤੇ ਵਿਭਾਗ ਨੂੰ ਨਿੱਜੀਕਰਨ ਤੋਂ ਬਚਾਉਣ ਲਈ ਸੰਘਰਸ਼ ਕਰ ਰਹੀ ਹੈ, ਪ੍ਰੰਤੂ ਸੰਘਰਸ਼ ਵਿੱਚੋਂ ਨਿਕਲੀ ਆਮ ਆਦਮੀ ਪਾਰਟੀ ਤੇ ਭਗਤ ਸਿੰਘ ਦੀ ਪੱਗ ਬੰਨ੍ਹ ਕੇ ਸੱਤਾ ਵਿੱਚ ਆਈ ਸਰਕਾਰ ਹੁਣ ਸੱਤਾ ਦੇ ਨਸ਼ੇ ਵਿੱਚ ਭਗਤ ਸਿੰਘ ਦੀ ਸੋਚ ਨੂੰ ਨਜ਼ਰ ਅੰਦਾਜ਼ ਕਰਕੇ ਸੰਘਰਸ਼ਾਂ ਨੂੰ ਨਜ਼ਰ ਅੰਦਾਜ਼ ਕਰ ਰਹੀ ਹੈ, ਜਿਸ ਦੇ ਰੋਸ ਵਜੋਂ ਜਥੇਬੰਦੀ ਵੱਲੋਂ 6, 7, 8 ਜਨਵਰੀ ਨੂੰ ਮੁਕੰਮਲ ਹੜਤਾਲ ਕਰਕੇ 6 ਜਨਵਰੀ ਨੂੰ ਸਮੂਹ ਡਿੱਪੂਆਂ ਦੇ ਗੇਟਾਂ 'ਤੇ ਸਰਕਾਰ ਤੇ ਮੈਨੇਜਮੈਂਟ ਵਿਰੁੱਧ ਰੋਸ ਪ੍ਰਦਰਸ਼ਨ ਕੀਤੇ ਜਾਣ ਅਤੇ 7 ਜਨਵਰੀ ਨੂੰ ਪੂਰੀ ਗਿਣਤੀ ਸਮੇਤ ਸਵੇਰੇ 10.00 ਵਜੇ ਚੰਡੀਗੜ੍ਹ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਧਰਨਾ ਦੇਣ ਲਈ ਜਥੇਬੰਦੀ ਦੇ ਡੰਡੇ ਝੰਡੇ ਲੈ ਕੇ ਨਿਸ਼ਚਤ ਸਮੇਂ 'ਤੇ ਮੁਹਾਲੀ ਬੱਸ ਸਟੈਂਡ ਤੋਂ ਸ਼ੁਰੂ ਕੀਤਾ ਜਾਵੇਗਾ, ਜਿਸ ਵਿੱਚ ਕਿਸਾਨ ਜਥੇਬੰਦੀਆਂ ਵੀ ਬਹੁਤ ਵੱਡੇ ਸਮੱਰਥਨ ਦੇ ਸਾਥੀਆਂ ਸਮੇਤ ਪਹੁੰਚ ਰਹੇ ਹਨ।

ਇਸ ਪ੍ਰੈੱਸ ਕਾਨਫਰੰਸ ਵਿੱਚ ਭਰਾਤਰੀ ਕਿਸਾਨ ਜਥੇਬੰਦੀਆਂ ਵੱਲੋਂ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਜ਼ਿਲ੍ਹਾ ਪ੍ਰਧਾਨ ਮੋਗਾ ਲਾਭ ਸਿੰਘ ਰੋਡੇ, ਬਲਾਕ ਪ੍ਰਧਾਨ ਧਰਮਕੋਟ ਗੁਰਜੀਤ ਸਿੰਘ, ਖਜ਼ਾਨਚੀ ਜਗਜੀਤ ਸਿੰਘ ਸਮਰਾ, ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਪੰਜਾਬ ਵੱਲੋਂ ਜ਼ਿਲ੍ਹਾ ਪ੍ਰਧਾਨ ਮੇਜਰ ਸਿੰਘ, ਸੀਨੀਅਰ ਮੀਤ ਪ੍ਰਧਾਨ ਪਰਮਜੀਤ ਸਿੰਘ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਤੋਂ ਜ਼ਿਲ੍ਹਾ ਜਰਨਲ ਸਕੱਤਰ ਬਲਵਿੰਦਰ ਸਿੰਘ ਸੰਧੂ, ਕੁੱਲ ਹਿੰਦ ਕਿਸਾਨ ਸਭਾ ਮਾਸਟਰ ਸੁਰਜੀਤ ਸਿੰਘ ਗਗੜਾ, ਸੀ ਆਈ ਟੀ ਯੂ ਆਗੂ ਸਚਨ ਵਡੇਰਾ ਤੇ ਹੋਰ ਆਗੂ ਸ਼ਾਮਲ ਹੋਏ।

# ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਸਾੜੀ ਅਰਥੀ



ਨਿਆਲ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੁਤਲਾ ਫੂਕਦੇ ਹੋਏ ਆਰ ਐੱਮ ਪੀ ਆਈ ਦੇ ਕਾਰਕੁਨ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੀ ਪਿੰਡ ਨਿਆਲ ਇਕਾਈ ਵੱਲੋਂ ਸਰਪੰਚ ਕਾਮਰੇਡ ਪ੍ਰਲਾਦ ਸਿੰਘ, ਸੁਖਦੇਵ ਸਿੰਘ ਤੇ ਮਲਕੀਤ ਸਿੰਘ ਦੀ ਅਗਵਾਈ ਹੇਠ ਪਿੰਡ ਨਿਆਲ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਰਥੀ ਸਾੜ ਕੇ ਆਪਣੇ ਰੋਹ ਦਾ ਪ੍ਰਗਟਾਵਾ ਕੀਤਾ।ਪਿੰਡਾਂ ਦੇ ਜੁੜੇ ਕਿਰਤੀਆਂ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਆਗੂਆਂ ਨੇ ਕਿਹਾ ਕਿ ਭਾਜਪਾ ਸਰਕਾਰ ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਦੀ ਬਜਾਏ ਆਪਣੇ ਨਫ਼ਰਤੀ ਅਜੰਡਿਆਂ ਰਾਹੀਂ ਲੋਕਾਂ ਨੂੰ ਭਰਾ ਮਾਰ ਜੰਗ ਵੱਲ ਧੱਕ ਰਹੀ ਹੈ।ਪਿਛਲੇ ਦਿਨੀਂ ਦੇਸ਼ ਦੇ ਗ੍ਰਹਿ ਮੰਤਰੀ ਵੱਲੋਂ ਸਾਡੇ ਮਹਾਂਨਾਇਕ ਡਾਕਟਰ ਭੀਮ ਰਾਓ ਅੰਬੇਡਕਰ ਬਾਰੇ ਟਿੱਪਣੀ ਕਰਕੇ ਆਪਣੇ ਮਨੂੰਵਾਦੀ ਸੋਚ ਦਾ ਪ੍ਰਗਟਾਵਾ ਕਰ ਦਿੱਤਾ, ਜਿਸ ਨਾਲ ਸਮੁੱਚੇ ਦੇਸ਼ ਵਾਸੀਆਂ ਦੇ ਹਿਰਦੇ ਵਲੂੰਧਰੇ ਗਏ। ਉਨ੍ਹਾ ਕਿਹਾ ਕਿ ਜਿੱਥੇ ਮਜ਼ਦੂਰ ਕਿਸਾਨ ਤੇ ਛੋਟੇ ਕਾਰੋਬਾਰੀ ਆਪਣੀ ਰੋਜ਼ੀ ਰੋਟੀ ਤੋਂ ਆਤਰ ਹੋ ਰਹੇ ਹਨ, ਉੱਥੇ ਦੇਸ਼ ਦਾ ਨੌਜਵਾਨ ਬੇਰੁਜ਼ਗਾਰੀ ਦਾ ਝੰਬਿਆ ਹੋਇਆ ਕੁਰਾਹੇ ਪੈ ਰਿਹਾ ਜਾਂ ਵਿਦੇਸ਼ਾਂ ਵੱਲ ਉਡਾਰੀਆਂ ਮਾਰ ਰਿਹਾ ਹੈ, ਦੇਸ਼ ਦੀ ਜੁਆਨੀ ਨੂੰ ਬਚਾਉਣਾ ਅੱਜ ਸਭ ਤੋਂ ਵੱਡੀ ਚਿੰਤਾ ਹੈ। ਉਨ੍ਹਾ ਕਿਹਾ ਕਿ ਇਹ ਹਾਲਾਤ ਜੋ ਸਮਾਜਿਕ ਸੰਘਰਸ਼ਸ਼ੀਲ ਲੋਕਾਂ ਲਈ ਹੋਰ ਵੀ ਚਿੰਤਾ ਦਾ ਵਿਸ਼ਾ ਹਨ, ਇਸ ਦਾ ਟਾਕਰਾ ਕਾਰਨ ਲਈ ਪਹਿਲਾਂ ਖੱਬੀ ਵਿਚਾਰਧਾਰਾ ਦੇ ਲੋਕਾਂ ਨੂੰ ਆਪਣਾ ਜਨ ਆਧਾਰ ਵਧਾਉਣਾ ਪਵੇਗਾ, ਫਿਰ ਗੁਰੂ ਸਾਹਿਬਾਨ, ਭਗਤੀ ਲਹਿਰ, ਗਦਰੀ ਬਾਬਿਆਂ, ਸ਼ਹੀਦ ਭਗਤ ਸਿੰਘ ਤੇ ਹਮਦਰਦਾਂ ਅਤੇ ਸਾਰੀਆਂ ਖੱਬੀਆਂ ਸ਼ਕਤੀਆਂ ਨੂੰ ਇੱਕ ਜੁੱਟ ਕਰਕੇ ਇੱਕ ਵਿਆਪਕ ਸੰਘਰਸ਼ ਸਮੇਂ ਦੀ ਮੁੱਖ ਲੋੜ ਹੈ।

ਇਸ ਇੱਕਤਰਤਾ ਨੂੰ ਸੰਬੋਧਨ ਕਰਦਿਆਂ ਚੰਦ ਸਿੰਘ, ਸ਼ਾਦੀ ਰਾਮ ਤੇ ਜਗਸੀਰ ਸਿੰਘ ਨੇ ਕਿਹਾ ਕਿ ਭਾਜਪਾ ਸਰਕਾਰ ਪੰਜਾਬ ਨਾਲ ਲਗਾਤਾਰ ਮਤਰੇਈ ਮਾਂ ਵਾਲਾ ਵਿਹਾਰ ਕਰ ਰਹੀ ਹੈ।ਪਹਿਲਾਂ ਡੈਮਾਂ ਦਾ ਕੰਟਰੋਲ ਆਪਣੇ ਹੱਥ ਲੈਣਾ, ਪੰਜਾਬ ਦੇ ਪਾਣੀਆਂ ਦੇ ਮਸਲੇ ਹੱਲ ਨਾ ਕਰਨਾ, ਚੰਡੀਗੜ੍ਹ ਪੰਜਾਬ ਨੂੰ ਨਾ ਦੇਣਾ, ਇਸ ਤੋਂ ਅੱਗੇ ਪੰਜਾਬ ਯੂਨੀਵਰਸਿਟੀ ਨੂੰ ਵੀ ਆਪਣੇ ਅਧਿਕਾਰ 'ਚ ਲੈ ਕੇ ਹਰਿਆਣਾ ਨੂੰ ਰਾਜਧਾਨੀ ਵਸਾਉਣ ਲਈ ਜ਼ਮੀਨ ਦੇਣ ਦੇ ਫੁਰਮਾਨ ਜਾਰੀ ਕਰਕੇ ਪੰਜਾਬ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਕੇ ਕਾਲੇ ਦੌਰ ਵਿੱਚ ਧੱਕਣ ਵਲ ਵਧ ਰਹੀ ਹੈ, ਜਿਸ ਦਾ ਟਾਕਰਾ ਕਰਨ ਲਈ ਪਾਰਟੀ ਫਰਵਰੀ ਮਹੀਨੇ ਚੰਡੀਗੜ੍ਹ ਵਿੱਚ ਵਿਸ਼ਾਲ ਇਕੱਠ ਕਰਕੇ ਸਰਕਾਰ ਖਿਲਾਫ ਵਿਆਪਕ ਪੱਧਰ ਦਾ ਸੰਘਰਸ਼ ਕਰਨ ਲਈ ਲੋਕ ਲਹਿਰ ਬਣਾ ਰਹੀ ਹੈ।

## ਕਾਤਰਾਂ

### ਹੈਰੋਇਨ ਸਮੇਤ ਮੋਟਰਸਾਈਕਲ ਸਵਾਰ ਕਾਬੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ ਇੱਕ ਵਿਅਕਤੀ ਨੂੰ ਹੈਰੋਇਨ ਸਮੇਤ ਕਾਬੂ ਕਰਨ 'ਚ ਸਫ਼ਲਤਾ ਹਾਸਲ ਕੀਤੀ ਹੈ।ਸਹਾਇਕ ਥਾਣੇਦਾਰ ਜਸਵੀਰ ਸਿੰਘ ਵੱਲੋਂ ਦਰਜ ਕੀਤੇ ਗਏ ਮਾਮਲੇ ਅਨੁਸਾਰ ਜਦੋਂ ਪੁਲਸ ਪਾਰਟੀ ਗਸ਼ਤ ਤੇ ਚੈਕਿੰਗ ਦੌਰਾਨ ਪਿੰਡ ਲੰਬੀ ਢਾਬ ਮੌਜੂਦ ਸੀ ਤਾਂ ਰਾਜ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਉਦੇਕਰਨ ਇੱਕ ਸੰਪਲੈਂਡਰ ਮੋਟਰਸਾਈਕਲ 'ਤੇ ਆਉਂਦਾ ਦਿਖਾਈ ਦਿੱਤਾ, ਜਿਸ ਨੂੰ ਪੁਲਸ ਨੇ ਸ਼ੱਕ ਦੇ ਅਧਾਰ 'ਤੇ ਰੋਕ ਕੇ ਤਲਾਸ਼ੀ ਕੀਤੀ ਤਾਂ ਉਸ ਪਾਸੋਂ 15 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਸ 'ਤੇ ਪੁਲਲ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

### ਸਾਂਝ ਕੇਂਦਰ ਵਿਖੇ ਲੋਕ ਸੰਪਰਕ ਪ੍ਰੋਗਰਾਮ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸਾਂਝ ਕੇਂਦਰ ਨਿਹਾਲ ਸਿੰਘ ਵਾਲਾ ਵਿਖੇ ਲੋਕ ਸੰਪਰਕ ਪ੍ਰੋਗਰਾਮ ਕਰਵਾਇਆ ਗਿਆ। ਇਹ ਪ੍ਰੋਗਰਾਮ ਮਾਨਯੋਗ ਮੁੱਖ ਮੰਤਰੀ ਪੰਜਾਬ, ਡੀ ਜੀ ਪੀ ਸ੍ਰੀ ਗੌਰਵ ਯਾਦਵ ਆਈ ਪੀ ਐੱਸ ਵੱਲੋਂ ਹਲਕਾ ਨਿਹਾਲ ਸਿੰਘ ਵਾਲਾ ਤੇ ਪਿੰਡਾਂ ਦੇ ਲੋਕਾਂ ਨਾਲ ਪੁਲਸ ਅਤੇ ਪਬਲਿਕ ਦੀ ਹੋਰ ਨੇੜਤਾ ਸਾਂਝ ਤੇ ਪਿਆਰ ਵਧਾਉਣ ਅਤੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਲਈ ਲੋਕ ਸੰਪਰਕ ਪ੍ਰੋਗਰਾਮ ਸਾਂਝ ਕੇਂਦਰ ਨਿਹਾਲ ਸਿੰਘ ਵਾਲਾ ਵਿਖੇ ਕਰਵਾਇਆ ਗਿਆ।ਇਸ ਮੌਕੇ ਡੀ ਐੱਸ ਪੀ ਅਨਵਰ ਅਲੀ, ਐੱਸ ਐੱਚ ਓ ਹਰਵਿੰਦਰ ਸਿੰਘ, ਏ ਐੱਸ ਆਈ ਗੁਰਪ੍ਰੀਤ ਸਿੰਘ, ਹੌਲਦਾਰ ਗੁਰਪ੍ਰੀਤ ਸਿੰਘ ਏ ਐੱਸ ਆਈ ਬਲਜਿੰਦਰ ਸਿੰਘ ਦੀਨਾ ਸਾਹਿਬ, ਸਨਦੀਪ ਸਿੰਘ ਰੀਡਰ, ਸਵਰਨ ਸਿੰਘ ਰੀਡਰ, ਮੈਡਮ ਸਨਦੀਪ ਕੌਰ ਆਦਿ ਹਾਜ਼ਰ ਸਨ।

### ਬਜ਼ੁਰਗ ਦੀ ਕੁੱਟਮਾਰ ਮਾਮਲੇ ਚ ਔਰਤ ਸਣੇ ਛੇ ਨਾਮਜ਼ਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪਮੋਦ ਭਾਰਦਵਾਜ)**-ਜ਼ਮੀਨੀ ਵਿਵਾਦ ਨੂੰ ਲੈ ਕੇ ਪਿੰਡ ਰਾਜਗੜ੍ਹ ਛੰਨਾ ਦੇ ਇੱਕ ਵਿਅਕਤੀ ਦੀ ਕੀਤੀ ਗਈ ਕਥਿਤ ਕੁੱਟਮਾਰ ਦੇ ਮਾਮਲੇ ਚ ਥਾਣਾ ਅਮਲੋਹ ਦੀ ਪੁਲਿਸ ਵੱਲੋਂ ਇੱਕ ਔਰਤ ਸਣੇ ਛੇ ਵਿਅਕਤੀਆਂ ਨੂੰ ਮੁਕੱਦਮੇ ਚ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਨਾਹਰ ਸਿੰਘ (76) ਵਾਸੀ ਪਿੰਡ ਰਾਜਗੜ੍ਹ ਛੰਨਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਗਾਏ ਕਿ ਬੀਤੀ 2 ਜਨਵਰੀ ਨੂੰ ਉਸ ਦੇ ਘਰ ਨੂੰ ਜਾਣ ਵਾਲੇ ਰਸਤੇ ਦੇ ਨਾਲ ਦੀ ਜ਼ਮੀਨ ਦੀ ਕੰਪਿਊਟਰ ਨਾਲ ਮਿਣਤੀ ਕੀਤੀ ਜਾ ਰਹੀ ਸੀ।ਮਿਣਤੀ ਦੌਰਾਨ ਜ਼ਮੀਨੀ ਵਿਵਾਦ ਨੂੰ ਲੈ ਕੇ ਉੱਥੇ ਮੌਜੂਦ ਵਿਅਕਤੀਆਂ ਨੇ ਉਸ ਦੀ ਕਾਫੀ ਕੁੱਟਮਾਰ ਕੀਤੀ ਤੇ ਉਸ ਦਾ ਰੌਲਾ ਸੁਣ ਕੇ ਲੋਕਾਂ ਦਾ ਇਕੱਠ ਹੋ ਗਿਆ, ਜਿਨ੍ਹਾਂ ਨੇ ਬੜੀ ਮੁਸ਼ਕਿਲ ਨਾਲ ਉਸ ਨੂੰ ਉਕਤ ਵਿਅਕਤੀਆਂ ਤੋਂ ਛੁਡਵਾਇਆ।ਨਾਹਰ ਸਿੰਘ ਦੇ ਬਿਆਨਾਂ ਤੇ ਗੁਰਸੇਵਕ ਸਿੰਘ, ਵਰਿੰਦਰ ਸਿੰਘ, ਸੁਦਾਗਰ ਸਿੰਘ,ਜਸਪ੍ਰੀਤ ਕੌਰ, ਜੋਗਿੰਦਰ ਸਿੰਘ, ਵਰਿੰਦਰ ਸਿੰਘ ਵਾਸੀਆਨ ਪਿੰਡ ਰਾਜਗੜ੍ਹ ਛੰਨਾ ਅਤੇ ਨਾਮਾਲੂਮ ਵਿਅਕਤੀ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਅਮਲੋਹ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਪੰਜਾਬ ਸਰਕਾਰ ਦੀਆਂ ਮਾਰੂ ਨੀਤੀਆਂ ਤੋਂ ਅੰਗਹੀਣਾਂ 'ਚ ਨਿਰਾਸ਼ਾ

## ਸਰਕਾਰ 'ਤੇ ਚੋਣ ਵਾਅਦਿਆਂ ਤੋਂ ਮੁੱਕਰਨ ਦੇ ਲਾਏ ਦੋਸ਼

**ਮਾਨਸਾ (ਆਤਮਾ ਸਿੰਘ ਪਮਾਰ)**-ਅੰਗਹੀਣ ਵਰਗ ਦੀਆਂ ਹੱਕੀ ਮੰਗਾਂ ਲਈ ਫਿਜੀਕਲੀ ਹੈਂਡੀਕੈਪਡ ਐਸੋਸੀਏਸ਼ਨ ਦੀ ਜ਼ਿਲ੍ਹਾ ਇਕਾਈ ਵੱਲੋਂ ਸਥਾਨਕ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਚੌਕ ਵਿਖੇ ਲਾਇਆ ਪੱਕਾ ਰੋਸ ਧਰਨਾ ਅੱਜ ਛੇਵੇਂ ਦਿਨ ਵੀ ਜਾਰੀ ਰਿਹਾ।

ਧਰਨੇ ਦੌਰਾਨ ਜ਼ਿਲ੍ਹਾ ਪ੍ਰਧਾਨ ਅਵਿਨਾਸ਼ ਸ਼ਰਮਾ ਨੇ ਪੰਜਾਬ ਸਰਕਾਰ ਪ੍ਰਤੀ ਰੋਸ ਜ਼ਾਹਰ ਕਰਦਿਆਂ ਅੰਗਹੀਣ ਕੋਟੇ ਅਧੀਨ ਬੈਕਲਾਗ ਦੀਆਂ ਖਾਲੀ ਪਈਆਂ ਅਸਾਮੀਆਂ ਭਰਨ ਤੇ ਪੈਨਸ਼ਨ ਰਾਸ਼ੀ ਵਧਾ ਕੇ 5 ਹਜ਼ਾਰ ਰੁਪਏ ਪ੍ਰਤੀ ਮਹੀਨਾ ਕਰਨ ਤੋਂ ਇਲਾਵਾ ਉਨ੍ਹਾਂ ਦੀਆਂ ਹੱਕੀ ਮੰਗਾਂ ਮਨਵਾਉਣ ਲਈ ਉਹ ਲੰਬੇ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਹਨ, ਪਰ ਅੱਜ ਤੱਕ ਕਿਸੇ ਵੀ ਸਰਕਾਰ ਵੱਲੋਂ ਉਨ੍ਹਾਂ ਪ੍ਰਤੀ ਕਦੇ ਸੰਜੀਦਗੀ ਨਾਲ ਵਿਚਾਰ ਨਹੀਂ ਕੀਤਾ ਗਿਆ, ਜਿਸ ਦੇ ਸਿੱਟੇ ਵਜੋਂ ਉਹ ਦੋ ਵੇਲਿਆਂ ਦੀ ਰੋਜ਼ੀ-ਰੋਟੀ ਤੋਂ ਵੀ ਮੁਥਾਜ ਹੋ ਕੇ ਰਹਿ ਗਏ ਹਨ।ਉਨ੍ਹਾਂ ਕਿਹਾ ਕਿ ਵਿਸ਼ਵ ਵਿੱਚ ਅੰਗਹੀਣਾਂ ਲਈ ਸਾਰੀਆਂ ਸਹੂਲਤਾਂ ਉਪਲਬਧ ਹਨ, ਪ੍ਰੰਤੂ ਭਾਰਤ ਵਿੱਚ ਆਪਣੇ ਹੱਕ ਹਾਸਲ ਕਰਨ ਲਈ ਪਹਿਲਾਂ ਹੀ ਇਨ੍ਹਾਂ ਕੁਦਰਤ ਦੀ ਕਰੋਪੀ ਦੇ ਮਰਿਆਂ ਲੋਕਾਂ ਨੂੰ ਸੰਘਰਸ਼ ਕਰਨਾ ਪੈ ਰਿਰਾ ਹੈ।ਉਨ੍ਹਾਂ ਕਿਹਾ ਕਿ ਪੂਰੇ ਵਿਸ਼ਵ ਵਿੱਚ ਅੰਗਹੀਣਾਂ ਦੀ ਗਿਣਤੀ ਲਗਭਗ 15 ਫੀਸਦੀ ਹੈ ਤੇ ਭਾਰਤ ਵਿੱਚ 2.5 ਫੀਸਦੀ ਹੈ, ਸਰਕਾਰ ਕੋਲ ਵੀ ਅੰਗਹੀਣਾਂ ਦੇ ਇਹ ਅੰਕੜੇ ਮੌਜੂਦ ਹਨ।ਉਨ੍ਹਾਂ ਕਿਹਾ ਕਿ ਰਾਈਟ ਫਾਰ ਪੀਪਲਜ਼ ਵਿੱਦ ਡਿਸਏਬਲਿਟੀ (ਆਰ.ਪੀ.ਡਬਲਯੂ.ਡੀ. ਐਕਟ) 2016 ਤਹਿਤ ਰਾਜ ਸਰਕਾਰ ਨੇ ਜੋ ਹੱਕ ਤੇ ਸੁਵਿਧਾਵਾਂ ਅੰਗਹੀਣਾਂ ਨੂੰ ਦੇਣੀਆਂ ਸਨ, ਪ੍ਰੰਤੂ ਅਫ਼ਸੋਸ ਦੀ ਗੱਲ ਇਹ ਹੈ ਕਿ ਪੰਜਾਬ ਸਰਕਾਰ ਨੇ ਆਪਣੇ ਤਿੰਨ ਸਾਲਾਂ ਦੇ ਅਰਸੇ ਦੌਰਾਨ ਕੁਝ ਵੀ ਨਹੀਂ ਕੀਤਾ।ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਵੱਖ ਵੱਖ ਸਕੀਮਾਂ ਅਧੀਨ ਅੰਗਹੀਣਾਂ, ਬਜ਼ੁਰਗਾਂ ਤੇ ਵਿਧਵਾਵਾਂ ਨੂੰ ਪੈਨਸ਼ਨ ਰਾਸ਼ੀ ਦਿੱਤੀ ਜਾਂਦੀ ਹੈ, ਇਹ ਪੈਨਸ਼ਨ ਰਾਸ਼ੀ ਵੀ ਲਾਭਪਾਤਰੀਆਂ ਨੂੰ ਸਮੇਂ ਸਿਰ ਨਹੀਂ ਮਿਲ ਰਹੀ।ਉਨ੍ਹਾਂ ਪੰਜਾਬ ਸਰਕਾਰ ਤੋਂ ਮਸਲਿਆਂ ਦੇ ਜਲਦੀ ਹੱਲ ਦੀ ਮੰਗ ਕੀਤੀ।ਇਸ ਮੌਕੇ ਭੀਮ ਭੁਪਾਲ, ਅਸੀਮ ਗੋਇਲ, ਵਿਜੇ ਮੌਂਗਾ, ਹਰਬੰਸ ਸਿੰਘ ਢਿੱਲੋਂ ਆਦਿ ਹਾਜ਼ਰ ਸਨ।

# ਅਣਪਛਾਤੇ ਲੁਟੇਰੇ ਨਰਸਿੰਗ ਹੋਮ 'ਚੋਂ ਨਗਦੀ ਤੇ ਗਹਿਣੇ ਲੁੱਟ ਕੇ ਫ਼ਰਾਰ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਲੰਘੀ ਰਾਤ ਪੰਜਾਬ ਦੇ ਮੁੱਖ ਮੰਤਰੀ ਦੇ ਹਲਕੇ ਦੇ ਕੱਕੜਵਾਲ ਚੌਕ 'ਚ ਸਥਿਤ ਸ਼ਰਮਾ ਨਰਸਿੰਗ ਹੋਮ 'ਚੋਂ ਅਣਪਛਾਤੇ ਲੁਟੇਰੇ ਡਾਕਟਰ ਦੀ ਕੁੱਟਮਾਰ ਕਰਕੇ ਹਜ਼ਾਰਾਂ ਰੁਪਏ ਦੀ ਨਗਦੀ ਤੇ ਸੋਨੇ ਦੇ ਗਹਿਣੇ ਲੁੱਟ ਕੇ ਫ਼ਰਾਰ ਹੋ ਗਏ।ਸ਼ਰਮਾ ਨਰਸਿੰਗ ਹੋਮ ਦੇ ਡਾਕਟਰ ਕੇ. ਐੱਨ. ਸ਼ਰਮਾ ਨੇ ਪੱਤਰਕਾਰਾਂ ਨੂੰ ਘਟਨਾ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੰਘੀ ਅੱਧੀ ਰਾਤ ਮੂੰਹ ਸਿਰ ਬੰਨ੍ਹੀਂ ਪੰਜ ਅਣਪਛਾਤੇ ਲੁਟੇਰੇ ਨਰਸਿੰਗ ਹੋਮ ਦੀ ਕੰਧ ਟੱਪ ਕੇ ਅੰਦਰ ਦਾਖਲ ਹੋਏ, ਜਿਨ੍ਹਾਂ ਵਿੱਚ ਤਿੰਨ ਲੁਟੇਰੇ ਨਰਸਿੰਗ ਹੋਮ ਦੀ ਛੱਤ 'ਤੇ ਚੜ੍ਹੇ ਤੇ ਕਮਰੇ ਦੀ ਖਿੜਕੀ ਤੋੜ ਕੇ ਅੰਦਰ ਆ ਗਏ ਅਤੇ ਸਾਨੂੰ ਸੁੱਤੇ ਪਿਆ ਨੂੰ ਉਠਾਇਆ ਤੇ ਮੇਰੀ ਮੋਟੇ ਡੰਡੇ ਨਾਲ ਕੁੱਟਮਾਰ ਕੀਤੀ ਅਤੇ ਅੰਦਰੋਂ ਕਰੀਬ ਪੰਜਾਹ ਹਜ਼ਾਰ ਨਗਦੀ ਤੇ ਉਨ੍ਹਾਂ ਦੀ ਪਤਨੀ ਦੇ ਪਹਿਨੇ ਕਰੀਬ ਪੰਜ ਤੋਲੇ ਸੋਨੇ ਦੇ ਗਹਿਣੇ ਲੁੱਟ ਕੇ ਫਰਾਰ ਹੋ ਗਏ ਅਤੇ ਜਾਂਦੇ ਹੋਏ ਮੇਰਾ ਤੇ ਹਸਪਤਾਲ ਵਿੱਚੋਂ ਨਰਸਿੰਗ ਸਟਾਫ ਦੇ ਦੋ ਮੋਬਾਈਲ ਖੋਹ ਕੇ ਲੈ ਗਏ, ਪਰ ਬਾਅਦ ਵਿੱਚ ਮੇਰਾ ਤੇ ਇੱਕ ਸਟਾਫ ਮੈਂਬਰ ਦਾ ਫੋਨ ਡਿੱਗਿਆ ਮਿਲ ਗਿਆ।

# ਇੰਮੀਗ੍ਰੇਸ਼ਨ ਪਲੇਨਰ ਦੀ ਮਨਦੀਪ ਕੌਰ ਨੇ ਪੀ ਟੀ ਈ 'ਚੋਂ 60 ਸਕੋਰ ਲਏ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਹੁਤ ਹੀ ਥੋੜ੍ਹੇ ਸਮੇਂ ਵਿੱਚ ਆਈਲਟਸ ਦੀ ਦੁਨੀਆ ਵਿੱਚ ਆਪਣਾ ਨਾਮ ਬਣਾ ਰਹੀ ਦਾ ਇੰਮੀਗ੍ਰੇਸ਼ਨ ਪਲੇਨਰ ਬੱਸ ਸਟੈਂਡ ਦੀ ਬੈਕਸਾਈਡ ਤੇ ਨਹਿਰੂ ਮੰਡੀ ਵਿੱਚ ਸਥਿਤ ਹੈ।ਸੰਸਥਾ ਦੇ ਹੈੱਡ ਯੋਗੇਸ਼ ਗੋਇਲ ਨੇ ਦੱਸਿਆ ਇਸ ਵਾਰ ਸੰਸਥਾ ਵੱਲੋਂ ਮਨਦੀਪ ਕੌਰ ਪਿੰਡ ਠੱਠੀ ਭਾਈ ਦਾ ਤਿੰਨ ਮਹੀਨਿਆਂ ਵਿੱਚ ਪੀ.ਟੀ.ਈ. 'ਚੋਂ ਓਵਰਆਲ 60 ਸਕੋਰ ਪ੍ਰਾਪਤ ਕਰ ਕੇ ਸੰਸਥਾ ਦਾ ਨਾਮ ਰੋਸ਼ਨ ਕੀਤਾ।ਇਸ ਮੌਕੇ ਸੰਸਥ ਦੇ ਸਟਾਫ ਨੇ ਪ੍ਰਮਾਣ ਪੱਤਰ ਦੇ ਕੇ ਉਸ ਨੂੰ ਵਧਾਈ ਦਿੱਤੀ।

# ਵਿਧਾਇਕ ਸੁਖਾਨੰਦ ਨੇ 9 ਪੀੜਤ ਪਰਵਾਰਾਂ ਨੂੰ 2.82 ਲੱਖ ਦੇ ਚੈੱਕ ਵੰਡੇ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਮਾਰਕਿਟ ਕਮੇਟੀ ਦਫ਼ਤਰ ਵਿਖੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ 9 ਪੀੜਤ ਪਰਵਾਰਾਂ ਨੂੰ 2.82 ਲੱਖ ਰੁਪਏ ਦੇ ਚੈੱਕ ਵੰਡੇ।

ਵਿਧਾਇਕ ਸੁਖਾਨੰਦ ਨੇ ਕਿਹਾ ਕਿ ਖੇਤਾਂ ਵਿੱਚ ਕੰਮ ਕਰਦੇ ਕਿਸਾਨ, ਮਜ਼ਦੂਰ ਜਿਨ੍ਹਾਂ ਦੇ ਅੰਗ ਕੱਟੇ ਜਾਂਦੇ ਜਾਂ ਖੇਤ ਵਿਚ ਕੋਈ ਵੀ ਹਾਦਸਾ ਵਾਪਰ ਜਾਂਦਾ ਜਾਂ ਮੌਤ ਹੋ ਜਾਂਦੀ ਹੈ, ਉਨ੍ਹਾਂ ਦੇ ਪਰਵਾਰਾਂ ਨੂੰ ਪੰਜਾਬ ਸਰਕਾਰ ਵੱਲੋਂ ਰਾਸ਼ੀ ਦਿੱਤੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪੀੜਤ ਪਰਵਾਰਾਂ ਲਈ ਰਾਸ਼ੀ ਵਿੱਚ ਪਹਿਲਾਂ ਨਾਲੋਂ ਵਾਧਾ ਕੀਤਾ ਗਿਆ ਹੈ, ਜੇਕਰ ਮੌਤ ਹੋ ਜਾਂਦੀ ਹੈ ਤਾਂ 2 ਲੱਖ ਤੋਂ 3 ਲੱਖ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਮੇਂ ਸਮੇਂ ਸਿਰ ਲੋੜਵੰਦਾਂ ਦੀ ਮਦਦ ਕੀਤੀ ਜਾਂਦੀ ਹੈ ਤਾਂ ਕਿ ਕੋਈ ਵੀ ਦੁਖੀ ਨਾ ਰਹਿ ਸਕੇ।ਇਸ ਮੌਕੇ ਮਾਰਕੀਟ ਕਮੇਟੀ ਦੇ ਸੈਕਟਰੀ ਹਰਜੀਤ ਸਿੰਘ ਖਹਿਰਾ, ਅੰਮ੍ਰਿਤਪਾਲ ਸਿੰਘ ਮੰਡੀ ਸੁਪਰਵਾਈਜ਼ਰ, ਹਰਪ੍ਰੀਤ ਕੌਰ ਮੰਡੀ ਸੁਪਰਵਾਈਜ਼ਰ, ਮਹਾਂਵੀਰ ਸ਼ਰਮਾ, ਸੀਨੀਅਰ ਆਪ ਆਗੂ ਪਵਨ ਗੁਪਤਾ, ਰਣਜੀਤ ਸਿੰਘ ਟੀਟੂ, ਧਰਮਿੰਦਰ ਸਿੰਘ ਰੱਖੜਾ, ਮਨਦੀਪ ਕੱਕੜ, ਤਰੁਣ ਮਿੱਤਲ, ਜਗਸੀਰ ਸਿੰਘ ਸੀਰਾ, ਪ੍ਰਿਥੀ ਸਿੰਘ, ਮੁਖਤਿਆਰ ਸਿੰਘ, ਪ੍ਰੇਮ ਸਿੰਘ ਬਾਠ, ਮਨਦੀਪ ਸਿੰਘ ਮਾਨ ਕੋਟਲਾ, ਗੁਰਪ੍ਰੀਤ ਸਿੰਘ ਮਨਚੰਦਾ, ਬਾਜ਼ੀ ਕਾਲੇਕੇ, ਅੰਕੁਸ਼ ਗੋਇਲ, ਕੁਲਵਿੰਦਰ ਸਿੰਘ ਜੈਮਲ ਵਾਲਾ ਤੇ ਹੋਰ ਸ਼ਾਮਲ ਸਨ।

# ਸ਼੍ਰੋਮਣੀ ਕਮੇਟੀ ਦੀ ਵੋਟਰ ਸੂਚੀ ਸੰਬੰਧੀ ਦਾਅਵੇ ਤੇ ਇਤਰਾਜ਼ 24 ਤੱਕ ਜਮ੍ਹਾਂ ਕਰਵਾਏ ਜਾਣ : ਡੀ ਸੀ

**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ-2025 ਲਈ 21 ਅਕਤੂਬਰ 2023 ਤੋਂ 15 ਦਸੰਬਰ 2024 ਤੱਕ ਸੰਬਧਤ ਰਿਵਾਈਜ਼ਿੰਗ ਅਥਾਰਟੀਜ਼ ਕੋਲ ਪ੍ਰਾਪਤ ਹੋਏ ਫ਼ਾਰਮਾਂ ਦੇ ਆਧਾਰ 'ਤੇ ਤਿਆਰ ਕੀਤੀ ਗਈ ਐੱਸ.ਜੀ.ਪੀ.ਸੀ. ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ 3 ਜਨਵਰੀ 2025 ਨੂੰ ਜ਼ਿਲ੍ਹਾ ਸੰਗਰੂਰ ਵਿੱਚ ਕਰਵਾ ਦਿੱਤੀ ਗਈ ਹੈ। ਇਸ ਸੰਬਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਨੇ ਦੱਸਿਆ ਕਿ ਤਿਆਰ ਕੀਤੀ ਗਈ ਡਰਾਫ਼ਟ ਐੱਸ.ਜੀ.ਪੀ.ਸੀ. ਵੋਟਰ ਸੂਚੀ ਸਮੂਹ ਰਿਵਾਈਜ਼ਿੰਗ ਅਥਾਰਟੀਜ਼/ਰਿਟਰਨਿੰਗ ਅਫ਼ਸਰਾਂ ਦੇ ਦਫ਼ਤਰਾਂ, ਸਮੂਹ ਨੋਟੀਫਾਈਡ ਸਿੱਖ ਗੁਰਦੁਆਰਿਆਂ, ਪਿੰਡਾਂ ਵਿੱਚ ਸੰਬਧਤ ਪਟਵਾਰ ਹਲਕਿਆਂ ਦੇ ਪਟਵਾਰੀਆਂ ਤੇ ਸ਼ਹਿਰਾਂ ਵਿੱਚ ਨਗਰ ਕੌਂਸਲ ਦੇ ਕਰਮਚਾਰੀਆਂ ਪਾਸ ਦੇਖਣ ਲਈ ਉਪਲਬਧ ਹੈ। ਉਨ੍ਹਾਂ ਦੱਸਿਆ ਕਿ ਐੱਸ.ਜੀ.ਪੀ.ਸੀ. ਵੋਟਰ ਸੂਚੀ ਦੀ ਮੁੱਢੀ ਪ੍ਰਕਾਸ਼ਨਾ ਉਪਰੰਤ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਵੱਲੋਂ ਜਾਰੀ ਸ਼ਡਿਊਲ ਅਨੁਸਾਰ 3 ਜਨਵਰੀ ਤੋਂ 24 ਜਨਵਰੀ ਤੱਕ ਦਾਅਵੇ ਤੇ ਇਤਰਾਜ਼ ਸਮੂਹ ਰਿਵਾਈਜ਼ਿੰਗ ਅਥਾਰਟੀਜ਼ ਵੱਲੋਂ ਪ੍ਰਾਪਤ ਕੀਤੇ ਜਾਣੇ ਹਨ। ਜੇਕਰ ਕਿਸੇ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੋਟਰ ਸੂਚੀ ਸੰਬੰਧੀ ਕੋਈ ਦਾਅਵਾ (ਫ਼ਾਰਮ 1 ਕੇਸਧਾਰੀ ਸਿੱਖ ਲਈ) ਤੇ ਇਤਰਾਜ਼ (ਦਰਖਾਸਤ ਰਾਹੀਂ ਤਿੰਨ ਪੜਤਾਂ ਵਿੱਚ) ਜਮ੍ਹਾਂ ਕਰਵਾਉਣਾ ਹੈ ਤਾਂ ਸੰਬਧਤ ਰਿਵਾਈਜ਼ਿੰਗ ਅਥਾਰਟੀਜ਼ ਕੋਲ 24 ਜਨਵਰੀ ਤੱਕ ਦਿੱਤਾ ਜਾ ਸਕਦਾ ਹੈ।

# ਗੱਡੀ ਦਾ ਸਟਾਪੇਜ ਹੋਣ 'ਤੇ ਹਜ਼ੂਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ 'ਚ ਖੁਸ਼ੀ ਦੀ ਲਹਿਰ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪਿਛਲੇ ਦਿਨੀਂ ਕੇਂਦਰ ਸਰਕਾਰ ਅਤੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਸ਼ਹੀਦ ਊਧਮ ਸਿੰਘ ਵਾਲਾ ਰੇਲਵੇ ਸਟੇਸ਼ਨ 'ਤੇ ਸ੍ਰੀ ਹਜ਼ੂਰ ਸਾਹਿਬ ਨੰਦੇੜ- ਸ੍ਰੀ ਗੰਗਾ ਨਗਰ ਐਕਸਪ੍ਰੈਸ ਰੇਲ ਗੱਡੀ ਨੂੰ ਰੁਕਣ ਦੀ ਮਨਜ਼ੂਰੀ ਦੇ ਦਿੱਤੀ ਗਈ ਸੀ, ਅੱਜ ਇਸ ਰੇਲ ਗੱਡੀ ਦਾ ਸੁਨਾਮ ਊਧਮ ਸਿੰਘ ਵਾਲਾ ਸਟੇਸ਼ਨ ਉੱਪਰ ਪਹੁੰਚਣ ਅਤੇ ਰੁਕਣ 'ਤੇ ਭਾਜਪਾ ਦੀ ਸੂਬਾ ਸਕੱਤਰ ਦਾਮਨ ਥਿੰਦ ਬਾਜਵਾ ਅਤੇ ਸ਼ਹਿਰ ਸੁਨਾਮ ਊਧਮ ਸਿੰਘ ਵਾਲਾ ਦੀ ਸੰਗਤ ਵੱਲੋਂ ਰੇਲ ਗੱਡੀ 'ਤੇ ਫੁੱਲਾਂ ਦੀ ਵਰਖਾ ਕਰਕੇ ਖੁਸ਼ੀ ਮਨਾਈ ਗਈ। ਇਸ ਮੌਕੇ ਲੋਕਾਂ ਵਿੱਚ ਇਸ ਖੁਸ਼ੀ ਦੀ ਲਹਿਰ ਨੂੰ ਦੇਖਦੇ ਹੋਏ ਦਾਮਨ ਥਿੰਦ ਬਾਜਵਾ ਨੇ ਕਿਹਾ ਕਿ ਮੈਂ ਪਾਰਟੀਬਾਜ਼ੀ ਤੋਂ ਉੱਪਰ ਉੱਠ ਸੁਨਾਮ ਊਧਮ ਸਿੰਘ ਵਾਲਾ ਦੀਆਂ ਸਾਰੀਆਂ ਹੀ ਕਮੇਟੀਆਂ, ਜਥੇਬੰਦੀਆਂ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਦੇ ਸਹਿਯੋਗ ਨਾਲ ਸਾਡੀ ਇਸ ਬੇਨਤੀ ਨੂੰ ਕੇਂਦਰ ਸਰਕਾਰ ਅਤੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਸਵੀਕਾਰ ਕੀਤਾ । ਦਾਮਨ ਬਾਜਵਾ ਨੇ ਕਿਹਾ ਕਿ ਆਉਣ ਵਾਲੇ ਕੁਝ ਹੀ ਦਿਨਾਂ ਵਿੱਚ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਮਿਲ ਕੇ ਬਾਕੀ ਦੀਆਂ ਟ੍ਰੇਨਾਂ ਜੋ ਸੁਨਾਮ ਊਧਮ ਸਿੰਘ ਵਾਲਾ ਦੀ ਸੰਗਤ ਨੇ ਮੇਰੇ ਧਿਆਨ ਵਿੱਚ ਲਿਆਂਦੀਆਂ ਹੋਈਆਂ ਹਨ 'ਤੇ ਵੀ ਅਸੀਂ ਸਫਲਤਾ ਹਾਸਲ ਕਰਾਂਗੇ। ਇਸ ਮੌਕੇ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਅਤੇ ਵਪਾਰੀ ਆਗੂਆਂ ਵੱਲੋਂ ਦਾਮਨ ਬਾਜਵਾ ਅਤੇ ਹਰਮਨ ਬਾਜਵਾ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ ਤੇ ਰੇਲ ਗੱਡੀ ਰੁਕਣ 'ਤੇ ਦਾਮਨ ਬਾਜਵਾ ਨੇ ਗੱਡੀ ਚਾਲਕ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਜਪਾ ਜ਼ਿਲ੍ਹਾ ਪ੍ਰਧਾਨ ਅੰਮ੍ਰਿਤ ਚੱਠਾ, ਸੰਜੇ ਗੋਇਲ ਜਨਰਲ ਸਕੱਤਰ, ਸਰਕਲ ਪ੍ਰਧਾਨ ਰਾਜੀਵ ਮੱਖਣ, ਵਪਾਰੀ ਪ੍ਰਧਾਨ ਨਰੇਸ਼ ਭੋਲਾ, ਪਵਨ ਗੁੱਜਰ, ਅਨੰਦ, ਮਹੇਸ਼ ਦੀਵਾਨ, ਗਿਆਨ ਚੰਦ ਗੁਪਤਾ, ਰਾਮ ਮੁਹੰਮਦ ਸਿੰਘ ਅਜਾਦ ਕਲੱਬ ਅਤੇ ਸ਼ਹੀਦ ਊਧਮ ਸਿੰਘ ਯਾਦਗਾਰੀ ਕੰਬੋਜ ਕਮੇਟੀ ਦੀ ਸਾਰੀ ਟੀਮ ਹਾਜ਼ਰ ਸਨ।

# ਮਾਸਟਰ ਰਾਮ ਸਿੰਘ ਚੜ੍ਹੀ ਨਮਿਤ ਸ਼ਰਧਾਂਜਲੀ ਸਮਾਗਮ ਅੱਜ



**ਦੋਰਾਹਾ (ਹਰਮਿੰਦਰ ਸੇਠ)**-ਜ਼ਿੰਦਗੀ ਦੇ ਆਖਰੀ ਸਾਹਾਂ ਤੱਕ ਇਨਕਲਾਬੀ ਜਮਹੂਰੀ ਲਹਿਰ ਦੇ ਦ੍ਰਿੜ੍ਹ ਸਮਰਥਕ ਚਲੇ ਆ ਰਹੇ ਸੇਵਾ ਮੁਕਤ ਅਧਿਆਪਕ ਰਾਮ ਚੜ੍ਹੀ (ਖਮਾਣੋਂ) ਲੀਵਰ ਤੇ ਗੁਰਦਿਆਂ ਦੀ ਲੰਮੀ ਬੀਮਾਰੀ ਨਾਲ ਜੂਝਦਿਆਂ ਜ਼ੇਰੇ ਇਲਾਜ 25 ਦਸੰਬਰ ਨੂੰ ਸਮੁੱਚੇ ਪਰਿਵਾਰ/ਰਿਸ਼ਤੇਦਾਰਾਂ ਤੇ ਸੰਗੀ-ਸਾਥੀਆਂ ਨੂੰ ਦੁਖਦਾਇਕ ਵਿਛੋੜਾ ਦੇ ਗਏ ਸਨ।ਜ਼ਿਲ੍ਹਾ ਫਤਹਿਗੜ੍ਹ ਸਾਹਿਬ ਤਹਿਸੀਲ ਖਮਾਣੋਂ 'ਚ ਪੈਂਦੇ ਉਨ੍ਹਾਂ ਦੇ ਗ੍ਰਹਿ ਪਿੰਡ ਚੜ੍ਹੀ ਵਿਖੇ ਅਗਲੇ ਦਿਨ ਉਨ੍ਹਾਂ ਦੇ ਪਰਿਵਾਰ/ਰਿਸ਼ਤੇਦਾਰਾਂ, ਵੱਡੀ ਗਿਣਤੀ 'ਚ ਨਗਰ ਦੇ ਮਜ਼ਦੂਰਾਂ/ਕਿਸਾਨਾਂ ਨੇ ਨਮ ਅੱਖਾਂ ਨਾਲ ਤੇ ਸੰਗੀ-ਸਾਥੀ ਅਧਿਆਪਕਾਂ ਤੇ ਇਨਕਲਾਬੀ ਜਮਹੂਰੀ ਲਹਿਰ ਦੇ ਸਾਥੀਆਂ ਨੇ ਉਨ੍ਹਾਂ ਦੇ ਭੌਤਿਕ ਸਰੀਰ ਨੂੰ ਲਾਲ ਝੰਡੇ 'ਚ ਲਪੇਟ ਕੇ ਉਨ੍ਹਾਂ ਦੀ ਲੋਕ ਲਹਿਰ 'ਚ ਪਾਏ ਯੋਗਦਾਨ ਨੂੰ ਸਲਾਮ ਕਰਦੇ ਹੋਏ ਅੰਤਿਮ ਵਿਦਾਇਗੀ ਦਿੱਤੀ।ਇਸ ਮੌਕੇ ਮਜ਼ਦੂਰ ਆਗੂ ਮਲਕੀਤ ਸਿੰਘ, ਮੇਵਾ ਸਿੰਘ ਚੜ੍ਹੀ, ਹਰਜਿੰਦਰ ਸਿੰਘ ਤੋਂ ਇਲਾਵਾ ਬਿਕਰਮ ਸਿੰਘ ਲੈਕਚਰਾਰ ਸ: ਸੈ: ਸ: ਚੜ੍ਹੀ, ਹਰਚਰਨ ਸਿੰਘ ਰਿਟਾਇਰ ਪ੍ਰਿੰਸੀਪਲ ਚੜ੍ਹੀ, ਸੱਤਪਾਲ ਸਿੰਘ ਰਿਟਾ: ਪ੍ਰਿੰਸੀਪਲ ਸ: ਸੀ: ਸੈ: ਸਕੂਲ ਖਮਾਣੋਂ, ਸੱਜਣ ਸਿੰਘ, ਪਾਲ ਸਿੰਘ ਰਿਟਾ: ਅਧਿਆਪਕ ਫਰੌਰ, ਹਰਪ੍ਰੀਤ ਸਿੰਘ ਕਲਰਕ ਚੜ੍ਹੀ, ਰਾਜਿੰਦਰ ਸਿੰਘ ਪੀ ਟੀ ਭਾਂਬਰੀ, ਰਣਜੀਤ ਸਿੰਘ ਲੈਕਚਰਾਰ ਭੜੀ, ਭਗਤ ਸਿੰਘ ਸਰੋਆ ਲੈਕਚਰਾਰ, ਆਤਮਾ ਸਿੰਘ ਕੋਟਲਾ, ਬਲਵੀਰ ਸਿੰਘ ਚੰਡੀਗੜ੍ਹ ਆਦਿ ਸ਼ਾਮਲ ਹੋਏ।ਵਰਗ ਚੇਤਨਾ ਮੰਚ ਦੇ ਕਨਵੀਨਰ ਯਸ਼ਪਾਲ ਜੀ ਨੇ ਵੀ ਸ਼ੋਕ ਸੰਦੇਸ਼ ਭੇਜਿਆ।ਸਾਥੀ ਰਾਮ ਸਿੰਘ ਨਮਿਤ 5 ਜਨਵਰੀ ਦੁਪਹਿਰ 12 ਵਜੇ ਤੋਂ 1:30 ਵਜੇ ਤੱਕ ਉਨ੍ਹਾਂ ਦੇ ਗ੍ਰਹਿ ਪਿੰਡ ਚੜ੍ਹੀ (ਖਮਾਣੋਂ) ਵਿਖੇ ਉਨ੍ਹਾਂ ਦੇ ਸੰਗੀ ਸਾਥੀਆਂ ਵੱਲੋਂ ਉਨ੍ਹਾਂ ਦੀ ਇਨਕਲਾਬੀ ਜਮਹੂਰੀ ਲਹਿਰ 'ਚ ਪਾਏ ਯੋਗਦਾਨ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਅਰਪਿਤ ਕੀਤੀ ਜਾਵੇਗੀ।

# ਕੇਂਦਰ ਵੱਲੋਂ ਖੇਤੀਬਾੜੀ ਸੰਬੰਧੀ ਜਾਰੀ ਖਰੜਾ ਸੂਬਾ ਸਰਕਾਰਾਂ ਦੇ ਅਧਿਕਾਰਾਂ 'ਤੇ ਸਿੱਧਾ ਡਾਕਾ : ਸਤਿੰਦਰ ਚੱਠਾ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਬ ਕਨਵੇਅਰ ਦੇ ਚੇਅਰਮੈਨ ਸਤਿੰਦਰ ਸਿੰਘ ਚੱਠਾ ਨੇ ਇਥੇ ਗੱਲਬਾਤ ਕਰਦਿਆਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਨੈਸ਼ਨਲ ਪਾਲਿਸੀ ਫਰੇਮ ਵਰਕ ਆਫ ਐਗਰੀਕਲਚਰ ਮਾਰਕਿਟਿੰਗ ਬਾਰੇ ਟਿੱਪਣੀ ਤੇ ਸੁਝਾਅ ਲੈਣ ਲਈ ਵੱਖ-ਵੱਖ ਸਰਕਾਰਾਂ ਨੂੰ ਜੋ ਡਰਾਫਟ ਭੇਜਿਆ ਗਿਆ ਸੀ, ਪੰਜਾਬ ਸਰਕਾਰ ਵੱਲੋਂ ਇਹ ਸਾਰੇ ਸੁਝਾਅ ਤੇ ਡਰਾਫਟ ਨੂੰ ਰੱਦ ਕੀਤਾ ਜਾਂਦਾ ਹੈ, ਕਿਉਂਕਿ ਕੇਂਦਰ ਸਰਕਾਰ ਵੱਲੋਂ ਭੇਜਿਆ ਇਹ ਡਰਾਫਟ ਸੂਬਾ ਸਰਕਾਰਾਂ ਦੇ ਅਧਿਕਾਰਾਂ ਉੱਤੇ ਸਿੱਧਾ ਡਾਕਾ ਹੈ।ਐਗਰੀਕਲਚਰ ਸਪੱਸ਼ਟ ਰੂਪ ਵਿੱਚ ਸੂਬਾ ਸਰਕਾਰਾਂ ਦਾ ਅਧਿਕਾਰ ਹੈ।ਇਸ ਲਈ ਕੇਂਦਰ ਸਰਕਾਰ ਨੂੰ ਇਸ ਵਿੱਚ ਦਖ਼ਲ ਨਹੀਂ ਦੇਣਾ ਚਾਹੀਦਾ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਡਰਾਫਟ ਨੂੰ ਮੁੱਢ ਤੋਂ ਹੀ ਰੱਦ ਕਰਨ ਦੇ ਕੁੱਝ ਲੋਕ ਪੱਖੀ ਨੁਕਤੇ ਹਨ, ਕਿਉਂਕਿ ਫ਼ਲਾਂ ਤੇ ਸਬਜ਼ੀਆਂ ਦਾ ਜੋ ਆੜ੍ਹਤੀਆਂ ਦਾ ਕਮਿਸ਼ਨ ਹੁਣ 5 ਪ੍ਰਤੀਸ਼ਤ ਹੈ, ਕੇਂਦਰ ਸਰਕਾਰ ਇਸ ਨੂੰ ਘਟਾ ਕੇ 4 ਪ੍ਰਤੀਸ਼ਤ 'ਤੇ ਕੈਪ ਲਗਾਉਣਾ ਚਾਹੁੰਦੀ ਹੈ।ਇਸੇ ਤਰ੍ਹਾਂ ਕੇਂਦਰ ਸਰਕਾਰ ਹੋਰ ਜਿਣਸਾਂ 'ਤੇ ਆੜ੍ਹਤੀਆਂ ਦਾ ਕਮਿਸ਼ਨ ਵੀ 2.5 ਪ੍ਰਤੀਸ਼ਤ ਤੋਂ ਘਟਾ ਕੇ 2 ਪ੍ਰਤੀਸ਼ਤ ਕਰਨਾ ਚਾਹੁੰਦੀ ਹੈ, ਜੋ ਕਿ ਆੜ੍ਹਤੀਆਂ ਦੇ ਕਾਰੋਬਾਰ 'ਤੇ ਬੜਾ ਅਸਰ ਪਾਵੇਗਾ। ਇਸੇ ਤਰ੍ਹਾਂ ਕੇਂਦਰ ਸਰਕਾਰ ਵੱਲੋਂ ਮਾਰਕਿਟ ਫੀਸ ਨੂੰ ਵੀ ਘਟਾਉਣ ਦੀ ਤਜਵੀਜ਼ ਭੇਜੀ ਗਈ ਹੈ।

ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਕਰੀਬ 28 ਹਜ਼ਾਰ ਆੜ੍ਹਤੀਆਂ ਤੇ ਕਰੀਬ 15 ਲੱਖ ਕਿਸਾਨ ਹਨ। ਪੰਜਾਬ ਦੇ ਆੜ੍ਹਤੀਆਂ ਨੂੰ ਲੱਗਭਗ 1650 ਕਰੋੜ ਰੁਪਏ ਆੜ੍ਹਤ ਵਜੋਂ ਆਉਂਦੇ ਹਨ, ਜੋ ਕਿ ਪ੍ਰਤੀ ਕਿਸਾਨ ਤਕਰੀਬਨ ਇੱਕ ਹਜ਼ਾਰ ਰੁਪਏ ਹੀ ਬੈਠਦਾ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਦੇ ਆੜ੍ਹਤੀਆਂ ਵੱਲੋਂ ਪੰਜਾਬ ਦੇ ਕਿਸਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਤੇ ਕਿਸਾਨਾਂ ਦੇ ਜਿਣਸ ਦੇ ਮੰਡੀਕਰਨ ਵਿੱਚ ਕੀਤੀ ਜਾਂਦੀ ਸਹਾਇਤਾ ਦੇ ਇਵਜ਼ ਵਿੱਚ ਇਹ ਰਕਮ ਬਹੁਤ ਹੀ ਮਾਮੂਲੀ ਹੈ।

ਇਸੇ ਤਰ੍ਹਾਂ ਕੇਂਦਰ ਸਰਕਾਰ ਰੂਰਲ ਡਿਵਲਪਮੈਂਟ ਫੰਡ (ਆਰ.ਡੀ.ਐੱਫ.), ਜੋ ਕਿ ਜਿਣਸਾਂ 'ਤੇ 3 ਫੀਸਦੀ ਅਤੇ ਫ਼ਲਾਂ ਤੇ ਸਬਜ਼ੀਆਂ 'ਤੇ 1 ਫੀਸਦੀ ਹੈ, ਨੂੰ ਮੁਕੰਮਲ ਤੌਰ 'ਤੇ ਖ਼ਤਮ ਕਰਨਾ ਚਾਹੁੰਦੀ ਹੈ। ਕੇਂਦਰ ਵੱਲੋਂ ਜੋ ਗੋਦਾਮ ਤੇ ਸਾਈਲੋ ਨੂੰ ਸਬ-ਯਾਰਡ ਘੋਸ਼ਿਤ ਕਰਨ ਅਤੇ ਪ੍ਰਾਈਵੇਟ ਮੰਡੀਆਂ ਖੋਲ੍ਹਣ ਦੀ ਤਜਵੀਜ਼ ਹੈ, ਉਹ ਪੂਰੀ ਤਰ੍ਹਾਂ ਮੰਡੀ ਸਿਸਟਮ ਨੂੰ ਤਬਾਹ ਤੇ ਖਤਮ ਕਰਨ ਦੀ ਨੀਤ ਨਜ਼ਰ ਆ ਰਹੀ ਹੈ, ਕਿਉਂਕਿ ਪੰਜਾਬ ਵਿੱਚ ਲੱਗਭਗ ਹਰ 4 ਕਿਲੋਮੀਟਰ 'ਤੇ ਮੰਡੀ ਹੈ, ਇਸ ਲਈ ਪ੍ਰਾਈਵੇਟ ਮੰਡੀਆਂ ਦੀ ਪੰਜਾਬ ਨੂੰ ਕੋਈ ਜ਼ਰੂਰਤ ਨਹੀਂ ਹੈ।

ਉਨ੍ਹਾਂ ਸੁਝਾਅ ਦਿੰਦਿਆਂ ਕਿਹਾ ਕਿ ਪੰਜਾਬ ਦੇ ਮੰਡੀ ਸਿਸਟਮ ਨੂੰ ਹੋਰ ਅੱਪਗ੍ਰੇਡ ਕਰਨ ਲਈ ਕੇਂਦਰ ਸਰਕਾਰ ਵੱਲੋਂ ਜੋ ਰੂਰਲ ਡਿਵੈਲਪਮੈਂਟ ਫੰਡ ਰੋਕਿਆ ਗਿਆ ਹੈ, ਉਹ ਤੁਰੰਤ ਜਾਰੀ ਕੀਤਾ ਜਾਵੇ ਅਤੇ ਨਾਲ ਹੀ ਪੰਜਾਬ ਦੇ ਮੰਡੀ ਸਿਸਟਮ ਨੂੰ ਹੋਰ ਮਜ਼ਬੂਤ ਬਣਾਉਣ ਲਈ ਘੱਟੋ-ਘੱਟ 10 ਹਜ਼ਾਰ ਕਰੋੜ ਦਾ ਪੈਕੇਜ ਵੀ ਦਿੱਤਾ ਜਾਵੇ, ਤਾਂ ਕਿ ਪੰਜਾਬ ਦੇ ਕਿਸਾਨ, ਮਜ਼ਦੂਰ, ਆੜ੍ਹਤੀ ਤੇ ਵਪਾਰੀ ਵਰਗ ਨੂੰ ਲਾਭ ਹੋ ਸਕੇ।

# ਆਈ ਏ ਐੱਸ ਐਂਡ ਅਲਾਈਡ ਸਰਵਿਸਿਜ਼ ਟ੍ਰੇਨਿੰਗ ਸੈਂਟਰ ਵਿਖੇ ਲੱਗਣਗੀਆਂ ਕੋਚਿੰਗ ਕਲਾਸਾਂ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬੀ ਯੂਨੀਵਰਸਿਟੀ ਦੇ ਆਈ ਏ ਐੱਸ ਐਂਡ ਅਲਾਈਡ ਸਰਵਿਸਿਜ਼ ਟ੍ਰੇਨਿੰਗ ਸੈਂਟਰ ਵਿਖੇ ਆਈ ਏ ਐੱਸ/ਪੀ ਸੀ ਐੱਸ (ਪ੍ਰੀ.) ਰੈਗੂਲਰ/ਵੀਕਐਂਡ, ਯੂ ਜੀ ਸੀ (ਨੈੱਟ), ਪੀ ਸੀ ਐੱਸ (ਜੂਡੀਸ਼ਰੀ) ਕੋਰਸਾਂ ਦੀਆਂ ਕੋਚਿੰਗ ਕਲਾਸਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ।

ਵਿਭਾਗ ਦੇ ਡਾਇਰੈਕਟਰ ਡਾ. ਅਮਰ ਇੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਹਾਲ ਹੀ ਵਿੱਚ ਪੀ ਸੀ ਐੱਸ ਸਮੇਤ ਵੱਖ-ਵੱਖ ਪਦਵੀਆਂ ਲਈ 322 ਆਸਾਮੀਆਂ ਲਈ ਇਸ਼ਤਿਹਾਰ ਜਾਰੀ ਕੀਤਾ ਹੈ।ਵਿਦਿਆਰਥੀਆਂ ਨੂੰ ਇਸ ਸੁਨਹਿਰੀ ਮੌਕੇ ਦਾ ਫ਼ਾਇਦਾ ਉਠਾਉਣਾ ਚਾਹੀਦਾ ਹੈ।ਉਨ੍ਹਾਂ ਦੱਸਿਆ ਕਿ ਵਿਭਾਗ ਵਿਖੇ ਆਈ ਏ ਐੱਸ/ਪੀ ਸੀ ਐੱਸ (ਪ੍ਰੀ.) ਰੈਗੂਲਰ/ਵੀਕਐਂਡ ਦੇ ਨਵੇਂ ਬੈਚ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਵਿਭਾਗ ਪਿਛਲੇ ਲੰਮੇ ਸਮੇਂ ਤੋਂ ਵਿਦਿਆਰਥੀਆਂ ਨੂੰ ਬਹੁਤ ਹੀ ਘੱਟ ਫੀਸਾਂ 'ਤੇ ਉੱਚ ਸ਼੍ਰੇਣੀ ਦੀ ਸਿਖਲਾਈ ਪ੍ਰਦਾਨ ਕਰਦਾ ਰਿਹਾ ਹੈ।ਵਿਭਾਗ ਵਿਖੇ ਇੱਕ ਵੱਡੀ ਲਾਇਬ੍ਰੇਰੀ ਤੇ ਹੋਰ ਲੋੜੀਂਦਾ ਸਾਜ਼ੋ-ਸਾਮਾਨ ਉਪਲਬੱਧ ਹੈ ਅਤੇ ਪੰਜਾਬੀ ਯੂਨੀਵਰਸਿਟੀ ਦੇ ਮਾਹਰ ਅਧਿਆਪਕ ਇੱਥੇ ਵਿਦਿਆਰਥੀਆਂ ਨੂੰ ਸਿਖਲਾਈ ਦਿੰਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਹਮੇਸ਼ਾ ਉਨ੍ਹਾਂ ਵਿਦਿਆਰਥੀਆਂ ਦੇ ਨਾਲ ਖੜ੍ਹੀ ਹੈ, ਜੋ ਆਪਣੀ ਸਖਤ ਮਿਹਨਤ ਨਾਲ਼ ਜ਼ਿੰਦਗੀ ਵਿੱਚ ਕੁੱਝ ਹਾਸਲ ਕਰਨਾ ਚਾਹੁੰਦੇ ਹਨ।ਉਨ੍ਹਾਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਦਾ ਇਹ ਵਿਭਾਗ ਹਫ਼ਤੇ ਵਿੱਚ ਸੱਤ ਦਿਨ ਤੇ ਸਾਲ ਵਿੱਚ 365 ਦਿਨ ਖੁੱਲ੍ਹਾ ਰਹਿੰਦਾ ਹੈ।ਵਿਭਾਗ ਵਿਖੇ ਆਈ ਏ ਐੱਸ/ਪੀ ਸੀ ਐੱਸ (ਪ੍ਰੀ.) ਰੈਗੂਲਰ ਕੋਰਸ ਦੀਆਂ ਕਲਾਸਾਂ ਸਵੇਰੇ 9 ਵਜੇ ਤੋਂ ਸ਼ਾਮ ਦੇ 4 ਵਜੇ ਤੱਕ ਸੋਮਵਾਰ ਤੋਂ ਲੈ ਕੇ ਸ਼ੁੱਕਰਵਾਰ ਤੱਕ ਲਗਾਈਆਂ ਜਾਂਦੀਆਂ ਹਨ ਅਤੇ ਆਈ ਏ ਐੱਸ/ਪੀ ਸੀ ਐੱਸ (ਪ੍ਰੀ.) ਵੀਕਐਂਡ ਕੋਰਸ ਦੀਆਂ ਕਲਾਸਾਂ ਸ਼ਨੀਵਾਰ ਤੇ ਐਤਵਾਰ ਵਾਲੇ ਦਿਨਾਂ ਦੌਰਾਨ ਹੀ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ ਲਗਦੀਆਂ ਹਨ।ਵੀਕਐਂਡ ਕੋਰਸ ਖਾਸ ਕਰਕੇ ਨੌਕਰੀਪੇਸ਼ਾ ਤੇ ਰੈਗੂਲਰ ਪੜ੍ਹਾਈ ਕਰਨ ਵਾਲ਼ੇ ਵਿਦਿਆਰਥੀਆਂ ਲਈ ਹੈ।ਉਨ੍ਹਾਂ ਦੱਸਿਆ ਕਿ ਇਨ੍ਹਾਂ ਕਲਾਸਾਂ ਵਿੱਚ ਦਾਖ਼ਲਾ ਲੈਣ ਸਬੰਧੀ ਵਿਦਿਆਰਥੀ ਆਪਣੀਆਂ ਅਰਜ਼ੀਆਂ ਸਾਦੇ ਪੇਪਰ ਉੱਤੇ 15 ਜਨਵਰੀ ਤੱਕ ਵਿਭਾਗ ਦੀ ਈ-ਮੇਲ iastrainingcentrepbi@gmail.com ਉੱਤੇ ਭੇਜ ਸਕਦੇ ਹਨ।ਚੁਣੇ ਗਏ ਵਿਦਿਆਰਥੀਆਂ ਨੂੰ ਈਮੇਲ ਤੇ ਮੋਬਾਇਲ ਰਾਹੀਂ ਸੰਪਰਕ ਕੀਤਾ ਜਾਵੇਗਾ।ਇਨ੍ਹਾਂ ਕੋਰਸਾਂ ਦੀਆਂ ਕਲਾਸਾਂ ਤੇ ਹੋਰ ਵਧੇਰੇ ਜਾਣਕਾਰੀ ਲੈਣ ਸਬੰਧੀ ਵਿਦਿਆਰਥੀ ਵਿਭਾਗ ਦੇ ਫੋਨ ਨੰ: 0175-5136351, 52 ਤੇ 98554-68641, 9779150845 'ਤੇ ਸੰਪਰਕ ਕਰ ਸਕਦੇ ਹਨ ਅਤੇ ਯੂਨੀਵਰਸਿਟੀ ਦੀ ਵੈੱਬਸਾਈਟ 'ਤੇ ਵੀ ਵੇਖ ਸਕਦੇ ਹਨ।

# ਮਨਰੇਗਾ ਕੰਮਾਂ 'ਚ ਸਿਆਸੀ ਦਖਲ-ਅੰਦਾਜ਼ੀ ਬਰਦਾਸ਼ਤ ਨਹੀਂ ਕਰਾਂਗੇ : ਮਜ਼ਦੂਰ ਆਗੂ

## ਪੰਜ ਮਹੀਨੇ ਤੋਂ ਮਸਟਰੋਲ ਨਾ ਕੱਢਣ 'ਤੇ ਸੱਦੋਵਾਲ ਦੇ ਮਜ਼ਦੂਰਾਂ ਨੂੰ ਨਹੀਂ ਮਿਲਿਆ ਰੁਜ਼ਗਾਰ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**



ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵਿੱਚ ਸ਼ਾਮਲ ਮਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਕਰ ਸਿੰਘ ਕਲਾਲ ਮਾਜਰਾ, ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਪ੍ਰਕਾਸ਼ ਸਿੰਘ ਸੱਦੋਵਾਲ, ਜ਼ਿਲ੍ਹਾ ਸਕੱਤਰ ਭੋਲਾ ਸਿੰਘ ਕਲਾਲ ਮਾਜਰਾ, ਹੈਪੀ ਛੀਨੀਵਾਲ, ਸਾਧੂ ਸਿੰਘ ਛੀਨੀਵਾਲ ਵੱਲੋਂ ਮਨਰੇਗਾ ਦਫਤਰ ਮਹਿਲ ਕਲਾਂ ਦੇ ਅਧਿਕਾਰੀਆਂ ਖ਼ਿਲਾਫ਼ ਮਨਰੇਗਾ ਮੇਟ ਜਸਵਿੰਦਰ ਕੌਰ ਸੱਦੋਵਾਲ ਨੂੰ ਹਟਾਉਣ ਤੇ ਮਨਰੇਗਾ ਕਾਨੂੰਨ ਦੇ ਨਿਯਮਾਂ ਤੇ ਵਿਭਾਗ ਦੇ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਨੂੰ ਅਣਗੌਲਿਆ, ਉਲੰਘਣਾ ਕਰਨ ਦੇ ਰੋਸ ਵਜੋਂ ਨਾਅਰੇਬਾਜ਼ੀ ਕਰਕੇ ਰੋਸ ਪ੍ਰਗਟ ਕੀਤਾ ਗਿਆ।ਮਜ਼ਦੂਰ ਆਗੂਆਂ ਨੇ ਮਨਰੇਗਾ ਅਧਿਕਾਰੀਆਂ ਉਪਰ ਮਜ਼ਦੂਰ ਮਾਰੂ ਹੋਣ ਦੋਸ਼ ਲਾਉਂਦਿਆਂ ਆਖਿਆ ਕਿ ਪਿੰਡਾਂ ਦੇ ਨਵੇਂ ਚੁਣੇ ਗਏ ਸਰਪੰਚਾਂ ਦੀ ਮਜ਼ਦੂਰਾਂ ਵਿਰੋਧੀ ਮਾਨਸਿਕਤਾ ਹੋਣ ਕਰਕੇ ਪਹਿਲਾਂ ਰੱਖੇ ਮੇਟ ਜਸਵਿੰਦਰ ਕੌਰ ਸੱਦੋਵਾਲ ਨੂੰ ਹਟਾਉਣ ਦੀ ਜ਼ਿੱਦ ਕਰਕੇ ਪਿਛਲੇ ਚਾਰ-ਪੰਜ ਮਹੀਨੇ ਤੋਂ ਮਨਰੇਗਾ ਮਜ਼ਦੂਰਾਂ ਦੇ ਕੰਮ ਦਾ ਮਸਟਰੌਲ ਕੱਢਣ ਤੋਂ ਰੋਕਿਆ ਹੋਇਆ ਹੈ, ਜਿਸ ਬਾਰੇ ਪਿੰਡ ਸੱਦੋਵਾਲ ਦੇ ਮਨਰੇਗਾ ਮਜ਼ਦੂਰਾਂ ਵੱਲੋਂ ਕਈ ਵਾਰ ਬੀ.ਡੀ.ਪੀ.ਓ. ਦਫਤਰ ਮਹਿਲ ਕਲਾਂ ਤੇ ਏ.ਡੀ.ਸੀ. ਵਿਕਾਸ ਬਰਨਾਲਾ ਨੂੰ ਮਿਲ ਕੇ ਜਥੇਬੰਦੀਆਂ ਨੇ ਆਗੂਆਂ ਰਾਹੀਂ ਲਿਖਤੀ ਪੱਤਰ ਦਿੱਤੇ ਗਏ ਹਨ।ਸਿਆਸੀ ਦਬਾਅ ਦੇ ਕਾਰਨ ਉਕਤ ਮਸਲੇ ਦਾ ਹੱਲ ਨਹੀਂ ਕੀਤਾ ਗਿਆ।ਮਹਿਲ ਕਲਾਂ ਦਫਤਰ ਦੇ ਅਧਿਕਾਰੀਆਂ ਵੱਲੋਂ ਇਕ ਗ੍ਰਾਮ ਰੁਜ਼ਗਾਰ ਸੇਵਕ ਨੂੰ ਮਨਰੇਗਾ ਮਜ਼ਦੂਰਾਂ ਦੇ ਕੰਮ ਦਾ ਮਸਟਰੌਲ ਕੱਢਣ ਲਈ ਡਿਮਾਂਡ ਬਣਾਉਣ ਵਾਸਤੇ ਭੇਜਿਆ ਸੀ।ਉਸ ਵੱਲੋਂ ਪਿੰਡ ਵਿੱਚ ਗ੍ਰਾਮ ਸਭਾ ਦੀ ਮੀਟਿੰਗ ਕਰਨ ਦੀ ਗੱਲ ਕਰਕੇ ਗਰੀਬਾਂ ਦੇ ਕੱਚੇ ਤੇ ਖਦਸ਼ਾ ਹਾਲਤ ਵਾਲੇ ਘਰਾਂ, ਕੈਟਲ ਸ਼ੈੱਡ, ਲੈਟਰੀਨਾਂ ਬਣਾਉਣ ਵਾਲੇ ਲਾਭਪਾਤਰੀਆਂ ਦੀ ਚੋਣ ਕਰਨ ਦਾ ਬਹਾਨਾ ਬਣਾ ਕੇ ਪੁਰਾਣੇ ਮੇਟ ਨੂੰ ਹਟਾਉਣ ਦੇ ਇਰਾਦੇ ਨਾਲ ਮਨਰੇਗਾ ਮਜ਼ਦੂਰਾਂ ਨਾਲ ਪੁਰਾਣੇ ਮੇਟ ਵਿਰੋਧੀ ਗੱਲਾਂ ਕਰਕੇ ਮਜ਼ਦੂਰਾਂ ਤੇ ਪਿੰਡ ਦੇ ਲੋਕਾਂ ਵਿੱਚ ਆਪਸੀ ਫੁੱਟ ਪਾਉਣ ਤੇ ਧੜੇਬੰਦੀ ਬਣਾਉਣ ਦਾ ਕੰਮ ਕੀਤਾ ਗਿਆ ਹੈ।ਮਜ਼ਦੂਰ ਆਗੂਆਂ ਨੇ ਮਨਰੇਗਾ ਕਾਨੂੰਨ ਅਧੀਨ ਭਾਰਤ ਸਰਕਾਰ ਦੀਆਂ ਹਦਾਇਤਾਂ ਨੂੰ ਨੱਥੀ ਕਰਕੇ ਵਾਰ ਵਾਰ ਲਾਗੂ ਕਰਨ ਲਈ ਕਿਹਾ ਹੈ ਕਿ ਹਰ 20 ਕਾਮਿਆਂ ਤੇ ਇੱਕ ਮੇਟ ਨਿਯੁਕਤ ਕਰਨ ਯਕੀਨੀ ਬਣਾਇਆ ਜਾਵੇ ਅਤੇ ਹਰ ਵਰਕ ਸਾਇਟ 'ਤੇ ਫੀਮੇਲ ਮੇਟ ਰੱਖਿਆ ਜਾਵੇ, 20 ਮਜ਼ਦੂਰਾਂ ਮਗਰ ਨਵੇਂ ਹੋਰ ਲੇਡੀਜ਼ ਮੇਟ ਰੱਖੇ ਜਾ ਸਕਦੇ ਹਨ, ਪਰ ਮਨਰੇਗਾ ਦਫਤਰ ਦੀ ਅਫਸਰਸ਼ਾਹੀ, ਸਰਕਾਰ ਦੀਆਂ ਹਦਾਇਤਾਂ ਤੇ ਮਨਰੇਗਾ ਕਾਨੂੰਨ ਦੇ ਨਿਯਮਾਂ ਨੂੰ ਛਿੱਕੇ ਟੰਗ ਕੇ, ਸੱਤਾਧਾਰੀ ਪਾਰਟੀ ਦੇ ਆਗੂਆਂ ਨੂੰ ਖੁਸ਼ ਕਰਨ ਲਈ ਕਠਪੁਤਲੀ ਵਜੋਂ ਕੰਮ ਕਰ ਰਹੀ ਹੈ, ਜਿਸ ਨੂੰ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਮਜ਼ਦੂਰ ਆਗੂਆਂ ਨੇ ਐਲਾਨ ਕੀਤਾ ਕਿ ਮਨਰੇਗਾ ਕੰਮਾਂ 'ਚ ਨਜਾਇਜ਼ ਸਿਆਸੀ ਦਖ਼ਲ ਅੰਦਾਜ਼ੀ ਵਿਰੁੱਧ ਮਜ਼ਦੂਰਾਂ ਨੂੰ ਨਾਲ ਲੈ ਕੇ ਤਿੱਖਾ ਸੰਘਰਸ਼ ਲੜਿਆ ਜਾਵੇਗਾ।

# ਡੀ ਟੀ ਐੱਫ ਸ੍ਰੀ ਮੁਕਤਸਰ ਸਾਹਿਬ ਵੱਲੋਂ ਕੰਪਿਊਟਰ ਅਧਿਆਪਕਾਂ ਦੇ ਪੱਕੇ ਮੋਰਚੇ 'ਚ ਸ਼ਮੂਲੀਅਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਕੰਪਿਊਟਰ ਅਧਿਆਪਕਾਂ ਦੇ ਸੰਗਰੂਰ ਵਿਖੇ ਚੱਲ ਰਹੇ ਪੱਕੇ ਮੋਰਚੇ ਵਿੱਚ ਜ਼ਿਲ੍ਹਾ ਪ੍ਰਧਾਨ ਪਵਨ ਕੁਮਾਰ ਅਤੇ ਕੁਲਵਿੰਦਰ ਸਿੰਘ ਗੋਨੇਆਣਾ ਦੀ ਅਗਵਾਈ ਵਿੱਚ ਸ਼ਮੂਲੀਅਤ ਕੀਤੀ ਗਈ ਅਤੇ ਕੰਪਿਊਟਰ ਅਧਿਆਪਕਾਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਵੱਲ ਨੂੰ ਕੀਤੇ ਗਏ ਰੋਸ ਮਾਰਚ ਵਿੱਚ ਵੀ ਸ਼ਮੂਲੀਅਤ ਕੀਤੀ। ਆਗੂਆਂ ਪੰਜਾਬ ਸਰਕਾਰ 'ਤੇ ਕੰਪਿਊਟਰ ਅਧਿਆਪਕਾਂ ਦੀਆਂ ਹੱਕੀ ਮੰਗਾਂ ਦੀ ਸੁਣਵਾਈ ਨਾ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਸੱਤਾ ਵਿੱਚ ਆਉਣ ਤੋਂ ਪਹਿਲਾਂ ਵੱਖ ਵੱਖ ਵਰਗਾਂ ਨਾਲ ਵੱਡੇ ਵੱਡੇ ਵਾਅਦੇ ਕਰਕੇ ਸੱਤਾ ਹਥਿਆਉਣ ਵਿੱਚ ਕਾਮਯਾਬ ਰਹੀ ਹੈ ਪਰ ਲੋਕਾਂ ਦੀਆਂ ਮੰਗਾਂ ਮਸਲਿਆਂ ਨੂੰ ਹੱਲ ਕਰਨ ਵਿੱਚ ਪਿਛਲੀਆਂ ਸਰਕਾਰਾਂ ਤੋਂ ਵੀ ਨਿਕੰਮੀ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਡੀ ਟੀ ਐੱਫ ਪੰਜਾਬ ਕੰਪਿਊਟਰ ਅਧਿਆਪਕਾਂ ਵੱਲੋਂ ਸਿਦਕ ਅਤੇ ਸਿਰੜ ਨਾਲ ਲੜੇ ਜਾ ਰਹੇ ਸੰਘਰਸ਼ ਅਤੇ ਉਨ੍ਹਾਂ ਦੀਆਂ ਮੰਗਾਂ ਦੀ ਹਮਾਇਤ ਕਰਦੀ ਹੈ। ਇਸੇ ਲਈ ਲਗਾਤਾਰ ਵੱਖ ਵੱਖ ਜ਼ਿਲ੍ਹਿਆਂ ਦੀਆਂ ਡਿਊਟੀਆਂ ਲਗਾ ਕੇ ਸੰਗਰੂਰ ਵਿਖੇ ਚੱਲ ਰਹੇ ਪੱਕੇ ਮੋਰਚੇ ਵਿੱਚ ਸ਼ਮੂਲੀਅਤ ਕੀਤੀ ਜਾ ਰਹੀ ਹੈ। ਉਨ੍ਹਾਂ ਕੰਪਿਊਟਰ ਅਧਿਆਪਕਾਂ ਵੱਲੋਂ ਗੰਭੀਰਪੁਰ ਵਿਖੇ 5 ਜਨਵਰੀ ਨੂੰ ਕੀਤੇ ਜਾਣ ਵਾਲੇ ਐਕਸ਼ਨ ਵਿੱਚ ਚੋਣਵੇਂ ਜ਼ਿਲ੍ਹਿਆਂ ਵਿੱਚੋਂ ਡੀ ਟੀ ਐੱਫ ਵੱਲੋਂ ਅਧਿਆਪਕਾਂ ਦੀ ਬੱਝਵੀਂ ਸ਼ਮੂਲੀਅਤ ਕਰਾਉਣ ਬਾਰੇ ਜਾਣਕਾਰੀ ਵੀ ਦਿੱਤੀ। ਪੱਕੇ ਮੋਰਚੇ ਵਿੱਚ ਸ਼ਮੂਲੀਅਤ ਕਰਨ ਵਾਲੇ ਪਟਿਆਲਾ ਅਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਆਗੂਆਂ ਨੇ ਜਥੇਬੰਦੀ ਦੀਆਂ ਜ਼ਿਲ੍ਹਾ ਇਕਾਈਆਂ ਵੱਲੋਂ ਕੰਪਿਊਟਰ ਅਧਿਆਪਕਾਂ ਦੇ ਸੰਘਰਸ਼ ਵਿੱਚ ਸੰਘਰਸ਼ ਦੀ ਜਿੱਤ ਹੋਣ ਤੱਕ ਅੱਗੇ ਵੀ ਹਮਾਇਤ ਜਾਰੀ ਰੱਖਣ ਦਾ ਐਲਾਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਮਨਦੀਪ ਸਿੰਘ, ਜਸਵੰਤ ਸਿੰਘ, ਕੰਵਲਜੀਤ ਪਾਲ, ਸੁਰਿੰਦਰ ਕੁਮਾਰ, ਵਕੀਲ ਸਿੰਘ, ਸਾਗਰ ਗਾਬਾ ਗੁਰਪਿਆਰ ਸਿੰਘ ਅਤੇ ਅਸ਼ਵਨੀ ਕੁਮਾਰ ਆਦਿ ਹਾਜ਼ਰ ਸਨ

5-Jan-PAG-6.qxd 1/4/2025 11:05 PM Page 1



# ਜਲੰਧਰ ਦਿਹਾਤੀ ਪੁਲਸ ਨੇ ਨਵੇਂ ਸਾਲ ’ਚ ਦੋ ਅਪਰੇਸ਼ਨਾਂ ’ਚ 6 ਵਿਅਕਤੀਆਂ ਨੂੰ ਕੀਤਾ ਗ੍ਰਿਫਤਾਰ



**ਜਲੰਧਰ (ਸ਼ੈਲੀ ਐਲਬਰਟ)**-ਜਲੰਧਰ ਦਿਹਾਤੀ ਪੁਲਿਸ ਨੇ ਦੋ ਸਫਲ ਅਪਰੇਸ਼ਨਾਂ ਦੀ ਲੜੀ ਵਿੱਚ ਦੋ ਦਿਨਾਂ ਦੇ ਅੰਦਰ-ਅੰਦਰ ਫਿਲੌਰ ਖੇਤਰ ਵਿੱਚ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਅਤੇ ਹਾਈਵੇਅ ’ਤੇ ਲੁੱਟਣ ਵਾਲੇ ਗਿਰੋਹ ਦਾ ਪਰਦਾਫਾਸ਼ ਕਰਕੇ ਮਹੱਤਵਪੂਰਨ ਸਫਲਤਾਵਾਂ ਹਾਸਲ ਕੀਤੀਆਂ ਹਨ। ਨਵਾਂ ਸ਼ਲ ਦੇ ਪਹਿਲੇ ਦਿਨ ਪਹਿਲੀ ਕਾਰਵਾਈ ਵਿੱਚ ਪੁਲਿਸ ਨੇ ਇੱਕ ਔਰਤ ਸਮੇਤ ਦੋ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਕੋਲੋਂ 250 ਨਸ਼ੀਲੀਆਂ ਗੋਲੀਆਂ (ਅਲਪਰਾਜ਼ੋਲਮ ਆਈ.ਪੀ.-0.5), 5 ਕਿਲੋ ਭੁੱਕੀ, 35,000 ਰੁਪਏ ਨਗਦ , ਨਸ਼ੀਲੇ ਪਦਾਰਥ ਅਤੇ ਢੋਆ-ਢੁਆਈ ਲਈ ਵਰਤਿਆ ਜਾਣ ਵਾਲਾ ਮੋਟਰਸਾਈਕਲ ਬਰਾਮਦ ਕੀਤਾ। ਫੜੇ ਗਏ ਮੁਲਜ਼ਮਾਂ ਦੀ ਪਛਾਣ ਅਮਰਜੀਤ ਸਿੰਘ ਉਰਫ਼ ਪੱਪੂ ਪੁੱਤਰ ਗੁਰਦੇਵ ਸਿੰਘ ਵਾਸੀ ਪਿੰਡ ਲੱਧਾ ਅਤੇ ਜਸਵਿੰਦਰ ਕੌਰ ਉਰਫ਼ ਬਿੰਦਰ ਪਤਨੀ ਸਤਨਾਮ ਰਾਮ ਵਾਸੀ ਪਿੰਡ ਭਾਰਸਿੰਘਪੁਰਾ ਜ਼ਿਲ੍ਹਾ ਫਿਲੌਰ ਵਜੋਂ ਹੋਈ ਹੈ। 2 ਜਨਵਰੀ ਨੂੰ ਦੂਜੇ ਆਪ੍ਰੇਸ਼ਨ ਵਿੱਚ ਪੁਲਿਸ ਨੇ ਹਾਈਵੇਅ ਡਕੈਤੀਆਂ ਵਿੱਚ ਸ਼ਾਮਲ ਇੱਕ ਗਰੋਹ ਦੇ ਚਾਰ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ। ਫੜੇ ਗਏ ਮੁਲਜ਼ਮਾਂ ਦੀ ਪਛਾਣ ਜਗਜੀਤ ਸਿੰਘ ਉਰਫ ਗਰੇਵਾਲ ਉਰਫ ਲਵਲੀ ਪੁੱਤਰ ਨਵਤੇਜ ਸਿੰਘ ਵਾਸੀ ਗੁਰਨਾਮ ਨਗਰ ਲੁਧਿਆਣਾ, ਸੁਖਪਾਲ ਸਿੰਘ ਉਰਫ ਸੁੱਖਾ ਪੁੱਤਰ ਤਰਸੇਮ ਸਿੰਘ ਵਾਸੀ ਸੁਰਜੇਵਾਲ (ਫਾਜ਼ਿਲਕਾ), ਸੰਨੀ ਉਰਫ ਸੰਨੀ ਦਿਓਲ ਪੁੱਤਰ ਬਿਹਾਰੀ ਲਾਲ ਵਾਸੀ ਖੂਹੀ ਮਹੁੱਲਾ ਪੰਜਗਰਾਈਆਂ (ਫਿਲੌਰ) ਅਤੇ ਰਮਨ ਕੁਮਾਰ ਪੁੱਤਰ ਪਰਮਿੰਦਰ ਲਾਲ ਵਾਸੀ ਤਿਹਿੰਗ, ਫਿਲੌਰ ਵਜੋਂ ਹੋਈ ਹੈ। ਇਸ ਸਬੰਧੀ ਸੀਨੀਅਰ ਕਪਤਾਨ ਪੁਲਿਸ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਦੋਵੇਂ ਕਾਰਵਾਈਆਂ ਐਸਪੀ (ਇਨਵੈਸਟੀਗੇਸ਼ਨ) ਜਸਰੂਪ ਕੌਰ ਬਾਠ ਆਈਪੀਐਸ ਅਤੇ ਡੀਐਸਪੀ ਫਿਲੌਰ ਸਰਵਣ ਸਿੰਘ ਬੱਲ, ਪੀਪੀਐਸ ਦੀ ਦੇਖ-ਰੇਖ ਹੇਠ ਕੀਤੀਆਂ ਗਈਆਂ। ਇੰਸਪੈਕਟਰ ਸੰਜੀਵ ਕਪੂਰ ਦੀ ਅਗਵਾਈ ਹੇਠ ਫਿਲੌਰ ਥਾਣੇ ਦੀ ਸਮਰਪਿਤ ਟੀਮ ਨੇ ਦੋਵੇਂ ਕਾਰਵਾਈਆਂ ਨੂੰ ਸਫਲਤਾਪੂਰਵਕ ਅੰਜਾਮ ਦਿੱਤਾ । ਨਸ਼ਾ ਤਸਕਰੀ ਦੇ ਮਾਮਲੇ ਵਿੱਚ ਅਮਰਜੀਤ ਸਿੰਘ ਨੂੰ 250 ਨਸ਼ੀਲੀਆਂ ਗੋਲੀਆਂ ਅਤੇ ਇੱਕ ਮੋਟਰਸਾਈਕਲ ਸਮੇਤ (ਪੀ.ਬੀ-08-ਈਡਬਲਯੂ-1356 ) ਕਾਬੂ ਕੀਤਾ ਗਿਆ, ਜਦਕਿ ਜਸਵਿੰਦਰ ਕੌਰ ਕੋਲੋਂ 5 ਕਿਲੋ ਚੂਰਾ ਪੋਸਤ ਅਤੇ 35,000 ਰੁਪਏ ਨਗਦੀ ਬਰਾਮਦ ਕੀਤੀ ਗਈ। ਦੋਵੇਂ ਮੁਲਜ਼ਮਾਂ ਖ਼ਿਲਾਫ਼ ਪਹਿਲਾਂ ਵੀ ਐਨਡੀਪੀਐਸ ਐਕਟ ਤਹਿਤ ਕੇਸ ਦਰਜ ਹਨ। ਇਨ੍ਹਾਂ ਖ਼ਿਲਾਫ਼ ਥਾਣਾ ਫਿਲੌਰ ਵਿਖੇ ਨਵਾਂ ਕੇਸ ਦਰਜ ਕੀਤਾ ਗਿਆ ਹੈ। ਹਾਈਵੇਅ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਅੰਜੂਜ਼ਾਮ ਦੇਣ ਵਾਲੇ ਗਰੋਹ ਦੇ ਮੈਂਬਰ ਫਿਲੌਰ ਸ਼ਹਿਰ ਅਤੇ ਮੁੱਖ ਮਾਰਗ ’ਤੇ ਤੇਜ਼ਧਾਰ ਹਥਿਆਰਾਂ ਨਾਲ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਸਰਗਰਮ ਸਨ। ਪੁਲੀਸ ਨੇ ਚੋਰੀ ਕੀਤੇ ਮੋਬਾਈਲ ਫੋਨ ਅਤੇ ਵਾਰਦਾਤਾਂ ਵਿੱਚ ਵਰਤਿਆ ਮੋਟਰਸਾਈਕਲ ਬਰਾਮਦ ਕੀਤਾ ਹੈ।ਇਸ ਗਿਰੋਹ ਤੋਂ ਹੁਣ ਤੱਕ ਲੁੱਟ-ਖੋਹ ਦੀਆਂ ਸੱਤ ਵਾਰਦਾਤਾਂ ਦਾ ਪਤਾ ਲੱਗ ਚੁੱਕਾ ਹੈ।ਥਾਣਾ ਫਿਲੌਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਦੋਵਾਂ ਮਾਮਲਿਆਂ ਦੇ ਸਾਰੇ ਮੁਲਜ਼ਮਾਂ ਨੂੰ ਹੋਰ ਪੁੱਛਗਿੱਛ ਲਈ ਪੁਲਿਸ ਰਿਮਾਂਡ ’ਤੇ ਭੇਜ ਦਿੱਤਾ ਗਿਆ ਹੈ।

# ਦਿਆਲਪੁਰ ’ਚ ਦਿਨ-ਦਿਹਾੜੇ ਲੱਖਾਂ ਦੀ ਚੋਰੀ



**ਕਰਤਾਰਪੁਰ (ਹਰਮੇਸ਼ ਦੱਤ)** – ਨਜਦੀਕੀ ਪਿੰਡ ਦਿਆਲਪੁਰ ਵਿਖੇ ਦਿਨ-ਦਿਹਾੜੇ ਘਰ ਦਾ ਤਾਲਾ ਤੋੜ ਕੇ ਲੱਖਾਂ ਦਾ ਸਮਾਨ ਚੋਰੀ ਕਰ ਲਿਆ ਗਿਆ। ਦਿਆਲਪੁਰ ਦੇ ਮਹੱਲਾ ਖੱਖਾਂ ਦੇ ਬਚਿੱਤਰ ਸਿੰਘ ਪੁੱਤਰ ਪਾਖਰ ਸਿੰਘ ਆਪਣੇ ਪਰਵਾਰ ਨਾਲ ਰਿਸ਼ਤੇਦਾਰਾਂ ਵੱਲ ਘਰ ਨੂੰ ਤਾਲਾ ਲਗਾ ਕੇ ਗਏ ਸਨ। ਚੋਰਾਂ ਨੇ ਲਗਭਗ 4 ਵਜੇ ਘਰ ਦੇ ਅੰਦਰ ਜਾ ਕੇ ਡੇਡ਼ ਲੱਖ ਦੇ ਕਰੀਬ ਨਗਦੀ ਅਤੇ 9 ਤੋਲੇ ਸੋਨੇ ਦੇ ਕਰੀਬ ਗਹਿਣੇ ਚੋਰੀ ਕਰ ਕੇ ਲੈ ਗਏ। ਤਿੰਨ ਚੋਰ ਘਰ ਵਿੱਚ ਲੱਗੇ ਸੀ. ਸੀ. ਟੀ. ਕੈਮਰੇ ਵਿੱਚ ਕੈਦ ਹੋ ਗਏ। ਚੋਰਾਂ ਨੇ ਮੂੰਹ ਢੱਕ ਰੱਖੇ ਸਨ ਅਤੇ ਮੋਟਰਸਾਈਕਲ ’ਤੇ ਆਏ ਸਨ। ਪੁਲਸ ਨੂੰ ਸੂਚਿਤ ਕਰਨ ’ਤੇ ਏ.ਐਸ.ਆਈ.ਪੱਪੂ ਗਿੱਲ ਨੇ ਮੌਕੇ ’ਤੇ ਪਹੁੰਚ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸਰਪੰਚ ਅਤੇ ਪੰਚਾਇਤ ਮੈਬਰਾਂ ਅਤੇ ਪਿੰਡ ਵਾਸੀਆਂ ਨੇ ਪੁਲਸ ਤੋਂ ਮੰਗ ਕੀਤੀ ਹੈ ਕਿ ਚੋਰਾਂ ਨੂੰ ਜਲਦੀ ਤੋਂ ਜਲਦੀ ਕਾਬੂ ਕੀਤਾ ਜਾਵੇ।

# ਵਰਧਮਾਨ ਯਾਰਨਜ਼ ਵੱਲੋਂ ਕੀਤੇ ਜਾ ਰਹੇ ਉਪਰਾਲੇ ਬਹੁਤ ਹੀ ਸ਼ਲਾਘਾਯੋਗ : ਡਾ. ਇਸ਼ਾਂਕ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਬੀਰ ਸਿੰਘ ਸੈਣੀ )**— ਕਿਸੇ ਵੀ ਦੇਸ਼ ਦੀ ਤਰੱਕੀ ਉਦੋਂ ਦੁੱਗਣੀ ਹੋ ਜਾਂਦੀ ਹੈ ਜਦੋਂ ਉਸ ਦੇਸ਼ ਦੀ ਸਨਅਤ ਵੀ ਸਮਾਜ ਸੁਧਾਰ ਦੇ ਕੰਮਾਂ ਵਿਚ ਸਰਕਾਰ ਦਾ ਸਾਥ ਦਿੰਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਪਿੰਡ ਚੱਬੇਵਾਲ ਦੇ ਪ੍ਰਾਇਮਰੀ ਸਕੂਲ ਵਿੱਚ ਵਰਧਮਾਨ ਯਾਰਨਜ਼ ਐਂਡ ਥਰੈਡਜ਼ ਲਿਮਿਟਿਡ ਹੁਸ਼ਿਆਰਪੁਰ ਦੀ ਟੀਮ ਦੇ ਨਾਲ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਚੱਬੇਵਾਲ ਦੇ ਇਸ ਪ੍ਰਾਇਮਰੀ ਸਕੂਲ ਵਿੱਚ ਵਰਧਮਾਨ ਗਰੁੱਪ ਵੱਲੋਂ ਆਪਣੇ ਸੀ.ਐੱਸ.ਆਰ ਪ੍ਰੋਗਰਾਮ ਤਹਿਤ 30 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਫਰਨੀਚਰ ਅਤੇ ਫਿਕਸਚਰ ਨਾਲ ਦੋ ਕਲਾਸ ਰੂਮ ਬਣਾਏ ਗਏ, ਇੱਕ ਮਿਡ-ਡੇ-ਮੀਲ ਸ਼ੈੱਡ ਬਣਾਇਆ ਗਿਆ ਅਤੇ ਆਰ.ਓ. ਵਾਲਾ ਵਾਟਰ ਕੂਲਰ ਵੀ ਮੁਹੱਈਆ ਕਰਵਾਇਆ ਗਿਆਅਤੇ ਇਸ ਸਭ ਦਾ ਉਦਘਾਟਨ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਰ ਸਕੂਲ ਨੂੰ ਸਮਰਪਿਤ ਕੀਤਾ।

ਡਾ. ਇਸ਼ਾਂਕ ਨੇ ਵਰਧਮਾਨ ਗਰੁੱਪ ਦੁਆਰਾ ਇਸ ਸਕੂਲ ਅਤੇ ਹੁਸ਼ਿਆਰਪੁਰ ਦੇ ਹੋਰ ਸਕੂਲਾਂ ਵਿੱਚ ਕੀਤੇ ਜਾ ਰਹੇ ਸੁਧਾਰ ਕਾਰਜਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰ ਵੱਡੇ ਕੰਮ ਦੀ ਸ਼ੁਰੂਆਤ ਕਲਪਨਾ ਨਾਲ ਹੁੰਦੀ ਹੈ। ਉਨ੍ਹਾਂ ਕਿਹਾ, ‘ਸੁਪਨੇ ਤਾਂ ਹੀ ਸਾਕਾਰ ਹੁੰਦੇ ਹਨ, ਜਦੋਂ ਅਸੀਂ ਉਨ੍ਹਾਂ ਨੂੰ ਦੇਖਣ ਦੀ ਹਿੰਮਤ ਰੱਖਦੇ ਹਾਂ ਅਤੇ ਪੂਰੀ ਲਗਨ ਅਤੇ ਦ੍ਰਿੜ ਇਰਾਦੇ ਨਾਲ ਉਨ੍ਹਾਂ ਲਈ ਕੰਮ ਕਰਦੇ ਹਾਂ।ਸਮਰਪਣ ਅਤੇ ਸਹੀ ਦਿਸ਼ਾ ਵਿੱਚ ਯਤਨ ਹੀ ਸਫਲਤਾ ਦੀ ਕੁੰਜੀ ਹਨ।’

ਇਸ ਮੌਕੇ ਵਰਧਮਾਨ ਦੇ ਡਾਇਰੈਕਟਰ (ਵਿੱਤ ਅਤੇ ਪ੍ਰਸ਼ਾਸਨ) ਤਰੁਣ ਚਾਵਲਾ ਨੇ ਵੀ ਹਾਜ਼ਰ ਸਕੂਲ ਸਟਾਫ਼ ਅਤੇ ਹੋਰ ਪਤਵੰਤਿਆਂ ਨੂੰ ਸੰਬੋਧਨ ਕੀਤਾ ਅਤੇ ਸਕੂਲ ਦੇ ਬਿਹਤਰ ਬੁਨਿਆਦੀ ਢਾਂਚੇ ਦੀ ਮਹੱਤਤਾ ’ਤੇ ਜ਼ੋਰ ਦਿੱਤਾ। ਇਸ ਮੌਕੇ ਸਕੂਲ ਦੇ ਬੱਚਿਆਂ ਵੱਲੋਂ ਪੇਸ਼ ਕੀਤੇ ਗਏ ਸੱਭਿਆਚਾਰਕ ਪ੍ਰੋਗਰਾਮ ਦੀ ਵੀ ਸਾਰਿਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ। ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ) ਸੁਖਵਿੰਦਰ ਸਿੰਘ ਅਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਨੀਲਮ ਅਤੇ ਉਨ੍ਹਾਂ ਦੇ ਸਟਾਫ਼ ਨੇ ਵਿਧਾਇਕ ਡਾ. ਇਸ਼ਾਂਕ ਕੁਮਾਰ ਅਤੇ ਵਰਧਮਾਨ ਦੀ ਟੀਮ ਦੁਆਰਾ ਸਕੂਲ ਲਈ ਕੀਤੇ ਕੰਮਾਂ ਲਈ ਉਹਨਾਂ ਦਾ ਧੰਨਵਾਦ ਕੀਤਾ ।

# ਸੰਸਦ ਮੈਂਬਰ ਡਾ. ਚੱਬੇਵਾਲ ਨੇ ਭੁਲੱਥ ਹਲਕੇ ’ਚ 20.65 ਕਰੋੜ ਦੇ ਸੜਕੀ ਪ੍ਰਾਜੈਕਟਾਂ ਦੇ ਰੱਖੇ ਨੀਂਹ ਪੱਥਰ



**ਭੁਲੱਥ, (ਮਨਪ੍ਰੀਤ ਸਿੰਘ)** ਲੋਕ ਸਭਾ ਮੈਂਬਰ ਡਾ.ਰਾਜ ਕੁਮਾਰ ਚੱਬੇਵਾਲ ਵੱਲੋਂ ਅੱਜ ਭੁਲੱਥ ਹਲਕੇ ਦੇ ਵੱਖ-ਵੱਖ ਪਿੰਡਾਂ ਨੂੰ ਜੋੜਦੀਆਂ ਸੜਕਾਂ ਦੇ ਨੀਂਹ ਪੱਥਰ ਰੱਖੇ ਗਏ, ਜਿਨ੍ਹਾਂ ਉੱਪਰ ਕੁੱਲ 20 ਕਰੋੜ 65 ਲੱਖ ਰੁਪਏ ਦੀ ਲਾਗਤ ਆਵੇਗੀ।ਇਸ ਮੌਕੇ ਉਨ੍ਹਾਂ ਨਾਲ ਭੁਲੱਥ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਆਗੂ ਹਰਸਿਮਰਨ ਸਿੰਘ ਤੇ ਐਸਡੀਐਮ ਡੈਵੀ ਗੋਇਲ ਵੀ ਮੌਜੂਦ ਸਨ।ਨੀਂਹ ਪੱਥਰ ਰੱਖਣ ਮੌਕੇ ਸੰਬੋਧਨ ਕਰਦਿਆਂ ਡਾ.ਰਾਜ ਕੁਮਾਰ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਪੇਂਡੂ ਖੇਤਰਾਂ ਦੇ ਵਿਕਾਸ ਬਾਰੇ ਵਿਸ਼ੇਸ਼ ਤਵੱਜੋਂ ਦਿੱਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਭੁਲੱਥ ਹਲਕੇ ਅੰਦਰ ਨਵੀਆਂ ਸੜਕਾਂ ਬਨਾਉਣ ਦੇ ਨਾਲ-ਨਾਲ ਸੜਕਾਂ ਦੀ ਮੁਰੰਮਤ ਦਾ ਕੰਮ ਵੀ ਜਲਦੀ ਪੂਰਾ ਕਰ ਲਿਆ ਜਾਵੇਗਾ।ਸੰਸਦ ਮੈਂਬਰ ਵਲੋਂ ਜਿਨਾਂ ਸੜਕਾਂ ਦੇ ਅੱਜ ਨੀਂਹ ਪੱਥਰ ਰੱਖੇ ਗਏ ਉਨ੍ਹਾਂ ਵਿਚ ਬੇਗੋਵਾਲ ਤੋਂ ਕਰਤਾਰਪੁਰ ਬਰਾਸਤਾ ਭੁਲੱਥ ,ਜਿਸ ਦੀ ਕੁੱਲ ਲੰਬਾਈ 8.90 ਕਿਲੋਮੀਟਰ ਹੈ ਅਤੇ ਇਸ ਨੂੰ 474.10 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਕੀਤਾ ਜਾਵੇਗਾ।ਇਸ ਤੋਂ ਇਲਾਵਾ ਭੁਲੱਥ ਤੋਂ ਲੰਮੇ ਵਾਇਆ ਨਡਾਲੀ ਬੱਸੀ ਜੈਦ ਸੜਕ ਦਾ ਵੀ ਨੀਂਹ ਪੱਥਰ ਰੱਖਿਆ ਗਿਆ,ਜਿਸਦੀ ਲੰਬਾਈ 13.87 ਕਿਲੋਮੀਟਰ ਹੈ ਅਤੇ ਇਸ ਉੱਪਰ 869.76 ਲੱਖ ਰੁਪਏ ਦਾ ਖਰਚ ਆਵੇਗਾ। ਇਸੇ ਤਰ੍ਹਾਂ ਭੁਲੱਥ ਮਕਸੂਦਪੁਰ ਤੋਂ ਕੂਕਾ ਤੱਕ ਵਾਇਆ ਰਾਏਪੁਰ ਪੀਰ ਬਖ਼ਸ਼ ਵਾਲਾ ਸੜਕ ਜਿਸ ਦੀ ਲੰਬਾਈ 7.50 ਕਿਲੋਮੀਟਰ ਹੈ, ਨੂੰ 381.81 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਜਾਵੇਗਾ। ਟਾਂਡੀ ਔਲਖ ਤੋਂ ਬੋਪਾਰਾਏ ਤੱਕ 6.75 ਕਿਲੋਮੀਟਰ ਸੜਕ ਨੂੰ 341.07 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਜਾਵੇਗਾ। ਇਸ ਮੌਕੇ ਲੋਕ ਨਿਰਮਾਣ ਵਿਭਾਗ ਦੇ ਐਕਸੀਐਨ ਵਿਸ਼ਾਲ ਜੰਗਰਾਲ ਵੀ ਹਾਜ਼ਰ ਸਨ।

# ਸਹੋਤਾ ਤੇ ਸੰਦੀਪ ਕੁਮਾਰ ਦੀ ਯਾਦ ਨੂੰ ਸਮਰਪਤ ਕ੍ਰਿਕਟ ਟੂਰਨਾਮੈਂਟ ”ਚ ਬੁੱਟਰ ਕਲੱਬ ਵਿਨਰ ਤੇ ਹਰਪ੍ਰੀਤ ਸਹੋਤਾ ਰਨਰ ਅੱਪ





**ਕਾਲਾ ਸੰਘਿਆਂ (ਮਨਜੀਤ ਮਾਨ)**- ਪਿੰਡ ਚਿੱਟੀ ਵਿਖੇ ਸਵਰਗਵਾਸੀ ਹਰਪ੍ਰੀਤ ਸਹੋਤਾ ਤੇ ਸਵਰਗਵਾਸੀ ਸੰਦੀਪ ਕੁਮਾਰ ਦੀ ਯਾਦ ਨਿੱਘੀ ਯਾਦ ਨੂੰ ਸਮਰਪਿਤ ਚੌਥਾ ਲੈਦਰ ਕ੍ਰਿਕਟ ਟੂਰਨਾਮੈਂਟ ਸ਼ਹੀਦ ਕਾਂਸਟੇਬਲ ਲਖਵੀਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਗਰਾਊਂਡ ਵਿੱਚ ਸਮੂਹ ਗ੍ਰਾਮ ਪੰਚਾਇਤ ਤੇ ਐਨ ਆਰ ਆਈਜ ਦੇ ਸਹਿਯੋਗ ਨਾਲ ਤੇ ਸਪੋਰਟਸ ਕਲੱਬ ਦੇ ਪ੍ਰਧਾਨ ਸਟੀਫਨ ਚਿੱਟੀ ਦੀ ਅਗਵਾਈ ਹੇਠ ਕਰਵਾਇਆ ਗਿਆ। ਟੂਰਨਾਮੈਂਟ ਦਾ ਉਦਘਾਟਨ ਸਤਨਾਮ ਸਿੰਘ ਅਠਵਾਲ ਕੈਨੇਡਾ,ਸਾਬੀ ਮਨੀਲਾ, ਹਰਵਿੰਦਰ ਸਿੰਘ, ਅਵਤਾਰ ਸਿੰਘ, ਵਿਸਾਲ, ਕਸ਼ਮੀਰ ਸਿੰਘ ਸੇਵਾ ਮੁਕਤ ਏ ਐਸ ਆਈ ਵੱਲੋਂ ਸਾਂਝੇ ਤੌਰ ’ਤੇ ਕੀਤਾ ਗਿਆ। ਇਸ ਟੂਰਨਾਮੈਂਟ ਵਿੱਚ ਬੁਟਰ ਕਲੱਬ ਵਿਨਰ ਜਿਸ ਨੂੰ ਸਤਨਾਮ ਸਿੰਘ ਅਠਵਾਲ ਕੈਨੇਡਾ ਤੇ ਪਰਮਜੀਤ ਸਿੰਘ ਚਿੱਟੀ ਕੈਨੇਡਾ ਵੱਲੋਂ 51 ਹਜਾਰ ਰੁਪਏ ਤੇ ਹਰਪ੍ਰੀਤ ਸਹੋਤਾ ਰਨਰ ਅੱਪ ਜਿਸ ਨੂੰ ਗਿੱਲ ਬ੍ਰਦਰਜ ਵੱਲੋਂ 31 ਹਜਾਰ ਰੁਪਏ ਦੀ ਨਕਦ ਰਾਸ਼ੀ ਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰਵੀ ਮਸੀਹ ਵੱਲੋਂ 51 ਹਜਾਰ ਰੁਪਏ ਏ ਬੀ ਆਈ ਸਪੋਰਟਸ ਚੀਮਾ ਕੈਨੇਡਾ ਵੱਲੋਂ ਮੋਮੈਂਟੋ ਤੇ ਬੈਗ ਕਿੱਟਾ, ਸੋਢੀ ਮੈਟਲਾ ਬੈਸਟ ਪਲੇਅਰਾਂ ਨੂੰ ਬੈਟ ਤੇ ਸਵੈਟਰ, ਪ੍ਰਭ ਚਾਹਲ ਵੱਲੋਂ ਮੈਨ ਆਫ ਦਾ ਸੀਰੀਜ 21 ਹਜਾਰ ਰੁਪਏ, ਜਥੇਦਾਰ ਗੁਰਦੇਵ ਸਿੰਘ, ਕੁਲਵਿੰਦਰ ਸਿੰਘ ਮਠਾੜੂ ਤੇ ਅਵਤਾਰ ਸਿੰਘ ਚਿੱਟੀ ਵੱਲੋਂ ਪੰਜ ਪੰਜ ਹਜਾਰ ਰੁਪਏ ਦਿੱਤੇ ਗਏ।

ਮੈਨ ਆਫ ਦੀ ਸੀਰੀਜ ਜੱਜ ਬੁਲੰਦਪੁਰੀ ਨੂੰ 21 ਹਜਾਰ ਰੁਪਏ , ਬੈਸਟ ਬੈਸਟਮੈਨ ਅਤੇ ਬਾਲਰ ਨੂੰ 5100-5100 ਰੁਪਏ ਦਿੱਤੇ ਗਏ। ਪੱਤਰਕਾਰ ਮਨਜੀਤ ਮਾਨ ਸੂਬਾ ਪ੍ਰਧਾਨ ਜਰਨਲਿਸਟ ਪ੍ਰੈੱਸ ਕਲੱਬ, ਮੋਹਨ ਲਾਲ ਸੇਵਾ ਮੁਕਤ ਜੇ ਈ, ਪ੍ਰਿੰਸੀਪਲ ਬਲਜੀਤ ਸਿੰਘ ਚਿੱਟੀ, ਮਾਸਟਰ ਸੁਰਜੀਤ ਸਿੰਘ ਚਿੱਟੀ,ਤੀਰਥ ਰਾਮ ਮੰਗਾ ਸਾਬਕਾ ਸਰਪੰਚ, ਨੰਬਰਦਾਰ ਜਸਵਿੰਦਰ ਸਿੰਘ, ਸੰਤੋਖ ਸਿੰਘ ਪ੍ਰਧਾਨ ਸੰਤ ਹੀਰਾ ਦਾਸ ਪ੍ਰਬੰਧਕ ਕਮੇਟੀ, ਸਪੋਰਟਸ ਕਲੱਬ ਚਿੱਟੀ ਦੇ ਪ੍ਰਧਾਨ ਗੁਰਮਿੰਦਰ ਸਿੰਘ ਮਿੰਦੀ ਤੇ ਮਾਸਟਰ ਨਰਿੰਦਰ ਸਿੰਘ ਚਿੱਟੀ ਸਰਬਨ ਸਿੰਘ ਸੰਘਾ ਸੀਨੀਅਰ ਆਗੂ ਆਮ ਆਦਮੀ ਪਾਰਟੀ ਕਾਲਾ ਸੰਘਿਆਂ,ਗੋਰਾ ਝਟਕਈ ਅਵਤਾਰ ਸਿੰਘ ਰਾਣਾ , ਸੰਨੀ ਗਭਰੂ,ਗੀਤਾ ਮਨੀਲਾ, ਜੀਤਾ ਕੈਟਰ, ਡਾਕਟਰ ਸੁਸੀਲ ਤੋਂ ਇਲਾਵਾ ਹੋਰ ਆਗੂਆਂ ਦਾ ਇਸ ਮੌਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ’ਤੇ ਪ੍ਰਸਿੱਧ ਕ੍ਰਿਕਟ ਕੁਮੈਂਟੇਟਰ ਅਰਮਾਨ ਸੰਧੂ ਧਰਮਕੋਟ, ਹੈਪੀ ਸਮਰਾਏ ਤੇ ਅਮਨ ਚਿੱਟੀ ਵੱਲੋਂ ਆਪਣੇ ਪ੍ਰਭਾਵਸ਼ਾਲੀ ਟੋਟਕਿਆਂ ਨਾਲ ਕ੍ਰਿਕਟ ਟੂਰਨਾਮੈਂਟ ਨੂੰ ਪੂਰੇ ਸਿਖਰਾਂ ’ਤੇ ਪਹੁੰਚਾ ਦਿੱਤਾ।

# ਭੁੰਗਰਨੀ ਵਿਖੇ ਨਗਰ ਕੀਰਤਨ ਅੱਜ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਇਤਿਹਾਸਕ ਪਿੰਡ ਭੁੰਗਰਨੀ ਵਿਖੇ ਗੁਰਦੁਆਰਾ ਪਾਤਸ਼ਾਹੀ ਸੱਤਵੀਂ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਧਰਤੀ ’ਤੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਸ਼੍ਰੀ ਗੁਰੂ ਹਰਿ ਰਾਇ ਨੌਜਵਾਨ ਸਭਾ ਭੁੰਗਰਨੀ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ 05 ਜਨਵਰੀ ਨੂੰ ਵਿਸ਼ਾਲ ਨਗਰ ਕੀਰਤਨ ਸਜਾਏ ਜਾ ਰਹੇ ਹਨ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਕਿ 05 ਜਨਵਰੀ ਨੂੰ ਸਵੇਰੇ 10 ਵਜੇ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ’ਚ ਵਿਸ਼ਾਲ ਨਗਰ ਕੀਰਤਨ ਸਜਾਏ ਜਾਣਗੇ।ਨਗਰ ਕੀਰਤਨ ਦੌਰਾਨ ਭਾਈ ਸੁਖਚੈਨ ਸਿੰਘ ਹੈੱਡ ਗ੍ਰੰਥੀ ਭੁੰਗਰਨੀ, ਭਾਈ ਰਣਜੀਤ ਸਿੰਘ ਡਵਿੱਡਾ ਆਹਿਰਾਣਾ, ਪ੍ਰਭਾਤ ਫੇਰੀ ਜੱਥਾ ਤੇ ਹੋਰ ਰਾਗੀ ਜੱਥੇ ਸੰਗਤਾਂ ਨੂੰ ਗੁਰਬਾਣੀ ਗੁਰਇਤਿਹਾਸ ਤੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

# ਨਵੇਂ ਵਰ੍ਹੇ ਦੀ ਆਮਦ ’ਤੇ ਜੀ ਆਰ ਡੀ ਸਿੱਖਿਆ ਸੰਸਥਾਵਾਂ ਵਿਖੇ ਧਾਰਮਿਕ ਸਮਾਗਮ





**ਟਾਂਡਾ ਉੜਮੁੜ, (ਜਸਵਿੰਦਰ ਸੰਧੂ/ ਓਂਕਾਰ ਸਿੰਘ)**- ਟਾਂਡਾ ਸ਼ਹਿਰ ਦੀ ਮਹਾਨ ਵਿੱਦਿਅਕ ਸੰਸਥਾ ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਵਿਦਿਆਕ ਅਦਾਰੇ ਸ੍ਰੀ ਗੁਰੂ ਰਾਮਦਾਸ ਜੀ ਇੰਟਰਨੈਸ਼ਨਲ ਨਰਸਿੰਗ ਕਾਲਜ, ਸ੍ਰੀ ਗੁਰੂ ਰਾਮਦਾਸ ਜੀ ਇੰਟਰਨੈਸ਼ਨਲ ਸਕੂਲ, ਸ੍ਰੀ ਗੁਰੂ ਰਾਮਦਾਸ ਜੀ ਇੰਟਰਨੈਸ਼ਨਲ ਇੰਸਟੀਚਿਊਟ ਆਫ ਪੈਰਾ ਮੈਡੀਕਲ ਸਾਇੰਸਿਸ ਵਿਖੇ ਨਵੇਂ ਵਰੇ ਦੀ ਆਮਦ ਨੂੰ ਲੈ ਕੇ ਧਾਰਮਿਕ ਸਮਾਗਮ ਕਰਵਾਇਆ ਗਿਆ। ਸੰਸਥਾ ਦੇ ਮੁੱਖ ਪ੍ਰਬੰਧਕ ਸ਼੍ਰੀਮਤੀ ਪ੍ਰਦੀਪ ਕੌਰ , ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪ੍ਰਿੰਸੀਪਲ ਰੇਨੂ ਬਾਲਾ, ਪ੍ਰਿੰਸੀਪਲ ਅਮਨਦੀਪ ਕੌਰ ਢਿੱਲੋਂ ਦੀ ਅਗਵਾਈ ਹੇਠ ਸਮੂਹ ਸਟਾਫ ਦੇ ਸਹਿਯੋਗ ਨਾਲ ਕਰਵਾਏ ਗਏ ਧਾਰਮਿਕ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਸਕੂਲ ਅਤੇ ਨਰਸਿੰਗ ਕਾਲਜ ਦੇ ਬੱਚਿਆਂ ਵੱਲੋਂ ਮਨੋਹਰ ਸ਼ਬਦ ਕੀਰਤਨ ਦੁਆਰਾ ਨਿਹਾਲ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦੇ ਹੋਏ ਸੰਸਥਾ ਦੇ ਮੈਨੇਜਰ ਸਰਬਜੀਤ ਸਿੰਘ ਮੋਮੀ, ਪ੍ਰਿੰਸੀਪਲ ਰੇਨੂ ਬਾਲਾ ਤੇ ਪ੍ਰਿੰਸੀਪਲ ਅਮਨਦੀਪ ਕੌਰ ਢਿੱਲੋ ਨੇ ਸਟਾਫ ਤੇ ਵਿਦਿਆਰਥੀਆਂ ਨੂੰ ਨਵੇਂ ਸਾਲ ’ਤੇ ਸ਼ੁਭਕਾਮਨਾਵਾਂ ਦਿੱਤੀਆਂ। ਸਮਾਗਮ ਵਿੱਚ ਵੱਖ-ਵੱਖ ਖੇਤਰਾਂ ’ਚ ਮੱਲਾਂ ਮਾਰਨ ਵਾਲੇ ਸਕੂਲ ਅਤੇ ਨਰਸਿੰਗ ਕਾਲਜ ਦੇ ਵਿਦਿਆਰਥੀਆਂ ਦਾ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਰਾਜਵਿੰਦਰ ਕੌਰ, ਦਲਜਿੰਦਰ ਕੌਰ, ਲਵਲੀ ਸੈਣੀ, ਨੀਲਮ ਜੋਤ ਕੌਰ, ਜਸਲੀਨ ਕੌਰ, ਹਰਲੀਨ ਕੌਰ, ਮਨਪ੍ਰੀਤ ਕੌਰ, ਬਲਜੀਤ ਕੌਰ, ਤਜਿੰਦਰ ਕੌਰ, ਗੁਰਪ੍ਰੀਤ ਕੌਰ, ਸਿਮਰਨ ਕੌਰ, ਸੀਮਾ ਜਾਜਾ, ਆਂਚਲ ਸੈਣੀ, ਕਸ਼ਮੀਰ ਕੌਰ, ਦਲਜੀਤ ਕੌਰ, ਸਿਮਰਨ ਕੌਰ, ਜਸਮੀਨ ਕੌਰ, ਹਰਦੀਪ ਕੌਰ, ਮਨਜੀਤ ਕੌਰ ਵੀ ਹਾਜ਼ਰ ਸਨ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਵੋਟਰ ਸੂਚੀਆਂ ਦੀ ਮੁੱਢਲੀ ਪ੍ਰਕਾਸ਼ਨਾ ਜਾਰੀ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 3 ਜਨਵਰੀ:** ( ਗੁਰਜੀਤ ਬਿੱਲਾ )- ਗੁਰਦੁਆਰਾ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਐਸ. ਏ. ਐਸ. ਨਗਰ ਵਿਚ ਪੈਂਦੇ ਸਮੂਹ 03 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਚੋਣ ਹਲਕਿਆਂ 58-ਡੇਰਾ ਬੱਸੀ, 119-ਖਰੜ ਅਤੇ 120-ਐਸ.ਏ.ਐਸ.ਨਗਰ ਵਿਚ ਗੁਰਦੁਆਰਾ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ, ਨਿਰਧਾਰਤ ਸਥਾਨਾਂ ਦਫਤਰ ਡਿਪਟੀ ਕਮਿਸ਼ਨਰ, ਸਬੰਧਤ ਰਿਵਾਈਜ਼ਿੰਗ ਅਥਾਰਟੀਜ਼ (ਐੱਸ ਡੀ ਐੱਮ)/ਰਿਟਰਨਿੰਗ ਅਫਸਰਾਂ ਦੇ ਦਫਤਰਾਂ, ਸਮੂਹ ਤਹਿਸੀਲ ਦਫਤਰਾਂ, ਪਟਵਾਰ ਸਰਕਲਾਂ ਵਿਚਲੇ ਪਟਵਾਰੀਆਂ ਦੇ ਦਫਤਰਾਂ ਅਤੇ ਸਮੂਹ ਨੋਟੀਫਾਈਡ ਸਿੱਖ ਗੁਰਦੁਆਰਿਆ ਵਿਚ ਮਿਤੀ 03.01.2025 ਨੂੰ ਕਰਵਾ ਦਿੱਤੀ ਗਈ ਹੈ ਅਤੇ ਇਹਨਾਂ ਸਥਾਨਾਂ ’ਤੇ ਵੋਟਰ ਸੂਚੀਆਂ ਦੇਖਣ ਲਈ ਉਪਲਬਧ ਹਨ। ਸਮੂਹ ਚੋਣ ਹਲਕਿਆਂ ਦੀਆਂ ਰਿਵਾਈਜ਼ਿੰਗ ਅਥਾਰਟੀਜ਼ 58-ਡੇਰਾ ਬੱਸੀ (ਐਸ.ਡੀ.ਐਮ. ਡੇਰਾ ਬੱਸੀ, 119-ਖਰੜ (ਐਸ.ਡੀ.ਐਮ. ਖਰੜ ਅਤੇ 120-ਐਸ.ਏ.ਐਸ.ਨਗਰ (ਐਸ.ਡੀ.ਐਮ.ਐਸ.ਏ.ਐਸ.ਨਗਰ) ਵੱਲੋਂ ਡਰਾਫਟ ਵੋਟਰ ਸੂਚੀ ਉਪਰ ਦਾਅਵੇ/ਇਤਰਾਜ਼ ਮਿਤੀ 03.01.2025 ਤੋਂ 24.01.2025 ਤੱਕ ਪ੍ਰਾਪਤ ਕੀਤੇ ਜਾਣਗੇ ਅਤੇ ਪ੍ਰਾਪਤ ਹੋਏ ਦਾਅਵੇ/ਇਤਰਾਜ਼ਾਂ ਦਾ ਨਿਪਟਾਰਾ ਮਿਤੀ 05.02.2025 ਤੱਕ ਕੀਤਾ ਜਾਵੇਗਾ। ਪ੍ਰਵਾਨ ਹੋਏ ਦਾਅਵੇ/ਇਤਰਾਜ਼ਾਂ ਦੇ ਮਸੌਦੇ/ ਸਪਲੀਮੈਂਟ ਸੂਚੀ ਤਿਆਰ ਕਰਕੇ ਪ੍ਰਿੰਟਿੰਗ ਮਿਤੀ 24.02.2025 ਤੱਕ ਕਰਵਾਈ ਜਾਵੇਗੀ ਅਤੇ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਮਿਤੀ 25.02.2025 ਨੂੰ ਕਰਵਾਈ ਜਾਵੇਗੀ।ਡਰਾਫਟ ਵੋਟਰ ਸੂਚੀ ਵਿਚ ਕੋਈ ਕਲੈਰੀਕਲ ਜਾਂ ਛਪਾਈ ਸਬੰਧੀ ਤਰੁੱਟੀ ਹੋਵੇ ਤਾਂ ਸਬੰਧਤ ਰਿਵਾਈਜ਼ਿੰਗ ਅਥਾਰਟੀਜ਼ (ਐੱਸ ਡੀ ਐਮਜ਼) ਦੇ ਧਿਆਨ ਵਿਚ ਲਿਆਂਦੀ ਜਾਵੇ, ਤਾਂ ਜੋ ਅੰਤਿਮ ਪ੍ਰਕਾਸ਼ਨਾ ਤੋਂ ਪਹਿਲਾਂ ਇਸ ਵਿਚ ਲੋੜੀਂਦੀ ਸੋਧ ਕੀਤੀ ਜਾ ਸਕੇ। ਡਰਾਫਟ ਵੋਟਰ ਸੂਚੀ ਸਬੰਧੀ ਬਿਨੈਕਾਰ/ਇਤਰਾਜ਼ਕਰਤਾ ਆਪਣੇ ਦਾਅਵੇ/ਇਤਰਾਜ਼ ਲਿਖਤੀ ਰੂਪ ਵਿਚ ਤਸਦੀਕੀ ਤੌਰ ’ਤੇ ਆਪਣੇ ਰਿਵਾਈਜ਼ਿੰਗ ਅਥਾਰਟੀਜ਼ ਨੂੰ ਨਿੱਜੀ ਤੌਰ ’ਤੇ, ਲਿਖਤੀ, ਡਾਕ ਰਾਹੀਂ ਜਾਂ ਕਿਸੇ ਅਜਿਹੇ ਏਜੰਟ, ਜੋ ਕਿ ਲਿਖਤੀ ਤੌਰ ’ਤੇ ਪ੍ਰਵਾਨਿਤ ਹੋਵੇ, ਰਾਹੀਂ ਮਿਥੀ ਹੋਈ ਮਿਤੀ ਤੱਕ ਭੇਜੇ ਜਾ ਸਕਦੇ ਹਨ। ਕੇਵਲ ਉਹ ਵਿਅਕਤੀ, ਜਿਸ ਦੀ ਉਮਰ 21 ਸਾਲ ਜਾਂ ਇਸ ਤੋਂ ਉਪਰ ਹੋਵੇ ਅਤੇ ਜਿਸ ਦਾ ਨਾਂਅ ਉਸ ਚੋਣ ਹਲਕੇ ਦੀ ਵੋਟਰ ਸੂਚੀ ਵਿਚ ਪਹਿਲਾਂ ਹੀ ਦਰਜ ਹੋਵੇ, ਹੀ ਇਤਰਾਜ਼ ਪੇਸ਼ ਕਰ ਸਕਦਾ ਹੈ ।ਜ਼ਿਲ੍ਹੇ ਦੇ ਸਮੂਹ ਯੋਗ ਵੋਟਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜਿੰਨਾਂ ਦੀਆਂ ਹਾਲੇ ਤੱਕ ਵੋਟਾਂ ਨਹੀਂ ਬਣੀਆਂ, ਉਹ ਉਹ ਮਿਤੀ 24.01.2025 ਤੱਕ ਫਾਰਮ ਭਰ ਕੇ ਆਪਣੀਆਂ ਵੋਟਾਂ ਜ਼ਰੂਰ ਬਣਵਾ ਲੈਣ। ਵੋਟਾਂ ਸਬੰਧੀ ਕਿਸੇ ਕਿਸਮ ਦੀ ਜਾਣਕਾਰੀ ਲਈ ਵੋਟਰ ਹੈਲਪ ਲਾਈਨ ਨੰਬਰ 1950 ਉਪਰ ਸੰਪਰਕ ਕੀਤਾ ਜਾ ਸਕਦਾ ਹੈ ।

# ਕੇ ਐੱਲ ਚਾਂਦ ਟਰੱਸਟ ਨੇ ਲੋੜਵੰਦ ਨੂੰ ਦਿੱਤੀ ਟਰਾਈ ਸਾਇਕਲ



**ਫਗਵਾੜਾ (ਡਾ. ਰਮਨ,ਢੱਡਾ)** ਅੰਗਹੀਣਾਂ ਦੀ ਸੇਵਾ ਨੂੰ ਸਮਰਪਿਤ ਸਮਾਜ ਸੇਵੀ ਜੱਥੇਬੰਦੀ ਕੇਐੱਲ ਚਾਂਦ ਵੈਲਫੇਅਰ ਟਰੱਸਟ ਯੂ.ਕੇ ਦੀ ਪੰਜਾਬ ਇਕਾਈ ਵੱਲੋਂ ਨਵਾਂ ਸਾਲ ਇਕ ਲੋੜਵੰਦ ਅੰਗਹੀਣ ਨੂੰ ਟਰਾਈ ਸਾਇਕਲ ਭੇਂਟ ਕਰਦਿਆਂ ਮਨਾਇਆ ਗਿਆ।ਟਰੱਸਟ ਦੇ ਸੂਬਾ ਕੋਆਰਡੀਨੇਟਰ ਰਜਿੰਦਰ ਕੁਮਾਰ ਬੰਟੀ ਦੀ ਅਗਵਾਈ ਹੇਠ ਮੁਹੱਲਾ ਧਰਮਕੋਟ ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਆਯੋਜਿਤ ਸਮਾਗਮ ਦੌਰਾਨ ਮੁੱਖ ਮਹਿਮਾਨ ਵੱਜੋਂ ਅੱਖਾਂ ਦੇ ਮਾਹਿਰ ਡਾਕਟਰ ਐੱਸ ਰਾਜਨ ਨੇ ਸ਼ਿਰਕਤ ਕੀਤੀ। ਜਦਕਿ ਵਾਰਡ ਕੌਂਸਲਰ ਬੀਰਾ ਰਾਮ ਵਲਜੋਤ ਵਿਸ਼ੇਸ਼ ਤੌਰ ’ਤੇ ਮੌਜੂਦ ਰਹੇ।ਡਾ. ਐੱਸ. ਰਾਜਨ ਨੇ ਟਰੱਸਟ ਵੱਲੋਂ ਕੀਤੇ ਜਾਂਦੇ ਸਮਾਜ ਭਲਾਈ ਦੇ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਹੋ ਜਿਹੇ ਸਮਾਜ ਭਲਾਈ ਦੇ ਕਾਰਜਾਂ ਵਿੱਚ ਹਿੱਸਾ ਪਾਉਣਾ ਚਾਹੀਦਾ ਹੈ। ਵਾਰਡ ਕੌਂਸਲਰ ਬੀਰਾ ਰਾਮ ਵਲਜੋਤ ਨੇ ਵੀ ਰਾਜਿੰਦਰ ਕੁਮਾਰ ਬੰਟੀ ਅਤੇ ਉਹਨਾਂ ਦੀ ਟੀਮ ਦੇ ਇਸ ਉਪਰਾਲੇ ਨੂੰ ਸ਼ਲਾਘਾਯੋਗ ਦੱਸਿਆ ਅਤੇ ਸਮੂਹ ਹਾਜ਼ਰੀਨ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ।ਟਰੱਸਟ ਦੇ ਸੂਬਾ ਕੋਆਡੀਨੇਟਰ ਰਜਿੰਦਰ ਕੁਮਾਰ ਬੰਟੀ ਨੇ ਪਤਵੰਤਿਆਂ ਅਤੇ ਸਮੂਹ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਭਰੋਸਾ ਦਿੱਤਾ ਕਿ ਟਰੱਸਟ ਦੇ ਦੇਸ਼-ਵਿਦੇਸ਼ ਵਿਚ ਵੱਸਦੇ ਸਮੂਹ ਮੈਂਬਰਾਂ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਇਹ ਨੇਕ ਉਪਰਾਲੇ ਅੱਗੇ ਵੀ ਜਾਰੀ ਰੱਖਣਗੇ।ਇਸ ਮੌਕੇ ਟਰੱਸਟ ਦੇ ਕੈਸ਼ੀਅਰ ਆਸ਼ਾ ਰਾਣੀ, ਹਰਜਿੰਦਰ ਗੋਗਨਾ, ਤਾਰਾ ਚੰਦ ਚੁੰਬਰ, ਜਸਵਿੰਦਰ ਸਿੰਘ ਠੇਕੇਦਾਰ ਅਕਾਲਗੜ੍ਹ, ਲਾਇਨ ਗੁਰਦੀਪ ਕੰਗ, ਜਸਵਿੰਦਰ ਢੱਡਾ ਸਮਾਜ ਸੇਵਕ , ਸ਼ਿੰਗਾਰਾ ਰਾਮ, ਗੁਰਨਾਮ ਲਾਲ ਅਕਾਲਗੜ੍ਹ, ਕੈਲਵਿਨ ਚੁੰਬਰ, ਜੱਸੀ ਅਕਾਲਗੜ੍ਹ, ਅਜਾਇਬ ਸਿੰਘ ਆਰਕੀਟੈਕਟ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜ਼ਰ ਸਨ।

# ਖੁੱਡੀਆਂ ਵੱਲੋਂ ਪਸ਼ੂ ਪਾਲਣ ਵਿਭਾਗ ਦਾ ਯੂਟਿਊਬ ਤੇ ਫੇਸਬੁਕ ਪੇਜ ਲਾਂਚ



**ਚੰਡੀਗੜ੍ਹ, ( ਗੁਰਜੀਤ ਬਿੱਲਾ )**—ਪਸ਼ੂਧੰਨ ਦੀ ਸਾਂਭ-ਸੰਭਾਲ ਬਾਰੇ ਸਟੀਕ ਤੇ ਪ੍ਰਮਾਣਿਕ ਜਾਣਕਾਰੀ ਪ੍ਰਦਾਨ ਕਰਨ ਦੀ ਦਿਸ਼ਾ ਵਿੱਚ ਡਿਜੀਟਲ ਪਹਿਲਕਦਮੀ ਕਰਦਿਆਂ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ‘ਪਸ਼ੂ ਪਾਲਣ ਵਿਭਾਗ, ਪੰਜਾਬ’ ਦੇ ਨਾਂਅ ਹੇਠ ਵਿਭਾਗ ਦਾ ਅਧਿਕਾਰਤ ਯੂਟਿਊਬ ਚੈਨਲ ਅਤੇ ਫੇਸਬੁੱਕ ਪੇਜ ਲਾਂਚ ਕੀਤਾ ਹੈ। ਇਸ ਪਹਿਲਕਦਮੀ ਦਾ ਉਦੇਸ਼ ਸੂਬੇ ਦੇ ਪਸ਼ੂ ਪਾਲਕਾਂ ਨੂੰ ਪਸ਼ੂਧਨ ਦੀ ਢੁਕਵੀਂ ਸਾਂਭ-ਸੰਭਾਲ ਲਈ ਸਹੀ ਅਤੇ ਪ੍ਰਮਾਣਿਕ ਜਾਣਕਾਰੀ ਪ੍ਰਦਾਨ ਕਰਨਾ ਹੈ।ਪਸ਼ੂ ਪਾਲਣ ਮੰਤਰੀ ਨੇ ਕਿਹਾ ਕਿ ਵਿਭਾਗ ਵੱਲੋਂ ਲਾਂਚ ਕੀਤੇ ਗਏ ਇਸ ਚੈਨਲ ਅਤੇ ਪੇਜ ਉਤੇ ਹਰ ਸੋਮਵਾਰ ਮਾਹਿਰਾਂ ਵੱਲੋਂ ਪਸ਼ੂ ਪਾਲਣ ਬਾਰੇ ਢੁਕਵੀਂ ਸੇਧ ਦੇਣ ਲਈ ਲਾਈਵ ਸੈਸ਼ਨ ਕੀਤਾ ਜਾਵੇਗਾ। ਇਨ੍ਹਾਂ ਸੈਸ਼ਨਾਂ ਦੌਰਾਨ ਸੂਬੇ ਦੇ ਸਾਰੇ ਪਸ਼ੂ ਪਾਲਕਾਂ ਨੂੰ ਸੈਸ਼ਨ ਵਿੱਚ ਸ਼ਾਮਲ ਹੋਣ ਅਤੇ ਪਸ਼ੂ ਪਾਲਣ ਸਬੰਧੀ ਕੋਈ ਵੀ ਸਵਾਲ ਪੁੱਛਣ ਲਈ ਉਤਸ਼ਾਹਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਾਹਿਰਾਂ ਅਤੇ ਕਿਸਾਨਾਂ ਵਿਚਕਾਰ ਇਹ ਸਿੱਧਾ ਰਾਬਤਾ ਪਸ਼ੂਧਨ ਦੀ ਢੁਕਵੀਂ ਸਾਂਭ-ਸੰਭਾਲ ਜ਼ਰੀਏ ਸਮੁੱਚੀ ਉਤਪਾਦਕਤਾ ਨੂੰ ਵਧਾਉਣ ਲਈ ਵਧੇਰੇ ਮਦਦਗਾਰ ਸਿੱਧ ਹੋਵੇਗਾ।ਖੁੱਡੀਆਂ ਨੇ ਕਿਹਾ ਕਿ ਇਸ ਡਿਜੀਟਲ ਪਹਿਲਕਦਮੀ ਦਾ ਮੁੱਖ ਉਦੇਸ਼ ਪਸ਼ੂ ਪਾਲਕਾਂ ਅਤੇ ਸਬੰਧਤ ਭਾਈਵਾਲਾਂ ਨੂੰ ਪਸ਼ੂ ਪਾਲਣ ਦੇ ਵਧੇਰੇ ਕਿਫਾਇਤੀ ਅਤੇ ਨੈਤਿਕ ਅਭਿਆਸਾਂ ਅਤੇ ਢੰਗ-ਤਰੀਕਿਆਂ ਬਾਰੇ ਜਾਣਕਾਰੀ ਹਾਸਲ ਕਰਨ ਵਿੱਚ ਸਹਾਇਤਾ ਕਰਨਾ ਹੈ। ਇਹ ਕਿਸਾਨਾਂ ਲਈ ਰੋਜ਼ਮਰ੍ਹਾ ਦੀਆਂ ਗਤੀਵਿਧੀਆਂ, ਟੀਕਾਕਰਨ, ਪਸ਼ੂਧਨ ਦੀ ਦੇਖਭਾਲ ਸਬੰਧੀ ਉਪਾਅ, ਪਸ਼ੂਆਂ ਨੂੰ ਬਿਮਾਰੀਆਂ ਤੋਂ ਬਚਾਉਣ ਅਤੇ ਪਸ਼ੂਧਨ ਲਈ ਖੁਰਾਕ ਦੇ ਬਿਹਤਰ ਅਭਿਆਸਾਂ ਬਾਰੇ ਸੁਖਾਲੇ ਢੰਗ ਨਾਲ ਸਹੀ ਤੇ ਪ੍ਰਮਾਣਿਕ ਜਾਣਕਾਰੀ ਮੁਹੱਈਆ ਕਰਵਾਏਗਾ।ਪਸ਼ੂ ਪਾਲਣ ਵਿਭਾਗ ਦੇ ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ ਨੇ ਦੱਸਿਆ ਕਿ ਪਸ਼ੂ ਪਾਲਕਾਂ ਨੂੰ ਸਮੇਂ-ਸਮੇਂ ’ਤੇ ਪ੍ਰਮਾਣਿਕ ਜਾਣਕਾਰੀ ਪ੍ਰਦਾਨ ਕਰਨ ਲਈ ਹਰ ਹਫ਼ਤੇ 4 ਤੋਂ 5 ਵੀਡੀਓਜ਼, ਇਨ੍ਹਾਂ ਪਲੇਟਫਾਰਮਾਂ ’ਤੇ ਪੋਸਟ ਕੀਤੀਆਂ ਜਾਣਗੀਆਂ ਅਤੇ ਪਸ਼ੂ ਪਾਲਕਾਂ ਲਈ ਮਾਹਿਰਾਂ ਨਾਲ ਆਨਲਾਈਨ ਸੈਸ਼ਨ ਵੀ ਕਰਵਾਏ ਜਾਣਗੇ।ਇਸ ਮੌਕੇ ਡਾਇਰੈਕਟਰ ਪਸ਼ੂ ਪਾਲਣ ਡਾ. ਜੀ.ਐਸ.ਬੇਦੀ, ਡਿਪਟੀ ਡਾਇਰੈਕਟਰ ਡਾ. ਬਿਕਰਮਜੀਤ ਸਿੰਘ, ਸਹਾਇਕ ਡਾਇਰੈਕਟਰ ਡਾ. ਪਰਮਪਾਲ ਸਿੰਘ, ਡਾ. ਲਖਵਿੰਦਰ ਸਿੰਘ ਅਤੇ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

# ਸੀ ਟੀ ਇੰਸਟੀਚਿਊਟ ’ਚ ਉਤਸ਼ਾਹੀ ਫਿਜ਼ੀਓਥੈਰੇਪਿਸਟਾਂ ਲਈ ਵੈਂਟੀਲੇਟਰਾਂ ’ਤੇ ਵਰਕਸ਼ਾਪ



**ਜਲੰਧਰ (ਸ਼ੈਲੀ ਐਲਬਰਟ)**-ਸੀ ਟੀ ਇੰਸਟੀਚਿਊਟ ਆਫ਼ ਹਾਇਰ ਸਟੱਡੀਜ਼ (ਸੀਟੀਆਈਐਚਐਸ) ਦੇ ਫਿਜ਼ੀਓਥੈਰੇਪੀ ਵਿਭਾਗ ਨੇ ‘ਕਲੀਨਿਕਲ ਹੈਂਡਸ-ਆਨ ਇੰਟ੍ਰੋਡਕਸ਼ਨ ਟੂ ਵੈਂਟੀਲੇਟਰਾਂ’ ਸਿਰਲੇਖ ਨਾਲ ਇੱਕ ਵਰਕਸ਼ਾਪ ਦਾ ਸਫਲਤਾਪੂਰਵਕ ਆਯੋਜਨ ਕੀਤਾ।ਇਵੈਂਟ ਵਿੱਚ ਫੈਕਲਟੀ ਅਤੇ ਵਿਦਿਆਰਥੀਆਂ ਦੀ ਉਤਸ਼ਾਹੀ ਭਾਗੀਦਾਰੀ ਦੇਖੀ ਗਈ, ਕਿਉਂਕਿ ਇਹ ਸਿਹਤ ਸੰਭਾਲ ਦੇ ਸਭ ਤੋਂ ਮਹੱਤਵਪੂਰਨ ਪਹਿਲੂਆਂ ਵਿੱਚੋਂ ਇੱਕ ਵੈਂਟੀਲੇਟਰੀ ਸਹਾਇਤਾ ਵਿੱਚ ਸ਼ਾਮਲ ਹੈ।ਇਸ ਵਰਕਸ਼ਾਪ ਵਿੱਚ ਡਾ. ਭੁਪਿੰਦਰ ਸਿੰਘ ਤੋਮਰ, ਪ੍ਰਿੰਸੀਪਲ, ਸੀ.ਟੀ.ਆਈ.ਪੀ.ਐਸ. ਦੀ ਹਾਜ਼ਰੀ ਵਿੱਚ ਸਨਮਾਨਿਤ ਕੀਤਾ ਗਿਆ ਅਤੇ ਇਸ ਦੀ ਅਗਵਾਈ ਫਿਜ਼ੀਓਥੈਰੇਪੀ ਵਿਭਾਗ ਦੇ ਮੁਖੀ ਡਾ. ਅਰੁਣ ਨੇ ਆਪਣੀ ਸਮਰਪਿਤ ਫੈਕਲਟੀ ਟੀਮ ਸਮੇਤ ਕੀਤੀ।ਵਰਕਸ਼ਾਪ ਵਿੱਚ ਉੱਘੇ ਬੁਲਾਰਿਆਂ, ਡਾ. ਅਭਿਸ਼ੇਕ ਕੁਮਾਰ (ਐਮ.ਬੀ.ਬੀ.ਐਸ., ਐਮ.ਡੀ. ਅਨੈਸਥੀਸੀਓਲੋਜੀ) ਅਤੇ ਡਾ. ਵਿਕਾਸ ਚਾਵਲਾ (ਐਮ.ਬੀ.ਬੀ.ਐਸ., ਐਮ.ਡੀ. ਅਨੈਸਥੀਸੀਓਲੋਜੀ) ਸ਼ਾਮਲ ਸਨ, ਜਿਨ੍ਹਾਂ ਨੇ ਹਮਲਾਵਰ ਅਤੇ ਗੈਰ-ਹਮਲਾਵਰ ਪ੍ਰਣਾਲੀਆਂ ਨੂੰ ਕਵਰ ਕਰਦੇ ਹੋਏ ਵੈਂਟੀਲੇਟਰ ਵਿਧੀ ਦੀ ਡੂੰਘਾਈ ਨਾਲ ਖੋਜ ਕੀਤੀ। ਅਸਲ-ਸਮੇਂ ਦੇ ਪ੍ਰਦਰਸ਼ਨਾਂ ਅਤੇ ਵਿਹਾਰਕ ਅਭਿਆਸਾਂ ਦੁਆਰਾ, ਭਾਗੀਦਾਰਾਂ ਨੇ ਕਲੀਨਿਕਲ ਸੈਟਿੰਗਾਂ ਵਿੱਚ ਵੈਂਟੀਲੇਟਰਾਂ ਨੂੰ ਸੰਭਾਲਣ ਵਿੱਚ ਉਨ੍ਹਾਂ ਦੀ ਸਮਝ ਅਤੇ ਵਿਸ਼ਵਾਸ ਨੂੰ ਵਧਾਉਂਦੇ ਹੋਏ, ਹੱਥੀਂ ਅਨੁਭਵ ਪ੍ਰਾਪਤ ਕੀਤਾ।ਡਾ. ਅਭਿਸ਼ੇਕ ਕੁਮਾਰ ਨੇ ਟਿੱਪਣੀ ਕੀਤੀ, ‘ਅੱਜ ਦੇ ਸਿਹਤ ਸੰਭਾਲ ਮਾਹੌਲ ਵਿੱਚ, ਵੈਂਟੀਲੇਟਰਾਂ ਨੂੰ ਸਮਝਣ ਅਤੇ ਚਲਾਉਣ ਦੀ ਯੋਗਤਾ ਫਿਜ਼ੀਓਥੈਰੇਪਿਸਟਾਂ ਲਈ ਇੱਕ ਮਹੱਤਵਪੂਰਨ ਹੁਨਰ ਹੈ।

# ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਨੇ ਸਥਾਪਨਾ ਦਿਵਸ ਮਨਾਇਆ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੀ ਮਹਿਲਾ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ ਅਤੇ ਉਹਨਾਂ ਦੀ ਟੀਮ ਵੱਲੋਂ ਕਲੱਬ ਦਾ ਸਥਾਪਨਾ ਦਿਵਸ ਅਤੇ ਨਵਾਂ ਸਾਲ 2025 ਸੇਵਾ ਭਾਵਨਾ ਨਾਲ ਮਨਾਇਆ।ਪ੍ਰਾਚੀਨ ਸ਼ਿਵ ਮੰਦਿਰ (ਬਗੀਚੀ) ਨੂਰਮਹਿਲ ਵਿਖੇ ਦੋ ਸੀਮਿੰਟਡ ਬੈਂਚ ਮੁਹੱਈਆ ਕਰਵਾਏ ਗਏ ਤਾਂ ਕਿ ਮੰਦਰ ਵਿੱਚ ਸਵੇਰੇ ਸ਼ਾਮ ਆਉਣ ਵਾਲੇ ਸ਼ਰਧਾਲੂ ਇਸ ਦਾ ਲਾਭ ਲੈ ਸਕਣ।ਇਹ ਜਾਣਕਾਰੀ ਕਲੱਬ ਦੀ ਤੱਤਕਾਲੀਨ ਪ੍ਰਧਾਨ ਲਾਇਨ ਸੋਮਿਨਾਂ ਸੰਧੂ ਅਤੇ ਕਲੱਬ ਦੇ ਪੀਆਰਓ ਲਾਇਨ ਦਿਨਕਰ ਸੰਧੂ ਨੇ ਦਿੱਤੀ।ਇਸ ਮੌਕੇ ਮੰਦਰ ਦੇ ਸੇਵਾਦਾਰਾਂ ਵੱਲੋਂ ਉਚੇਚੇ ਤੌਰ ’ਤੇ ਚਾਹ ਅਤੇ ਪਕੌੜਿਆ ਦੇ ਲੰਗਰ ਲਗਾਏ ਗਏ। ਨਵੇਂ ਸਾਲ ਦੇ ਸ਼ੁੱਭ ਆਰੰਭ ਮੌਕੇ ਦੇਵਾ ਜੀ ਦੇਵ ਮਹਾਦੇਵ ਜੀ ਦੇ ਚਰਨਾਂ ਵਿੱਚ ਕਲੱਬ ਦੇ ਅਫਸਰਾਂ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ, ਲਾਇਨ ਬਬਿਤਾ ਸੰਧੂ ਕਲੱਬ ਡਾਇਰੈਕਟਰ, ਲਾਇਨ ਜਸਪ੍ਰੀਤ ਕੌਰ ਸੰਧੂ ਕਲੱਬ ਚੇਅਰਪਰਸਨ, ਕਲੱਬ ਸੈਕਟਰੀ ਲਾਇਨ ਰਣਜੀਤ ਸਿੰਘ ਫੈਸ਼ਨ ਲਿਬਾਸ, ਲਾਇਨ ਯੋਗੇਸ਼ ਵਿਸ਼ੂ ਗੁਪਤਾ ਲੀਗਲ ਅਡਵਾਈਜ਼ਰ , ਗੁਰਛਾਇਆ ਅਤੇ ਗੁਰਅੰਸ਼ ਸੋਖਲ, ਸੁਰਿੰਦਰ ਦਰਸ਼ਨਾਂ ਭੋਪਾਲ, ਵਰੁਣ ਸੋਖਲ, ਰਾਜਵਿੰਦਰ ਕੌਰ ਰੱਜੂ, ਭੂਰੀ ਤੋਂ ਇਲਾਵਾ ਹੋਰ ਹਾਜ਼ਰੀਨ ਪਤਵੰਤਿਆਂ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ।




# ਬੇਗਮਪੁਰਾ ਟਾਈਗਰ ਫੋਰਸ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਅਹੁਦੇ ਤੋਂ ਹਟਾਉਣ ਲਈ ਭੇਜਿਆ ਮੰਗ ਪੱਤਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**--ਬੇਗਮਪੁਰਾ ਟਾਈਗਰ ਫੋਰਸ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸੰਸਦ ਵਿੱਚ ਡਾਕਟਰ ਬੀ ਆਰ ਅੰਬੇਡਕਰ ਜੀ ਦੀ ਸ਼ਾਨ ਦੇ ਖਿਲਾਫ ਕੀਤੀਆਂ ਟਿੱਪਣੀਆਂ ਦੇ ਰੋਸ ਵਜੋਂ ਭਾਰਤ ਦੇ ਰਾਸ਼ਟਰਪਤੀ ਸ਼੍ਰੀਮਤੀ ਦਰੋਪਤੀ ਮੁਰਮੂ ਦੇ ਨਾਂਅ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਸ਼੍ਰੀਮਤੀ ਕੋਮਲ ਮਿੱਤਲ ਨੂੰ ਸ਼ਿਕਾਇਤ ਪੱਤਰ ਦਿੱਤਾ ਗਿਆ, ਜਿਸ ਵਿਚ ਕੇਂਦਰੀ ਗ੍ਰਹਿ ਮੰਤਰੀ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕਰਨ ਅਤੇ ਉਨ੍ਹਾਂ ਨੂੰ ਕੈਬਨਿਟ ਮੰਤਰੀ ਦੇ ਅਹੁਦੇ ਤੋਂ ਬਰਖ਼ਾਸਤ ਕਰਨ ਦੀ ਮੰਗ ਕੀਤੀ ਗਈ।

ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਅਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਹਿਗੜ੍ਹ ਨੇ ਦੱਸਿਆ ਕਿ ਰਾਸ਼ਟਰਪਤੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਹਾਲ ਹੀ ਵਿੱਚ ਸਰਦ ਰੁੱਤ ਇਜਲਾਸ ਦੌਰਾਨ ਸੰਸਦ ਵਿੱਚ ਆਪਣੇ ਬਿਆਨ ਰਾਹੀਂ ਅਮਿਤ ਸ਼ਾਹ ਵੱਲੋਂ ਡਾ. ਅੰਬੇਡਕਰ ਜੀ ਪ੍ਰਤੀ ਮੰਦਭਾਗੇ ਅਤੇ ਮਜ਼ਾਕੀਆ ਸ਼ਬਦ ਵਰਤੇ ਗਏ ਹਨ। ਇਸ ਕਾਰਨ ਬੇਗਮਪੁਰਾ ਟਾਈਗਰ ਫੋਰਸ ਅਤੇ ਭਾਰਤ ਭਰ ਦੇ ਅੰਬੇਡਕਰਵਾਦੀ ਵਿਅਕਤੀ ਦੇ ਸਵੈ-ਮਾਣ ਨੂੰ ਭਾਰੀ ਠੇਸ ਪੁੱਜੀ ਹੈ ਅਤੇ ਇਸ ਸਬੰਧੀ ਸਮਾਜ ਦੇ ਹਰ ਵਰਗ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਬੇਗਮਪੁਰਾ ਟਾਈਗਰ ਫੋਰਸ ਨੇ ਰਾਸ਼ਟਰਪਤੀ ਪਾਸੋਂ ਆਸ ਪ੍ਰਗਟ ਕੀਤੀ ਕਿ ਸੰਵਿਧਾਨਕ ਕਦਰਾਂ-ਕੀਮਤਾਂ ਦੀ ਰਾਖੀ ਕਰਦੇ ਹੋਏ ਇਸ ਗੰਭੀਰ ਮਾਮਲੇ ਨੂੰ ਤਵੱਜੋ ਦਿੰਦੇ ਹੋਏ ਢੁਕਵੇਂ ਕਦਮ ਉਠਾ ਕੇ ਦੇਸ਼ ਵਿੱਚ ਬਲ਼ ਰਹੀ ਰੋਹ ਦੀ ਜਵਾਲਾ ਨੂੰ ਸ਼ਾਂਤ ਕਰਨ ਵਿੱਚ ਆਪਣਾ ਯੋਗਦਾਨ ਦੇਣਗੇ । ਇਸ ਮੌਕੇ ਹੋਰਨਾਂ ਤੋ ਇਲਾਵਾ ਰਵੀ ਸੁੰਦਰ ਨਗਰ, ਸਾਬੀ ਸੁੰਦਰ ਨਗਰ,ਜ਼ਿਲ੍ਹਾ ਸਕੱਤਰ ਪ੍ਰਿੰਸ ਨਾਰਾ, ਅਮਨਦੀਪ, ਅਨਿਲ ਕੁਮਾਰ ਬੰਟੀ ਬਲਾਕ ਪ੍ਰਧਾਨ ਹਰਿਆਣਾ,ਸਤੀਸ਼ ਕੁਮਾਰ, ਮੋਹਿਤ ਕੁਮਾਰ ਨਾਰਾ,ਰੋਹਿਤ ਕੁਮਾਰ ਬੱਧਣ ਆਦਿ ਹਾਜ਼ਰ ਸਨ ।

# ਨਿੱਜਰਾਂ ’ਚ ਨਗਰ ਕੀਰਤਨ 26 ਨੂੰ

**ਕਾਲਾ ਸੰਘਿਆਂ (ਮਨਜੀਤ ਮਾਨ)** ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ 6ਵਾਂ ਵਿਸ਼ਾਲ ਨਗਰ ਕੀਰਤਨ 26 ਜਨਵਰੀ ਨੂੰ ਸਵੇਰੇ 9 ਵਜੇ ਪਿੰਡ ਨਿੱਜਰਾ ਦੇ ਗੁਰਦੁਆਰਾ ਬਾਬਾ ਗਲੀਆ ਜੀ ਦੇ ਅਸਥਾਨ ਤੋਂ ਸਜਾਇਆ ਜਾਵੇਗਾ ਇਹ ਜਾਣਕਾਰੀ ਗੁਰਦੁਆਰਾ ਬਾਬਾ ਗਲੀਆ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਤਜਿੰਦਰ ਸਿੰਘ ਨਿੱਜਰ, ਗਿਆਨੀ ਭੁਪਿੰਦਰ ਸਿੰਘ ਨਿੱਜਰ ਤੇ ਖਜ਼ਾਨਚੀ ਦਲਜਿੰਦਰ ਸਿੰਘ ਨੇ ਸਾਂਝੇ ਤੌਰ ’ਤੇ ਦਿੰਦੇ ਹੋਏ ਦੱਸਿਆ ਕਿ ਨਗਰ ਕੀਰਤਨ ਪਿੰਡ ਨਿੱਜਰਾ ਤੋਂ ਆਰੰਭ ਹੋ ਕੇ ਪਿੰਡ ਲੱਲੀਆਂ ਕਲਾਂ, ਕੁਰਾਲੀ, ਪੁਵਾਰਾ,ਗੋਨਾ ਚੱਕ,ਆਲੀ ਚੱਕ,ਕੋਹਾਲਾ ਤੇ ਗੋਦਪੁਰ ਤੋਂ ਹੁੰਦਾ ਹੋਇਆ ਸ਼ਾਮ ਨੂੰ ਗੁਰਦੁਆਰਾ ਬਾਬਾ ਗਲੀਆ ਵਿਖੇ ਸਮਾਪਤ ਹੋਵੇਗਾ। । ਨਗਰ ਕੀਰਤਨ ਵਿੱਚ ਸ੍ਰੋਮਣੀ ਪੰਥਕ ਢਾਡੀ ਭਾਈ ਚਰਨ ਸਿੰਘ ਆਲਮਗੀਰ ਤੇ ਭਾਈ ਬਲਤੀਰ ਸਿੰਘ ਸੰਗਤਾਂ ਨੂੰ ਇਲਾਹੀ ਬਾਣੀ ਦੇ ਨਾਲ ਨਿਹਾਲ ਕਰਨਗੇ, ਜਿਸ ਦੇ ਸਬੰਧ ਵਿੱਚ 11 ਜਨਵਰੀ ਤੋਂ 25 ਜਨਵਰੀ ਤੱਕ ਪ੍ਰਭਾਤ ਫੇਰੀਆਂ ਕੱਢੀਆਂ ਜਾਣਗੀਆਂ ਤੇ 27 ਜਨਵਰੀ ਨੂੰ ਸ੍ਰੀ ਆਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਪਾਏ ਜਾਣਗੇ। ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਗਿਆਨੀ ਤੀਰਥ ਸਿੰਘ ਚਿੱਟੀ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜ ਕੇ ਨਿਹਾਲ ਕਰਨਗੇ।

# ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਸਜਾਇਆ



**ਫਿਲੌਰ, (ਨਿਰਮਲ)**— ਸਥਾਨਕ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਇਆ ਗਿਆ। ਇਹ ਨਗਰ ਕੀਰਤਨ ਸ਼ਹਿਰ ਦੀ ਪ੍ਰਕਰਮਾ ਕਰਦੇ ਹੋਏ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਸਮਾਪਤ ਹੋਇਆ। ਨਗਰ ਕੀਰਤਨ ’ਚ ਸ਼ਾਮਲ ਸੰਗਤਾਂ ਲਈ ਸ਼ਹਿਰ ਵਾਸੀਆਂ ਵੱਲੋਂ ਵੱਖੋ-ਵੱਖ ਥਾਵਾਂ ’ਤੇ ਵੱਖ-ਵੱਖ ਪ੍ਰਕਾਰ ਦੇ ਲੰਗਰ ਲਗਾਏ ਗਏ ਸਨ। ਇਸ ਮੌਕੇ ਬਾਬਾ ਸੁਖਵਿੰਦਰ ਸਿੰਘ ਆਲੋਵਾਲ, ਸਾਬਕਾ ਵਿਧਾਇਕ ਬਲਦੇਵ ਖਹਿਰਾ ਵੱਲੋਂ ਸੰਗਤਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ ਅਤੇ ਕਿਹਾ ਕਿ ਸਾਨੂੰ ਆਪਣੇ ਗੁਰੂਆਂ ਵੱਲੋਂ ਦਰਸਾਏ ਮਾਰਗ ’ਤੇ ਚੱਲਣਾ ਚਾਹੀਦਾ ਹੈ।

# ਲਿਟਲ ਸਟਾਰ ਸਕੂਲ ਨਾਨੋਵਾਲ ਬੇਟ ਦਾ ਸਾਲਾਨਾ ਇਨਾਮ ਵੰਡ ਸਮਾਰੋਹ 8 ਨੂੰ



**ਬਲਾਚੌਰ ( ਜਸਵਿੰਦਰ ਬੈਂਸ )**ਲਿਟਲ ਸਟਾਰ ਮਾਡਲ ਹਾਈ ਸਕੂਲ ਨਾਨੋਵਾਲ ਬੇਟ ਦੀ ਸਥਾਪਨਾ ਦੇ 40 ਵਰ੍ਹੇ ਪੂਰੇ ਹੋਣ ਉਪਰੰਤ 40 ਸਾਲਾ ਜਸ਼ਨ ਤੇ ਸਾਲਾਨਾ ਇਨਾਮ ਵੰਡ ਸਮਾਰੋਹ ਪ੍ਰਤੀਬਿੰਬ 2025 ਵਜੋਂ ਮਿਤੀ 8 ਜਨਵਰੀ 2025 ਨੂੰ ਮਨਾਇਆ ਜਾ ਰਿਹਾ ਹੈ।ਇਸ ਸਮਾਰੋਹ ਵਿੱਚ ਜਿੱਥੇ ਵਿੱਦਿਅਕ, ਖੇਡਾਂ ਅਤੇ ਸੱਭਿਆਚਾਰਕ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਇਨਾਮ ਦਿੱਤੇ ਜਾਣਗੇ, ਉੱਥੇ ਨਾਲ ਹੀ 40 ਸਾਲਾ ਜ਼ਸ਼ਨ ਵਜੋਂ ਸੱਭਿਆਚਾਰਕ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ੍ਰੀ ਅਜੀਤ ਰਾਮ ਧੀਮਾਨ ਦੁਆਰਾ ਦੱਸਿਆ ਗਿਆ ਕਿ ਇਸ ਇਨਾਮ ਵੰਡ ਸਮਾਰੋਹ ਦੀ ਪ੍ਰਧਾਨਗੀ ਸੂਰੀ ਸੁਪਰ ਸਪੈਸ਼ਿਲਟੀ ਹਸਪਤਾਲ ਬਲਾਚੌਰ ਦੇ ਪ੍ਰਬੰਧਕ ਡਾ.ਭੁਪਿੰਦਰਜੀਤ ਸਿੰਘ ਸੂਰੀ ਅਤੇ ਡਾ.ਅਮਨਦੀਪ ਕੌਰ ਸੂਰੀ ਕਰਨਗੇ।ਸਮਾਗਮ ਦੇ ਮੁੱਖ ਮਹਿਮਾਨ ਮੈਡਮ ਸੰਤੋਸ਼ ਕਟਾਰੀਆ (ਐਮਐਲਏ) ਹਲਕਾ ਬਲਾਚੌਰ ਅਤੇ ਮਾਨਯੋਗ ਡਿਪਟੀ ਕਮਿਸ਼ਨਰ ਐਸਬੀਐਸ ਨਗਰ ਸ੍ਰੀ ਰਾਜੇਸ਼ ਧੀਮਾਨ ਹੋਣਗੇ।ਗੈਸਟ ਆਫ ਆਨਰ ਵਜੋਂ ਸ੍ਰੀ ਸਤਨਾਮ ਚੇਚੀ ਜਲਾਲਪੁਰ ਚੇਅਰਮੈਨ ਜ਼ਿਲ੍ਹਾ ਪਲਾਨਿੰਗ ਬੋਰਡ ਐਸਬੀਐਸ ਨਗਰ ਅਤੇ ਸ੍ਰੀ ਐਨਐਸ ਠਾਕੁਰ ਸਕੱਤਰ ਜਨਰਲ ਓਲੰਪਿਕ ਐਸੋਸੀਏਸ਼ਨ ਚੰਡੀਗੜ੍ਹ ਸ਼ਿਰਕਤ ਕਰਨਗੇ।

# ਸਿੰਬਲੀ ਵਿਖੇ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਮੌਕੇ ਨਗਰ ਕੀਰਤਨ ਸਜਾਏ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਸਿੰਬਲੀ ਵਿਖੇ ਗੁਰਦੁਆਰਾ ਸਿੰਘ ਸਭਾ ਦੇ ਅਸਥਾਨ ’ਤੇ ਸਰਬੰਸਦਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 359ਵੇਂ ਪ੍ਰਕਾਸ਼ ਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ ਸਜਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਇਕਬਾਲ ਸਿੰਘ ਨੇ ਦੱਸਿਆ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਏ ਗਏ। ਪੰਜ ਨਿਸ਼ਾਨਚੀ, ਨਗਾਰਾ, ਫੌਜੀ ਬੈਂਡ, ਸਕੂਲੀ ਬੱਚੇ, ਸ਼ਬਦੀ ਜਥੇ ਪਾਲਕੀ ਸਾਹਿਬ ਜੀ ਦੇ ਨਾਲ-ਨਾਲ ਚੱਲ ਰਹੇ ਸਨ।ਵੱਖ-ਵੱਖ ਮੁਹੱਲਿਆਂ ਵਿਚ ਸਵਾਗਤੀ ਗੇਟ ਲਗਾਕੇ ਤੇ ਫੁੱਲਾਂ ਦੀ ਵਰਖਾ ਕਰ ਕੇ ਸੰਗਤਾਂ ਦਾ ਸਵਾਗਤ ਕੀਤਾ ਗਿਆ।ਨਗਰ ਕੀਰਤਨ ਦੀ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਵੱਖ-ਵੱਖ ਪੜਾਵਾਂ ਤੋਂ ਹੁੰਦੇ ਹੋਏ ਸ਼ਾਮ ਨੂੰ ਸਮਾਪਤੀ ਹੋਈ। ਨਗਰ ਕੀਰਤਨ ਦੌਰਾਨ ਭਾਈ ਗਗਨਦੀਪ ਸਿੰਘ ਹੈੱਡ ਗ੍ਰੰਥੀ, ਬੀਬੀ ਪੁਸ਼ਵਿੰਦਰ ਕੌਰ ਖਾਲਸਾ ਸੰਸਾਰਪੁਰ ਵਾਲੀਆਂ ਬੀਬੀਆਂ ਦਾ ਢਾਡੀ ਜੱਥਾ, ਪ੍ਰਭਾਤ ਫੇਰੀ ਜੱਥੇ ਨੇ ਸੰਗਤਾਂ ਨੂੰ ਗੁਰਬਾਣੀ ਗੁਰਇਤਿਹਾਸ ਕਥਾ ਕੀਰਤਨ ਰਾਹੀਂ ਨਿਹਾਲ ਕੀਤਾ। ਇਸ ਮੌਕੇ ਮਾਸਟਰ ਬਲਕਾਰ ਸਿੰਘ, ਮਲਕੀਅਤ ਸਿੰਘ, ਗੁਰਮੇਜ ਸਿੰਘ, ਕਰਨਜੀਤ ਸਿੰਘ ਰਿੱਕੀ, ਅਵਤਾਰ ਸਿੰਘ, ਜਥੇਦਾਰ ਬਾਬਾ ਸਤਪਾਲ ਸਿੰਘ, ਗੁਰਿੰਦਰ ਸਿੰਘ, ਸੁਰਜੀਤ ਸਿੰਘ ਜੀਤਾ, ਅਮਰਜੀਤ ਸਿੰਘ, ਨੰਬਰਦਾਰ ਹਰਬੰਸ ਸਿੰਘ, ਲਖਵੀਰ ਸਿੰਘ, ਹਰਮਨਦੀਪ ਸਿੰਘ, ਅਮਰਜੀਤ ਸਿੰਘ ਜੀਤਾ, ਸਰਬਜੀਤ ਕੌਰ, ਮਨਦੀਪ ਕੌਰ ਸਾਬਕਾ ਸਰਪੰਚ, ਰਾਜਵਿੰਦਰ ਕੌਰ, ਦਵਿੰਦਰ ਕੌਰ, ਚਰਨਜੀਤ ਕੌਰ ਆਦਿ ਹਾਜ਼ਰ ਸਨ।

# ਬਸਪਾ ਆਪ ਸਰਕਾਰ ਦੇ ਹਮਲਿਆਂ ’ਚੋਂ ਹੋਰ ਮਜ਼ਬੂਤ ਹੋ ਕੇ ਅੱਗੇ ਵਧੇਗੀ : ਕਰੀਮਪੁਰੀ

**ਹੁਸ਼ਿਆਰਪੁਰ ( ਓਮ ਪ੍ਰਕਾਸ਼ ਰਾਣਾ )** - ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਨੇ ਕਿਹਾ ਕਿ ਆਮ ਆਦਮੀ ਦੀ ਸਰਕਾਰ ਕਹਾਉਣ ਵਾਲੀ ਕੁੱਝ ਕੁ ਮੰਨੂਵਾਦੀ ਮਾਨਸਿਕਤਾ ਵਾਲੇ ਲੋਕਾਂ ਦੀ ਸਰਕਾਰ ਦੇ ਹਰ ਹਮਲੇ ਵਿਚੋਂ ਬਸਪਾ ਹੋਰ ਮਜ਼ਬੂਤ ਹੋ ਕੇ ਨਿਕਲੇਗੀ ਅਤੇ ਅੱਗੇ ਵਧੇਗੀ, ਬਸਪਾ ਦੇ ਅਣਖੀ ਤੇ ਅਨੁਸ਼ਾਸਨਿਕ ਵਰਕਰ ਸਰਕਾਰ ਦੇ ਹਰ ਹਮਲੇ ਦਾ ਮੂੰਹ ਤੋੜ ਜਬਾਬ ਦੇਣਗੇ। ਉਨ੍ਹਾਂ ਕਿਹਾ ਬਹੁਜਨ ਸਮਾਜ ਪਾਰਟੀ ਕੇਵਲ ਰਾਜਨੀਤਕ ਪਾਰਟੀ ਨਹੀਂ ਹੈ ਬਲਕਿ ਗੁਰੂਆਂ, ਰਹਿਬਰਾਂ, ਵਿਦਵਾਨਾਂ ਵਲੋਂ ਆਰੰਭ ਕੀਤਾ ਆਰਥਿਕ, ਸਮਾਜਿਕ ਅਤੇ ਰਾਜਨੀਤਕ ਪਰਿਵਰਤਨ ਦਾ ਵਿਸ਼ਾਲ ਅੰਦੋਲਨ ਹੈ ਜੋ ਸਦੀਆਂ ਤੋਂ ਚੱਲਦਾ ਆਇਆ ਹੈ ਅਤੇ ਹਮੇਸ਼ਾਂ ਅੱਗੇ ਵਧਦਾ ਰਹੇਗਾ। ਇਸ ਕ੍ਰਾਂਤੀਕਾਰੀ ਲਹਿਰ ਨੂੰ ਕੌਮ ਦੇ ਮਹਾਨ ਜਰਨੈਲ, ਵਿਦਵਾਨ ਰਹਿਬਰ ਬਾਬੂ ਮੰਗੂ ਰਾਮ ਮੁਗੋਵਾਲੀਆ, ਮਹਾਤਮਾ ਜੋਤੀ ਰਾਓ ਫੂਲੇ, ਛਤਰਪਤੀ ਸ਼ਾਹੂ ਜੀ ਮਹਾਰਾਜ, ਪੇਰੀਅਰ ਰਾਮਾ ਸੁਆਮੀ ਨਾਇਕਰ ,ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਇਸ ਸੰਘਰਸ਼ ਨੂੰ ਅੱਗੇ ਜਾਰੀ ਰੱਖਿਆ, ਅੱਜ ਇਸ ਅੰਦੋਲਨ ਦੀ ਵਾਂਗਡੋਰ ਭੈਣ ਕੁਮਾਰੀ ਮਾਇਆਵਤੀ ਦੇ ਹੱਥਾਂ ਵਿਚ ਹੈ।ਕਰੀਮਪੁਰੀ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਭਾਰਤ ਦੀ ਸੱਤਾ ’ਤੇ ਬੰਦੇ ਨਹੀਂ ਵਿਚਾਰਧਾਰਾ ਰਾਜ ਕਰਦੀ ਹੈ ਅਤੇ ਵਿਚਾਰਧਾਰਾਵਾਂ ਦੋ ਹੀ ਹਨ। ਇੱਕ ਬਰਾਬਰੀ ਸਥਾਪਿਤ ਕਰਨ ਲਈ ਜੱਦੋ ਜਹਿਦ ਕਰਨ ਵਾਲੀ ਹੈ ਤੇ ਦੂਜੀ ਗੈਰ ਬਰਾਬਰੀ ਨੂੰ ਹੋਰ ਵੀ ਮਜ਼ਬੂਤ ਕਰਨ ਵਾਲੀ ਹੈ। ਇਹ ਪਾਰਟੀਆਂ ਛੱਡ ਦੂਜੀਆਂ ਪਾਰਟੀਆਂ ਵਿੱਚ ਜਾਣ ਦਾ ਵਰਤਾਰਾ ਨਹੀਂ ਹੈ, ਇਸ ਨੂੰ ਵਿਚਾਰਧਾਰਾ ਬਦਲਣ ਦਾ ਵਰਤਾਰਾ ਸਮਝਿਆ ਜਾਵੇ ਜਿਹੜਾ ਹੋਰ ਵੀ ਵੱਧ ਖਤਰਨਾਕ ਹੈ। ਉਨ੍ਹਾਂ ਕਿਹਾ ਲੀਡਰ ਜਾਂ ਡੀਲਰ ਵਿਚੋਂ ਸਿਰਫ ਇੱਕ ਸ਼ਬਦ ਅੱਗੇ ਪਿੱਛੇ ਕਰਨ ਨਾਲ ਪੂਰੀ ਪ੍ਰੀਭਾਸ਼ਾ ਹੀ ਬਦਲ ਜਾਂਦੀ ਹੈ।ਆਪਣੇ ਸਮਾਜ ਆਪਣੀ ਮੂਵਮੈਂਟ ਨਾਲ ਧੋਖਾ ਕਰਨ ਵਾਲਾ ਲੀਡਰ ਨਹੀਂ ਡੀਲਰ ਹੀ ਹੁੰਦਾ ਹੈ। ਇਸ ਤਰ੍ਹਾਂ ਦੇ ਡੀਲਰਾਂ ਦੀ ਰਾਜਨੀਤੀ ਦੀ ਰਣਨੀਤੀ ਪਹਿਲਾਂ ਤੋਂ ਹੀ ਤੈਅ ਹੁੰਦੀ ਹੈ। ਸਮਾਜ ਅਤੇ ਮੂਵਮੈਂਟ ਨੂੰ ਆਪਣੇ ਹਿੱਤ ਲਈ ਵਰਤ ਕੇ ਡੀਲਰ ਉਸ ਮੁਕਾਮ ’ਤੇ ਪਹੁੰਚ ਹੀ ਜਾਂਦਾ ਹੈ ਜਿੱਥੇ ਉਸ ਦੀ ਕੀਮਤ ਪੈਣੀ ਹੁੰਦੀ ਹੈ ਪਰ ਜਿਹੜਾ ਬਹੁਜਨ ਸਮਾਜ ਪਾਰਟੀ ਦਾ ਨਹੀਂ ਉਹ ਬਹੁਜਨ ਸਮਾਜ ਦਾ ਕਦੇ ਵੀ ਨਹੀਂ ਹੋ ਸਕਦਾ।

# ਡੀ ਏ ਵੀ ਸਕੂਲ ਫਿਲੌਰ ਵਿਖ਼ੇ ਨਵੇਂ ਵਰ੍ਹੇ ’ਤੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ



**ਫਿਲੌਰ (ਬੀਐੱਸ ਕੈਨੇਡੀ)** ਸਥਾਨਕ ਡੀਆਰਵੀਡੀਏਵੀ ਸੈਂਟਨਰੀ ਪਬਲਿਕ ਸਕੂਲ ਫਿਲੌਰ ਵਿਖੇ ਪਿਛਲੇ ਸਾਲਾਂ ਦੇ ਰਿਵਾਜ ਨੂੰ ਅੱਗੇ ਤੋਰਦੇ ਹੋਏ ਨਵੇਂ ਸਾਲ ਦੀ ਆਮਦ ’ਤੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ ਅਤੇ ਕੀਰਤਨ ਦਾ ਆਯੋਜਨ ਕੀਤਾ ਗਿਆ।ਪੂਰੇ ਸਕੂਲ ਦੇ ਮੈਂਬਰਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਖੁਸ਼ਹਾਲੀ ਅਤੇ ਸੰਸਥਾ ਦੀ ਤਰੱਕੀ ਲਈ ਵਾਹਿਗੁਰੂ ਦਾ ਅਸ਼ੀਰਵਾਦ ਲਿਆ ਗਿਆ ।ਇਸ ਤੋਂ ਇਲਾਵਾ ਸਮੂਹ ਮਨੁੱਖਤਾ ਦੀ ਸ਼ਾਂਤੀ ਅਤੇ ਭਲਾਈ ਲਈ ਅਰਦਾਸ ਵੀ ਕੀਤੀ ਗਈ।ਸਕੂਲ ਦੇ ਪ੍ਰਿੰਸੀਪਲ ਡਾ. ਯੋਗੇਸ਼ ਗੰਭੀਰ ਨੇ ਆਪਣੇ ਸੰਬੋਧਨ ’ਚ ਨਵੇਂ ਵਰ੍ਹੇ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਵਾਹਿਗੁਰੂ ਦੀ ਕ੍ਰਿਪਾ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਸਾਲ ਦੀ ਸ਼ੁਰੂਆਤ ਅਧਿਆਤਮਿਕ ਤਾਕਤ ਅਤੇ ਸਕਾਰਾਤਮਕਤਾ ਨਾਲ ਕਰਨ ਦੇ ਮਹੱਤਵ ਨੂੰ ਜ਼ੋਰ ਦਿੱਤਾ।ਉਨ੍ਹਾਂ ਨੇ ਸਭ ਨੂੰ ਦਇਆ, ਮਿਹਨਤ ਵਰਗੇ ਨੈਤਿਕ ਮੁੱਲਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਅਪਨਾਉਣ ਲਈ ਪ੍ਰੇਰਿਤ ਕੀਤਾ।

5-Jan-PAGE-7.qxd 1/4/2025 11:06 PM Page 1



# 18 ਨੂੰ ਈਸੜੂ ਭਵਨ ਲੁਧਿਆਣਾ ਵਿਖੇ ਕੀਤਾ ਜਾਵੇਗਾ ਅਗਲੇ ਸੰਘਰਸ਼ ਦਾ ਐਲਾਨ



ਜਲੰਧਰ (ਰਾਜੇਸ਼ ਥਾਪਾ)

ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ ਸਾਂਝੇ ਫਰੰਟ ਦੇ 17 ਦਸੰਬਰ ਦੇ ਹੋਏ ਫੈਸਲੇ ਅਨੁਸਾਰ ਸਾਂਝੇ ਫਰੰਟ ਦੇ ਕਨਵੀਨਰ ਸਤੀਸ਼ ਰਾਣਾ, ਜਰਮਨਜੀਤ ਸਿੰਘ, ਕਰਮ ਸਿੰਘ ਧਨੋਆ, ਸੁਖਦੇਵ ਸਿੰਘ ਸੈਣੀ,ਗਗਨਦੀਪ ਸਿੰਘ ਭੁੱਲਰ, ਬਾਜ ਸਿੰਘ ਖਹਿਰਾ ,ਗੁਰਵਿੰਦਰ ਸਿੰਘ ਗੰਡੀਵਿੰਡ, ਰਤਨ ਸਿੰਘ ਮਜਾਰੀ, ਸੁਰਿੰਦਰ ਪਾਲ ਸਿੰਘ ਮੋਲੋਵਾਲੀ,ਰਣਜੀਤ ਸਿੰਘ ਰਾਂਣਵਾ, ਭਜਨ ਸਿੰਘ ਗਿੱਲ, ਐਨ ਕੇ ਕਲਸੀ, ਕੋ ਕਨਵੀਨਰ ਜਗਦੀਸ਼ ਚਾਹਲ,ਜਸਵੀਰ ਤਲਵਾੜਾ, ਰਾਧੇ ਸਿਆਮ, ਬੋਬਿੰਦਰ ਸਿੰਘ,ਕਰਮਜੀਤ ਬਿਹਲਾ, ਦਿਗਵਿਜੇਪਾਲ ਸ਼ਰਮਾ ਦੀ ਅਗਵਾਈ ਵਿੱਚ ਰਾਜਪਾਲ ਪੰਜਾਬ ਨੂੰ ਮੁਲਾਜ਼ਮ /ਪੈਨਸ਼ਨਰਜ ਮੰਗ ਪੱਤਰ ,ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਦਰਜ ਮੁਲਾਜ਼ਮਾਂ 'ਤੇ ਝੂਠੇ ਕੇਸ ਅਤੇ ਚੰਡੀਗੜ੍ਹ ਵਿੱਚ 18 ਕਨਵੀਨਰਜ ਤੇ ਦਰਜ ਹੋਏ ਪੁਲਸ ਕੇਸਾਂ ਸੰਬੰਧੀ ਪੱਤਰ ਦੇਣ ਲਈ ਸੁਖਨਾ ਲੇਕ ਚੰਡੀਗੜ੍ਹ ਵਿਚ ਸੈਂਕੜੇ ਮੁਲਾਜ਼ਮ ਪੈਨਸ਼ਨਰਜ ਇਕੱਠੇ ਹੋਏ।ਐਸ.ਐਸ.ਪੀ ਚੰਡੀਗੜ੍ਹ ਵੱਲੋਂ ਮੌਕੇ 'ਤੇ ਹੀ ਕਨਵੀਨਰਜ ਨਾਲ ਗੱਲ-ਬਾਤ ਕੀਤੀ ਗਈ ਅਤੇ ਭਰੋਸਾ ਦਿਵਾਇਆ ਗਿਆ ਕਿ ਜਲਦ ਹੀ ਸਮਾਂ ਲੈ ਕੇ ਮਾਣਯੋਗ ਰਾਜਪਾਲ ਪੰਜਾਬ ਨਾਲ ਉਨ੍ਹਾਂ ਦੇ ਵਫ਼ਦ ਦੀ ਮੀਟਿੰਗ ਕਰਵਾਈ ਜਾਵੇਗੀ ਅਤੇ ਦਰਜ ਪੁਲਸ ਕੇਸਾਂ ਦੇ ਨਿਪਟਾਰੇ ਦਾ ਵੀ ਭਰੋਸਾ ਦਿੱਤਾ ਗਿਆ।ਆਗੂਆਂ ਨੇ ਕਿਹਾ ਕਿ 18 ਜਨਵਰੀ ਨੂੰ ਈਸੜੂ ਭਵਨ ਲੁਧਿਆਣੇ ਵਿਖੇ ਸਾਂਝਾ ਫਰੰਟ ਦੀ 11:00 ਵਜੇ ਮੀਟਿੰਗ ਕਰਕੇ ਅਗਲੇ ਸੰਘਰਸ਼ੀ ਪ੍ਰੋਗਰਾਮਾਂ ਦਾ ਐਲਾਨ ਕੀਤਾ ਜਾਵੇਗਾ।ਇਸ ਮੌਕੇ ਸੁਰਿੰਦਰ ਪੁਆਰੀ,ਐੱਨ ਡੀ ਤਿਵਾੜੀ,ਸੁਰਿੰਦਰ ਪਾਲ ਲਹੌਰੀਆ, ਕਰਤਾਰ ਪਾਲ ਸਿੰਘ , ਗੁਰਪਿਆਰ ਕੋਟਲੀ, ਗੁਰਵਿੰਦਰ ਸਿੰਘ , ਮੰਗਤ ਰਾਮ ਸਮੇਤ ਵੱਡੀ ਗਿਣਤੀ ਵਿੱਚ ਆਗੂ ਸ਼ਾਮਲ ਸਨ।

# ਸਿਵਲ ਸਰਜਨ ਵੱਲੋਂ ਸਿਵਲ-ਮਿਲਟਰੀ ਮੈਡੀਕਲ ਕੈਂਪ ਦੀ ਤਿਆਰੀਆਂ ਦੀ ਸਮੀਖਿਆ

ਫਗਵਾੜਾ (ਡਾ. ਰਮਨ)- ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਿਹਤ ਵਿਭਾਗ ਕਪੂਰਥਲਾ ਅਤੇ 58 ਆਰਮਜਡ ਬੀਡੀਈ ਦੇ ਸਹਿਯੋਗ ਨਾਲ ਸਾਂਝੇ ਤੌਰ 'ਤੇ ਸਿਵਲ ਮਿਲਟਰੀ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਡਿਪਟੀ ਕਮਿਸ਼ਨਰ ਕਪੂਰਥਲਾ ਅਮਿਤ ਪਾਂਚਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਲੱਗਣ ਵਾਲੇ ਇਸ ਕੈਂਪ ਦਾ ਆਯੋਜਨ 8 ਜਨਵਰੀ ਨੂੰ ਸਬ ਡਵੀਜ਼ਨਲ ਹਸਪਤਾਲ ਸੁਲਤਾਨਪੁਰ ਲੋਧੀ ਵਿਖੇ ਕੀਤਾ ਜਾਏਗਾ। ਇਸ ਸੰਬਧ 'ਚ ਇਕ ਮੀਟਿੰਗ ਦਾ ਆਯੋਜਨ ਸਿਵਲ ਸਰਜਨ ਕਪੂਰਥਲਾ ਡਾਕਟਰ ਰਿਚਾ ਭਾਟੀਆ ਦੀ ਰਹਿਨੁਮਾਈ ਹੇਠ ਕੀਤਾ ਗਿਆ। ਇਸ ਦੌਰਾਨ ਮੇਜਰ ਜੀ ਐੱਸ ਗਿੱਲ ਤੇ ਸੀਨੀਅਰ ਮੈਡੀਕਲ ਅਫ਼ਸਰ ਮਿਲਟਰੀ ਕੈਂਪ ਮੇਜਰ ਦਿਲੀਪ, ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾਕਟਰ ਅਸ਼ੋਕ ਕੁਮਾਰ,ਐਸ ਐਮ ਓ ਡਾ. ਡੀ.ਪੀ ਸਿੰਘ ਵੀ ਹਾਜ਼ਰ ਸਨ। ਇਸ ਦੌਰਾਨ ਸੁਲਤਾਨਪੁਰ ਲੋਧੀ ਵਿਖੇ ਲੱਗਣ ਵਾਲੇ ਇਸ ਕੈਂਪ ਬਾਰੇ ਵਿਚਾਰ ਚਰਚਾ ਕੀਤੀ ਗਈ। ਸਿਵਲ ਸਰਜਨ ਕਪੂਰਥਲਾ ਡਾਕਟਰ ਰਿਚਾ ਭਾਟੀਆ ਨੇ ਦਸਿਆ ਕਿ ਇਸ ਦੌਰਾਨ ਵੱਖ ਵੱਖ ਬਿਮਾਰੀਆਂ ਦੇ ਮਾਹਰ ਡਾਕਟਰ ਮਰੀਜ਼ਾਂ ਦੀ ਜਾਂਚ ਕਰਨਗੇ। ਇਹੀ ਨਹੀਂ ਮਿਲਟਰੀ ਵੱਲੋਂ ਸਾਬਕਾ ਫੌਜੀਆਂ ਲਈ ਵੀ ਮੁਫ਼ਤ ਸਿਹਤ ਸਹੂਲਤਾਂ ਉਪਲਬਧ ਰਹਿਣਗੀਆਂ ਅਤੇ ਆਰਮੀ ਵਿੰਗ ਵੱਲੋਂ ਫੌਜੀਆਂ ਦੀ ਸਹੂਲਤ ਲਈ ਵਿਸ਼ੇਸ਼ ਸਟਾਲ ਲਗਾਏ ਜਾਣਗੇ।ਸਿਹਤ ਵਿਭਾਗ ਵੱਲੋਂ ਮੁਫ਼ਤ ਸਿਹਤ ਸਹੂਲਤਾਂ ਨਾਲ ਸਬੰਧਤ ਪ੍ਰਦਰਸ਼ਨੀ ਦਾ ਆਯੋਜਨ ਵੀ ਇਸ ਮੌਕੇ ਕੀਤਾ ਜਾਏਗਾ।ਇਸ ਸੰਬਧੀ ਕੈਂਪ ਸਥਲ ਦਾ ਦੌਰਾ ਵੀ ਕੀਤਾ ਗਿਆ ਤੇ ਤਿਆਰੀਆਂ ਸਬੰਧੀ ਚਰਚਾ ਕੀਤੀ ਗਈ। ਇਸ ਮੌਕੇ 'ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਡੀ.ਪੀ ਸਿੰਘ, ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਭਾਗ ਸਿੰਘ,ਸੁਪਰਡੈਂਟ ਰਾਮ ਅਵਤਾਰ, ਡੀ ਪੀ ਐਮ ਵਿਨੇ ਮੱਲਨ੍ਹ,ਐਮ ਐਂਡ ਈ ਓ ਰਾਮ ਸਿੰਘ,ਡਿਪਟੀ ਮਾਸ ਮੀਡੀਆ ਅਫ਼ਸਰ ਸ਼ਰਨਦੀਪ ਸਿੰਘ,ਸੁਖਦਿਆਲ ਸਿੰਘ, ਫਾਰਮੇਸੀ ਅਫ਼ਸਰ ਅਮਰਿੰਦਰ ਸਿੰਘ,ਬੀ ਸੀ ਸੀ ਜੋਤੀ ਅਨੰਦ,ਬੀਈਈ ਰਵਿੰਦਰ ਜੱਸਲ ਆਦਿ ਹਾਜਰ ਸਨ।

# ਡੀ ਟੀ ਐੱਫ਼ ਵੱਲੋਂ ਕੰਪਿਊਟਰ ਅਧਿਆਪਕਾਂ ਦੀ ਅੱਜ ਹੋਣ ਵਾਲੀ ਰੈਲੀ 'ਚ ਸ਼ਾਮਲ ਹੋਣ ਦਾ ਐਲਾਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਕੰਪਿਊਟਰ ਅਧਿਆਪਕਾਂ ਵੱਲੋਂ ਆਪਣੇ ਜਾਇਜ ਹੱਕਾਂ ਦੀ ਬਹਾਲੀ ਦੇ ਲਈ ਵਿੱਢੇ ਗਏ ਸੂਬਾ ਪੱਧਰੀ ਸੰਘਰਸ਼ ਨੂੰ ਸਮਰਥਨ ਦਿੰਦਿਆਂ ਹੋਈਆਂ ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ (ਡੀ.ਟੀ.ਐੱਫ਼.) ਵਲੋਂ ਇੱਕ ਮੀਟਿੰਗ ਸਥਾਨਕ ਸ਼ਹੀਦ ਊਧਮ ਸਿੰਘ ਪਾਰਕ ਹੁਸ਼ਿਆਰਪੁਰ ਵਿਖੇ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਜ਼ਿਲ੍ਹਾ ਜਨਰਲ ਸਕੱਤਰ ਇੰਦਰ ਸੁਖਦੀਪ ਸਿੰਘ ਓਢਰਾ, ਵਿੱਤ ਸਕੱਤਰ ਮਨਜੀਤ ਸਿੰਘ ਦਸੂਹਾ, ਜੁਆਇੰਟ ਸਕੱਤਰ ਪ੍ਰਵੀਨ ਸ਼ੇਰਪੁਰ, ਪ੍ਰੈੱਸ ਸਕੱਤਰ ਬਲਜੀਤ ਸਿੰਘ ਮਹਿਮੋਵਾਲ, ਮੀਤ ਪ੍ਰਧਾਨ ਰਜਿੰਦਰ ਹੇਜਮਾਂ, ਹਰਿੰਦਰ ਸੁਮਨ, ਬਲਬੀਰ ਸਿੰਘ ਧਾਮੀ ਅਤੇ ਕੰਪਿਊਟਰ ਅਧਿਆਪਕ ਭੁੱਖ ਹੜਤਾਲ ਸੰਘਰਸ਼ ਕਮੇਟੀ ਦੇ ਆਗੂਆਂ ਊਧਮ ਸਿੰਘ ਡੋਗਰਾ, ਰਣਜੀਤ ਸਿੰਘ, ਪਲਵਿੰਦਰ ਸਿੰਘ, ਕਮਲ ਮਾਹੀ, ਕਰਨੈਲ ਸਿੰਘ ਅਤੇ ਰਘੁਬੀਰ ਸਿੰਘ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਆਗੂਆਂ ਨੇ ਦੱਸਿਆ ਕਿ ਕੰਪਿਊਟਰ ਅਧਿਆਪਕ 1 ਸਤੰਬਰ ਤੋਂ ਸੰਗਰੂਰ ਵਿਖੇ ਭੁੱਖ ਹੜਤਾਲ 'ਤੇ ਬੈਠੇ ਹਨ ਅਤੇ 22 ਦਸੰਬਰ ਤੋਂ ਇੱਕ ਕੰਪਿਊਟਰ ਅਧਿਆਪਕ ਜੌਨੀ ਸਿੰਗਲਾ ਵੱਲੋਂ ਮਰਨ ਵਰਤ ਸ਼ੁਰੂ ਕਰ ਦਿੱਤਾ ਗਿਆ ਹੈ ਜੋ ਅੱਜ ਵੀ ਜਾਰੀ ਹੈ। ਉਨ੍ਹਾਂ ਦੱਸਿਆ ਕਿ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹੁਣ ਲਾਰੇ ਲੱਪੇ ਦੇ ਨਾਲ ਤਾਨਾਸ਼ਾਹੀ ਵਾਲੀ ਨੀਤੀ ਅਪਣਾ ਰਹੀ ਹੈ। ਦਰਜਨਾਂ ਵਾਰ ਮੀਟਿੰਗ ਦਾ ਟਾਈਮ ਦੇਣ ਦੇ ਬਾਵਜੂਦ ਇੱਕ ਵਾਰ ਵੀ ਮੀਟਿੰਗ ਨਹੀਂ ਕੀਤੀ ਗਈ।ਕੰਪਿਊਟਰ ਅਧਿਆਪਕ ਨੇ ਕਿਹਾ ਕਿ ਹੁਣ ਨਵੇਂ ਸੀ.ਐੱਸ.ਆਰ. ਨਿਯਮ ਉਨ੍ਹਾਂ 'ਤੇ ਲਾਗੂ ਕੀਤੇ ਜਾ ਰਹੇ ਹਨ, ਜੋ ਕਿ ਉਨ੍ਹਾਂ ਦੇ ਰੈਗੂਲਰ ਆਰਡਰਾਂ ਦੇ ਬਿਲਕੁਲ ਉਲਟ ਹਨ ਅਤੇ ਉਨ੍ਹਾਂ ਦੇ ਲਈ ਮੌਤ ਦੇ ਫ਼ਰਮਾਨ ਦੇ ਬਰਾਬਰ ਹਨ। ਇਸ ਮੌਕੇ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ਼.) ਦੇ ਆਗੂਆਂ ਨੇ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਪਹਿਲੇ ਦਿਨ ਤੋਂ ਹੀ ਕੰਪਿਊਟਰ ਅਧਿਆਪਕਾਂ ਦੇ ਸੰਘਰਸ਼ ਵਿੱਚ ਸਾਥ ਦੇ ਰਹੀ ਹੈ ਅਤੇ ਹੁਣ ਉਹ 5 ਜਨਵਰੀ ਨੂੰ ਕੰਪਿਊਟਰ ਅਧਿਆਪਕਾਂ ਦੇ ਸੰਘਰਸ਼ ਦੀ ਹਮਾਇਤ ਵਿੱਚ ਸਿੱਖਿਆ ਮੰਤਰੀ ਦੇ ਹਲਕੇ ਵਿੱਚ ਕੀਤੀ ਜਾਣ ਵਾਲੀ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਕਰਨਗੇ। ਇਸ ਮੌਕੇ ਡੀ.ਟੀ.ਐੱਫ਼. ਵਲੋਂ ਫ਼ਲਸਤੀਨ ਦੇ ਲੋਕਾਂ ਨੂੰ ਸਮਰਪਿਤ ਜਥੇਬੰਦੀ ਦਾ ਸਾਲਾਨਾ ਕੈਲੰਡਰ ਵੀ ਜਾਰੀ ਕੀਤਾ।ਇਸ ਮੌਕੇ ਵਰਿੰਦਰ ਸੈਣੀ, ਨੰਦ ਰਾਮ, ਸੰਜੀਵ ਕਲਸੀ, ਬਲਜਿੰਦਰ ਸਹੋਤਾ, ਅਸ਼ਨੀ ਕੁਮਾਰ, ਕਰਨੈਲ ਸਿੰਘ, ਜਸਵਿੰਦਰ ਝਿੰਗੜ, ਰਮੇਸ਼ ਬੱਗਾ, ਵਿਸ਼ਾਲ ਕੁਮਾਰ, ਗੁਰਦੀਪ ਚੰਦ, ਬਿਪਟਨ ਕੁਮਾਰ, ਨਰਿੰਦਰ ਸਿੰਘ, ਸੁਮਿਤ ਦੱਤਾ, ਰਮਨ ਦੀਪ ਆਦਿ ਅਧਿਆਪਕ ਆਗੂ ਵੀ ਹਾਜ਼ਰ ਸਨ।

# ਹਥਿਆਰ ਦਿਖਾ ਕੇ ਲੁੱਟਾਂ-ਖੋਹਾਂ ਕਰਨ ਵਾਲੇ 3 ਮੁਲਜ਼ਮ ਗ੍ਰਿਫ਼ਤਾਰ

ਫਗਵਾੜਾ (ਡਾ. ਰਮਨ)- ਸਥਾਨਕ ਪੁਲਸ ਟੀਮ ਵੱਲੋਂ ਲੁੱਟਾਂ-ਖੋਹਾਂ ਕਰਨ ਵਾਲੇ3 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਐਸ ਪੀ ਰੁਪਿੰਦਰ ਕੌਰ ਭੱਟੀ ਨੇ ਦੱਸਿਆ ਕਿ ਮਿਤੀ 22.12.2024 ਨੂੰ ਹਰਜੀਤ ਕੌਰ ਪਤਨੀ ਹਰਿੰਦਰ ਸਿੰਘ ਵਾਸੀ ਮਕਾਨ ਨੰਬਰ 214 ਬਲਾਕ ਏ ਰਾਜਾ ਗਾਰਡਨ ਕਲੋਨੀ ਥਾਣਾ ਸਤਨਾਮਪੁਰਾ ਫਗਵਾੜਾ ਜ਼ਿਲ੍ਹਾ ਕਪੂਰਥਲਾ ਜੋ ਆਪਣੀ ਗੁਆਂਢਣ ਸਰੋਜ ਸੰਗੜ ਪਤਨੀ ਸੁਖਦੇਵ ਦੱਤ ਦੇ ਘਰ ਦੇ ਬਾਹਰ ਧੁੱਪ ਸੇਕਣ ਬੈਠੀਆਂ ਸੀ ਤਾਂ ਉਸ ਦੇ ਘਰ ਤੋਂ ਬਾਹਰ ਦੋ ਮੋਟਰਸਾਈਕਲ ਸਵਾਰ ਲੜਕਿਆਂ ਨੇ ਦਾਤ ਦਿਖਾ ਕੇ ਸੋਨੇ ਦੀ ਚੈਨ ਨੂੰ ਝਪਟ ਮਾਰ ਲਈ ਤੇ ਫਰਾਰ ਹੋ ਗਏ। ਜਿਸ 'ਤੇ ਨਾਮਲੂਮ ਵਿਅਕਤੀਆਂ ਦੇ ਖਿਲਾਫ ਮੁਕੱਦਮਾ ਨੰਬਰ 163 ਮਿਤੀ 22.12.2024 ਅ/ਧ 304 (2) ਬੀ ਐਨ ਐਸ ਵਾਧਾ ਜੁਰਮ 309(4)317(2) ਬੀ ਐਨ ਐਸ 25-54-59 ਆਰਮਜ਼ ਐਕਟ ਥਾਣਾ ਸਤਨਾਮਪੁਰਾ ਜ਼ਿਲ੍ਹਾ ਕਪੂਰਥਲਾ ਰਜਿਸਟਰ ਕੀਤਾ ਗਿਆ। ਪੁਲਸ ਨੇ ਦੋਸ਼ੀ ਮਧੁਰ ਮੱਗੂ ਉਰਫ ਨੰਨੂ, ਗੁਰਪ੍ਰੀਤ ਸਿੰਘ ਉਰਫ ਗੋਰਵ ਵਾਸੀ ਬਲਾਚੌਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਉਨਾਂ ਦੇ ਇਕ ਹੋਰ ਸਾਥੀ ਅਫਤਾਬ ਉਰਫ ਸੌਰਵ ਵਾਸੀ ਫਗਵਾੜਾਜ਼ਿਲ੍ਹਾ ਕਪੂਰਥਲਾ ਸਮੇਤ ਕਾਬੂ ਕੀਤਾ ਅਤੇ ਵਾਰਦਾਤ ਵਿੱਚ ਵਰਤੇ ਗਏ ਮੋਟਰਸਾਇਕਲ,ਦਾਤਰ ਅਤੇ ਇੱਕ ਹੋਰ ਖੰਡਾ ਬਰਾਮਦ ਕੀਤਾ। ਉਨ੍ਹਾਂ ਨੂੰ ਪੇਸ਼ ਅਦਾਲਤ ਕਰਕੇ ਦਾ 3 ਦਿਨ ਦਾ ਪੁਲਸ ਰਿਮਾਂਡ ਹਾਸਿਲ ਕੀਤਾ ਅਤੇ ਵਾਰਦਾਤ ਸਮੇਂ ਪਹਿਨੀਆਂ ਹੋਈਆਂ02 ਜੈਕਟਾਂ ਅਤੇ ਇੱਕ 32 ਬੋਰ ਪਿਸਟਲ ਜੋ ਉਹਨਾਂ ਨੇ ਮਨਸਾ ਦੇਵੀ ਮੰਦਰ ਦੇ ਪਿੱਛੇ ਝਾੜੀਆਂ ਵਿੱਚ ਲੁਕਾ ਕੇ ਰੱਖੇ ਸਨ, ਸਮੇਤ ਇੱਕ ਹੋਰ ਖਿਡਾਉਣਾ ਪਿਸਟਲ ਬਰਾਮਦ ਕਰਵਾਏ ਅਤੇ ਚੋਰੀ ਕੀਤੀ ਗਈ ਚੈਨ ਅਤੇ ਖਿਡਾਉਣਾ ਪਿਸਟਲ ਅਫਤਾਬ ਉਰਫ ਸੌਰਵ ਦੇ ਘਰੋਂ ਪੇਟੀ ਵਿੱਚ ਬਰਾਮਦ ਕਰਵਾਇਆ ਗਿਆ।

# ਡਾ. ਸੰਗੀਤਾ ਜੈਨ ਨੇ ਮੋਹਾਲੀ ਦੇ ਨਵੇਂ ਸਿਵਲ ਸਰਜਨ ਵਜੋਂ ਅਹੁਦਾ ਸੰਭਾਲਿਆ



ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿਲਾ) ਡਾ. ਸੰਗੀਤਾ ਜੈਨ ਨੇ ਜ਼ਿਲ੍ਹਾ ਐਸਏਐਸ ਨਗਰ ਦੇ ਨਵੇਂ ਸਿਵਲ ਸਰਜਨ ਵਜੋਂ ਕਾਰਜਭਾਰ ਸੰਭਾਲ ਲਿਆ।ਸਿਵਲ ਸਰਜਨ ਦਫ਼ਤਰ ਦੇ ਸਮੁੱਚੇ ਸਟਾਫ਼ ਨੇ ਨਵੇਂ ਸਿਵਲ ਸਰਜਨ ਦਾ ਨਿੱਘਾ ਸਵਾਗਤ ਕੀਤਾ।ਇਸ ਮੌਕੇ ਗੱਲਬਾਤ ਕਰਦਿਆਂ ਡਾ. ਸੰਗੀਤਾ ਜੈਨ ਨੇ ਆਖਿਆ ਕਿ ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ ਬਿਹਤਰ ਤੇ ਮਿਆਰੀ ਸਿਹਤ ਸੇਵਾਵਾਂ ਦੇਣਾ ਉਨ੍ਹਾਂ ਦਾ ਮੁੱਖ ਟੀਚਾ ਹੈ। ਉਨ੍ਹਾਂ ਕਿਹਾ ਕਿ ਉਹ ਪੁਰਜ਼ੋਰ ਕੋਸ਼ਿਸ਼ ਕਰਨਗੇ ਕਿ ਸਰਕਾਰੀ ਸਿਹਤ ਸੰਸਥਾਵਾਂ ਦੀ ਕਾਰਜਪ੍ਰਣਾਲੀ ਨੂੰ ਹੋਰ ਅਸਰਦਾਰ ਤੇ ਬਿਹਤਰ ਬਣਾਇਆ ਜਾਵੇ।ਡਾ. ਜੈਨ ਸਿਹਤ ਵਿਭਾਗ ਵਿਚ ਸਾਲ 1993 ਵਿਚ ਬਤੌਰ ਮੈਡੀਕਲ ਅਫ਼ਸਰ ਭਰਤੀ ਹੋਏ ਸਨ। ਉਨ੍ਹਾਂ ਦੀ ਪਹਿਲੀ ਨਿਯੁਕਤੀ ਜ਼ਿਲ੍ਹਾ ਮੋਹਾਲੀ 'ਚ ਢਕੋਲੀ ਦੇ ਸਰਕਾਰੀ ਹਸਪਤਾਲ ਵਿਖੇ ਹੋਈ ਸੀ। ਸਾਲ 2016 ਵਿਚ ਉਨ੍ਹਾਂ ਦੀ ਸੀਨੀਅਰ ਮੈਡੀਕਲ ਅਫ਼ਸਰ ਵਜੋਂ ਤਰੱਕੀ ਹੋਈ ਸੀ। ਉਨ੍ਹਾਂ ਨੇ ਕਾਫ਼ੀ ਸਮਾਂ ਡੇਰਾਬੱਸੀ ਦੇ ਸਰਕਾਰੀ ਹਸਤਾਲ ਵਿਚ ਐਸ.ਐਮ.ਓ. ਵਜੋਂ ਸੇਵਾਵਾਂ ਦਿਤੀਆਂ। ਹਾਲ ਹੀ ਵਿਚ ਉਨ੍ਹਾਂ ਨੂੰ ਡਿਪਟੀ ਡਾਇਰੈਕਟਰ ਵਜੋਂ ਤਰੱਕੀ ਮਿਲੀ ਹੈ।ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਰੇਨੂੰ ਸਿੰਘ, ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਤਮੰਨਾ, ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਗਿਰੀਸ਼ ਡੋਗਰਾ, ਜ਼ਿਲ੍ਹਾ ਡੈਂਟਲ ਸਿਹਤ ਅਫ਼ਸਰ ਡਾ. ਪਰਨੀਤ ਗਰੇਵਾਲ, ਜ਼ਿਲ੍ਹਾ ਹਸਪਤਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਐਚ.ਐਚ.ਚੀਮਾ, ਡਾ. ਵਿਜੇ ਭਗਤ, ਸਿਵਲ ਸਰਜਨ ਦੇ ਨਿੱਜੀ ਸਹਾਇਕ ਦਵਿੰਦਰ ਸਿੰਘ ਤੇ ਹੋਰ ਅਧਿਕਾਰੀ ਤੇ ਸਟਾਫ਼ ਹਾਜ਼ਰ ਸੀ।

# ਟਰੱਕ ਯੂਨੀਅਨ ਦੀ ਭਲਾਈ ਲਈ ਹਰ ਤਰ੍ਹਾਂ ਦਾ ਸਹਿਯੋਗ ਕਰਾਂਗਾ : ਰੰਧਾਵਾ



ਡੇਰਾਬੱਸੀ, (ਵਿਨੈ ਕੁਮਾਰ ਜੈਨ)

ਬੱਸੀ ਮੁਬਾਰਕਪੁਰ ਟਰੱਕ ਉਪਰੇਟਰ ਯੂਨੀਅਨ ਡੇਰਾਬੱਸੀ ਵਿਖੇ ਸਮੂਹ ਅਪਰੇਟਰਾਂ ਵੱਲੋਂ ਹਰੇਕ ਸਾਲ ਦੀ ਤਰ੍ਹਾਂ ਪ੍ਰਮਾਤਮਾ ਦੇ ਸ਼ੁਕਰਾਨੇ ਅਤੇ ਸਰਬੱਤ ਦੇ ਭਲੇ ਲਈ ਨਵੇਂ ਸਾਲ ਦੀ ਆਮਦ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ।ਟਰੱਕ ਯੂਨੀਅਨ ਪ੍ਰਧਾਨ ਸੁਖਦੀਪ ਸਿੰਘ ਫੌਜੀ ਨੇ ਦੱਸਿਆ ਕਿ ਸ੍ਰੀ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਰਾਗੀ ਸਿੰਘਾਂ ਪਵਿੱਤਰ ਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਨਤਮਸਤਕ ਹੋ ਕੇ ਆਪਣੀ ਹਾਜ਼ਰੀ ਲਗਵਾਈ ।ਸਮਾਗਮ ਉਪਰੰਤ ਉਨ੍ਹਾਂ ਆਪਣੇ ਭਾਸ਼ਣ ਵਿੱਚ ਕਿਹਾ ਕਿ ਉਹ ਖੁਦ ਲੰਬਾ ਸਮਾਂ ਇਸ ਯੂਨੀਅਨ ਦੇ ਪ੍ਰਧਾਨ ਰਹਿ ਚੁੱਕੇ ਹਨ ਇਸ ਲਈ ਉਹ ਆਪਰੇਟਰਾਂ ਤੇ ਡਰਾਈਵਰਾਂ ਦੀਆਂ ਮੁਸ਼ਕਿਲਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਇਸ ਲਈ ਉਹ ਟਰੱਕ ਯੂਨੀਅਨ ਦੀ ਭਲਾਈ ਲਈ ਹਰ ਤਰ੍ਹਾਂ ਦਾ ਸਹਿਯੋਗ ਕਰਨਗੇ ਅਤੇ ਕਦੇ ਵੀ ਕਿਸੇ ਟਰੱਕ ਉਪਰੇਟਰ ਨੂੰ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਸਾਬਕਾ ਪ੍ਰਧਾਨ ਰਾਹੁਲ ਕੋਸ਼ਿਕ, ਚੇਅਰਮੈਨ ਕਮਲਜੀਤ ਸਿੰਘ, ਸੁਰਿੰਦਰ ਗਰੇਵਾਲ ਉਪ ਪ੍ਰਧਾਨ, ਗੁਰਪ੍ਰੀਤ ਸਿੰਘ ਕੈਸ਼ੀਅਰ,ਹਰਪ੍ਰੀਤਸਿੰਘ ਜਨਰਲ ਸਕੱਤਰ, ਤਰਨ ਪੋਪਲੀ ਅੱਡਾ ਇੰਚਾਰਜ ,ਗੁਰਚਰਨ ਸਿੰਘ, ਆੜਤੀ ਐਸੋਸੀਏਸ਼ਨ ਦੇ ਪ੍ਰਧਾਨ ਕੰਵਲ ਨੈਨ, ਚੰਡੀਗੜ੍ਹ ਟਰਾਂਸਪੋਰਟ ਐਸੋਸੀਏਸ਼ਨ ਦੇ ਪ੍ਰਧਾਨ ਜਸਬੀਰ ਸਿੰਘ ਗਿੱਲ ਤੇ ਆਮ ਆਦਮੀ ਪਾਰਟੀ ਦੀ ਟੀਮ ਮੌਜੂਦ ਰਹੀ।

# ਪੰਜਾਬ ਸਰਕਾਰ ਨੇ ਲੋਹੜੀ ਬੰਪਰ ਦੀ ਇਨਾਮੀ ਰਾਸ਼ੀ ਵਧਾ ਕੇ ਕੀਤੀ 10 ਕਰੋੜ ਰੁਪਏ : ਚੀਮਾ

ਚੰਡੀਗੜ੍ਹ, ( ਗੁਰਜੀਤ ਬਿੱਲਾ)

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਪੰਜਾਬ ਰਾਜ ਲੋਹੜੀ ਮੱਕਰ ਸੰਕ੍ਰਾਂਤੀ ਬੰਪਰ ਲਾਟਰੀ 2025 ਲਈ ਇਨਾਮੀ ਰਾਸ਼ੀ ਵਿੱਚ ਮਹੱਤਵਪੂਰਨ ਵਾਧੇ ਦਾ ਐਲਾਨ ਕੀਤਾ, ਜੋ ਕਿ ਹੁਣ ਕੁੱਲ 10 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਰਣਨੀਤਕ ਕਦਮ ਦੂਜੇ ਰਾਜਾਂ ਦੀਆਂ ਲਾਟਰੀਆਂ ਨੂੰ ਸਖ਼ਤ ਮੁਕਾਬਲਾ ਦੇਣ ਦੇ ਨਾਲ-ਨਾਲ ਸੂਬੇ ਦੇ ਵਿਕਾਸ ਵਿੱਚ ਯੋਗਦਾਨ ਪਾਉਂਦੇ ਹੋਏ ਵੱਡੇ ਇਨਾਮ ਜਿੱਤਣ ਦਾ ਰੋਮਾਂਚਕ ਮੌਕਾ ਪ੍ਰਦਾਨ ਕਰਨ ਲਈ ਪੁੱਟਿਆ ਗਿਆ ਹੈ।ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਇਹ ਪ੍ਰਗਟਾਵਾ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪਹਿਲਕਦਮੀ ਰਾਜ ਦੇ ਮਾਲੀਏ ਨੂੰ ਹੁਲਾਰਾ ਦੇਣ ਅਤੇ ਪੰਜਾਬ ਦੀ ਲਾਟਰੀ ਮਾਰਕੀਟ ਨੂੰ ਹੋਰਨਾਂ ਦੇ ਮੁਕਾਬਲੇ ਵਧੇਰੇ ਆਕਰਸ਼ਕ ਬਣਾਉਣ ਲਈ ਇੱਕ ਵਿਆਪਕ ਦ੍ਰਿਸ਼ਟੀਕੋਣ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ 'ਪੰਜਾਬ ਰਾਜ ਲੋਹੜੀ ਮਕਰ ਸੰਕ੍ਰਾਂਤੀ ਬੰਪਰ ਲਾਟਰੀ 2025' ਰਾਜ ਦੇ ਲੋਕਾਂ ਲਈ ਦੋਵਾਂ ਪਾਸਿਓਂ ਹੀ ਜਿੱਤ ਦਾ ਮੌਕਾ ਹੈ।

ਉਨਾਂ ਕਿਹਾ ਕਿ ਇਹ ਲਾਟਰੀ ਨਾ ਸਿਰਫ ਮਹੱਤਵਪੂਰਨ ਇਨਾਮ ਜਿੱਤਣ ਦਾ ਮੌਕਾ ਹੈ, ਬਲਕਿ ਇਹਨਾਂ ਸਰਕਾਰੀ ਲਾਟਰੀਆਂ ਤੋਂ ਪੈਦਾ ਹੋਣ ਵਾਲੀ ਆਮਦਨ ਸਿੱਧੇ ਤੌਰ 'ਤੇ ਉਨ੍ਹਾਂ ਵਿਕਾਸ ਪ੍ਰਾਜੈਕਟਾਂ ਤੇ ਖਰਚ ਕੀਤੀ ਜਾਂਦੀ ਹੈ ਜਿੰਨ੍ਹਾਂ ਤੋਂ ਸੂਬੇ ਦੇ ਸਾਰੇ ਲੋਕਾਂ ਨੂੰ ਫਾਇਦਾ ਪਹੁੰਚਦਾ ਹੈ।ਵਿੱਤ ਮੰਤਰੀ ਨੇ ਕਿਹਾ ਕਿ ਵਧੀ ਹੋਈ ਇਨਾਮੀ ਰਾਸ਼ੀ ਸਦਕਾ ਲੋਹੜੀ ਬੰਪਰ ਤੋਂ ਦੂਜੇ ਰਾਜਾਂ ਦੀਆਂ ਲਾਟਰੀਆਂ ਲਈ ਇੱਕ ਜ਼ਬਰਦਸਤ ਚੁਣੌਤੀ ਹੋਵੇਗੀ, ਜਿਸ ਨਾਲ ਲਾਟਰੀ ਤੋਂ ਇਕੱਠੇ ਕੀਤੇ ਮਾਲੀਏ ਵਿੱਚ ਮਹੱਤਵਪੂਰਨ ਵਾਧਾ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਇਹ ਫੰਡ ਪੰਜਾਬ ਭਰ ਵਿੱਚ ਵੱਖ-ਵੱਖ ਵਿਕਾਸ ਪਹਿਲਕਦਮੀਆਂ ਲਈ ਵਰਤੇ ਜਾਣਗੇ, ਜਿਸ ਵਿੱਚ ਬੁਨਿਆਦੀ ਢਾਂਚੇ ਦੇ ਸੁਧਾਰ, ਵਿਦਿਅਕ ਪ੍ਰੋਗਰਾਮਾਂ ਅਤੇ ਸਿਹਤ ਸੇਵਾਵਾਂ ਸ਼ਾਮਲ ਹਨ।ਇਨਾਮਾਂ ਦੇ ਵੇਰਵੇ ਦਿੰਦਿਆਂ ਵਿੱਤ ਮੰਤਰੀ ਨੇ ਕਿਹਾ ਕਿ 500 ਰੁਪਏ ਦੀ ਇਹ ਲਾਟਰੀ ਟਿਕਟ ਆਕਰਸ਼ਕ ਇਨਾਮ ਜਿੱਤਣ ਦਾ ਮੌਕਾ ਪੇਸ਼ ਕਰਦੀ ਹੈ, ਜਿਸ ਵਿੱਚ ਪਹਿਲਾ ਇਨਾਮ 10 ਕਰੋੜ ਰੁਪਏ, ਦੂਸਰੇ ਇਨਾਮ ਲਈ 1 ਕਰੋੜ ਰੁਪਏ, ਤੀਸਰੇ ਲਈ 50 ਲੱਖ ਰੁਪਏ, ਅਤੇ ਹੋਰ ਕਈ ਇਨਾਮ ਹਨ।ਉਨ੍ਹਾਂ ਕਿਹਾ ਕਿ ਇਸ ਲਾਟਰੀ ਤਹਿਤ ਕੁੱਲ 68,819 ਇਨਾਮਾਂ ਦੀ ਪੇਸ਼ਕਸ਼ ਕੀਤੀ ਗਈ ਹੈ ਜਿਸ ਦੀ ਕੁੱਲ ਇਨਾਮੀ ਰਾਸ਼ੀ 23,47,90,000 ਰੁਪਏ ਹੈ।ਵਿੱਤ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬ ਸਰਕਾਰ ਸੂਬੇ ਦੀਆਂ ਆਪਣੀਆਂ ਮਾਲੀਆ ਪ੍ਰਾਪਤੀਆਂ ਨੂੰ ਵਧਾਉਣ ਲਈ ਨਵੀਨਤਾਕਾਰੀ ਰਣਨੀਤੀਆਂ ਨੂੰ ਸਰਗਰਮੀ ਨਾਲ ਲਾਗੂ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਇਸ ਪਹੁੰਚ ਦਾ ਉਦੇਸ਼ ਸੂਬੇ ਨੂੰ ਵਿਕਾਸ ਦੀਆਂ ਉੱਚੀਆਂ ਲੀਹਾਂ 'ਤੇ ਲਿਜਾਣਾ ਹੈ, ਤਾਂ ਜੋ ਸੂਬੇ ਅੰਦਰ ਖੁਸ਼ਹਾਲੀ ਅਤੇ ਤਰੱਕੀ ਨੂੰ ਹੋਰ ਉਤਸ਼ਾਹਿਤ ਕੀਤਾ ਜਾ ਸਕੇ।

# ਬਘਾਣਾ ਦੀ ਗ੍ਰਾਮ ਪੰਚਾਇਤ ਵੱਲੋਂ ਬੀ ਡੀ ਪੀ ਓ ਫਗਵਾੜਾ ਨੂੰ ਨਵੇਂ ਸਾਲ ਦੀਆਂ ਵਧਾਈਆਂ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਸਰਪੰਚ ਬਲਵਿੰਦਰ ਸਿੰਘ ਬਘਾਣਾ ਅਤੇ ਗ੍ਰਾਮ ਪੰਚਾਇਤ ਵੱਲੋਂ ਬੀਡੀਪੀਓ ਫਗਵਾੜਾ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਬਲਵਿੰਦਰ ਸਿੰਘ ਬਘਾਣਾ ਦੇ ਸਰਪੰਚ ਅਤੇ ਪੰਚਾਇਤ ਮੈਂਬਰਾਂ ਵਲੋਂ ਬੀਡੀਪੀਓ ਦਫ਼ਤਰ ਫਗਵਾੜਾ ਵਿਖੇ ਬੀਡੀਪੀਓ ਰਾਮ ਪਾਲ ਰਾਣਾ ਅਤੇ ਸਮੂਹ ਸਟਾਫ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਕੇ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਮੌਕੇ ਉਨ੍ਹਾਂ ਨਾਲ ਪੰਚਾਇਤ ਅਫ਼ਸਰ ਜਗਜੀਤ ਸਿੰਘ, ਪੰਚਾਇਤ ਸੈਕਟਰੀ ਮਲਕੀਤ ਚੰਦ, ਪੰਚਾਇਤ ਸੈਕਟਰੀ ਸੁਲੱਖਣ ਸਿੰਘ, ਪੰਚਾਇਤ ਸੈਕਟਰੀ ਸੰਜੀਵ ਕੁਮਾਰ, ਜੇਈ ਅਮਨਦੀਪ, ਜੇਈ ਅਨਿਲ ਕੁਮਾਰ, ਪਟਵਾਰੀ ਸੁਰਿੰਦਰ ਕੁਮਾਰ ਅਤੇ ਸਮੂਹ ਸਟਾਫ ਹਾਜ਼ਰ ਸਨ।

# ਏ ਜੀ ਆਈ ਸਬ-ਜੂਨੀਅਰ ਕ੍ਰਿਕਟ ਟੀਮ ਪਾਵਰ ਕ੍ਰਿਕਟ ਅਕੈਡਮੀ ਤੋਂ ਹਾਰੀ

ਜਲੰਧਰ (ਰਾਜੇਸ਼ ਥਾਪਾ)

ਪਾਵਰ ਪਲੇਅ ਕ੍ਰਿਕਟ ਅਕੈਡਮੀ, ਮਾਧਵੀ ਦੇ ਸਟਾਈਲਿਸ਼ ਪਲੇਅ ਅਤੇ 32 ਦੌੜਾਂ ਦੀ ਮਦਦ ਨਾਲ ਏ ਜੀਆਈ ਡੇਅ ਐਂਡ ਨਾਈਟ ਕ੍ਰਿਕਟ ਸੀਰੀਜ਼ ਦਾ ਚੌਥਾ ਮੈਚ 1 ਦੌੜਾਂ ਅਤੇ ਪੰਜ ਵਿਕਟਾਂ ਨਾਲ ਜਿੱਤਿਆ।ਇਹ ਮੈਚ ਜਲੰਧਰ ਹਾਈਟਸ 1, 66 ਫੁੱਟ ਰੋਡ ਜਲੰਧਰ ਦੇ ਟੀ ਬਲਾਕ ਕ੍ਰਿਕਟ ਗਰਾਊਂਡ ਵਿਖੇ ਖੇਡਿਆ ਗਿਆ।ਟਾਸ ਜਿੱਤਣ ਤੋਂ ਬਾਅਦ ਪਾਵਰ ਕ੍ਰਿਕਟ ਅਕੈਡਮੀ ਨੇ ਏ ਜੀਆਈ ਕ੍ਰਿਕਟ ਅਕੈਡਮੀ ਟੀਮ ਨੂੰ ਪਹਿਲਾਂ ਖੇਡਣ ਦੀ ਪੇਸ਼ਕਸ਼ ਕੀਤੀ।ਏ ਜੀਆਈ ਟੀਮ ਦੇ ਰਿਤੰਸ਼ ਨੇ 48 ਗੇਂਦਾਂ 'ਚ 27 ਦੌੜਾਂ, ਇਤਿਸ਼ ਨੇ 10 ਗੇਂਦਾਂ 'ਚ ਸਿੰਗਲ, ਦਿਵਿਤ ਨੇ 5 ਗੇਂਦਾਂ 'ਚ 12 ਦੌੜਾਂ, ਸਿਡਕ ਨੇ 7 ਗੇਂਦਾਂ 'ਚ ਸਿਰਫ 2 ਦੌੜਾਂ, ਆਰਿਕ ਨੇ 28 ਗੇਂਦਾਂ 'ਚ 8 ਦੌੜਾਂ, ਮਨਰਾਜ ਨੇ 9 ਗੇਂਦਾਂ 'ਚ 2 ਦੌੜਾਂ ਬਣਾਈਆਂ। ਧਰੁਵ ਨੇ 14 ਗੇਂਦਾਂ ਵਿੱਚ 3 ਦੌੜਾਂ ਬਣਾਈਆਂ, ਅਤੇ ਜੋਤ 5 ਗੇਂਦਾਂ ਵਿੱਚ 2 ਦੌੜਾਂ ਬਣਾਈਆਂ ਅਤੇ ਨਾਟ ਆਊਟ ਰਹੇ।ਪਾਵਰ ਕ੍ਰਿਕਟ ਅਕੈਡਮੀ ਦੇ ਗੇਂਦਬਾਜ਼ ਰਿਧਮ ਨੇ 3 ਓਵਰਾਂ 'ਚ 7 ਦੌੜਾਂ ਦੇ ਕੇ ਤਿੰਨ ਵਿਕਟਾਂ ਲਈਆਂ।ਸਮਰਾਟ ਨੇ 4 ਓਵਰਾਂ 'ਚ 4 ਦੌੜਾਂ ਦੇ ਕੇ 2 ਵਿਕਟਾਂ ਲਈਆਂ।ਅਮਨ, ਸਹਿਜ਼ਾਦ ਅਤੇ ਦਕਸ਼ ਨੇ ਇੱਕ-ਇੱਕ ਵਿਕਟ ਲਈ।ਏਜੀਆਈ ਸਬ ਜੂਨੀਅਰ ਕ੍ਰਿਕਟ ਟੀਮ ਨੇ 20 ਓਵਰਾਂ ਵਿੱਚ 9 ਵਿਕਟਾਂ ਦੇ ਨੁਕਸਾਨ ਨਾਲ 80 ਦੌੜਾਂ ਬਣਾਈਆਂ।ਜਵਾਬ ਵਿੱਚ ਪਾਵਰ ਪਲੇਅ ਅਕੈਡਮੀ ਨੇ ਏਜੀਆਈ ਕ੍ਰਿਕਟ ਕਲੱਬ ਦੀ ਟੀਮ ਨੂੰ ਇੱਕ ਦੌੜ ਅਤੇ ਪੰਜ ਵਿਕਟਾਂ ਨਾਲ ਹਰਾਇਆ।ਪਾਵਰ ਪਲੇਅ ਅਕੈਡਮੀ ਲਈ ਮਾਧਵੀ ਨੇ 28 ਗੇਂਦਾਂ ਵਿੱਚ ਸਭ ਤੋਂ ਵੱਧ 32 ਦੌੜਾਂ ਬਣਾਈਆਂ। ਕਾਰਤਿਕ ਨੇ 16 ਗੇਂਦਾਂ ਵਿੱਚ 16, ਹਰਪ੍ਰਤਾਪ ਨੇ 16 ਗੇਂਦਾਂ ਵਿੱਚ 10 ਦੌੜਾਂ ਬਣਾਈਆਂ। ਸਹਿਜ਼ਾਦ ਅਤੇ ਦਕਸ਼ ਨੇ ਕ੍ਰਮਵਾਰ 12 ਅਤੇ 4 ਗੇਂਦਾਂ ਵਿੱਚ 5-5 ਦੌੜਾਂ ਬਣਾਈਆਂ ਅਤੇ ਨਾਟ ਆਊਟ ਰਹੇ। ਜੋਤ ਨੇ 4 ਗੇਂਦਾਂ 'ਤੇ 2 ਦੌੜਾਂ ਬਣਾਈਆਂ।ਏਜੀਆਈ ਕ੍ਰਿਕਟ ਕਲੱਬ ਦੇ ਸਿਦਕ ਅਤੇ ਆਰਿਕ ਨੇ ਕ੍ਰਮਵਾਰ 4 ਓਵਰਾਂ ਵਿੱਚ 23 ਅਤੇ 4 ਓਵਰਾਂ ਵਿੱਚ 16 ਦੌੜਾਂ ਦੇ ਕੇ ਦੋ-ਦੋ ਵਿਕਟਾਂ ਲਈਆਂ।ਪਾਵਰ ਪਲੇਅ ਅਕੈਡਮੀ ਨੇ 81 ਦੌੜਾਂ 13.5 ਓਵਰ ਵਿੱਚ ਬਣਾ ਕੇ ਮੈਚ ਜਿੱਤ ਲਿਆ ।



# ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਸਜਾਇਆ



ਟਾਂਡਾ ਉੜਮੁੜ,(ਜਸਵਿੰਦਰ ਸੰਧੂ, ਓਂਕਾਰ ਸਿੰਘ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬੀਬੀਆਂ ਟਾਂਡਾ ਤੋਂ ਮਹਾਨ ਨਗਰ ਕੀਰਤਨ ਸ਼ਰਧਾ ਸਤਿਕਾਰ ਤੇ ਖਾਲਸਾਈ ਸ਼ਾਨੋ ਸ਼ੌਕਤ ਨਾਲ ਸਜਾਇਆ ਗਿਆ। ਪ੍ਰਬੰਧਕ ਕਮੇਟੀ ਵੱਲੋਂ ਨਗਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਵਿੱਚ ਸਜਾਏ ਗਏ ਨਗਰ ਕੀਰਤਨ ਦੀ ਆਰੰਭਤਾ ਸਮੇਂ ਸਰਬੱਤ ਦੇ ਭਲੇ ਜੀ ਅਰਦਾਸ ਕੀਤੀ ਗਈ । ਵੱਡੀ ਗਿਣਤੀ ਵਿੱਚ ਸੰਗਤ ਨੇ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ ਜਿਸ ਦੌਰਾਨ ਸੰਗਤ ਵੱਲੋਂ ਸਤਿਨਾਮ ਵਾਹਿਗੁਰੂ ਤੇ ਸ਼ਬਦ ਕੀਰਤਨ ਕਰਦੇ ਹੋਏ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਿਮਾ ਦਾ ਗੁਣਗਾਨ ਕੀਤਾ ਜਾ ਰਿਹਾ ਸੀ। ਨਗਰ ਕੀਰਤਨ ਦਾ ਸ਼ਹਿਰ ਦੇ ਵੱਖ-ਵੱਖ ਚੌਕਾਂ ਵਿੱਚ ਪਹੁੰਚਣ ਤੇ ਸਰਬੱਤ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕਰਦੇ ਹੋਏ ਸਵਾਗਤ ਕੀਤਾ ਗਿਆ ਸੰਗਤ ਦੀ ਸੇਵਾ ਵਾਸਤੇ ਜਗ੍ਹਾ ਜਗ੍ਹਾ 'ਤੇ ਗੁਰੂ ਕੇ ਲੰਗਰ ਚਾਹ ਪਕੌੜਿਆਂ ਦੇ ਲੰਗਰ ਤੇ ਮਿਠਿਆਈ ਦੇ ਲੰਗਰ ਲਗਾ ਕੇ ਸੰਗਤ ਦੀ ਸੇਵਾ ਕੀਤੀ ਗਈ। ਮਹਾਨ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਸਮੁੱਚੇ ਸ਼ਹਿਰ ਦੀ ਪਰਿਕਰਮਾ ਕਰਨ ਉਪਰੰਤ ਵਾਪਸ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਇਆ। ਇਸ ਮੌਕੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ, ਸਾਬਕਾ ਕੈਬਨਿਟ ਮੰਤਰੀ ਸੰਗਤ ਸਿੰਘ ਗਿਲਜੀਆ, ਹਲਕਾ ਇੰਚਾਰਜ ਅਰਵਿੰਦਰ ਸਿੰਘ ਰਸੂਲਪੁਰ, ਚੇਅਰਮੈਨ ਹਰਮੀਤ ਸਿੰਘ ਔਲਖ, ਕਮਲਜੀਤ ਸਿੰਘ ਤੁਲੀ, ਨੰਬਰਦਾਰ ਜਗਜੀਵਨ ਜੱਗੀ, ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਭਾਜਪਾ ਆਗੂ ਜਵਾਹਰ ਖੁਰਾਣਾ ,ਯੂਥ ਆਗੂ ਸਰਬਜੀਤ ਸਿੰਘ ਮੋਮੀ,ਪ੍ਰਧਾਨ ਨਿਰਮਲ ਸਿੰਘ ਤੁੱਲੀ, ਲਖਵੀਰ ਸਿੰਘ ਖਾਲਸਾ , ਜਗਜੀਵਨ ਜੱਗੀ, ਰਣਜੀਤ ਸਿੰਘ ਤੁੱਲੀ, ਬਲਬੀਰ ਸਿੰਘ ਸੈਣੀ, ਗੁਰਮੀਤ ਸਿੰਘ, ਪਰਮਜੀਤ ਸਿੰਘ, ਕੈਪਟਨ ਦਲਬੀਰ ਸਿੰਘ, ਪਰਮਿੰਦਰ ਸਿੰਘ, ਦਮਨਪ੍ਰੀਤ ਸਿੰਘ, ਦਿਲਪ੍ਰੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਆਰ ਬੀ ਯੂ ਦੇ ਵਿਦਿਆਰਥੀਆਂ ਦਾ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ 'ਚ ਸ਼ਾਨਦਾਰ ਪ੍ਰਦਰਸ਼ਨ



ਚੰਡੀਗੜ੍ਹ (ਗੁਰਜੀਤ ਬਿਲਾ)-ਰਿਆਤ ਬਾਹਰਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ 67ਵੀਂ ਨੈਸ਼ਨਲ ਸ਼ੂਟਿੰਗ ਚੈਂਪੀਅਨਸ਼ਿਪ ਪਿਸਟਲ ਪ੍ਰਤੀਯੋਗਿਤਾ 2024 ਵਿੱਚ ਪੰਜਾਬ ਟੀਮ ਦਾ ਮੈਂਬਰ ਬਣ ਕੇ ਸੋਨੇ ਦੇ ਤਗਮੇ ਜਿੱਤ ਕੇ ਆਪਣੀ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ।ਅਰਸ਼ਦੀਪ ਕੌਰ, ਬੀਐੱਡ ਦੀ ਵਿਦਿਆਰਥਣ ਨੇ ਮੈਂਬਰ ਟੀਮ ਪੰਜਾਬ ਵਰਗ ਵਿੱਚ ਖੇਡ ਪਿਸਟਲ ਵਿੱਚ ਸੋਨੇ ਦਾ ਤਗਮਾ, ਸਟੈਂਡਰਡ ਪਿਸਟਲ ਵਿੱਚ ਸੋਨੇ ਦਾ ਤਗਮਾ, ਜਦਕਿ 10 ਮੀਟਰ ਏਅਰ ਪਿਸਟਲ ਸ਼੍ਰੇਣੀਆਂ ਪੰਜਾਬ ਵਰਗ ਟੀਮ ਵਿੱਚ ਕਾਂਸੀ ਦਾ ਤਗਮਾ ਜਿੱਤਿਆ ਹੈ।ਇਹ ਮੁਕਾਬਲੇ ਡਾ. ਕਰਨੀ ਸਿੰਘ ਸ਼ੂਟਿੰਗ ਰੇਂਜ, ਨਵੀਂ ਦਿੱਲੀ ਵਿੱਚ ਆਯੋਜਿਤ ਕੀਤੇ ਗਏ।ਇਹਨਾਂ ਮੁਕਾਬਲਿਆਂ ਵਿੱਚ ਇੱਕ ਹੋਰ ਆਰਬੀਯੂ ਦੀ ਪੀਜੀ ਡਿਪਲੋਮਾ ਇਨ ਹਿਊਮਨ ਰਾਈਟਸ ਲਾਅ ਦੇ ਪਹਿਲੇ ਸਮੈਸਟਰ ਦੀ ਵਿਦਿਆਰਥਣ ਇਸ਼ਨੀਤ ਔਲਖ ਨੇ ਸਪੋਰਟਸ ਪਿਸਟਲ ਮੈਂਬਰ ਟੀਮ ਪੰਜਾਬ ਵਰਗ ਵਿੱਚ ਗੋਲਡ ਮੈਡਲ ਜਿੱਤਿਆ ਹੈ।ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਵਾਈਸ ਚਾਂਸਲਰ ਡਾ: ਪਰਵਿੰਦਰ ਸਿੰਘ ਨੇ ਦੋਵਾਂ ਵਿਦਿਆਰਥੀਆਂ ਨੂੰ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਵਿਦਿਆਰਥੀਆਂ ਨੇ ਯੂਨੀਵਰਸਿਟੀ ਦਾ ਮਾਣ ਵਧਾਇਆ ਹੈ, ਜੋ ਨਾ ਸਿਰਫ਼ ਅਕਾਦਮਿਕ ਸਗੋਂ ਵਿਦਿਆਰਥੀਆਂ ਦੀ ਸ਼ਖ਼ਸੀਅਤ ਦੇ ਸਰਵਪੱਖੀ ਵਿਕਾਸ ਵੱਲ ਧਿਆਨ ਦੇ ਰਹੀ।

# ਯੁਵਕ ਸੇਵਾਵਾਂ ਵਿਭਾਗ ਨੇ ਕਰਵਾਇਆ ਨਸ਼ਾ ਵਿਰੋਧੀ ਜਾਗਰੂਕਤਾ ਅਭਿਆਨ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਡਿਪਟੀ ਕਮਿਸ਼ਨਰ ਜਲੰਧਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਵਿੱਚ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਰਵੀ ਦਾਰਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਨਕੋਦਰ ਅਤੇ ਮਲਸੀਆਂ ਵਿੱਚ ਨਸ਼ਾ ਵਿਰੋਧੀ ਜਾਗਰੂਕਤਾ ਅਭਿਆਨ ਕਰਵਾਇਆ ਗਿਆ, ਜਿਸ ਵਿੱਚ ਯੁਵਕ ਸੇਵਾਵਾਂ ਵਿਭਾਗ ਤੋਂ ਮਾਨਤਾ ਪ੍ਰਾਪਤ ਕਲੱਬ ਯੂਥ ਐਂਡ ਸਪੋਰਟਸ ਕਲੱਬ ਸਲੈਚਾਂ ਅਤੇ ਯੁਵਕ ਸੇਵਾਵਾਂ ਕਲੱਬ ਪਿਪਲੀ ਵੱਲੋਂ ਜੋਗਾ ਸਿੰਘ ਉਰਫ ਤਾਈ ਜਗੀਰੋ ਵੱਲੋਂ ਆਪਣੀ ਟੀਮ ਨਾਲ਼ ਨੁੱਕੜ ਨਾਟਕ ਅਤੇ ਨਸ਼ਾ ਵਿਰੋਧੀ ਬੋਲੀਆਂ ਨਾਲ਼ ਖੂਬ ਰੰਗ ਬੰਨ੍ਹਿਆ ਗਿਆ। ਮੇਲਿਆਂ ਦੇ ਬਾਦਸ਼ਾਹ ਦਲਵਿੰਦਰ ਦਿਆਲਪੁਰੀ ਨੇ ਆਪਣੇ ਗੀਤਾਂ ਨਾਲ ਨਸ਼ਿਆਂ ਉੱਪਰ ਕਰਾਰੀ ਸੱਟ ਮਾਰੀ। ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਨੇ ਸਾਈਕਲ ਗੀਤ ਗਾ ਕੇ ਮਿਸ਼ਨ ਤੰਦਰੁਸਤ ਪੰਜਾਬ ਲਈ ਨਾਅਰਾ ਲਾਇਆ। ਇਸ ਮੌਕੇ 'ਤੇ ਪਿੰਡ ਦੇ ਪੰਚ-ਸਰਪੰਚ ਅਤੇ ਹੋਰ ਪਤਵੰਤੇ ਸੱਜਣ ਖਾਸ ਤੌਰ 'ਤੇ ਹਾਜ਼ਰ ਸਨ।

# ਬਾਗੀ ਤੇ ਦਾਗੀ ਅਕਾਲੀ ਆਗੂ ਸਿੱਖ ਸਿਧਾਂਤਾਂ ਤੇ ਸੰਸਥਾਵਾਂ ਦਾ ਲਗਾਤਾਰ ਘਾਣ ਕਰ ਰਹੇ ਹਨ : ਸਿੰਗੜੀਵਾਲਾ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

1992 ਦੀਆਂ ਚੋਣਾਂ ਦਾ ਬਾਈਕਾਟ ਕਰਨ ਤੋਂ ਬਾਅਦ ਬਣੀ ਬੇਅੰਤ ਸਿੰਘ ਦੀ ਕਾਂਗਰਸ ਸਰਕਾਰ ਦੇ ਜ਼ੁਲਮਾਂ ਸਦਕਾ ਖੇਰੂੰ ਖੇਰੂੰ ਹੋਈ ਸਿੱਖ ਸਿਆਸਤ ਨੂੰ ਇਕੱਠਿਆਂ ਕਰਨ ਲਈ 2 ਮਈ 1994 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਪ੍ਰੋਫੈਸਰ ਮਨਜੀਤ ਸਿੰਘ ਵੱਲੋਂ ਸਾਰੇ ਅਕਾਲੀ ਦਲਾਂ ਦੇ ਪ੍ਰਧਾਨਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਤਲਬ ਕੀਤਾ ਸੀ, ਜਿਨਾਂ 'ਚ ਜਗਦੇਵ ਸਿੰਘ ਤਲਵੰਡੀ, ਕੈਪਟਨ ਅਮਰਿੰਦਰ ਸਿੰਘ, ਸੁਰਜੀਤ ਸਿੰਘ ਬਰਨਾਲਾ, ਸਿਮਰਨਜੀਤ ਸਿੰਘ ਮਾਨ, ਗੁਰਚਰਨ ਸਿੰਘ ਟੌਹੜਾ, ਕਰਨਲ ਜਸਮੇਤ ਸਿੰਘ ਬਾਲਾ, ਭਾਈ ਮਨਜੀਤ ਸਿੰਘ ਆਦਿ ਨੇ ਆਪਣੇ ਆਪਣੇ ਦਲਾਂ ਨੂੰ ਭੰਗ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਸਿਰਜਣਾ ਅਤੇ ਅੰਮ੍ਰਿਤਸਰ ਐਲਾਨਨਾਮੇ ਦੀ ਕਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਾਜ਼ਰੀ 'ਚ ਚੁੱਕੀ। ਪਰ ਪ੍ਰਕਾਸ਼ ਸਿੰਘ ਬਾਦਲ ਇਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਏ ਹੁਕਮਾਂ 'ਤੇ ਪੇਸ਼ ਨਾ ਹੋ ਕੇ ਭਗੌੜਾ ਹੋ ਗਏ ਅਤੇ ਬਾਅਦ ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ ਮੋਗਾ ਵਿਖੇ 1996 'ਚ ਕਾਨਫਰੰਸ ਕਰਕੇ ਅਕਾਲੀ ਦਲ ਦਾ ਭੋਗ ਪਾ ਕੇ ਆਪਣੀ ਪੰਜਾਬੀ ਪਾਰਟੀ ਬਣਾ ਲਈ। ਉਸ ਸਮੇਂ ਤੋਂ ਬਾਅਦ ਅੱਜ ਤੱਕ ਅਖੌਤੀ ਬਾਗੀ ਅਤੇ ਦਾਗੀ ਅਕਾਲੀ ਆਗੂ ਸਿੱਖ ਸਿਧਾਂਤਾਂ ਅਤੇ ਸੰਸਥਾਵਾਂ ਦਾ ਲਗਾਤਾਰ ਘਾਣ ਕਰ ਰਹੇ ਹਨ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਵਾਪਰ ਰਹੀਆਂ ਘਟਨਾਵਾਂ ਦਾ ਸਖਤ ਨੋਟਿਸ ਲੈਂਦਿਆਂ ਹੋਇਆਂ ਪ੍ਰੈਸ ਨੋਟ ਰਾਹੀਂ ਕੀਤਾ। ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ 2015 ਤੋਂ ਬਾਅਦ ਮਿਆਦ ਖਤਮ ਹੋ ਚੁੱਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਮੇਟੀ ਤੇ ਜ਼ਬਰੀ ਕਾਬਜ਼ ਬਾਦਲ ਲਾਣੇ ਵੱਲੋਂ ਨਿਯੁਕਤ ਕੀਤੇ ਜਥੇਦਾਰਾਂ ਦੁਬਾਰਾ ਦੋ ਦਸੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਅਖੌਤੀ ਅਕਾਲੀ ਲਾਣੇ ਨੂੰ ਸਜ਼ਾ ਸੁਣਾਈ ਗਈ। ਧਾਰਮਿਕ ਸਜ਼ਾ ਤਨਖਾਹ ਨੂੰ ਵੀ ਪੂਰਨ ਰੂਪ ਵਿੱਚ ਮੰਨਣ ਤੋਂ ਇਨਕਾਰੀ ਹੋ ਗਏ ਅਤੇ ਸੁਖਬੀਰ ਬਾਦਲ ਦੇ ਟੋਲੇ ਵਲੋਂ ਦਿੱਤੇ ਗਏ ਅਸਤੀਫੇ ਪ੍ਰਵਾਨ ਕਰਨ ਅਤੇ ਅਕਾਲੀ ਦਲ ਦੀ ਨਵੀਂ ਭਰਤੀ ਮੁਹਿੰਮ ਸ਼ੁਰੂ ਕਰਨ ਦੇ ਨਿਰਦੇਸ਼ਾਂ ਦੀ ਪਾਲਣਾ ਨਾ ਕਰਕੇ ਅਖੌਤੀ ਅਕਾਲੀ ਆਗੂ ਲਗਾਤਾਰ ਸਿੱਖ ਸਿਧਾਂਤਾਂ ਅਤੇ ਸੰਸਥਾਵਾਂ ਦਾ ਘਾਣ ਕਰ ਰਹੇ ਹਨ, ਜਿਸ ਨੂੰ ਸਿੱਖ ਕੌਮ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ ਤੇ ਇਹਨਾਂ ਦਾ ਸਖਤੀ ਨਾਲ ਵਿਰੋਧ ਕਰਕੇ ਪੰਥਕ ਸਫਾ ਤੋਂ ਦੂਰ ਕਰੇਗੀ।

# ਡਾ. ਪ੍ਰਮਿੰਦਰ ਕੌਰ ਨੇ ਬਤੌਰ ਸੀਨੀਅਰ ਮੈਡੀਕਲ ਅਫ਼ਸਰ ਵਜੋਂ ਕਾਰਜ ਸੰਭਾਲਿਆ

ਫਗਵਾੜਾ (ਡਾ. ਰਮਨ) — ਸਿਵਲ ਹਸਪਤਾਲ ਫਗਵਾੜਾ ਵਿਖੇ ਨਵ ਨਿਯੁਕਤ ਐਸ ਐਮ ਓ ਡਾ. ਪ੍ਰਮਿੰਦਰ ਕੌਰ ਨੇ ਆਪਣਾ ਅਹੁਦਾ ਸੰਭਾਲ ਕੰਮਕਾਜ ਸ਼ੁਰੂ ਕੀਤਾ। ਹਸਪਤਾਲ ਦੇ ਡਾਕਟਰਾਂ ਅਤੇ ਸਮੂਹ ਸਟਾਫ ਵਲੋਂ ਉਨ੍ਹਾਂ ਨੂੰ ਗੁਲਦਸਤਾ ਭੇਟ ਕਰ ਨਿੱਘਾ ਸਵਾਗਤ ਕੀਤਾ ਗਿਆ। ਉਨ੍ਹਾਂ ਸਿਵਲ ਹਸਪਤਾਲ ਫਗਵਾੜਾ ਦਾ ਦੌਰਾ ਕਰ ਸਿਹਤ ਸੇਵਾਵਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਸਾਡਾ ਮੁੱਖ ਟੀਚਾ ਸਰਕਾਰੀ ਹਸਪਤਾਲ ਸਿਹਤ ਕੇਂਦਰਾਂ ਅਤੇ ਐਮਰਜੈਂਸੀ ਸਿਹਤ ਸੇਵਾਵਾਂ ਵਿੱਚ ਸੁਧਾਰ ਕਰਨਾ ਹੈ ਅਤੇ ਲੋੜਵੰਦਾਂ ਨੂੰ ਮੁਫਤ ਦਵਾਈਆਂ ਅਤੇ ਇਲਾਜ ਮੁਹੱਈਆ ਕਰਵਾਉਣਾ ਯਕੀਨੀ ਕਰਨਾ ਹੈ। ਉਨ੍ਹਾਂ ਹਸਪਤਾਲ ਦੇ ਵੱਖ-ਵੱਖ ਵਾਰਡਾਂ ਦਾ ਦੌਰਾ ਕੀਤਾ ਤੇ ਮਰੀਜ਼ਾਂ ਤੇ ਉਨ੍ਹਾਂ ਦੇ ਨਾਲ ਹੋਏ ਰਿਸ਼ਤੇਦਾਰਾਂ ਨਾਲ ਗੱਲਬਾਤ ਕੀਤੀ। ਇਸ ਮੌਕੇ ਡਾ. ਰਵੀ ਕੁਮਾਰ , ਡਾ. ਨਰੇਸ਼ ਕੁੰਦਰਾ , ਡਾ. ਰਾਜੇਸ਼ ਚੰਦਰ , ਡਾ. ਦਰਸ਼ਨ ਬੱਧਨ , ਡਾ. ਅੰਕੁਸ਼ ਅਗਰਵਾਲ , ਡਾ. ਸਿਮਰਦੀਪ ਕੌਰ , ਡਾ. ਸੰਜੀਵ ਲੋਚਨ , ਡਾ. ਮਨਜੀਤ ਨਾਗਰਾ , ਡਾ. ਆਸ਼ੂ , ਡਾ. ਰਾਜਨਦੀਪ ਕੌਰ , ਡਾ. ਪ੍ਰਭਜੋਤ ਕੌਰ ਹੈਡ ਨਰਸਿੰਗ ਸਿਸਟਰ ਗੀਟਾ ਬਾਲਾ , ਪ੍ਰਮਿੰਦਰ ਕੌਰ , ਮੈਡਮ ਮੋਨਿਕਾ , ਨਰਿੰਦਰ ਸਿੰਘ ਸੀਨੀਅਰ ਅਸਿਸਟੈਂਟ, ਕੁਲਦੀਪ ਸਿੰਘ ਜੂਨੀਅਰ ਅਸਿਸਟੈਂਟ , ਗੁਰਚਰਨ ਸਿੰਘ ਕਲਰਕ, ਗਗਨਦੀਪ ਕੰਪਿਊਟਰ ਅਪਰੇਟਰ , ਬਲਜਿੰਦਰ ਕੌਰ, ਇਨਫੋਰਮੇਸ਼ਨ ਅਸਿਸਟੈਂਟ, ਸਿੱਧਾਂਤ ਸਭਰਵਾਲ , ਲਵਪ੍ਰੀਤ , ਰਵੀ ਕੁਮਾਰ, ਸੀਤਾ , ਰਮਨ , ਆਤਮਾ ਰਾਮ ਤੋਂ ਇਲਾਵਾ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਮੌਜੂਦ ਸਨ।

# ਐਨ ਐਸ ਟੀਮ ਨੇ ਲੋਕਾਂ ਨੂੰ ਸਫਾਈ ਪ੍ਰਤੀ ਕੀਤਾ ਜਾਗਰੂਕ




ਮਦਰਜ਼ ਪਰਾਇਡ ਸਕੂਲ ਦੇ ਵਿਦਿਆਰਥੀ ਸਾਫ-ਸਫ਼ਾਈ ਬਾਰੇ ਜਾਗਰੂਕ ਕਰਨ ਮੌਕੇ।

ਸ਼ਾਹਕੋਟ (ਗਿਆਨ ਸੈਦਪੁਰੀ)

ਮਦਰਜ਼ ਪਰਾਇਡ ਸਕੂਲ ਮਲਸੀਆਂ ਦੀ ਚੇਅਰਪਰਸਨ ਕੁਮਾਰੀ ਅਰੁਣ ਜੱਸਲ ਅਤੇ ਪ੍ਰਿੰਸੀਪਲ ਰਜਨੀ ਬਾਲਾ ਦੀ ਅਗਵਾਈ ਵਿੱਚ ਸਕੂਲ ਦੀ ਐਨ ਐਸ ਟੀਮ ਨੇ ਹਵੇਲੀ ਪੱਤੀ ਪਹੁੰਚ ਕੇ ਲੋਕਾਂ ਨੂੰ ਸਫਾਈ ਪ੍ਰਤੀ ਜਾਗਰੂਕ ਕੀਤਾ ।ਸਕੂਲ ਦੀ ਟੀਮ ਨੂੰ ਹਵੇਲੀ ਪਤੀ ਮਲਸੀਆਂ ਦੇ ਸਰਪੰਚ ਨਵਜੋਤ ਕੌਰ ਤੇ ਉਹਨਾਂ ਦੇ ਪੰਚ ਮੈਂਬਰਾਂ ਨੇ ਪੂਰਾ ਸਹਿਯੋਗ ਦਿੱਤਾ ਅਤੇ ਟੀਮ ਲਈ ਚਾਹ ਦਾ ਵੀ ਪ੍ਰਬੰਧ ਕੀਤਾ ਗਿਆ। ਟੀਮ ਦੇ ਵਿਦਿਆਰਥੀਆਂ ਨੇ ਐਲੀਮੈਂਟਰੀ ਸਕੂਲ ਹਵੇਲੀ ਪੱਤੀ ਵਿੱਚ ਬੂਟੇ ਲਗਾਏ ਅਤੇ ਗਰਾਊਂਡ ਦੀ ਸਫਾਈ ਕੀਤੀ। ਸਕੂਲ ਦੀ ਐਨ ਐਸ ਐਸ ਟੀਮ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ। ਜਿਸ ਵਿੱਚ ਟੀਮ 'ਏ' ਦੀ ਅਗਵਾਈ ਵਰੁਣ ਕੁਮਾਰ ,ਸੋਨਮ, ਸਮਨਦੀਪ, ਅਮਰਜੀਤ ਕੌਰ, ਕੰਵਲਜੀਤ , ਹਰਮਨ ਡੀਤਾ ਤੇ ਇਸ਼ਕਾ ਅਤੇ ਟੀਮ 'ਬੀ' ਦੀ ਅਗਵਾਈ ਰੋਹਿਤ ਪ੍ਰੀਤੀ ,ਅਲਕਾ , ਬਿੰਦਰਜੀਤ ਕੌਰ , ਮਨਜੀਤ ਕੌਰ ,ਹਰਪ੍ਰੀਤ ਕੌਰ ਨੇ ਕੀਤੀ। ਇਹਨਾਂ ਵਿੱਚੋਂ ਇੱਕ ਟੀਮ ਹਵੇਲੀ ਪੱਤੀ ਮਲਸੀਆਂ ਗਈ ਤੇ ਦੂਸਰੀ ਟੀਮ ਨੇ ਸਕੂਲ ਦੇ ਆਲੇ ਦੁਆਲੇ ਦੀ ਸਫਾਈ ਕੀਤੀ। ਸਾਰੇ ਬੱਚਿਆਂ ਨੇ ਅਨੁਸ਼ਾਸਨ ਵਿੱਚ ਰਹਿ ਕੇ ਆਪਣੀ-ਆਪਣੀ ਡਿਊਟੀ ਕੀਤੀ।

# ਗੁ: ਸਿੰਘ ਸ਼ਹੀਦਾਂ ਸੋਹਾਣਾ ਵਿਖੇ ਪ੍ਰਕਾਸ਼ ਪੁਰਬ ਅੱਜ ਮਨਾਇਆ ਜਾਵੇਗਾ

ਮੋਹਾਲੀ (ਗੁਰਜੀਤ ਬਿੱਲਾ) : ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 6 ਜਨਵਰੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ ।ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਮਿਤੀ 04 ਜਨਵਰੀ ਨੂੰ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਤੇ ਭੋਗ ਪ੍ਰਕਾਸ਼ ਪੁਰਬ ਵਾਲੇ ਦਿਨ 6 ਜਨਵਰੀ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਇਸ ਉਪਰੰਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜੱਥੇ , ਇੰਟਰਨੈਸ਼ਨਲ ਪੰਥਕ ਢਾਡੀ ਜੱਥੇ ਅਤੇ ਉੱਚ ਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ ।ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ 5 ਜਨਵਰੀ ਨੂੰ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਵੇਰੇ 11 ਵਜੇ ਗੁ. ਸਿੰਘ ਸ਼ਹੀਦਾਂ ਤੋਂ ਅਰੰਭ ਹੋਵੇਗਾ।

# ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲਸ ਨੇ ਨਸ਼ਿਆਂ ਵਿਰੁੱਧ 'ਅਥਲੈਟਿਕ ਮੀਟ' ਕਰਵਾਈ




ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ) -ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲਸ ਵਲੋਂ ਨਸ਼ਿਆਂ ਵਿਰੁੱਧ ਚਲਾਈ ਜਾਗਰੂਕਤਾ ਮੁਹਿੰਮ ਤਹਿਤ 'ਅਥਲੈਟਿਕ ਮੀਟ' ਦਾ ਆਯੋਜਨ ਕੀਤਾ ਗਿਆ; ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਅਤੇ ਆਸ ਪਾਸ ਦੇ ਰਾਜਾਂ ਤੋਂ ਕਰੀਬ 500 ਨੌਜਵਾਨਾਂ ਅਤੇ ਬੱਚਿਆਂ ਨੇ ਲਿਆ ਹਿੱਸਾ।ਡਾ. ਮਹਿਤਾਬ ਸਿੰਘ, ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਸ, ਸ਼ਹੀਦ ਭਗਤ ਸਿੰਘ ਨਗਰ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਵੱਲੋਂ ਨਸ਼ਿਆਂ ਨੂੰ ਸਮਾਜ ਵਿੱਚੋਂ ਖਤਮ ਕਰਨ ਅਤੇ ਆਮ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ।ਇਸ ਜਾਗਰੂਕਤਾ ਮੁਹਿੰਮ ਦੇ ਤਹਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲਸ ਵਲੋਂ 'ਅਥਲੈਟਿਕ ਮੀਟ' ਦਾ ਆਯੋਜਨ ਕੀਤਾ ਗਿਆ। ਇਹ ਅਥਲੈਟਿਕ ਮੀਟ ਸਵੇਰੇ 10:00 ਵਜੇ ਆਈ.ਟੀ.ਆਈ ਗਰਾਊਂਡ ਨਵਾਂਸ਼ਹਿਰ ਵਿਖੇ ਸ਼ੁਰੂ ਕੀਤੀ ਗਈ। ਜਿਸ ਵਿੱਚ ਵੱਖ-ਵੱਖ ਉਮਰ ਵਰਗ ਅੰਡਰ 14 ਸਾਲ, ਅੰਡਰ 17 ਸਾਲ ਅਤੇ ਓਪਨ ਕੈਟਾਗਿਰੀ ਦੇ 100 ਮੀਟਰ ਦੌੜ, 400 ਮੀਟਰ ਦੌੜ, 1500 ਮੀਟਰ ਦੌੜ ਅਤੇ ਲੰਬੀ ਛਾਲ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਇਲਾਵਾ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਅਤੇ ਆਸ ਪਾਸ ਦੇ ਰਾਜਾਂ ਹਿਮਾਚਲ ਪ੍ਰਦੇਸ਼, ਹਰਿਆਣਾ ਆਦਿ ਤੋਂ ਕਰੀਬ 500 ਲੜਕੇ/ਲੜਕੀਆਂ ਨੇ ਹਿੱਸਾ ਲਿਆ ਅਤੇ ਲੋਕਾਂ ਨੂੰ ਨਸ਼ਿਆ ਤੋਂ ਦੂਰ ਰਹਿਣ ਅਤੇ ਖੇਡਾਂ ਰਾਹੀ ਤੰਦਰੁਸਤ ਰਹਿਣ ਦਾ ਸੰਦੇਸ਼ ਦਿੱਤਾ ਗਿਆ। ਉਕਤ ਅਥਲੈਟਿਕ ਮੀਟ ਵਿੱਚ ਕਰਵਾਏ ਗਏ ਮੁਕਾਬਲਿਆਂ ਵਿੱਚ ਪਹਿਲੇ ਚਾਰ ਸਥਾਨਾਂ 'ਤੇ ਆਉਣ ਵਾਲੇ ਲੜਕੇ/ਲੜਕੀਆਂ ਨੂੰ ਨਕਦ ਇਨਾਮ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਹਿੱਸਾ ਲੈਣ ਵਾਲੇ ਸਮੂਹ ਪ੍ਰਤੀਯੋਗੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਜ਼ਿਲ੍ਹਾ ਪੁਲਸ ਵੱਲੋ ਆਈ.ਟੀ.ਆਈ ਗਰਾਊਂਡ ਨਵਾਸ਼ਹਿਰ ਵਿਖੇ ਇੱਕ ਵਾਲੀਬਾਲ ਮੈਚ ਵੀ ਕਰਵਾਇਆ ਗਿਆ, ਜਿਸ ਵਿੱਚ ਡਾ. ਮਹਿਤਾਬ ਸਿੰਘ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਸ, ਸ਼ਹੀਦ ਭਗਤ ਸਿੰਘ ਨਗਰ ਨੇ ਸ਼ਿਰਕਤ ਕਰਕੇ ਨੌਜਵਾਨਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀ ਹੌਸਲਾ ਅਫਜਾਈ ਕੀਤੀ।

# ਕੌਂਸਲਰ ਰਘਬੋਤਰਾ ਨੇ ਧਾਰਮਿਕ ਅਸਥਾਨਾਂ ਨੂੰ ਦਾਨ ਕੀਤਾ ਇਲੈਕਸ਼ਨ ਫੰਡ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)- ਪ੍ਰੇਮ ਨਗਰ ਸੇਵਾ ਸੁਸਾਇਟੀ ਦੀ ਇਕ ਮੀਟਿੰਗ ਸਥਾਨਕ ਖੇੜਾ ਰੋਡ ਵਿਖੇ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ ਅਤੇ ਸਕੱਤਰ ਸੁਰਿੰਦਰ ਪਾਲ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਵਾਰਡ ਕੌਂਸਲਰ ਪਰਵਿੰਦਰ ਕੌਰ ਰਘਬੋਤਰਾ ਵਿਸ਼ੇਸ਼ ਤੌਰ 'ਤੇ ਹਾਜਰ ਆਏ। ਉਹਨਾਂ ਨੇ ਵਾਰਡ ਦੇ ਸਮੂਹ ਵਸਨੀਕਾਂ ਦਾ ਉਹਨਾਂ ਨੂੰ ਦੁਬਾਰਾ ਤੋਂ ਵਾਰਡ ਕੌਂਸਲਰ ਵਜੋਂ ਸੇਵਾ ਦਾ ਮੌਕਾ ਦੇਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਉਪਰੰਤ ਉਹਨਾਂ ਨੇ ਸੁਸਾਇਟੀ ਅਹੁਦੇਦਾਰਾਂ ਤੇ ਮੈਂਬਰਾ ਦੇ ਨਾਲ ਖੇੜਾ ਰੋਡ ਸਥਿਤ ਗੁਰਦੁਆਰਾ ਸਾਹਿਬ ਅਤੇ ਸ਼ਿਵ ਮੰਦਰ ਪਹੁੰਚ ਕੇ ਨਤਮਸਤਕ ਹੁੰਦਿਆਂ ਪ੍ਰਮਾਤਮਾ ਦਾ ਸ਼ੁਕਰਾਨਾ ਵੀ ਕੀਤਾ। ਉਹਨਾਂ ਮੰਦਿਰ ਅਤੇ ਗੁਰਦੁਆਰਾ ਸਾਹਿਬ ਦੇ ਵਿਕਾਸ ਲਈ ਆਰਥਕ ਭੇਂਟ ਵੀ ਪ੍ਰਬੰਧਕਾਂ ਨੂੰ ਦਿੱਤੀ।ਇਸ ਦੌਰਾਨ ਸੁਸਾਇਟੀ ਦੇ ਸਰਪ੍ਰਸਤ ਅਤੇ ਕੌਂਸਲਰ ਪਰਵਿੰਦਰ ਕੌਰ ਦੇ ਪਤੀ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਚੋਣ ਪ੍ਰਚਾਰ ਦੌਰਾਨ ਜੋ ਰਾਸ਼ੀ ਉਹਨਾਂ ਨੂੰ ਸਮਰਥਕਾਂ ਵਲੋਂ ਭੇਂਟ ਕੀਤੀ ਸੀ, ਉਹ ਦੋਵੇਂ ਧਾਰਮਿਕ ਅਸਥਾਨਾ ਨੂੰ ਭੇਂਟ ਕੀਤੀ ਗਈ ਹੈ, ਕਿਉਂਕਿ ਵੋਟਰਾਂ ਦੇ ਪਿਆਰ ਸਦਕਾ ਉਹਨਾਂ ਨੂੰ ਚੋਣਾਂ ਵਿਚ ਰਾਸ਼ੀ ਖਰਚ ਕਰਨ ਦੀ ਜਰੂਰਤ ਨਹੀਂ ਹੋਈ।ਸੁਸਾਇਟੀ ਵਲੋਂ ਕੌਂਸਲਰ ਪਰਵਿੰਦਰ ਕੌਰ ਰਘਬੋਤਰਾ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਐਡਵੋਕੇਟ ਜੀ.ਆਰ. ਆਜਾਦ, ਮਨੀਸ਼ ਕਨੌਜੀਆ, ਵੰਦਨਾ ਸ਼ਰਮਾ, ਰਾਜਕੁਮਾਰ ਕਨੌਜੀਆ, ਕ੍ਰਿਸ਼ਨ ਕੁਮਾਰ, ਵਿਸ਼ਵਾਮਿੱਤਰ ਸ਼ਰਮਾ, ਸੰਜੀਵ ਸ਼ਰਮਾ, ਰਾਕੇਸ਼ ਸ਼ਰਮਾ, ਐਸ.ਸੀ. ਚਾਵਲਾ, ਦਵਿੰਦਰ ਸਿੰਘ ਸੈਣੀ, ਰਾਕੇਸ਼ ਕਨੌਜੀਆ, ਰਜਿੰਦਰ ਕਨੌਜੀਆ, ਕਾਂਤਾ ਸ਼ਰਮਾ, ਜਗਦੀਪ ਜੱਗੀ, ਪੁਨੀਤ ਕੁਮਾਰ, ਮੋਹਨ ਲਾਲ ਤਨੇਜਾ ਆਦਿ ਵੀ ਹਾਜਰ ਸਨ।

# ਡੇਰਾ ਤਪ ਅਸਥਾਨ ਵਿਖੇ ਸੰਤ ਬਾਬਾ ਜੋਗਾ ਸਿੰਘ ਯਾਦਗਾਰੀ ਸਮਾਗਮ ਕਰਵਾਇਆ



ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)

ਡੇਰਾ ਤਪ ਅਸਥਾਨ ਦਸ਼ਮੇਸ਼ ਨਗਰ ਟਾਂਡਾ ਵਿਖੇ ਸੱਚਖੰਡ ਵਾਸੀ ਸੰਤ ਬਾਬਾ ਜੋਗਾ ਸਿੰਘ ਦੀ ਯਾਦ ਨੂੰ ਸਮਰਪਤ ਮਹਾਨ ਸਾਲਾਨਾ ਧਾਰਮਿਕ ਸਮਾਗਮ ਕਰਵਾਇਆ ਗਿਆ। ਮੁੱਖ ਸੇਵਾਦਾਰ ਸੰਤ ਬਾਬਾ ਜਸਪ੍ਰੀਤ ਸਿੰਘ ਦੀ ਅਗਵਾਈ ਵਿੱਚ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਵਿੱਚ ਸਭ ਤੋਂ ਪਹਿਲਾਂ 31 ਦਸੰਬਰ ਤੋਂ ਆਰੰਭ ਕੀਤੀ ਗਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੇ ਭੋਗ ਪਾਏ ਗਏ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਸਮੇਂ ਸਜਾਏ ਗਏ ਖੁੱਲ੍ਹੇ ਪੰਡਾਲ ਦੇ ਕੀਰਤਨ ਦਰਬਾਰ ਵਿੱਚ ਸੰਤ ਬਾਬਾ ਤੇਜਾ ਸਿੰਘ ਡੇਰਾ ਗੁਰੂਸਰ ਖੁੱਡਾ ਵਾਲੇ, ਭਾਈ ਅਮਨਦੀਪ ਸਿੰਘ ਗੁਰਦੁਆਰਾ ਭੰਜਨਗੜ ਮੁਕੇਰੀਆਂ ਵਾਲੇ, ਭਾਈ ਸੁਰਜੀਤ ਸਿੰਘ ਦਸ਼ਮੇਸ਼ ਨਗਰ ਟਾਂਡੇ ਵਾਲੇ ਤੇ ਹੋਰਨਾਂ ਰਾਗੀ ਢਾਡੀ ਜੱਥਿਆਂ ਨੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕਰਦੇ ਹੋਏ ਸੰਤਾਂ ਮਹਾਂਪੁਰਸ਼ਾਂ ਵੱਲੋਂ ਦਰਸਾਏ ਗਏ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਸੰਤ ਬਾਬਾ ਜਸਪ੍ਰੀਤ ਸਿੰਘ ਨੇ ਸੰਤ ਬਾਬਾ ਜੋਗਾ ਸਿੰਘ ਦੇ ਜੀਵਨ 'ਤੇ ਚਾਨਣਾ ਪਾਇਆ।ਇਸ ਸਮਾਗਮ ਵਿੱਚ ਸਟੇਜ ਸਕੱਤਰ ਦੀ ਭੂਮਿਕਾ ਨਿਭਾਅ ਰਹੇ ਗੁਰਮਤ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਟਾਂਡਾ ਦੇ ਪ੍ਰਧਾਨ ਜਗਮੋਹਨ ਸਿੰਘ, ਵਿਸ਼ੇਸ਼ ਤੌਰ 'ਤੇ ਪਹੁੰਚੇ। ਯੂਥ ਆਗੂ ਸਰਬਜੀਤ ਸਿੰਘ ਮੋਮੀ, ਸਮਾਜ ਸੇਵੀ ਨੰਬਰਦਾਰ ਜਗਜੀਵਨ ਜੱਗੀ ਨੇ ਸਮਾਗਮ ਵਿੱਚ ਹਾਜ਼ਰੀ ਲਗਾਉਂਦੇ ਹੋਏ ਸਰਬੱਤ ਸੰਗਤ ਨੂੰ ਸੰਤਾਂ ਮਹਾਂਪੁਰਸ਼ਾਂ ਦੇ ਜੀਵਨ ਤੋਂ ਸੇਧ ਲੈ ਕੇ ਸੇਵਾ ਤੇ ਸਿਮਰਨ ਨਾਲ ਜੁੜਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਕਿਰਪਾਲ ਸਿੰਘ ਪੰਡੋਰੀ, ਪਿਆਰਾ ਸਿੰਘ, ਗੁਰ ਸੰਦੀਪ ਸਿੰਘ, ਭਾਈ ਰਣਜੀਤ ਸਿੰਘ, ਪਰਮਜੀਤ ਸਿੰਘ ਦਾਰਾਪੁਰ, ਜਥੇਦਾਰ ਪਰਮਜੀਤ ਸਿੰਘ ਖਾਲਸਾ, ਡਾਕਟਰ ਮੇਵਲਜੀਤ ਸਿੰਘ, ਦਲਜੀਤ ਸਿੰਘ ਖਾਲਸਾ ਤੋਂ ਇਲਾਵਾ ਹੋਰ ਸੰਗਤਾਂ ਵੀ ਹਾਜ਼ਰ ਸਨ।

# ਡਾ.ਇਸ਼ਾਂਕ ਨੇ ਨਵੇਂ ਟਿਊਬਵੈੱਲ ਦਾ ਉਦਘਾਟਨ ਕਰਕੇ ਲੋਕਾਂ ਨੂੰ ਕੀਤਾ ਸਮਰਪਤ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਚੱਬੇਵਾਲ ਵਿਧਾਨ ਸਭਾ ਖੇਤਰ ਦੇ ਪਿੰਡ ਹੰਦੋਵਾਲ ਵਿਖੇ ਐਮ.ਐਲ.ਏ. ਡਾ. ਇਸ਼ਾਂਕ ਕੁਮਾਰ ਨੇ 11.26 ਲੱਖ ਰੁਪਏ ਦੀ ਲਾਗਤ ਨਾਲ ਲਗਾਏ ਗਏ ਟਿਊਬਵੈੱਲ ਦਾ ਉਦਘਾਟਨ ਕੀਤਾ। ਇਸ ਟਿਊਬਵੈੱਲ ਤੋਂ ਪਿੰਡ ਦੀ ਕਰੀਬ 800 ਦੀ ਅਬਾਦੀ ਨੂੰ 190 ਕੁਨੈਕਸ਼ਨਾਂ ਰਾਹੀਂ ਪਾਣੀ ਦੀ ਸਪਲਾਈ ਕੀਤੀ ਜਾਵੇਗੀ। ਇਸ ਮੌਕੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਐਕਸੀਅਨ ਪੁਨੀਤ ਭਸੀਨ, ਐਸਡੀਓ ਵਿੰਦਰ ਸਿੰਘ ਗਰੇਵਾਲ, ਜੇਈ ਤਜਿੰਦਰ ਸਿੰਘ ਅਤੇ ਸਰਪੰਚ ਨੀਲਮ ਕੁਮਾਰੀ ਹਾਜ਼ਰ ਸਨ।ਡਾ: ਇਸ਼ਾਂਕ ਨੇ ਕਿਹਾ ਕਿ ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ ਦਾ ਵਿਕਾਸ ਸਾਡੀ ਤਰਜੀਹ ਹੈ। ਇਸ ਟਿਊਬਵੈੱਲ ਦੇ ਲੱਗਣ ਨਾਲ ਪਿੰਡ ਵਿੱਚ ਪਾਣੀ ਦੀ ਸਪਲਾਈ ਦੀ ਸਮੱਸਿਆ ਦਾ ਹੱਲ ਹੋਵੇਗਾ ਅਤੇ ਲੋਕਾਂ ਦਾ ਜੀਵਨ ਪੱਧਰ ਬਿਹਤਰ ਕਰਨ ਵਿੱਚ ਅਹਿਮ ਭੂਮਿਕਾ ਹੋਵੇਗੀ।ਪਿੰਡ ਵਾਸੀਆਂ ਨੂੰ ਪਾਣੀ ਦੀ ਸਪਲਾਈ, ਸਫਾਈ ਅਤੇ ਹੋਰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਮੈ ਵਚਨਬੱਧ ਹਾਂ।ਪੇਂਡੂ ਵਿਕਾਸ ਲਈ ਸਾਡੀਆਂ ਕੋਸ਼ਿਸ਼ਾਂ ਭਵਿੱਖ ਵਿੱਚ ਵੀ ਜਾਰੀ ਰਹਿਣਗੀਆਂ।ਸਰਪੰਚ ਨੀਲਮ ਕੁਮਾਰੀ ਨੇ ਸਮੂਹ ਪਿੰਡ ਵਾਸੀਆਂ ਦੀ ਤਰਫੋਂ ਪਿੰਡ ਦੇ ਵਿਕਾਸ ਲਈ ਮਹੱਤਵਪੂਰਨ ਇਸ ਟਿਊਬਵੈੱਲ ਲਈ ਵਿਧਾਇਕ ਦਾ ਧੰਨਵਾਦ ਕੀਤਾ। ਇਸ ਸਮੇਂ ਪੰਚਾਇਤ ਮੈਂਬਰ ਹਰਪ੍ਰੀਤ ਕੌਰ, ਜਸਵੀਰ ਕੌਰ, ਨੀਲਮ ਰਾਣਾ, ਰਵੀ ਪ੍ਰਕਾਸ਼, ਸੁੱਖਾ ਸਿੰਘ, ਸੁਖਵੀਰ ਸਿੰਘ, ਤਲਵੀਰ ਸਿੰਘ, ਦਿਲਾਵਰ ਸਿੰਘ, ਰਵੀ ਕੁਮਾਰ ਅਤੇ ਸੰਤੋਸ਼ ਸਿੰਘ, ਗਗਨਦੀਪ ਚਾਣਥੂ ਵੀ ਹਾਜ਼ਰ ਸਨ।

5-Jan-PAGE-3.qxd 1/4/2025 11:09 PM Page 2




ਬੀਤੇ ਵਰ੍ਹੇ ਦੀ ਸਾਹਿਤਕ ਪੱਤਰਕਾਰੀ ਦਾ ਦ੍ਰਿਸ਼
(ਆਖਰੀ ਸਫ਼ੇ 'ਤੇ)


# ਨਵਾਂ ਜ਼ਮਾਨਾ ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 5 ਜਨਵਰੀ 2025

www.nawanzamana.in

ਕੀਮਤ 5.00 ਰੁਪਏ


*ਡਰੀਂ ਨਾ ਨ੍ਹੇਰ ਤੋਂ*

*ਰੱਖੀਂ ਜ਼ਰਾ ਸੰਭਾਲ ਕੇ ਖ਼ੁਦ ਨੂੰ*

*ਮੈਂ ਤੇਰੇ ਸ਼ਹਿਰ ਨੂੰ ਰੁਸ਼ਨਾ ਦਿਆਂਗਾ*

*ਬਾਲ ਕੇ ਖ਼ੁਦ ਨੂੰ।*

*-ਅਜੈ ਤਨਵੀਰ*


ਪ੍ਰੋ. ਬੀ ਆਰ ਦਿਓਧਰ

ਉਲੱਥਾਕਾਰ : ਮਕਸੂਦ ਸਾਕਿਬ

ਗੁਰਮੁਖੀ ਉਲੱਥਾਕਾਰ : ਜੋਗਿੰਦਰ ਪਾਲ ਮਾਨ


## ਸੁਰ-ਸੰਗੀਤ ਦੇ ਹੀਰੇ-2

# ਖ਼ਾਨ ਸਾਹਿਬ ਅਬਦੁਲ ਕਰੀਮ ਖ਼ਾਂ

1906 ਈ. ਹੋਣਾ ਏ ਯਾ 1907 ਈ. ਸਾਡੀ ਗਲੀ ਵਿਚ ਭੀਖਾ ਜੀ ਪੰਤ ਸੁਖਦੇਵ ਦੇ ਘਰ ਗੰਢਾ ਬੱਝਣਾ (ਉਸਤਾਦ, ਗੁਰੂ ਵੱਲੋਂ ਨਵਾਂ ਸ਼ਾਗਿਰਦ ਬਣਾਏ ਜਾਣ ਦੀ ਰਸਮ, ਜਿਸ ਵਿੱਚ ਸ਼ਾਗਿਰਦ ਦੇ ਗੁੱਟ ਤੇ ਕਾਲਾ ਧਾਗਾ ਬੰਨ੍ਹਣਾ, ਫ਼ਲ, ਕੱਪੜੇ ਨਕਦੀ ਮਿਠਾਈ ਆਦਿ ਵੀ ਪੇਸ਼ ਕਰਨਾ) ਸੀ। ਖ਼ਾਨ ਸਾਹਿਬ ਅਬਦੁਲ ਕਰੀਮ ਖ਼ਾਂ ਦੇ ਗਾਣੇ ਦੀ ਉੱਡੀ ਹੋਈ ਸੀ। ਭੀਖਾ ਜੀ ਤੇ ਉਹਨਾ ਦੇ ਭਰਾ ਤਨਾ ਜੀ ਸੌਖੇ ਲੋਕ ਸਨ। ਸੰਗੀਤ ਨਾਲ ਉਹਨਾਂ ਨੂੰ ਪਿਆਰ ਈ ਨਹੀਂ ਸਗੋਂ ਆਪੂੰ ਵੀ ਚੋਖੇ ਕਸਬੀ (ਕਾਰੀਗਰ, ਪੇਸ਼ਾਵਰ) ਸਨ। ਭੀਖਾ ਜੀ ਅੱਵਲ ਨੰਬਰ ਦੇ ਤਬਲੀਏ (ਤਬਲਾ ਵਜਾਉਣ ਵਾਲੇ) ਤੇ ਅਨਾ ਜੀ ਵਧੀਆ ਸਤਾਰੀਏ (ਸਿਤਾਰ ਵਜਾਉਣ ਵਾਲੇ) ਹੋਣ। ਏਸੇ ਕਰਕੇ ਉਹਨਾਂ ਅਬਦੁਲ ਕਰੀਮ ਖ਼ਾਂ ਦੇ ਗਾਣੇ ਨਾਲ ਰਸਮ ਰੱਖੀ ਸੀ। ਖ਼ਾਨ ਸਾਹਿਬ ਦੀਆਂ ਉਸ ਵੇਲੇ ਪੂਰੇ ਮਹਾਰਾਸ਼ਟਰ ਵਿੱਚ ਧੁੰਮਾਂ ਸਨ।

ਮੈਂ ਮਸਾਂ ਟੁਰਦਾ ਈ ਸਾਂ। ਸਮ੍ਹਾਲ ਹੋਈ ਤਾਂ ਲੋਕਾਂ ਤੋਂ ਸੁਣਿਆ। ਏਧਰੋਂ ਗਾਣੇ ਦਾ ਵਾਜ ਕੰਨੀਂ ਪਿਆ ਤੇ ਓਧਰੋਂ ਮੈਂ ਨਿੱਕਿਆਂ-ਨਿੱਕਿਆਂ ਪੈਰਾਂ ਨਾਲ ਆਪ-ਮੁਹਾਰਾ ਟੁਰਦਾ ਮਹਿਫ਼ਲ ਵਿੱਚ ਅੱਪੜ ਗਿਆ। ਅੰਤਾ ਜੀ ਵੇਖਿਆ ਤਾਂ ਪਿਆਰ ਨਾਲ ਕੁੱਛੜ ਚੁੱਕ ਲਿਆ ਤੇ ਚੌਂਤਰੇ ਉਤੇ ਖ਼ਾਨ ਸਾਹਿਬ ਦੇ ਸੱਜੇ ਹੱਥ ਜਾ ਬਠਾਇਆ। ਮੈਂ ਸਵੇਰੇ ਦਿਨ ਚੜ੍ਹਣ ਤਾਈਂ ਬਿਨ੍ਹਾ ਅੱਖ ਝਮਕੇ ਗਾਣਾ ਵਜਾਣਾ ਸੁਣਦਾ ਰਹਿਆ।

ਅਗਲੇ ਦਿਨ ਅੰਤਾ ਜੀ ਮੈਨੂੰ ਗਲੀ ਵਿੱਚ ਖ਼ਾਨ ਸਾਹਿਬ ਵਾਕਣ ਅਵਾਜ਼ਾਂ ਕੱਢਦਿਆਂ ਵੇਖਿਆ ਤਾਂ ਘਰ ਲੈ ਗਏ। ਅਖੇ, ਸੁਣਾ ਹਾਂ ਕੀਵੇਂ ਗਾਉਨਾ ਏਂ। ਗਾਉਣਾ ਕੀ ਸੀ, ਐਵੇਂ ਰੌਲਾ-ਰੱਪਾ ਪਾਉਂਦਾ ਰਹਿਆ। ਅੰਤਾ ਜੀ ਨੂੰ ਮੇਰੇ ਵਿੱਚ ਕਣੀ ਦਿਸ ਪਈ। ਉਹਨਾਂ ਮੈਨੂੰ ਪਲਟਿਆਂ (ਰਾਗ ਵਿੱਚ ਉੱਚੇ ਸੁਰ ਤੀਕ ਪੁੱਜ ਕੇ ਫੇਰ ਯਥਾਕ੍ਰਮ ਹੇਠ ਵਲ ਪਰਤਣ ਦੀ ਕਿਰਿਆ), ਸੁਰ ਦਾ ਉਤਰਾ-ਚੜ੍ਹਾਅ) ਤੇ ਲਾ ਦਿੱਤਾ ਤੇ ਨਾਲ ਨਾਲ ਓਸ ਜ਼ਮਾਨੇ ਥੇਟਰ ਦੇ ਮਸ਼ਹੂਰ ਗਾਣੇ ਵੀ ਕਰਾਣੇ ਛੁਹ ਦਿੱਤੇ। ਇੰਜ ਖ਼ਾਨ ਸਾਹਿਬ ਦੇ ਗਾਣੇ ਤੋਂ ਮੈਨੂੰ ਸੰਗੀਤ ਦੀ ਜਾਗ ਲੱਗੀ। ਘਰ ਵਾਲੇ ਸੰਸਕ੍ਰਿਤ ਦਾ ਵਿਦਵਾਨ ਬਣਾਉਣਾ ਚਾਹੁੰਦੇ ਸਨ, ਮੈਂ ਖ਼ਾਨ ਸਾਹਿਬ ਦਾ ਭਗਤ ਹੋਇਆ ਪਿਆ ਸਾਂ।

ਮਿਰਾਜ ਦਾ ਖ਼ਵਾਜਾ ਮੀਰਾ ਸਾਹਿਬ ਦੀ ਦਰਗਾਹ ਕਰਕੇ ਬੜਾ ਨਾਂ ਏ। ਏਥੇ ਸਾਲ ਦੇ ਸਾਲ ਮੇਲਾ ਲੱਗਦਾ ਸੀ, ਜੀਹਦੇ ਵਿੱਚ ਖ਼ਾਨ ਸਾਹਿਬ ਲਾਜ਼ਮੀ ਹਾਜ਼ਰੀ ਦੇਂਦੇ ਸਨ। ਜਿੱਥੇ-ਕਿਧਰੇ ਵੀ ਹੋਂਦੇ ਛੱਡ-ਛਡਾ ਕੇ ਮੇਲੇ ਆਣ ਪੁੱਜਦੇ। ਦਰਬਾਰ ਦੇ ਪਿਛਲੇ ਬੰਨੇ ਖੁਲ੍ਹੇ ਮੈਦਾਨ ਵਿੱਚ ਇਮਲੀ ਦਾ ਰੁੱਖ ਸੀ। ਏਸੇ ਹੇਠ ਖ਼ਾਨ ਸਾਹਿਬ ਚੌਕੀ (ਗੁਰੂ/ਪੀਰ ਦੇ ਮੰਦਰ/ਦਰਗਾਹ ਤੇ ਜਾ ਕੇ ਪੂਜਾ ਜਾਂ ਕੀਰਤਨ ਕਰਨਾ) ਦੇਂਦੇ। ਖ਼ਲਕਤ ਦੂਰੋਂ-ਦੂਰੋਂ ਸੁਣਣ ਆਉਂਦੀ। ਦਸਾਂ ਤੋਂ ਲੈ ਕੇ ਪੰਦਰਾਂ ਸੋਲਾਂ ਵਰ੍ਹਿਆਂ ਦੀ ਉਮਰ ਤਾਈਂ ਮੈਂ ਉਹਨਾਂ ਨੂੰ ਹਰ ਸਾਲ ਏਥੇ ਸੁਣਿਆ। ਖ਼ਾਨ ਸਾਹਿਬ ਸਵੇਰੇ ਬਹਿਣਾ ਟੋਡੀ, ਜੌਨਪੁਰੀ ਯਾ ਜੇਹੜੇ ਰਾਗ ਤੇ ਵੀ ਰੂਹ ਮੰਨਣਾ ਸ਼ੁਰੂ ਕਰ ਲੈਣਾ। ਅਖ਼ੀਰ ਤੇ ਭੈਰਵੀਂ ਪੱਕੀ ਹੋਣੀ। ਕਦੀ ਨਾ ਖੁੰਜਾਣੀ। ਏਸ ਪਿੱਛੋਂ ਸ਼ਾਗਿਰਦਾਂ ਨਾਲ ਸਾਰੇ ਬਜ਼ਾਰ ਫਿਰ ਕੇ ਵੇਖਣੇ। ਨਾਲ ਸਰੇਸ਼ ਬਾਬੂ ਤੇ ਉਹਨਾਂ ਦੇ ਨਿੱਕੇ ਭਰਾ ਪਾਪਾ ਚਿੱਟੇ ਦੁੱਧ ਕੱਪੜੇ ਤੇ ਜ਼ਰੀ (ਸੋਨੇ ਚਾਂਦੀ ਦੀਆਂ ਤਾਰਾਂ ਦੀ ਕਢਾਈ ਦੇ ਕੰਮ ਵਾਲਾ) ਦੀਆਂ ਟੋਪੀਆਂ ਪਾਈ ਹੋਣੇ।

ਏਸੇ ਸਮੇਂ ਆਰੀਆ ਸੰਗੀਤ ਵਿਦਿਆਲਾ ਗੌਰਮਿੰਟ ਥੇਟਰ ਵਿੱਚ ਗਾਣਾ ਕਰਵਾਂਦਾ। ਸਰੇਸ਼ ਬਾਬੂ ਲੋਕਾਂ ਦੀ ਮਜ਼ਾਮੀਰੀ (ਮਨ ਪ੍ਰਚਾਵੇ ਲਈ) ਲਈ ਜੇਹੜੀ ਤਾਨ ਆਉਣੀ ਓਸੇ ਵੇਲੇ ਓਹਦੀ ਸਰਗਮ (ਰਾਗ ਸੁਰਾਂ ਦਾ ਉਤਰਾਅ ਚੜ੍ਹਾ, ਸੱਤ ਸੁਰਾਂ ਦਾ ਸਮੂਹ) (ਸਾ ਰੇ ਗਾ ਮਾ ਪਾ ਧਾ ਨੀ) ਕਰ ਦੇਣੀ ਤੇ ਅਗਲੇ ਦਿਨ ਸ਼ਹਿਰ ਵਡਿਆਂਦਿਆਂ ਨਾ ਥੱਕਣਾ। ਉਰਸ ਤੋਂ ਅੱਡ ਖ਼ਾਨ ਸਾਹਿਬ ਗਣਪਤੀ ਮੇਲੇ ਤੇ ਵੀ ਗਾਉਂਦੇ। ਏਹ ਮੇਲਾ ਮਿਰਾਜ ਰੇਲਵੇ ਸਟੇਸ਼ਨ ਕੋਲ ਲੱਗਦਾ ਸੀ।

ਖ਼ਾਨ ਸਾਹਿਬ ਬਾਰੇ ਮੇਰੀ ਜਾਣਕਾਰੀ ਏਨੀ ਈ ਸੀ। ਅਗਲੀਆਂ ਗੱਲਾਂ ਸਾਰੀਆਂ ਮੈਂ ਉਹਨਾਂ ਦੇ ਸ਼ਾਗਿਰਦ ਸਵਾਏ ਗੰਧਰਵ, ਘਰ ਵਾਲੀ ਬਾਨੋ ਬਾਈ, ਬੇਲੀ ਤਮਨ ਵੰਤਮੋਰੇ ਤੇ ਹੋਰਨਾਂ ਕਈਆਂ ਤੋਂ ਸੁਣ-ਸੁਣ ਕੇ ਇਕੱਠੀਆਂ ਕੀਤੀਆਂ ਨੇਂ।

ਖ਼ਾਨ ਸਾਹਿਬ ਪਿੱਛੋਂ ਕੇਰਾਨੇ ਦੇ ਸਨ। ਕਈਂ ਵੱਡੇ-ਵੱਡੇ ਗਵੱਈਏ, ਸਾਰੰਗੀਏ, ਸਿਤਾਰੀਏ ਉਹਨਾਂ ਦੇ ਹੋਏ ਨੇਂ। ਖ਼ਾਨ ਸਾਹਿਬ ਦੀ ਟਾਬਰੀ (ਪਰਿਵਾਰ) ਦਾ ਬੰਦੇ ਅਲੀ ਖ਼ਾਂ ਤੇ ਹੱਸੂ ਹੱਦੂ ਖ਼ਾਂ ਕਿਆਂ ਨਾਲ ਰੱਤ ਦਾ ਸਾਂਗਾ (ਖ਼ੂਨ ਦਾ ਰਿਸ਼ਤਾ) ਸੀ। ਉਹਨਾਂ ਆਪਣੇ ਬਾਪ ਕਾਲੇ ਖ਼ਾਂ ਤੇ ਚਾਚੇ ਅਬਦੁੱਲਾ ਖ਼ਾਂ ਤੋਂ ਸਿੱਖਿਆ। ਇਕ ਵਾਰੀ ਓਹ ਬੜੌਦੇ ਗੰਵੇਂ ਤੇ ਓਹਨਾਂ ਨੂੰ ਦਰਬਾਰੀ ਗਵੱਈਏ ਦੀ ਨੌਕਰੀ ਮਿਲ ਗਈ। ਬੜੌਦੇ ਤੋਂ ਓਹ ਬੰਬੇ ਤੇ ਫੇਰ ਮਿਰਾਜ ਆਣ ਵਸੇ। ਓਹ ਜਿੱਥੇ-ਕਿੱਥੇ ਵੀ ਗਏ ਦੁਨੀਆ ਓਹਨਾਂ ਦੇ ਮਿੱਠੇ ਵਾਜ ਤੇ ਗਾਇਕੀ ਦੀ ਆਸ਼ਕ ਹੋਂਦੀ ਗਈ। ਮਿਰਾਜ ਤੋਂ ਓਹ ਹਬਲੀ ਤੇ ਧਰਵਾਰ ਵਿੱਚ ਵੀ ਚੋਖਾ ਚਿਰ ਰਹੇ। ਓਦੋਂ ਓਹਨਾਂ ਦੇ ਭਰਾ ਅਬਦੁਲ ਹੱਕ ਵੀ ਨਾਲ ਹੋਂਦੇ ਸਨ। ਦੋਵੇਂ ਰਲ਼ ਕੇ ਗਾਉਂਦੇ ਸਨ। ਮਗਰੋਂ ਅਬਦੁਲ ਹੱਕ ਪਰਬਤੀ ਹਿੰਦੋਸਤਾਨ ਟੁਰ ਗਏ।

ਹਬਲੀ ਦੇ ਜ਼ਮਾਨੇ ਈ ਖ਼ਾਨ ਸਾਹਿਬ ਨੂੰ ਰਾਮ ਭਾ ਕੰਡਗੋਲਕਰ ਗੰਧਰਵ (ਸਵਾਏ ਗੰਧਰਵ) ਮਿਲੇ। ਗੰਧਰਵ ਹੋਰਾਂ ਨੂੰ ਖ਼ਾਨ ਸਾਹਿਬ ਦਾ ਗਾਣਾ ਅਜੇਹਾ ਪੋਹਿਆ ਸ਼ਾਗਿਰਦ ਪੈਣ ਦੀ ਸੋਚ ਲਇਓ ਨੇਂ। 1908 ਈ. ਵਿਚ ਹਬਲੀ ਵਿੱਚ ਈ ਓਹਨਾਂ ਦਾ ਗੰਢਾ ਬੱਝਾ। ਓਹ ਖ਼ਾਨ ਸਾਹਿਬ ਦੇ ਪਹਿਲੇ ਉੱਘੇ ਸ਼ਾਗਿਰਦ ਸਨ। ਰਾਮ ਭਾ ਦੱਸਦੇ ਸਨ ਓਹਨਾਂ ਦਾ ਵਾਜ ਖ਼ਾਨ ਸਾਹਿਬ ਦੀ ਗਾਇਕੀ ਵਾਲ਼ਾ ਨਹੀਂ ਸੀ। ਖ਼ਾਨ ਸਾਹਿਬ ਨੇ ਬੜੀ ਮਿਹਨਤ



ਕਰਕੇ ਓਹਨੂੰ ਆਪਣੇ ਹਿਸਾਬ ਦਾ ਬਣਾਇਆ। ਖ਼ਾਨ ਸਾਹਿਬ ਦੇ ਸੈਲੀ (ਘੁਮੱਕੜ) ਰੂਹ ਓਹਨਾਂ ਨੂੰ ਹਬਲੀ ਤੋਂ ਸ਼ੋਲਾਪੁਰ ਤੇ ਫੇਰ ਪੂਨੇ ਲੈ ਗਿਆ। ਪੂਨੇ ਓਹ ਪੰਜ ਛੇ ਵਰ੍ਹੇ ਰਹੇ। ਖ਼ਾਨ ਸਾਹਿਬ ਮਿਹਨਤ ਲਈ ਸਵੇਰੇ ਮੂੰਹ-ਅਨ੍ਹੇਰੇ ਉੱਠ ਬਹਿੰਦੇ। ਰਾਮ ਭਾ ਤੰਬੂਰਾ ਲੈ ਕੇ ਨਾਲ ਹੋਂਦੇ। ਏਦੋਂ ਤਾਈਂ ਖ਼ਾਨ ਸਾਹਿਬ ਪੂਰੇ ਮਹਾਂ ਰਾਸ਼ਟਰ ਵਿੱਚ ਵੱਡੇ ਗਵੱਈਏ ਮੰਨੇ ਜਾਣ ਲਗ ਪਏ ਸਨ। ਓਹਨਾਂ ਆਰੀਆ ਸੰਗੀਤ ਵਿਦਿਆਲਾ ਦੇ ਨਾਂ ਤੋਂ ਇਕ ਕਾਲਜ ਚਾਲੂ ਕੀਤਾ।

ਖ਼ਾਨ ਸਾਹਿਬ ਦਾ ਵਿਦਿਆਲਾ ਪੰਡਤ ਵਿਸ਼ਨੂੰ ਡਗੰਬਰ ਦੇ ਗੰਧਰਵ ਮਹਾਂ ਵਿਦਿਆਲਾ ਵਾਕਣ ਈ ਸੀ, ਖ਼ਾਸ ਕਰ ਦੂਹ ਗੱਲਾਂ ਵਿਚ ਤਾਂ ਸਗਵਾਂ। ਇਕ ਹੋਸਟਲ ਪਾਰੋਂ ਤੇ ਦੂਜਾ ਏਹਦੇ ਸਿਖਿਆਰ ਵੀ ਪੂਰੇ ਹਿੰਦੋਸਤਾਨ ਵਿੱਚ ਸੰਗੀਤ ਬੈਠਕਾਂ ਕਰਦੇ ਸਨ। ਆਰੀਆ ਸੰਗੀਤ ਵਿਦਿਆਲੇ ਵਿੱਚ ਦਾਖ਼ਲੇ ਤੋਂ ਪਹਿਲਾਂ ਸੱਤ ਵਰ੍ਹੇ ਓਥੇ ਈ ਰਹਿਣ ਦਾ ਲਿਖਕੇ ਦੇਣਾ ਪੈਂਦਾ ਸੀ। ਸਿਖਿਆਰ ਚੋਖਾ ਮਾੜੇ ਘਰਾਂ ਤੋਂ ਹੋਂਦੇ, ਏਸ ਲਈ ਓਹਨਾਂ ਦਾ ਸਾਰਾ ਖ਼ਰਚਾ ਕਾਲਜ ਦੇ ਪੇਟੇ ਈ ਹੋਂਦਾ। ਖ਼ਾਨ ਸਾਹਿਬ ਏਹਨਾਂ ਪੜ੍ਹਿਆਰਾਂ ਨੂੰ ਦੱਸਦਿਆਂ ਕਦੀਂ ਕਿਰਸ ਨਾ ਕਰਦੇ। ਸੰਗੀਤ ਦੌਰਿਆਂ ਵਿਚ ਏਹ ਸਿਖਿਆਰ ਜਲ ਤਰੰਗ, ਤਬਲ ਰੰਗ, ਘੰਟੀ ਤਰੰਗ, ਸ਼ਹਿਨਾਈ ਤੇ ਨਾਚ ਨਾਲ ਸੁਣੇਰਾਂ (ਸਰੋਤੇ) ਨੂੰ ਰਾਜ਼ੀ ਕਰਦੇ। ਅਖ਼ੀਰ ਉੱਤੇ ਫੇਰ ਖ਼ਾਨ ਸਾਹਿਬ ਦਾ ਗਾਇਨ ਹੋਂਦਾ।

ਖ਼ਾਨ ਸਾਹਿਬ ਘੱਟੋ-ਘੱਟ ਮੁਸਲਮਾਨਾਂ ਵਿਚ ਪਹਿਲੇ ਤੇ ਖ਼ਬਰੇ ਅਖ਼ੀਰੀ ਉਸਤਾਦ ਸਨ, ਜੇਹੜੇ ਏਨੇ ਸਾਰੇ ਸ਼ਾਗਿਰਦਾਂ ਨੂੰ ਮੋਰੀ ਵਾਲੇ ਪੈਸੇ ਬਿਨਾਂ ਕੋਲ਼ ਰੱਖਕੇ ਏਡੀ ਖੁਲ ਦਿਲੀ ਨਾਲ ਸੰਗੀਤ ਸਿਖਾਉਂਦੇ ਸਨ। ਵਰ੍ਹਿਆਂ ਤਾਈਂ ਆਰੀਆ ਸੰਗੀਤ ਵਿਦਿਆਲਾ ਪੂਨੇ ਵਿੱਚ ਵੱਡੇ ਨਾਂ ਵਾਲੀ ਥਾਂ ਬਣਿਆ ਰਹਿਆ। 1917 ਈ. ਵਿੱਚ ਖ਼ਾਨ ਸਾਹਿਬ ਏਸੇ ਦਾ ਇਕ ਟਿੰਗ (ਟਾਹਣੀ, ਸ਼ਾਖ) ਬੰਬੇ ਵਿਚ ਖੋਲੀ, ਜੇਹੜੀ ਕੁਝ ਚਿਰ ਬੜਾ ਚੱਲੀ। 1920 ਈ. ਵਿਚ ਏਹਨੂੰ ਬੰਦ ਕਰ ਦਿਤੋ ਨੇਂ। ਖ਼ਾਨ ਸਾਹਿਬ ਮਿਰਾਜ ਆ ਗਏ ਤੇ ਜੋ ਕੁਝ ਜਾਣਦੇ ਸਨ ਦੂਜਿਆਂ ਨੂੰ ਵੰਡਦੇ ਰਹੇ। ਮਿਰਾਜ ਵਿੱਚ ਵਸੇਬੇ ਦਾ ਫ਼ੈਸਲਾ ਕਰਕੇ ਓਹਨਾਂ ਸ਼ਹਿਰੋਂ ਬੰਨੇ ਜ਼ਮੀਨ ਦਾ ਇਕ ਟੋਟਾ ਖ਼ਰੀਦਿਆ ਤੇ ਓਹਦੇ ਉੱਤੇ ਘਰ ਛੱਤਿਆ। ਰਹਿੰਦੀ ਉਮਰ ਸਾਰੀ ਓਹਨਾ ਏਥੇ ਈ ਗੁਜ਼ਾਰੀ।

ਓਹਨਾਂ ਗੋਬਰ ਹਰੀ ਬਾਣੀ ਗਾਇਕੀ ਅੱਗੇ ਵਧਾਈ। ਏਸ ਬਾਣੀ ਦੀ ਗਾਇਕੀ ਵਿਚ ਨਿੰਮੀ-ਨਿੰਮੀ ਪੀੜ ਤੇ ਦੁੱਖ ਹੋਂਦਾ ਏ। ਏਸ ਗੱਲ ਤੋਂ ਹਰ ਕੋਈ ਜਾਣੂ ਏ। ਮੈਨੂੰ ਜਦੋਂ ਸੰਗੀਤ ਦੀ ਕੁਝ ਵਾਅ (ਚੇਟਕ ਲੱਗਣੀ, ਸੋਝੀ ਹੋਣੀ) ਸੁਰ ਹੋਈ (ਅਸਰ ਹੋਣਾ) ਤਾਂ ਮੈਂ ਖ਼ਾਨ ਸਾਹਿਬ ਨੂੰ ਕਈਂ ਥਾਈਂ ਸੁਣਿਆ। ਮੈਂ ਓਹਨਾਂ ਨੂੰ ਆਲ ਇੰਡੀਆ ਰੇਡੀਓ ਤੋਂ ਵੀ ਸੁਣਿਆ। ਏਥੇ ਉਹ ਅਕਸਰ ਗਾਉਂਦੇ ਸਨ। ਮੇਰੇ ਵਾਕਣ ਪੱਕ ਨਾਲ ਹੋਰ ਦੁਨੀਆ ਵੀ ਓਹਨਾਂ ਨੂੰ ਸੁਣਦੀ ਹੋਸੀ। ਓਹਨਾਂ ਦਾ ਵਾਜ ਏਨਾ ਮਿੱਠਾ ਸੀ ਯਕੀਨ ਨਹੀਂ ਸੀ ਆਉਂਦਾ ਤੇ ਸੁਰ ਵਿੱਚ ਏਨੇ ਕੁ ਸਨ ਕਿ ਤੰਬੂਰੇ ਨਾਲੋਂ ਫ਼ਰਕ ਨਹੀਂ ਸੀ ਹੋਂਦਾ। ਓਹਨਾਂ ਕੋਲ ਵਾਜ ਗੁੜ੍ਹਤਲ (ਵਾਇਸ ਕਲਚਰ) ਦਾ ਇਕ ਪੂਰਾ ਵੇਹਾਰ ਸੀ। ਜੀਵੇਂ ਓਹਨਾਂ ਆਪਣਾ ਵਾਜ ਸੋਧਿਆ ਹੋਇਆ ਸੀ ਇੰਜ ਈ ਓਹਨਾਂ ਆਪਣੇ ਬਹੁਤ ਸਾਰੇ ਸ਼ਗਿਰਦਾਂ ਦੇ ਵਾਜ ਬਣਾਵਣ ਦਾ ਸਫਲ ਆਹਰ ਕੀਤਾ। ਏਥੇ ਮੈਂ ਅਨੰਤ ਰਾਓ ਗਡਗਿਲ ਦੀ ਮਿਸਾਲ ਦੇਨਾਂ। 1914-15 ਈ. ਵਿੱਚ ਕੇਸ਼ਵ ਰਾਓ ਭੋਂਸਲੇ ਖ਼ਾਨ ਸਾਹਿਬ ਨੂੰ ਮਿਰਾਜ ਦੇ ਗਣਪਤੀ ਮੇਲੇ ਵਿੱਚ ਗਾਉਣ ਲਈ ਬੁਲਾਇਆ। ਖ਼ਾਨ ਸਾਹਿਬ ਦੇ ਨਾਲ ਤੰਬੂਰੇ ਤੇ ਗਡਗਿਲ ਸਨ। ਜੇ ਤੁਸੀਂ ਅੱਖਾਂ ਮੀਟ ਕੇ ਸੁਣਦੇ ਤਾਂ ਆਖ ਨਹੀਂ ਸੋ ਸਕਦੇ ਪਈ ਕਦੋਂ ਖ਼ਾਨ ਸਾਹਿਬ ਚੁੱਪ ਕੀਤੇ ਨੇ ਤੇ ਕਦੋਂ ਗਡਗਿਲ ਸ਼ੁਰੂ ਹੋਏ ਨੇਂ। ਖ਼ਾਨ ਸਾਹਿਬ ਵਾਜ ਸੁੱਧ ਕਰਾਂਦਿਆਂ ਪਹਿਲੇ ਸਪਤਕ (ਸੱਤ ਸੁਰਾਂ) ਤੇ ਬੜਾ ਜ਼ੋਰ ਦੇਂਦੇ ਸਨ। ਸਵਾਏ ਗੰਧਰਵ ਇਕ ਵਾਰੀ ਮੈਨੂੰ ਦੱਸਿਆ ਖ਼ਾਨ ਸਾਹਿਬ ਰਾਤੀਂ ਭਾਵੇਂ ਕਿੰਨਾ ਚਿਰਕਾ ਸੌਂਦੇ ਪਰ ਖਰਜ (ਸੰਗੀਤ ਵਿਚ ਧੀਮਾ ਸੁਰ, ਰਾਗ ਦਾ ਪਹਿਲਾ ਸੁਰ 'ਸ') ਪਕਾਵਣ ਲਈ ਸਵੇਰੇ ਮੂੰਹ ਅਨ੍ਹੇਰੇ ਜ਼ਰੂਰ ਉੱਠ ਖਲੋਂਦੇ।

ਖ਼ਾਨ ਸਾਹਿਬ ਦਾ ਸਾਰਾ ਗਾਣਾ ਈ ਅਲਾਪ ਹੋਂਦਾ। ਮੈਨੂੰ ਗਾਵਿੰਦ ਰਾਓ ਤੇਂਬੇ ਦੀ ਗੱਲ ਅੱਜ ਵੀ ਚੇਤੇ ਆਉਂਦੀ ਏ। ਓਹਨਾਂ ਦਸਿਆ ਮੀਂਢਦਾਰ ਗਾਣੇ ਦਾ ਚਸਕਾ ਖ਼ਾਨ ਸਾਹਿਬ ਨੇ ਈ ਲੋਕਾਂ ਨੂੰ ਲਾਇਆ। ਮੀਂਢ (ਸਿਤਾਰ ਦੇ ਹੇਠਲੇ ਸਿਰੇ ਤੇ ਤਾਰਾਂ ਥੱਲੇ ਦਿੱਤਾ ਗਿਆ ਠੁਮਣਾ) ਤਾਰ ਦੇ ਸਾਜ਼ਾਂ ਦੀ ਚੀਜ਼ ਏ ਜੀਵੇਂ ਸਿਤਾਰ ਹੋ ਗਿਆ, ਵੀਣਾ ਹੋ ਗਈ। ਏਹਨਾਂ ਵਿਚ ਵਾਦਕ ਤਾਰ ਛਿੱਕਕੇ (ਖਿੱਚਕੇ) ਇਕ ਸੁਰ ਵਿਚ ਅਗਲੇ ਸੁਰਾਂ ਦੀ ਨੁਹਾਰ ਰਲਾਂਦੇ ਟੁਰੇ ਜਾਂਦੇ ਨੇਂ। ਸਗਵੀਂ ਕਾਰ ਖ਼ਾਨ ਸਾਹਿਬ ਨੇ ਅਲਾਪ ਦੀ ਹੋਂਦੀ ਸੀ ਕਿ ਮੀਂਢ ਮੁੱਕਣ ਵਿਚ ਈ ਨਹੀਂ ਸੀ ਆਉਂਦੀ। ਓਹਨਾਂ ਦਾ ਆਵਾਜ਼ ਚੜਖੜੀਆਂ ਖਾਂਦਾ, ਕੱਟਾਂ ਕੱਟਦਾ ਅੜੇ-ਭੁਰੇ ਬਿਨਾ ਸਵਾਹਰਾ ਇਕੋ ਜੇਹਾ ਵਗਦਾ ਰਹਿੰਦਾ। ਓਹਨਾਂ ਦਾ ਸੋਹਣਾ ਸੁੱਚਾ ਸੁਰ ਪੈਂਦ (ਸ਼ੁਰੂ ਤੋਂ ਹੀ ਪਹਿਲਾਂ) ਸਾਰ ਪਿੜ ਨੂੰ ਹਾਲ ਜੇਹਾ ਪਾ ਦੇਂਦਾ... ਤਾਨਾਂ ਦਾ ਵਨ-ਫੇਰਦੇ। ਹਰ ਅਲੰਕਾਰ (ਸਜਾਵਟ) ਗੋਲ਼ ਤੇ ਉੱਘੜਵਾਂ ਹੋਂਦਾ।

ਰੰਗ ਬੱਝਾ ਹੋਂਦਾ ਤਾਂ ਖ਼ਾਨ ਸਾਹਿਬ ਘੰਟਾ ਡੂਢ ਘੰਟਾ ਇਕੋ ਰਾਗ ਗਾਉਂਦੇ ਰਹਿੰਦੇ। ਓਹਨਾਂ ਦਾ ਅਲਾਪ ਆਪਣੇ ਈ ਨਮੂਨੇ ਦਾ ਹੋਂਦ... ਓਹ ਚੋਣਵੀਂ ਸੁਰ ਉਜਾਗਰ ਕਰਦੇ ਤੇ ਹਰ ਇਕ ਦੇ ਦਵਾਲੇ ਸੁਰਤੀਆਂ ਨਾਲ ਇਕ ਮਹੀਨ ਜੇਹੀ ਉਣਤੀ ਉਣਦੇ। ਇੰਜ ਦਾ ਅਲਾਪ ਕੁਝ ਵੱਡੇ ਰਾਗਾਂ ਵਿਚ ਈ ਹੋ ਸਕਦਾ ਏ, ਏਸ ਕਰਕੇ ਓਹ ਅਜੇਹੇ ਰਾਗ ਈ ਲੈਂਦੇ। ਸਵੇਲ (ਸਵੇਰ) ਦੇ ਰਾਗਾਂ ਵਿਚੋਂ ਓਹਨਾਂ ਨੂੰ ਭੈਰੋ, ਲਲਿਤ, ਟੋਡੀ, ਜੌਨਪੁਰੀ... ਦੁਪਹਿਰ ਦਿਆਂ ਵਿਚੋਂ ਭੀਮ ਪਲਾਸ, ਪਟ ਦੀਪ, ਮੁਲਤਾਨੀ, ਮਾਰਵਾ, ਮੀਆਂ ਦੀ ਮਲਹਾਰ ਤੇ ਰਾਤ ਦਿਆਂ ਵਿਚੋਂ ਯਮਨ, ਸ਼ੁੱਧ ਕਲਿਆਣ, ਭੂਪ (ਬਿਹਾਗ), ਬਾਗੇਸ਼ਰੀ, ਪੂਰਿਆ, ਮਾਲ ਕੌਂਸ, ਦਰਬਾਰੀ ਕਾਨ੍ਹੜਾ ਤੇ ਬਸੰਤ ਬਹੁਤ ਚੰਗੇ ਲੱਗਦੇ ਸਨ। ਸ਼ਾਗਿਰਦਾਂ ਦੇ ਆਖਣ ਤੇ ਕਦੀਂ-ਕਦਾਈਂ ਕੁਝ ਹੋਰ ਰਾਗ ਗਾਵਣ ਤੇ ਵੀ ਮੰਨ ਜਾਂਦੇ।

ਸਾਰੇ ਹਿੰਦੋਸਤਾਨ ਤੋਂ ਖ਼ਾਨ ਸਾਹਿਬ ਦੇ ਸਾਕ-ਅੰਗ ਕਦੀਂ ਨਾ ਕਦੀਂ ਮਿਲਣ ਆ ਜਾਂਦੇ। ਅਕਸਰਾਂ ਦਾ ਕਸਬ ਗੁਣ ਵਿਚ ਵੱਡਾ ਨਾਂ ਸੀ। ਖ਼ਾਨ ਸਾਹਿਬ ਆਪਣੇ ਸ਼ਾਗਿਰਦਾਂ ਨੂੰ ਓਹਨਾਂ ਦੇ ਨੇੜੇ ਹੋ ਕੇ ਅਛੋਪ ਅਸਥਾਈ ਅੰਤਰੇ (ਕਿਸੇ ਗੀਤ ਵਿਚ ਟੇਕ ਜਾਂ ਅਸਥਾਈ ਤੋਂ ਛੁੱਟ ਬਾਕੀ ਸਭ ਪਦ ਜਾਂ ਤੁਕਾਂ) ਸਿੱਖਣ ਦੀ ਪੱਕੀ ਕਰਦੇ। ਰਾਮ ਭਾ (ਸਵਾਏ ਗੰਧਰਵ) ਮੈਨੂੰ ਦੱਸਿਆ, "ਇਕ ਵਾਰੀ ਕੋਹਲਾਪੁਰ ਦੇ ਮਸ਼ਹੂਰ ਸਾਰੰਗੀਏ ਹੈਦਰ ਬਖ਼ਸ਼ ਖ਼ਾਂ ਆ ਕੇ ਖ਼ਾਨ ਸਾਹਿਬ ਕੋਲ ਮਹੀਨਾ ਪੱਕਾ ਰਹੇ। ਏਸ ਸਾਰੇ ਵੇਲੇ ਅਸਾਂ ਖ਼ਾਨ ਸਾਹਿਬ ਹੈਦਰ ਬਖ਼ਸ਼ ਖ਼ਾਂ ਤੋਂ ਕਿੰਨੀਆਂ ਸਾਰੀਆਂ ਚੀਜ਼ਾਂ ਸਿੱਖੀਆਂ।"

ਖ਼ਾਨ ਸਾਹਿਬ ਰਹੀਮ ਬਖ਼ਸ਼ ਖ਼ਾਂ ਹੈਦਰਾਬਾਦ ਦੇ ਮੰਨੇ ਪਰਮੰਨੇ ਸਾਰੰਗੀਏ ਸਨ। ਖ਼ਾਨ ਸਾਹਿਬ ਓਹਨਾਂ ਕੋਲ ਕਈ ਮਹੀਨੇ ਪਰੌਹਣੇ ਰਹੇ। ਦੋਵੇਂ ਉਸਤਾਦ ਹਸਤੀਆਂ ਰੋਜ਼ਾਨਾ ਕਈ-ਕਈ ਘੰਟੇ ਜੁੜ ਕੇ ਬੈਠਿਆਂ ਇਕ ਦੂਜੇ ਨਾਲ ਚੀਜ਼ਾਂ ਦਾ ਵਟਾਂਦਰਾ ਕਰਦੀਆਂ ਰਹਿੰਦੀਆਂ। ਤਮਨ ਵਨਤਮੋਰੇ ਏਸ ਸਮੇ ਖ਼ਾਨ ਸਾਹਿਬ ਦੇ ਨਾਲ ਸਨ। ਓਹਨਾਂ ਦੱਸਿਆ, "ਖ਼ਾਨ ਸਾਹਿਬ ਆਪਣੇ ਘਰਾਣਿਉਂ ਬਾਹਰੇ ਲੋਕਾਂ ਨਾਲ ਅਜੇਹੇ ਮਾਮਲੇ ਸਾਂਝੇ ਕਰਨੋਂ ਵਲ੍ਹਾਂਦੇ (ਗੱਲ ਨੂੰ ਛੁਪਾਉਣ ਦੀ ਕੋਸ਼ਿਸ਼ ਕਰਨੀ) ਸਨ।" ਓਹਨਾਂ ਦੀ ਗਾਇਕੀ ਤੇ ਵੀ ਖਰੀਆਂ-ਖਰੀਆਂ ਗੱਲਾਂ ਹੋ ਜਾਂਦੀਆਂ ਸਨ। ਏਹਦੇ ਬਾਰੇ ਓਹਨਾਂ ਦੇ ਸ਼ਾਗਿਰਦ ਇੰਜ ਦੱਸਦੇ ਨੇਂ :

"ਖ਼ਾਨ ਸਾਹਿਬ ਦੇ ਸੰਗੀਤ ਵਿਚ ਉਲੇਲ (ਤੀਬਰ ਇੱਛਾ, ਤਾਂਘ, ਹਿਲੋਰਾ) ਦਾ ਬਹੁਤ ਉਲਾਰ ਹੋਂਦਾ ਸੀ। ਕੋਈ ਸ਼ੈ ਵੀ ਏਹ ਉਲਾਰ ਵਿਗਾੜਦੀ ਜਾਪਦੀ ਤਾਂ ਓਹਨੂੰ ਛੱਡ ਦੇਂਦੇ। ਬੋਲ ਅੰਗ ਤੋਂ ਅਕਸਰ ਬਚਦੇ ਕਿਉਂ ਜੋ ਗਾਉਂਦਿਆਂ ਲਫ਼ਜ਼ਾਂ ਦੀ ਟੁੱਟ-ਭੱਜ ਨਾਲ ਗਾਣੇ ਦਾ ਰਸ ਤੇ ਬੰਦਸ਼ ਦੀ ਦਖ (ਚਿਹਰਾ-ਮੁਹਰਾ) ਵਿਗੜ ਜਾਂਦੀ ਸੀ। ਓਹਨਾਂ ਦੇ ਗਾਣੇ ਵਿੱਚ ਲੈ (ਅ) ਕਾਰੀ ਦੀ ਥਾਂ ਗਮਕ ਵਾਲ਼ੀਆਂ ਤਾਨਾਂ ਹੋਂਦੀਆਂ। ਆਪਣਾ ਵਾਜ ਮਿੱਠਾ ਬਣਾਵਣ ਲਈ ਓਹਨਾਂ ਬਹੁੰ ਜਫ਼ਰ ਜਾਲ਼ੇ ਸਨ...ਏਹਨੂੰ ਤਗੜਾ ਤੇ ਸੁਰ ਵਿੱਚ ਰੱਖਣ ਲਈ ਓਹ ਕਦੀਂ ਵੀ ਮਿਹਨਤ ਨਾ ਖੁੰਜਾਂਦੇ।"

ਖ਼ਾਨ ਸਾਹਿਬ ਪੱਕੇ ਗਾਣੇ ਦੇ ਨਾਲ ਨਾਲ ਠੁਮਰੀ (ਦੋ ਬੋਲਾਂ ਵਾਲਾ ਇਕ ਗੀਤ ਕੇਵਲ ਇਕੋ ਥਾਂ ਅਤੇ ਇਕੋ ਅੰਤਰੇ ਵਿੱਚ ਮੁੱਕ ਜਾਂਦਾ ਹੈ) ਦੇ ਵੀ ਬਹੁਤ ਵਜਰੀ ਸਨ। ਓਹਨਾਂ ਦੇ ਦੋ ਗਰਾਮੋਫ਼ੋਨ ਤਵੇ, "ਜਮਨਾ ਕੇ ਤੀਰ" ਤੇ "ਪੀਆ ਬਿਨ ਨਾਹੀਂ ਆਵਤ ਚੈਨ" ਏਂਹਦਾ ਪੱਕਾ-ਥਿਥਾ ਸਬੂਤ ਨੇਂ। ਏਹ ਦੋ ਚੀਜ਼ਾਂ ਸੁਣਦਿਆਂ ਮਨ ਈ ਨਹੀਂ ਰੱਜਦਾ। ਭਜਨ ਗਾਉਂਦਿਆਂ ਓਹ ਭਗਤੀ ਰਸ ਵਿੱਚ ਉੱਕਾ ਡੁੱਬ ਜਾਂਦੇ। ਓਹਨਾਂ ਦਾ ਗੰਵਿਆ ਭਜਨ, "ਗੋਪਾਲਾ ਮੇਰੀ ਕਰੁਣਾ ਕਿਉਂ ਨਹੀਂ ਆਵੇ" ਤਾਂ ਸੁਣਨ ਵਾਲ਼ਿਆਂ ਦੇ ਅੱਥਰੂ ਕਢਾ ਦੇਂਦਾ ਏ। ਕੀ ਜਾਣਤਕਾਰ ਤੇ ਕੀ ਅਣਜਾਣਤਕਾਰ ਓਹ ਆਪਣੇ ਸਭੇ ਸੁਣਨਹਾਰਾਂ ਦਾ ਖ਼ਿਆਲ ਕਰਦੇ ਸਨ। ਏਸ ਲਈ ਅਕਸਰ ਮਰਾਠੀ ਚੀਜ਼ਾਂ ਤੇ ਮਸ਼ਹੂਰ ਥੇਟਰੀ ਗਾਣੇ ਵੀ ਗਾਵਣ ਲੱਗ ਪੈਂਦੇ। ਓਹਨਾਂ ਦਾ ਗਾਣਾ ਹਰ ਵੰਨ ਦੇ ਬੰਦੇ ਨੂੰ ਪੋਂਹਦਾ ਸੀ। ਤਾਂ ਈ ਓਹਨਾਂ ਦੀ ਏਨੀ ਮਸ਼ਹੂਰੀ ਸੀ।

ਖ਼ਾਨ ਸਾਹਿਬ ਲੋਭ ਲਾਲਚ ਤੋਂ ਮੁਕਤ ਤੇ ਦਿਲ ਦੇ ਹੱਦੋਂ ਬਾਹਲ਼ੇ ਨਰਮ ਸਨ। ਲੋੜਵੰਦਾਂ ਦੀ ਮਦਦ ਕੀਤੇ ਬਿਨਾ ਰਹਿ ਨਹੀਂ ਸਨ ਸਕਦੇ। ਏਸ ਲਈ ਪੈਸਾ ਕਦੀ ਨਹੀਂ ਸਨ ਨੇਂ ਟਿੱਕਿਆ (ਨਿਸ਼ਚਤ ਕਰਨਾ, ਮੁਕਾਉਣਾ, ਮੁੱਕਰਰ ਕਰਨਾ)।

ਖ਼ਾਨ ਸਾਹਿਬ ਅਦਬੁਲ ਕਰੀਮ ਖ਼ਾਨ ਦੀ ਤਾਸ਼ੇ (ਟੰਮਕ, ਨਗਾਰਾ) ਵਾਲਿਆਂ ਤੋਂ ਲੈ ਕੇ ਬੈਂਡ ਵਾਜੇ ਵਾਲਿਆਂ ਤਾਈਂ ਹਰ ਨਿੱਕੇ ਮੋਟੇ ਗਾਣ-ਵਜਾਣ ਵਾਲੇ ਨਾਲ ਯਾਰੀ ਸੀ। ਮੀਰਾ ਸਾਹਿਬ ਦੇ ਉਰਸ ਤੇ ਏਹਨਾਂ ਸਾਰੇ ਲੋਕਾਂ ਨੂੰ ਸੱਦ ਕੇ ਮੁਕਾਬਲਾ ਕਰਵਾਂਦੇ ਤੇ ਆਪਣੇ ਪੱਲਿਉਂ ਟਿੱਕੇ, ਪਗੜੀਆਂ ਤੇ ਹੋਰ ਇਨਾਮ-ਕਰਾਮ ਦੇਂਦੇ। ਮੁਕਾਬਲੇ ਕਈਂ ਵਾਰ ਸੋਤੇ (ਡੂੰਘੀਆਂ ਸ਼ਾਮਾਂ, ਸੌਣ ਵੇਲਾ) ਪਿਛਲੇ ਪੂਰੇ ਹੁੰਦੇ ਤਾਂ ਏਹ ਲੋਕ ਖ਼ਾਨ ਸਾਹਿਬ ਨੂੰ ਆਪੋ-ਆਪਣੇ ਸਾਜ਼ਾਂ ਜਲੌ ਵਿਚ ਘਰ ਛੱਡਕੇ ਆਉਂਦੇ। ਏਹਨਾਂ ਸੰਗੀਤਕਾਰਾਂ ਤੇ ਹੋਰ ਰੁਲਿਆਂ-ਖੁਲਿਆਂ ਨੂੰ ਖ਼ਾਨ ਸਾਹਿਬ ਵਲੋਂ ਈ ਲੰਗਰ ਮਿਲਦਾ। ਜਦੋਂ ਹਰ ਕੋਈ ਖਾ ਲੈਂਦਾ ਤਾਂ ਬੁਰਕੀ ਤੋੜਦੇ।

ਖ਼ਾਨ ਸਾਹਿਬ ਦੀ ਹਸਤੀ ਦੇ ਕਈ ਪੱਖ ਸਨ। ਮਿਰਾਜ ਸਿਤਾਰ ਤੇ ਤੰਬੂਰੇਗਰਾਂ ਦੀ ਜਨਮ ਭੂਮੀ ਸੀ। ਏਹ ਸਾਰੇ ਕਾਰੀਗਰ ਲੋਕ ਖ਼ਾਨ ਸਾਹਿਬ ਨੂੰ ਪੂਜਦੇ ਸਨ। ਕਰੀਮ ਖ਼ਾਨ ਸਾਹਿਬ ਨੂੰ ਤੰਬੂਰੇ ਦੀ ਢੇਰ ਸਮਝ ਸੀ। ਏਸ ਲਈ ਸਾਜ਼ਗਰ ਪੁੱਛ-ਪੁੱਛਕੇ ਟੁਰਦੇ। ਆਪਣੇ ਤੰਬੂਰਿਆਂ ਦਾ ਬੜਾ ਧਿਆਨ ਰਹਿੰਦਾ ਸਨ ਨੇਂ। ਜੇ ਕਿਧਰੇ ਮਾੜੀ ਜੇਹੀ ਵੀ ਜਵਾਹਰੀ ਹਿੱਲ ਜਾਂਦੀ ਤਾਂ ਚਿੰਤਾ ਲੱਗ ਜਾਂਦੀ।



ਮਿਰਾਜ ਦੇ ਮਸ਼ਹੂਰ ਸਿਤਾਰਗਰ ਹੁਸੈਨ ਸਾਹਿਬ ਖ਼ਾਨ ਸਾਹਿਬ ਦੇ ਗੂੜ੍ਹੇ ਬੇਲੀ ਸਨ ਤੇ ਓਹੋ ਈ ਓਹਨਾਂ ਦਾ ਸਾਰਾ ਕੰਮ ਕਰਦੇ ਸਨ। ਅਬਦੁਲ ਕਰੀਮ ਖ਼ਾਂ ਆਪੂੰ ਬਹੁੰ ਸੁੱਚੇ ਜਵਾਹਰੀਗਰ ਸਨ।

ਕਿਸੇ ਯਾਰ-ਸੱਜਣ ਯਾ ਮਿਲਣ-ਗਿਲਣ ਵਾਲ਼ੇ ਦੇ ਘਰ ਗਾਣੇ ਦੀ ਗੱਲ ਹੋਂਦੀ ਤਾਂ ਪੈਸੇ-ਧੇਲੇ ਦਾ ਉੱਕਾ ਨਾਂ ਨਾ ਲੈਂਦੇ। ਸ਼ਾਗਿਰਦ ਦੱਸਦੇ ਨਾ ਥੱਕਦੇ ਖ਼ਾਨ ਸਾਹਿਬ ਕੀਵੇਂ ਓਹਨਾਂ ਦੀਆਂ ਨਿੱਕੀਆਂ-ਨਿੱਕੀਆਂ ਲੋੜਾਂ ਦਾ ਖ਼ਿਆਲ ਰੱਖਦੇ ਸਨ।

ਖ਼ਾਨ ਸਾਹਿਬ ਨੇ ਆਪਣੇ ਕੇਰਾਨਾ ਘਰਾਣੇ ਦੀ ਰੀਤ ਤਗੜੀ ਕੀਤੀ ਤੇ ਪੂਰੇ ਮੁਲਖ ਤੋਂ ਮਨਵਾਈ। ਓਹਨਾਂ ਦੀ ਦੱਖਣੀ ਹਿੰਦੋਸਤਾਨ ਤੇ ਖ਼ਾਸ ਕਰ ਮਦਰਾਸ ਵਿੱਚ ਢੇਰਾਂ ਮਾਨਤਾ ਸੀ। ਰਾਮ ਭਾ ਕੰਡਗੋਲਕਰ (ਸਵਾਏ ਗੰਧਰਵ) ਓਹਨਾਂ ਦੇ ਗਾਣੇ ਦੀ ਉੱਘੜਵੀਂ ਮੂਰਤ ਸਨ। ਓਹ ਖ਼ਾਨ ਸਾਹਿਬ ਦੇ ਨਾਲ ਸੱਤ ਅੱਠ ਵਰ੍ਹੇ ਰਹੇ। ਉਹਨਾਂ ਆਪਣਾ ਆਪ ਖ਼ਾਨ ਸਾਹਿਬ ਨੂੰ ਸੌਂਪ ਛੱਡਿਆ ਸੀ। ਖ਼ਾਨ ਸਾਹਿਬ ਦੀ ਨਿੱਕੀ ਨਿੱਕੀ ਲੋੜ ਦਾ ਖ਼ਿਆਲ ਕਰਦੇ ਤੇ ਪੂਰੇ ਧਿਆਨ ਨਾਲ ਓਹਨਾਂ ਦੀ ਇਕ ਇਕ ਸ਼ੈ ਨੂੰ ਆਪਣੇ ਅੰਦਰ ਸਮੀਚਦੇ ਰਹਿੰਦੇ। ਓਹਨਾਂ ਨਾਗਪੁਰ ਤੇ ਬਾਕੀ ਦੇ ਮਹਾਰਾਸ਼ਟਰ ਤੋਂ ਅੱਡ ਕਲਕੱਤਾ ਕਾਨਫ਼ਰੰਸਾਂ ਵਿੱਚ ਬੜਾ ਨਾ ਕਮਾਇਆ।

ਰਾਮ ਭਾ ਕੰਡਗੋਲਕਰ ਨੇ ਗੁਰੂ ਚੇਲੇ ਦੀ ਏਹ ਰੀਤ ਅੱਗੇ ਵਧਾਈ। ਗੰਗੂ ਬਾਈ ਹੰਗਲ ਤੇ ਭੀਮ ਸੈਨ ਜੋਸ਼ੀ ਓਹਨਾਂ ਦੇ ਈ ਸ਼ਾਗਿਰਦ ਨੇਂ। ਰਾਮ ਭਾ ਆਪਣੇ ਜਵਾਈ ਡਾਕਟਰ ਨਾਨਾ ਸਾਹਿਬ ਦੇਸ਼ ਪਾਂਡੇ ਨੂੰ ਵੀ ਗਾਣਾ ਸਿਖਾਇਆ।

ਕੋਹਲਾਪੁਰ ਵਾਲੇ ਵਿਸ਼ਵਾ ਨਾਥ ਜਾਧਵ ਸਾਹਿਬ ਖ਼ਾਨ ਸਾਹਿਬ ਨਿਸਾਰ ਹੁਸੈਨ ਖ਼ਾਂ ਗਵਾਲਿਅਰੀਏ ਤੋਂ ਸਿੱਖੇ ਹੋਏ ਸਨ ਪਰ ਜਦੋਂ ਖ਼ਾਨ ਸਾਹਿਬ ਅਬਦੁਲ ਕਰੀਮ ਖ਼ਾਂ ਨੂੰ ਸੁਣਿਆ ਤਾਂ ਏਨੇ ਪੋਹੀਜੇ (ਪ੍ਰਭਾਵਿਤ ਹੋਣਾ, ਚੰਗਾ ਲੱਗਣਾ) ਓਹਨਾਂ ਦੇ ਗੰਢਾ ਬੰਨ੍ਹ ਸ਼ਾਗਿਰਦ ਹੋ ਗਏ।

ਖ਼ਾਨ ਸਾਹਿਬ ਦੇ ਹੋਰ ਨਾਮੀ-ਗਰਾਮੀ ਸ਼ਾਗਿਰਦ ਸ਼ਰਥ ਬੂਵਾ ਮੁਲੇ ਤੇ ਅਨੰਤ ਰਾਓ ਗਡਗਿਲ ਹੋਏ ਨੇਂ। ਗਣੇਸ਼ ਰਾਮ ਚੰਦਰ ਬਹਿਰੇ ਬੂਵਾ ਵੀ ਕੁਝ ਵਰ੍ਹੇ ਖ਼ਾਨ ਸਾਹਿਬ ਤੋਂ ਸਿੱਖਦੇ ਰਹੇ।

ਸੁਰੇਸ਼ ਬਾਬੂ ਮਾਨੇ ਤੇ ਹੀਰਾ ਬਾਈ ਬੜੋਦਕਰ ਦੋਵੇਂ ਅਸਲ ਵਿੱਚ ਖ਼ਾਨ ਸਾਹਿਬ ਦੇ ਸ਼ਾਗਿਰਦ ਸਨ ਪਰ ਮਗਰੋਂ ਹੀਰਾ ਬਾਈ ਖ਼ਾਨ ਸਾਹਿਬ ਵਹੀਦ ਖ਼ਾਂ ਤੋਂ ਸਿੱਖਣ ਲੱਗ ਪਏ। ਹੀਰਾ ਬਾਈ ਤੇ ਓਹਨਾਂ ਦੀਆਂ ਭੈਣਾਂ ਖ਼ਾਨ ਸਾਹਿਬ ਦੀ ਬਰਸੀ ਤੇ ਲਾਜ਼ਮੀ ਗਾਉਂਦੀਆਂ। ਮਿਰਾਜ ਵਿੱਚ ਹਜ਼ਰਤ ਮੀਰਾ ਸਾਹਿਬ ਦਾ ਉਰਸ ਤੇ ਖ਼ਾਨ ਸਾਹਿਬ ਅਬਦੁਲ ਕਰੀਮ ਖ਼ਾਂ ਦੀ ਬਰਸੀ ਨਾਲ-ਨਾਲ ਈ ਆਉਂਦੇ। ਹੀਰਾ ਬਾਈ ਨੇ ਬੜੇ ਆਹਰ ਨਾਲ ਮਿਰਾਜ ਵਿਚ ਖ਼ਾਨ ਸਾਹਿਬ ਦੀ ਯਾਦਗਾਰ ਲਈ ਪੈਸੇ ਇਕੱਠੇ ਕੀਤੇ। ਓਹਨਾਂ ਆਪਣੇ ਗਾਣੇ ਤੇ ਨਾਟਕਾਂ ਤੋਂ ਹੋਈ ਆਮਦਨ ਨਾਲ਼ ਖ਼ਾਨ ਸਾਹਿਬ ਦੇ ਘਰ ਦੇ ਨਾਲ਼ ਇਕ ਬਿਲਡਿੰਗ ਉਸਾਰੀ। ਏਥੇ ਖ਼ਾਨ ਸਾਹਿਬ ਦੇ ਨਾਂ ਤੇ ਸੰਗੀਤ ਸਿਖਿਆਲਾ ਖੋਲਣ ਦਾ ਮਤਾ ਏ। ਸੈਲਾਨੀ ਗਵੱਈਆਂ ਦੇ ਰਹਿਣ ਦੀ ਥਾਂ ਵੀ ਬਣਾਈ ਜਾਣੀ ਏ। ਖ਼ਾਨ ਸਾਹਿਬ ਦੇ ਬੇਗਮ ਬਾਨੋ ਬਾਈ ਓਹਨਾਂ ਦੇ ਬਣਵਾਏ ਮਕਾਨ ਵਿੱਚ ਰਹਿ ਕੇ ਲੋਕਾਂ ਨੂੰ ਸੰਗੀਤ ਸਿਖਾਉਂਦੇ ਰਹੇ। ਉਹ 17 ਫ਼ਰਵਰੀ 1970 ਈ. ਨੂੰ ਪੂਰੇ ਹੋਏ।

ਪੰਡਤ ਕਪਲੇਸ਼ਵਰੀ ਬੂਵਾ ਤੇ ਓਹਨਾਂ ਦੇ ਭਰਾ ਵੀ ਖ਼ਾਨ ਸਾਹਿਬ ਤੋਂ ਸਿੱਖੇ। ਏਹ ਦੋਵੇਂ ਭਰਾ ਆਪਣੇ ਸਕੂਲ ਸਰਸਵਤੀ ਸੰਗੀਤ ਸਿਖਿਆਲੇ ਬੰਬੇ ਵਿੱਚ ਸ਼ਾਗਿਰਦਾਂ ਨੂੰ ਕੇਰਾਨਾ ਗਾਇਕੀ ਦੀ ਸਿੱਖਿਆ ਦੇਂਦੇ ਸਨ।

ਮਸ਼ਹੂਰ ਗਾਇਕਾ ਰੌਸ਼ਨ ਆਰਾ ਬੇਗਮ ਖ਼ਾਨ ਸਾਹਿਬ ਦੇ ਮਰਨ ਤੋਂ ਦੋ ਵਰ੍ਹੇ ਪਹਿਲਾਂ ਸ਼ਾਗਿਰਦੀ ਦਾ ਸ਼ਗਨ ਪੂਰਾ ਕੀਤਾ। 1947 ਈ. ਵਿੱਚ ਰੌਸ਼ਨ ਆਰਾ ਬੇਗਮ ਪਾਕਿਸਤਾਨ ਟੁਰ ਗਏ।

ਖ਼ਾਨ ਸਾਹਿਬ ਆਪਣੀ ਸਿਹਤ ਦਾ ਬੜਾ ਧਿਆਨ ਰੱਖਦੇ ਸਨ। ਗੂੜ੍ਹੇ ਬੇਲੀਆਂ ਦੇ ਘਰਾਂ ਤੋਂ ਸਿਵਾ ਕਿਧਰੇ ਚਾਹ ਦੀ ਪਿਆਲਾ ਵੀ ਨਹੀਂ ਸਨ ਪੀਂਦੇ। ਜਵਾਨੀ ਵੇਲੇ ਪਹਿਲਵਾਨੀ ਦਾ ਸ਼ੌਕ ਸਨ ਨੇਂ। ਵਜੂਦ ਭਾਵੇਂ ਛੀਟਕਾ ਸੀ ਪਰ ਟਿੱਲ (ਜ਼ੋਰ, ਤਾਣ, ਬਲ) ਵਾਲੇ ਸਨ। ਉਹ 27 ਅਕਤੂਬਰ 1947 ਈ. ਨੂੰ ਮਦਰਾਸ ਪਰੈਜ਼ੀਡੈਂਸੀ ਦਾ ਦੌਰਾ ਕਰਦਿਆਂ ਫ਼ੌਤ ਹੋਏ। ਓਹਨਾਂ ਦੇ ਸ਼ਾਗਿਰਦ ਤਮਨ ਵੰਤਮੋਰੇ ਦੱਸਿਆ ਏ:

-ਖ਼ਾਨ ਸਾਹਿਬ ਮਹਿਫ਼ਲਾਂ ਕਰਦੇ ਹੋਏ ਸਲਾਨਾ ਉਰਸ ਤੇ ਮਿਰਾਜ ਪਰਤੇ। ਮੀਰਾ ਸਾਹਿਬ ਦੀ ਹਾਜ਼ਰੀ ਦੇ ਕੇ ਆਪਣੇ ਸ਼ਾਗਿਰਦ ਸੋਹਣੀ ਤੇ ਸਿਤਾਰਗਰ ਮੁਹੰਮਦ ਹਨੀਫ਼ ਨਾਲ ਮਦਰਾਸ ਟੁਰ ਪਏ। ਮਦਰਾਸ ਵਿੱਚ ਓਸ ਐਤਵਾਰ ਓਹਨਾਂ ਦਾ ਢੇਰ ਰੱਜਵਾਂ ਸਵਾਗਤ ਹੋਇਆ। ਓਹਨਾਂ ਨੂੰ ਇਕ ਸੌ ਸੱਥਾਂ ਤੇ ਲੋਕਾਈ ਰਲ਼ਕੇ ਹਾਰ ਪਾਇਆ।

ਖ਼ਾਨ ਸਾਹਿਬ ਅਗਲੇ ਦਿਨ ਪਾਂਡੀਚਰੀ ਦੀਆਂ ਕੁਝ ਸੱਥਾਂ ਲਈ ਇਮਦਾਦੀ ਗਾਇਨ ਕਰਨਾ ਸੀ। ਏਸ ਲਈ ਮਦਰਾਸ ਵਿੱਚ ਇਕ ਦਿਨ ਅਰਾਮ ਕਰਕੇ ਰਾਤੀਂ ਸਾਢੇ ਨੌਂ ਵਜੇ ਪਾਂਡੀਚਰੀ ਦੀ ਗੱਡੀ ਵਿੱਚ ਬਹਿ ਗਏ।

ਖ਼ਾਨ ਸਾਹਿਬ ਆਪਣੇ ਬੇਲੀ ਗ਼ੌਂਸ ਮਹੀਉਲਦੀਨ ਨਾਲ ਦਰਜਾ ਦੋਮ ਵਿੱਚ ਸਨ। ਦਸ ਵਜੇ ਦੋਵੇਂ ਲੰਮੇ ਪੈ ਗਏ। ਗ਼ੌਂਸ ਮਹੀਉਲਦੀਨ ਝਟ ਸੌਂ ਗਏ। ਖ਼ਾਨ ਸਾਹਿਬ ਨੂੰ ਨੀਂਦਰ ਨਾ ਪਈ। ਡੱਬੇ ਵਿੱਚ ਟਹਿਲਣ ਲੱਗ ਪਏ। ਸਾਢੇ ਦਸ ਵਜੇ ਗ਼ੌਂਸ ਮਹੀਉਲਦੀਨ ਦੇ ਹੱਥ ਨੂੰ ਖ਼ਾਨ ਸਾਹਿਬ ਦੀ ਸ਼ੇਰਵਾਨੀ ਦਾ ਪੱਲਾ ਲੱਗਾ ਤਾਂ ਉਹ ਉੱਠ ਬੈਠੇ। ਖ਼ਾਨ ਸਾਹਿਬ ਖਿਝੇ ਪਏ ਸਨ। ਓਹਨਾਂ ਖ਼ਾਨ ਸਾਹਿਬ ਦਾ ਦਿਲ ਧਰਾਂਦਿਆਂ ਆਖਿਆ, "ਕੋਈ ਨਹੀਂ ਤੁਸੀਂ ਡਰੋ ਨਾ, ਚੰਗੇ ਹੋ ਜਾਸੋ।" ਖ਼ਾਨ ਸਾਹਿਬ ਆਖਿਆ, "ਡਰਾਂ ਨਾ? ਮੈਂ ਡਰਦਾ ਤੇ ਨਹੀਂ ਪਿਆ। ਮੌਤ ਤੋਂ ਕੀ ਡਰਨਾ? ਮੌਤ ਬਰਹੱਕ (ਸੱਚਾਈ ਤੇ ਨਿਰਭਰ, ਸੱਚ, ਮੁਨਾਸਿਬ) ਏ।" ਗਿਆਰਾਂ ਵਜੇ ਗੱਡੀ ਸੰਗ ਪੋਇਮ ਕੋਲਮ ਨਾਂ ਦੇ ਸਟੇਸ਼ਨ ਤੇ ਖਲੋਤੀ। ਖ਼ਾਨ ਸਾਹਿਬ ਓਥੇ ਉਤਰਨ ਦਾ ਫ਼ੈਸਲਾ ਕਰ ਲਿਆ। ਓਹਨਾਂ ਆਪਣਾ ਸਮਿਆਨ ਬੰਨੇ ਕੱਢਿਆ ਤੇ ਨਾਲਦਿਆਂ ਨੂੰ ਲਹਿ ਪੈਣ ਦਾ ਆਖਿਆ। ਖ਼ਾਨ ਸਾਹਿਬ ਦਾ ਬਿਸਤਰਾ ਪਲੇਟ ਫ਼ਾਰਮ ਉੱਤੇ ਲੱਗ ਗਿਆ। ਓਹ ਝੱਟ ਕੁ ਬੈਠੇ ਤੇ ਫੇਰ ਕਾਅਬੇ ਸ਼ਰੀਫ਼ ਵਲੇ ਮੂੰਹ ਫੇਰਕੇ ਨਮਾਜ਼ ਪੜ੍ਹਿਓ ਨੇਂ। ਤੇ ਰੱਬ ਤੋਂ ਗੁਨਾਹਵਾਂ ਦੀ ਮੁਆਫ਼ੀ ਮੰਗੀ। ਏਸ ਮਗਰੋਂ ਰਾਗ ਦਰਬਾਰੀ ਕਾਨ੍ਹੜੇ ਵਿੱਚ ਰੱਬ ਦਾ ਨਾਂ ਧਿਆਂਦੇ ਰਹੇ। ਫੇਰ ਕਿਬਲੇ (ਜਿਸ ਪਾਸੇ ਮੂੰਹ ਕਰਕੇ ਨਮਾਜ਼ ਪੜ੍ਹਦੇ ਹਨ, ਕਾਬਾ) ਵਲ ਮੂੰਹ ਕਰਕੇ ਲੰਮੇ ਪੈ ਗਏ ਤੇ ਏਥੇ ਈ ਪੂਰੇ ਹੋ ਗਏ। ਓਹਨਾਂ ਨੂੰ ਮਦਰਾਸ ਲੈ ਆਂਦੋ ਨੇਂ। ਸੱਜਣ ਬੇਲੀ ਤੇ ਚਾਹਵਾਨ ਓਥੇ ਈ ਦੱਬਣਾ ਚਾਹੁੰਦੇ ਸਨ। ਪਰ ਮਿਰਾਜ ਤੋਂ ਏਨੀਆਂ ਕੁ ਤਾਰਾਂ ਖੜਕੀਆਂ ਕਿ ਮਈਅਤ (ਜਨਾਜ਼, ਲਾਸ਼) ਕਾਰ ਤੇ ਮਿਰਾਜ ਟੋਰਨੀ ਪਈ। ਰਾਹ ਵਿੱਚ ਲੋਕੀਂ ਥਾਂ ਥਾਂ ਫੁੱਲ ਵਾਰਨ ਲਈ ਖੁਲ੍ਹੇ ਸਨ। ਅਣਗਿਣਤ ਵਾਰ ਕਾਰ ਖਲ੍ਹਿਆਰਨੀ ਪਈ। ਬੇਗਮ ਸਾਹਿਬਾ ਓਹਨਾਂ ਦੀ ਕਬਰ ਲਈ ਕੋਈ ਉਜ਼ਰ ਨਾ ਕੀਤਾ ਤੇ ਖ਼ਾਨ ਸਾਹਿਬ ਨੂੰ ਓਹਨਾਂ ਦੀ ਆਪਣੀ ਦੱਸੀ ਹੋਈ ਥਾਂ ਤੇ ਮੀਰਾ ਸਾਹਿਬ ਦੀ ਦਰਗਾਹ ਦੇ ਦੱਖਣ ਬੰਨੇ ਦੱਬ ਦਿੱਤੋਂ ਨੇਂ। ਇੰਜ ਏਹ ਹਰਮਨ ਪਿਆਰੇ ਗਵੱਈਏ ਦੁਨੀਆ ਤੋਂ ਓਹਲੇ ਹੋਏ ਤੇ ਓਹਨਾਂ ਦੀ ਅਣਮਿੱਟ ਕਲਾ ਤਵਿਆਂ ਦੇ ਰੂਪ ਵਿੱਚ ਨਿਸ਼ਾਨੀ ਰਹਿ ਗਈ।

1972 ਈ. ਖ਼ਾਨ ਸਾਹਿਬ ਦੇ ਜੰਮਣ ਦਾ ਸੌਵਾਂ ਵਰ੍ਹਾ ਸੀ। ਏਸੇ ਸਾਲ ਸਤੰਬਰ ਵਿੱਚ ਪੂਨੇ ਓਹਨਾਂ ਦੀ ਸੌਵੀਂ ਵਰ੍ਹੇ ਗੰਢ ਦਾ ਭਾਰਾ ਜਸ਼ਨ ਹੋਇਆ। ਏਸ ਵਰ੍ਹੇ ਮੀਰਾ ਸਾਹਿਬ ਦੇ ਉਰਸ ਦੇ ਮੌਕਿਆ ਤੇ ਅਣਗਿਣਤ ਸੰਗੀਤਕਾਰਾਂ ਖ਼ਾਨ ਸਾਹਿਬ ਦੇ ਸੌਵੇਂ ਜੰਮਣ ਦੇਹਾੜੇ ਦੀ ਚੌਕੀ ਦਿੱਤੀ। ਏਦੋਂ ਈ ਓਹਨਾਂ ਦੇ ਸ਼ਾਗਿਰਦ ਪੰਡਤ ਬਾਲ ਕ੍ਰਿਸ਼ਨ ਬੂਵਾ ਕਪਲੇਸ਼ਵਰੀ ਦੀ ਖ਼ਾਨ ਸਾਹਿਬ ਉੱਤੇ ਲਿਖੀ ਕਿਤਾਬ ਵਰਤੀਜੀ। ਏਹ ਸੌ ਸਾਲਾ ਜਸ਼ਨ ਹਿੰਦੋਸਤਾਨ ਵਿੱਚ ਕਈਂ ਥਾਈਂ ਹੋਇਆ ਤੇ ਖ਼ਾਨ ਸਾਹਿਬ ਦੀ ਯਾਦ ਨੂੰ ਚੜ੍ਹਾਵੇ ਚੜ੍ਹੇ।

*ਸੰਪਰਕ- 89683-43252*

# ਰਾਧਾ ਗੋਬਿੰਦ ਕਰ : ਇਕ ਜਾਣਕਾਰੀ


ਸ਼ੁਭਰ ਦਾਸ

ਅਨੁ. : ਜਸਪਾਲ ਮਾਨਖੇੜਾ


ਕੋਲਕਾਤਾ ਦੇ ਆਰ. ਜੀ. ਕਰ ਮੈਡੀਕਲ ਕਾਲਜ ਦਾ ਨਾਂਅ ਅੱਜ ਚਰਚਾ ਵਿਚ ਹੈ। ਬੀਤੀ 9 ਅਗਸਤ ਨੂੰ ਜੂਨੀਅਰ ਡਾਕਟਰ ਦੇ ਰੇਪ ਅਤੇ ਕਤਲ ਤੋਂ ਬਾਅਦ ਸੁਰਖੀਆਂ ਵਿਚ ਆਏ ਇਸ ਆਰ. ਜੀ. ਕਰ ਮੈਡੀਕਲ ਕਾਲਜ ਕੋਲਕਾਤਾ ਬਾਰੇ ਹਰ ਕੋਈ ਜਾਨਣਾ ਚਾਹੁੰਦਾ ਹੈ। ਮੈਂ ਆਪਣੇ ਇਸ ਲੇਖ (ਅਨੁਵਾਦਤ) ਵਿਚ ਇਸ ਹਸਪਤਾਲ ਦਾ ਮੁੱਢਲਾ ਇਤਿਹਾਸ ਸਾਂਝਾ ਕਰਨ ਲੱਗਾ ਹਾਂ...।

ਇਸ ਕਹਾਣੀ ਦੀ ਸ਼ੁਰੂਆਤ ਕੁਝ ਇਸ ਤਰ੍ਹਾਂ ਹੁੰਦੀ ਹੈ ਕਿ....

ਇਕ ਆਦਮੀ ਵਿਆਹ ਪੰਡਾਲ ਦੇ ਗੇਟ ਦੇ ਸਾਹਮਣੇ ਖੜ੍ਹਾ ਹੋ ਕੇ ਭੀਖ ਮੰਗ ਰਿਹਾ ਹੈ। ਉਹ ਭਿਖਾਰੀ ਜਿਹਾ ਨਹੀਂ ਸੀ ਦਿਸ ਰਿਹਾ...। ਉਹ ਤਾਂ ਪੜ੍ਹਿਆ-ਲਿਖਿਆ ਲੱਗ ਰਿਹਾ ਸੀ। ਫਿਰ ਵੀ ਭੀਖ ਮੰਗ ਰਿਹਾ ਸੀ। ਕੋਈ ਭੀਖ ਦੇ ਰਿਹਾ ਸੀ, ਕੋਈ ਭੀਖ ਦਿੱਤੇ ਬਿਨਾਂ ਲੰਘ ਜਾਂਦਾ ਸੀ। ਇਹ ਗੱਲ ਸਾਲ 1904 ਜਾਂ 1905 ਦੀ ਹੈ।

ਸੰਨ 1883 ਵਿਚ ਡਾ. ਰਾਧਾ ਗੋਬਿੰਦ ਕਰ ਕੋਲਕਾਤਾ ਮੈਡੀਕਲ ਕਾਲਜ ਤੋਂ ਇਮਤਿਹਾਨ ਪਾਸ ਕਰਕੇ ਵਿਦੇਸ਼ (ਏਡਿਨਬਰਗ ਯੂਨੀਵਰਸਿਟੀ) ਤੋਂ ਐੱਮ. ਆਰ. ਸੀ. ਪੀ. ਦੀ ਡਿਗਰੀ ਪ੍ਰਾਪਤ ਕਰਕੇ ਵਾਪਸ ਪਰਤੇ ਸਨ। ਫਿਰ ਉਹ ਪ੍ਰੈਕਟਿਸ ਕਰਨ ਲੱਗੇ। ਗਰੀਬਾਂ ਦਾ ਮਸੀਹਾ ਬਣਨ ਦੀ ਇਹ ਸ਼ੁਰੂਆਤ ਸੀ। ਮਰੀਜ਼ਾਂ ਕੋਲ ਦਵਾਈ ਖਰੀਦਣ ਦੇ ਪੈਸੇ ਨਹੀਂ ਸੀ ਹੁੰਦੇ। ਉਹ ਮਰੀਜ਼ਾਂ ਤੋਂ ਫੀਸ ਨਹੀਂ ਲੈਂਦੇ ਸਨ। ਉਹ ਤਾਂ ਮਰੀਜ਼ਾਂ ਨੂੰ ਦਵਾਈ ਖਰੀਦਣ ਲਈ ਪੈਸੇ ਦੇ ਦਿੰਦੇ ਸਨ।

ਉਸ ਸਮੇਂ ਹੀ ਕਲਕੱਤਾ ਵਿਚ ਪਲੇਗ ਦੀ ਭਿਆਨਕ ਮਹਾਂਮਾਰੀ ਫੈਲ ਗਈ। ਹਰ ਰੋਜ਼ ਬਹੁਤ ਸਾਰੇ ਲੋਕ ਮਰਨ ਲੱਗੇ। ਉੱਤਰੀ ਕੋਲਕਾਤਾ ਵਿਚ ਡਾਕਟਰ ਆਰ. ਜੀ. ਕਰ ਸਾਰੇ ਡਰ-ਸ਼ੰਕਿਆਂ ਨੂੰ ਨਜ਼ਰ-ਅੰਦਾਜ਼ ਕਰਕੇ ਪੂਰਾ ਦਿਨ ਮਰੀਜ਼ ਵੇਖ ਰਿਹਾ ਸੀ। ਉਹ ਮਰੀਜ਼ਾਂ ਦੇ ਰਿਸ਼ਤੇਦਾਰਾਂ ਨੂੰ ਵੀ ਜਾਗਰੂਕ ਕਰ ਰਿਹਾ ਸੀ।

ਉਸ ਦੇ ਇਸ ਕੰਮ ਵਿਚ ਇਕ ਨੇਕ ਔਰਤ ਸਿਸਟਰ ਨਿਵੇਦਤਾ ਵੀ ਉਨ੍ਹਾਂ ਦਾ ਸਾਥ ਦੇ ਰਹੀ ਸੀ। ਨਿਵੇਦਤਾ ਵੀ ਖਾਣਾ-ਪੀਣਾ, ਨਹਾਉਣਾ ਭੁੱਲ ਕੇ ਸਾਰਾ-ਸਾਰਾ ਦਿਨ ਮਰੀਜ਼ਾਂ ਦੀ ਸੇਵਾ ਵਿਚ ਲੱਗੀ ਰਹਿੰਦੀ ਸੀ। ਵਿਦੇਸ਼ਾਂ ਦਾ ਪੜ੍ਹਿਆ, ਐੱਮ. ਆਰ. ਸੀ. ਪੀ. ਡਿਗਰੀ ਪ੍ਰਾਪਤ ਡਾਕਟਰ ਤਪਦੀ ਧੁੱਪ ਵਿਚ ਸਾਈਕਲ ਚਲਾ ਕੇ ਘਰ-ਘਰ, ਮੁਹੱਲੇ-ਮੁਹੱਲੇ ਮਰੀਜ਼ਾਂ ਦਾ ਇਲਾਜ ਕਰਨ ਜਾਂਦਾ ਸੀ। ਲੋਕ ਉਸ ਨੂੰ ਬਹੁਤ ਪਿਆਰ ਕਰਦੇ ਸਨ। ਉਸ ਨੇ ਆਪਣੇ ਮਨ ਦੀ ਇੱਛਾ ਨਾਲ ਸੇਵਾ ਦਾ ਇਹ ਮਾਰਗ ਚੁਣਿਆ ਸੀ। ਕੁਝ ਲੋਕ ਵਚਿੱਤਰ ਹੁੰਦੇ ਹਨ ..... ਜੋ ਰੋਸ਼ਨੀ ਦੀ ਕਿਰਨ ਵਰਗੇ ਹੁੰਦੇ ਹਨ।

ਉਨ੍ਹੀਂ ਦਿਨੀਂ ਕਲਕੱਤਾ ਮੈਡੀਕਲ ਕਾਲਜ ਦੀ ਸਥਾਪਨਾ ਹੋ ਚੁੱਕੀ ਸੀ। ਉੱਥੇ ਯੂਰਪੀਨ ਲੋਕਾਂ ਦਾ ਬੋਲਬਾਲਾ ਸੀ। ਭਾਰਤੀਆਂ ਨਾਲ ਚੰਗਾ ਵਿਵਹਾਰ ਨਹੀਂ ਸੀ ਕੀਤਾ ਜਾਂਦਾ। ਉਨ੍ਹਾਂ (ਡਾ. ਕਰ) ਸੋਚਿਆ ਕਿ ਜੇ ਇਕ ਹੋਰ ਮੈਡੀਕਲ ਕਾਲਜ ਦੀ ਸਥਾਪਨਾ ਹੋ ਜਾਵੇ ਤਾਂ ਦੇਸ਼ ਦੇ ਲੋਕਾਂ ਨੂੰ ਚੰਗੀਆਂ ਸਿਹਤ ਸੇਵਾਵਾਂ ਮਿਲ ਸਕਦੀਆਂ ਹਨ, ਪ੍ਰੰਤੂ ਐਨੇ ਪੈਸੇ ਕੌਣ ਦੇਵੇਗਾ? ਉਸ ਦੇ ਪਾਸ ਜੋ ਪੈਸੇ, ਜਮ੍ਹਾਂ-ਪੂੰਜੀ ਹੈ, ਉਹ ਸਾਰੀ ਕਾਲਜ ਅਤੇ ਹਸਪਤਾਲ ਚਲਾਉਣ ਲਈ ਨਾਮਾਤਰ ਹੈ।

ਫਿਰ ਉਹ ਖੁਦ ਹਸਪਤਾਲ ਬਣਾਉਣ ਲਈ ਅਮੀਰ ਲੋਕਾਂ ਨੂੰ ਮਿਲਣ ਲੱਗੇ ਅਤੇ ਆਪਣਾ ਸੁਪਨਾ ਪੂਰਾ ਕਰਨ ਲਈ ਉਨ੍ਹਾਂ ਅੱਗੇ ਹੱਥ ਫੈਲਾਉਣ ਲੱਗੇ। ਫਿਰ ਸ਼ੁਰੂ ਹੋਇਆ ਉਨ੍ਹਾਂ ਦਾ ਸੰਘਰਸ਼.....। ਕਿਸੇ ਰਈਸ ਦੇ ਘਰ ਵਿਆਹ ਸਮਾਰੋਹ ਚੱਲ ਰਿਹਾ ਸੀ, ਡਾਕਟਰ ਬਾਬੂ ਗੇਟ 'ਤੇ ਖੜ੍ਹਾ ਹੋ ਕੇ ਆ ਰਹੇ ਮਹਿਮਾਨਾਂ ਨੂੰ ਕਹਿ ਰਿਹਾ ਸੀ .... 'ਕੁਝ ਪੈਸੇ ਦਾਨ ਕਰ ਦਿਓ... ਹਸਪਤਾਲ ਬਣਾਉਣ 'ਚ ਮਦਦ ਕਰੋ...।'

ਪ੍ਰੰਤੂ ਉਸ ਨੂੰ ਬਹੁਤੀ ਸਕਾਰਾਤਮਕ ਸਹਾਇਤਾ ਨਹੀਂ ਮਿਲਦੀ ਸੀ। ਅਧਿਕਤਰ ਲੋਕਾਂ ਤੋਂ ਉਸ ਨੂੰ ਨਾਂਹ-ਪੱਖੀ ਜਵਾਬ ਹੀ ਮਿਲਦਾ। ਕਈ ਵਾਰ ਕੋਈ ਜਾਣਕਾਰ ਵਿਅਕਤੀ ਵੀ ਮਿਲ ਜਾਂਦਾ ਸੀ, ਜੋ ਉਸ ਦੀ ਮਦਦ ਕਰਦਾ, ਆਪਣੀ ਜੇਬ ਵਿਚੋਂ ਪੈਸੇ ਕੱਢ ਕੇ ਦਾਨ ਪਾਤਰ ਵਿਚ ਪਾ ਦਿੰਦਾ। ਇਸ ਤਰ੍ਹਾਂ ਉਸ ਨੇ ਵੱਖ-ਵੱਖ ਤਰੀਕਿਆਂ ਨਾਲ ਧਨ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ।

ਆਰੰਭ ਵਿਚ ਸਕੂਲ ਬੈਠਕ ਖਾਨਾ ਰੋਡ 'ਤੇ ਇਕ ਕਿਰਾਏ ਦੇ ਘਰ ਵਿਚ ਚਲਾਇਆ ਗਿਆ। ਬ੍ਰਿਟਿਸ਼ ਹਕੂਮਤ ਵਾਲੇ ਮੈਡੀਕਲ ਕਾਲਜ ਦੇ ਉਲਟ ਇਥੇ ਕਲਾਸਾਂ ਅੰਗਰੇਜ਼ੀ, ਹਿੰਦੋਸਤਾਨੀ ਅਤੇ ਬੰਗਲਾ ਵਿਚ ਪੜ੍ਹਾਈਆਂ ਜਾਂਦੀਆਂ। ਡਾ. ਕਰ ਸੰਸਥਾ ਦੇ ਹਰ ਪਹਿਲੂ 'ਤੇ ਗਹਿਰਾਈ ਨਾਲ ਜੁੜੇ ਹੋਏ ਸਨ। ਇਥੋਂ ਤੱਕ ਵਿਅਕਤੀਗਤ ਰੂਪ ਵਿਚ ਸੰਸਥਾ ਲਈ ਧਨ ਇਕੱਠਾ ਕਰਨ ਵਿਚ ਵੀ ....। ਕੁਝ ਹੀ ਸਮੇਂ ਬਾਅਦ ਸੰਸਥਾ ਬੋਬਜ਼ਾਰ ਸਟਰੀਟ ਵਿਚ ਤਬਦੀਲ ਹੋ ਗਈ, ਉਦੋਂ ਤੱਕ ਇਕ ਪ੍ਰਮੁੱਖ ਮੈਡੀਕਲ ਕਾਲਜ ਬਣਨ ਦੀ ਨੀਂਹ ਰੱਖੀ ਜਾ ਚੁੱਕੀ ਸੀ।

1898 ਵਿਚ ਇਕ ਹੋਰ ਮਹੱਤਵਪੂਰਨ ਕਦਮ ਪੁੱਟਿਆ ਗਿਆ। ਹੁਣ ਵਾਲੇ ਥਾਂ ਵਾਲੀ ਬਾਰਾਂ ਬਿੱਘੇ (ਚਾਰ ਏਕੜ) ਜ਼ਮੀਨ ਪੱਕੀ ਇਮਾਰਤ ਉਸਾਰਨ ਲਈ ਖਰੀਦ ਲਈ ਗਈ। ਇਸ ਜ਼ਮੀਨ ਪ੍ਰਾਪਤੀ ਨੇ ਮੈਡੀਕਲ ਸਿੱਖਿਆ ਅਤੇ ਸਿਹਤ ਸੇਵਾਵਾਂ ਦੀਆਂ ਇਸ ਖੇਤਰ ਵਿਚ ਵਧਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਅਹਿਮ ਕਾਰਜ ਕੀਤਾ। 1902 ਵਿਚ ਉਸ ਸਮੇਂ ਦੇ ਗਵਰਨਰ ਲਾਰਡ ਵੁਡਬਰਨ ਨੇ 30 ਬਿਸਤਰਿਆਂ ਦੇ ਹਸਪਤਾਲ ਦਾ ਉਦਘਾਟਨ ਕੀਤਾ। ਰਾਇਲ ਪ੍ਰਿੰਸ ਅਲਬਰਟ ਵਿਕਟਰ ਦੇ ਸਨਮਾਨ ਵਜੋਂ ਹਸਪਤਾਲ ਦਾ ਨਾਂਅ ਅਲਬਰਟ ਵਿਕਟਰ ਕਾਲਜ ਰੱਖਿਆ ਗਿਆ। ਇਸ ਤਰ੍ਹਾਂ ਮੈਡੀਕਲ ਸਿੱਖਿਆ ਦੇ ਨਾਲ ਮੈਡੀਕਲ ਸੇਵਾਵਾਂ ਪ੍ਰਦਾਨ ਕਰਨ ਦੀ ਕਾਲਜ ਵਿਚ ਮੁੱਢਲੀ ਸ਼ੁਰੂਆਤ ਹੋਈ।

1916 ਵਿਚ ਬੇਲਗਾਚੀਆ (ਕਲਕੱਤਾ) ਵਿਚ ਇਕ ਵੱਡੇ ਮੈਡੀਕਲ ਕਾਲਜ ਨਾਲ ਵੱਡਾ ਵਿਸਥਾਰ ਹੋਇਆ, ਜਿਸ ਦਾ ਉਦਘਾਟਨ ਉਸ ਸਮੇਂ ਦੇ ਗਵਰਨਰ ਲਾਰਡ ਕਾਰਮਾਈਕਲ ਨੇ ਕੀਤਾ ਸੀ। ਇਸ ਤੋਂ ਬਾਅਦ ਕਈ ਸਾਲਾਂ ਤੱਕ ਇਸ ਨੂੰ ਕਾਰਮਾਈਕਲ ਕਾਲਜ ਦੇ ਨਾਂਅ ਨਾਲ ਹੀ ਜਾਣਿਆ ਜਾਂਦਾ ਰਿਹਾ। ਜੋ ਇਸ ਦੇ ਸੰਸਥਾਪਕ ਦੀ ਵਿਰਾਸਤ ਨੂੰ ਦਰਸਾਉਂਦਾ ਸੀ। ਕਾਲਜ ਨੇ 1919 ਵਿਚ ਮਹੱਤਵਪੂਰਨ ਮੀਲ ਪੱਥਰ ਸਥਾਪਤ ਕੀਤਾ, ਜਦੋਂ ਇਸ ਨੂੰ ਕਲਕੱਤਾ ਯੂਨੀਵਰਸਿਟੀ ਨਾਲ ਸੰਬੰਧਤਤਾ ਪ੍ਰਾਪਤ ਹੋਈ, ਜਿਸ ਨਾਲ ਕਾਲਜ ਐੱਮ. ਬੀ. ਦੀ ਡਿਗਰੀ ਦੇਣ ਦੇ ਸਮਰੱਥ ਹੋ ਗਿਆ। ਫਿਰ ਡਾ. ਕਰ ਨੇ ਮੈਡੀਕਲ ਦੇ ਵਿਦਿਆਰਥੀਆਂ ਲਈ ਬੰਗਲਾ 'ਚ ਮੈਡੀਕਲ ਪੁਸਤਕਾਂ ਲਿਖੀਆਂ। ਕਿਉਂਕਿ ਉਨ੍ਹਾਂ ਨੂੰ ਲੱਗਿਆ ਕਿ ਜੇ ਲੋਕਾਂ ਦੀ ਮੂਲ ਭਾਸ਼ਾ ਵਿਚ ਮੈਡੀਕਲ ਅਧਿਐਨ ਅਤੇ ਅਧਿਆਪਨ ਸ਼ੁਰੂ ਹੋ ਜਾਵੇ ਤਾਂ ਸਿਹਤ ਵਿਗਿਆਨ ਦੇ ਖੇਤਰ ਵਿਚ ਨਵਾਂ ਰਸਤਾ ਖੁੱਲ੍ਹ ਜਾਵੇਗਾ।

ਉਨ੍ਹਾਂ ਦੀ ਪਹਿਲੀ ਪੁਸਤਕ 'ਭੀਸ਼ ਬੰਧੂ' 1871 ਵਿਚ ਪ੍ਰਕਾਸ਼ਿਤ ਹੋਈ ਅਤੇ ਉਨ੍ਹਾਂ ਨੇ ਕਈ ਜ਼ਿਕਰਯੋਗ ਪੁਸਤਕਾਂ ਲਿਖੀਆਂ ਸਨ, ਜਿਨ੍ਹਾਂ ਵਿਚ ਕਾਨਸਿਸ ਫਿਜਿਆਲੋਜੀ (Concise Physiology), ਰੋਗੀ ਪ੍ਰੀਚਰਚਿਆ (Rogi Pricharchyya), ਇਲਸਟਰਾਏਸ਼ਨ ਐਂਡ ਬਰੀਫ ਥਿਊਰੀ ਆਫ ਗਾਯਨੋਕਾਲੋਜੀ (Illustration and brief theory of Gynaecolgy) ਅਤੇ ਬਰੀਫ ਫਿਜਿਆਲੋਜੀ (Brief Physiology) ਸ਼ਾਮਲ ਹਨ।

ਫਿਰ ਇਕ ਦਿਨ ਅਚਾਨਕ 19 ਦਸੰਬਰ 1918 ਨੂੰ ਪੁਨਰ ਜਾਗਰਣ ਦੇ ਇਸ ਮਹਾਨ ਪੁਰਸ਼ ਦੀ ਇਨਫਲਿਊਜ਼ਾ ਨਾਲ ਮੌਤ ਹੋ ਗਈ। ਆਪਣੀ ਮੌਤ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਮੈਡੀਕਲ ਕਾਲਜ ਨੂੰ ਸਭ ਕੁਝ ਦਾਨ ਕਰ ਦਿੱਤਾ। ਸੰਨ 1948 ਵਿਚ ਮੁੱਖ ਮੰਤਰੀ ਡਾ. ਬਿਧਾਨ ਚੰਦਰ ਰਾਏ ਨੇ ਉਨ੍ਹਾਂ ਦੇ ਹਸਪਤਾਲ ਦਾ ਨਾਂਅ 'ਆਰ. ਜੀ. ਕਰ ਮੈਡੀਕਲ ਕਾਲਜ' ਰੱਖ ਦਿੱਤਾ।

ਡਾਕਟਰ ਬਾਬੂ ਦਾ ਪੂਰਾ ਨਾਂਅ ਰਾਧਾ ਗੋਬਿੰਦ ਕਰ ਸੀ, ਜਿਸ ਨੂੰ ਸੰਖੇਪ ਵਿਚ ਆਰ. ਜੀ. ਕਰ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਰਾਧਾ ਗੋਬਿੰਦ ਕਰ ਦਾ ਜਨਮ 23 ਅਗਸਤ 1850 ਨੂੰ ਸੰਤਰਾਗਾਛੀ, ਹਾਵੜਾ ਦੇ ਇਕ ਅਜਿਹੇ ਪਰਵਾਰ ਵਿਚ ਹੋਇਆ, ਜਿਨ੍ਹਾਂ ਦੀਆਂ ਜੜ੍ਹਾਂ ਮੈਡੀਕਲ ਖੇਤਰ ਨਾਲ ਡੂੰਘੀਆਂ ਜੁੜੀਆਂ ਹੋਈਆਂ ਸਨ। ਉਨ੍ਹਾਂ ਦੇ ਪਿਤਾ ਡਾ. ਦੁਰਗਾ ਦਾਸ ਕਰ ਪ੍ਰਸਿੱਧ ਡਾਕਟਰ ਸਨ, ਜਿਨ੍ਹਾਂ ਨੇ ਢਾਕਾ ਵਿਚ ਮਿਡਫੋਰਡ ਹਸਪਤਾਲ ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਦੇ ਭਰਾ ਡਾ. ਰਾਧਾ ਮਾਧਵ ਕਰ ਮਸ਼ਹੂਰ ਡਾਕਟਰ ਸਨ।

ਉਸ ਸਮੇਂ ਡਾ. ਰਾਧਾ ਗੋਬਿੰਦ ਕਰ ਐਸ਼ੋ-ਆਰਾਮ ਨਾਲ ਵੀ ਜੀਵਨ ਬਤੀਤ ਕਰ ਸਕਦੇ ਸਨ, ਪਰ ਅਜਿਹੇ ਲੋਕ ਸਮਾਜ ਨੂੰ ਕੁਝ ਦੇਣ ਲਈ ਆਉਂਦੇ ਹਨ..... ਬਦਲੇ ਵਿਚ ਸਾਥੋਂ ਕੁਝ ਨਹੀਂ ਚਾਹੁੰਦੇ।

'..... ਬਦਲੇ ਵਿਚ ਸਾਥੋਂ ਕੁਛ ਨਹੀਂ ਚਾਹੁੰਦੇ.....।'

ਲੇਖ ਦੀ ਉਕਤ ਸਤਰ ਸਾਡੇ ਸਾਹਮਣੇ ਸਵਾਲ ਬਣ ਕੇ ਖੜ੍ਹ ਗਈ ਹੈ। ਪਰਉਪਕਾਰੀ ਉਸਰੱਈਆਂ ਵੱਲੋਂ ਸਥਾਪਤ ਕੀਤੀਆਂ ਸੰਸਥਾਵਾਂ ਅਤੇ ਕਦਰਾਂ-ਕੀਮਤਾਂ, ਜੀਵਨ ਮੁੱਲਾਂ ਨੂੰ ਕੀ ਸਿਸਟਮ ਇਉਂ ਹੀ ਤਹਿਸ-ਨਹਿਸ ਕਰਦਾ ਰਹੇਗਾ?

ਜੂਨੀਅਰ ਟਰੇਨੀ ਡਾਕਟਰ ਦੇ ਬਲਾਤਕਾਰ ਅਤੇ ਕਤਲ ਨਾਲ ਸਾਹਮਣੇ ਨੰਗਾ ਹੋਇਆ ਘਿਨਾਉਣਾ ਵਰਤਾਰਾ ਸਾਡੇ ਸਾਹਮਣੇ ਸੱਪ ਵਾਂਗ ਫਨ ਚੁੱਕੀ ਵੰਗਾਰ, ਫੁੰਕਾਰ ਰਿਹਾ ਹੈ।

ਅਸੀਂ ਕਦੋਂ ਇਸ ਨਾਲ ਦੋ-ਚਾਰ ਹੋਵਾਂਗੇ! ?

*ਮੋਬਾ. 97800-42156*

# ਭ੍ਰਿਸ਼ਟਾਚਾਰ ਦੀ ਕਾਂਗ ਰੋਕਣ ਲਈ ਲੋਕ ਉਡੀਕਦੇ ਪਏ ਨੇ ਅੰਨਾ ਵਰਗੇ ਇੱਕ ਹੋਰ ਮਸੀਹੇ ਨੂੰ

ਗੱਲ ਕੋਈ ਛੇ ਕੁ ਮਹੀਨੇ ਪਹਿਲਾਂ ਦੀ ਹੈ। ਅਸੀਂ ਇੱਕ ਵਿਆਹ ਸਮਾਗਮ ਵਿੱਚ ਸਾਂ ਅਤੇ ਪੰਜਾਬ ਦੇ ਕੁਝ ਮੰਤਰੀ ਅਤੇ ਹੋਰ ਪ੍ਰਮੁੱਖ ਵਿਅਕਤੀ ਸਾਡੇ ਨਾਲ ਵਾਲੀਆਂ ਕੁਰਸੀਆਂ ਉੱਤੇ ਬੈਠੇ ਹੋਏ ਸਨ। ਅਚਾਨਕ ਇੱਕ ਮੰਤਰੀ ਹਰਿਆਣੇ ਦਾ ਆ ਗਿਆ, ਅਸੀਂ ਸਾਰੇ ਕੁੜੀ ਵਾਲੇ ਪਰਵਾਰ ਵੱਲੋਂ ਸਾਂ ਅਤੇ ਉਹ ਦੂਸਰੇ ਪਾਸੇ ਵਾਲਿਆਂ ਦਾ ਨੇੜੂ ਸੀ। ਸਿਆਸਤ ਦੇ ਧਨੰਤਰ ਬੈਠੇ ਹੋਣ ਤਾਂ ਸਿਆਸੀ ਗੱਲਾਂ ਵੀ ਚੱਲਦੀਆਂ ਹਨ ਤੇ ਸਮਾਜ ਦੀ ਹਾਲਤ ਬਾਰੇ ਵੀ ਹਰ ਕੋਈ ਦੂਸਰਿਆਂ ਤੋਂ ਵੱਧ ਜਾਣਕਾਰੀ ਹੋਣ ਅਤੇ ਬਾਕੀ ਸਭ ਨੂੰ ਬੇਈਮਾਨ ਤੇ ਆਪਣੇ ਆਪ ਨੂੰ ਈਮਾਨਦਾਰੀ ਦਾ ਪੁਤਲਾ ਦੱਸਣ ਲੱਗ ਜਾਂਦਾ ਹੈ। ਓਥੇ ਵੀ ਇਹੋ ਕੁਝ ਚੱਲ ਪਿਆ ਅਤੇ ਫਿਰ ਕਿਉਂਕਿ ਹਰਿਆਣੇ ਵਾਲਾ ਮੰਤਰੀ ਭਾਰਤੀ ਜਨਤਾ ਪਾਰਟੀ ਦਾ ਅਤੇ ਪੰਜਾਬ ਵਾਲੇ ਮੰਤਰੀ ਆਮ ਆਦਮੀ ਪਾਰਟੀ ਦੇ ਸਨ, ਇਸ ਲਈ ਦੋਵਾਂ ਧਿਰਾਂ ਦੇ ਰਾਜ ਦੇ ਚੰਗੇ-ਮਾੜੇ ਪੱਖਾਂ ਬਾਰੇ ਉਹ ਚਰਚਾ ਚੱਲਣ ਲੱਗ ਪਈ, ਜਿਹੜੀ 'ਵਿਆਹ ਵਿੱਚ ਬੀਅ ਦਾ ਲੇਖਾ' ਛੇੜਨ ਵਾਂਗ ਜਾਪਦੀ ਸੀ। ਖਾਣਾ ਖਾਣ ਵੇਲੇ ਤੱਕ ਇਸ ਗੱਲ ਉੱਤੇ ਸਾਰਿਆਂ ਦੀ ਸਹਿਮਤੀ ਜਾਪਣ ਲੱਗ ਪਈ ਕਿ ਰਾਜ ਕਿਸੇ ਵੀ ਪਾਰਟੀ ਜਾਂ ਕਿਸੇ ਵੀ ਆਗੂ ਦਾ ਵੇਖ ਲਈਏ, ਅੱਜ ਸਮੁੱਚੇ ਭਾਰਤ ਵਿੱਚ ਭ੍ਰਿਸ਼ਟਾਚਾਰ ਤੋਂ ਕੋਈ ਨੁੱਕਰ ਬਚੀ ਨਹੀਂ ਰਹਿ ਸਕੀ। ਇੱਕ ਜਣੇ ਨੇ ਵੱਖਰੀ ਗੱਲ ਇਹ ਵੀ ਕਹਿ ਦਿੱਤੀ ਕਿ ਅੰਗਰੇਜ਼ਾਂ ਦਾ ਦਿੱਤਾ ਅਫਸਰੀ ਢਾਂਚਾ ਸੁਧਾਰ ਕਦੇ ਹੋਣ ਨਹੀਂ ਦੇਂਦਾ, ਹਰ ਨਵੀਂ ਸਰਕਾਰ ਦੇ ਮੰਤਰੀਆਂ ਨੂੰ ਆਪਣੀ ਚਾਟ ਉੱਤੇ ਲਾ ਲੈਂਦਾ ਅਤੇ ਸਾਰੇ ਨਫੇ-ਨੁਕਸਾਨ ਦੇ ਫਾਰਮੂਲੇ ਦੱਸਣ ਦੇ ਨਾਲ ਵਿਚੋਲਿਆਂ ਦੀ ਲਿਸਟ ਵੀ ਦੇ ਦੇਂਦਾ ਹੈ।

ਮਸਾਂ ਦੋ ਦਿਨ ਗੁਜ਼ਰੇ ਸਨ ਕਿ ਇੱਕ ਸੱਜਣ ਦਾ ਫੋਨ ਆਇਆ ਕਿ ਮਿਲਣਾ ਚਾਹੁੰਦੇ ਹਨ। ਮੈਂ ਹਾਮੀ ਭਰੀ ਤਾਂ ਉਹ ਓਸੇ ਦਿਨ ਆਣ ਪਹੁੰਚੇ ਅਤੇ ਦੱਸਿਆ ਕਿ ਉਹ ਹਾਈ ਕੋਰਟ ਦੇ ਰਿਟਾਇਰਡ ਜੱਜ ਹਨ ਅਤੇ ਜਿਸ ਵਿਆਹ ਦੌਰਾਨ ਸਾਡੀ ਉੱਪਰ ਵਾਲੀ ਗੱਲਬਾਤ ਚੱਲ ਰਹੀ ਸੀ, ਉਸ ਸਮਾਗਮ ਵਿੱਚ ਉਹ ਸਾਡੇ ਪਿੱਛੇ ਵਾਲੀਆਂ ਕੁਰਸੀਆਂ ਉੱਤੇ ਬੈਠੇ ਸਭ ਕੁਝ ਸੁਣ ਰਹੇ ਸਨ। ਉਹ ਆਏ ਵੀ ਏਸੇ ਮਸਲੇ ਬਾਰੇ ਵਿਚਾਰ ਕਰਨ ਲਈ ਸਨ ਕਿ ਸਮਾਜ ਦੀ ਨਿੱਘਰਦੀ ਹਾਲਤ ਦੇ ਸੁਧਾਰ ਲਈ ਕੁਝ ਕਰਨਾ ਚਾਹੀਦਾ ਹੈ, ਪਰ ਕੀਤਾ ਕੀ ਜਾਵੇ, ਏਥੇ ਆ ਕੇ ਉਨ੍ਹਾਂ ਦਾ ਮਨ ਨਿਰਾਸ਼ ਹੋ ਜਾਂਦਾ ਸੀ ਕਿ ਸਾਰੇ ਤਰਫੀਂ ਭ੍ਰਿਸ਼ਟਾਚਾਰ ਫੈਲਿਆ ਪਿਆ ਹੈ, ਨਾਲ ਤੁਰਨ ਵਾਲਾ ਬੰਦਾ ਕੋਈ ਨਹੀਂ ਤੇ ਜਿਹੜੇ ਲੱਭਦੇ ਹਨ, ਜਦੋਂ ਉਹ ਨਾਲ ਤੋਰ ਲਏ ਤਾਂ ਫਿਰ ਲੜਨਾ ਕਿਸ ਦੇ ਖਿਲਾਫ ਹੈ! ਯਾਨਿ ਵੱਡੇ ਚੋਰ ਇਹੋ ਜਿਹੀ ਮੁਹਿੰਮ ਦੇ ਮੋਹਰੀ ਬਣਨ ਲਈ ਸਾਰਿਆਂ ਤੋਂ ਕਾਹਲੇ ਹੁੰਦੇ ਹਨ। ਉਸ ਜੱਜ ਸਾਹਿਬ ਨੇ ਅਜੋਕੀ ਸਿਆਸਤ ਦੇ ਨਿਘਾਰ ਦੀ ਚਰਚਾ ਵਿੱਚ ਕਿਸੇ ਦਾ ਲਿਹਾਜ਼ ਨਹੀਂ ਸੀ ਕੀਤਾ, ਨਾ ਧਾਰਮਿਕ ਪੱਖ ਵਾਲਿਆਂ ਬਾਰੇ, ਨਾ ਸਮਾਜ ਸੇਵੀ ਸੰਸਥਾਵਾਂ ਦੇ ਨਿਘਾਰ ਬਾਰੇ ਅਤੇ ਨਾ ਉਸ ਨਿਆਂ ਪ੍ਰਣਾਲੀ ਨਾਲ ਜੁੜੇ ਲੋਕਾਂ ਬਾਰੇ, ਜਿਸ ਦਾ ਉਹ ਖੁਦ ਲੰਮਾ ਸਮਾਂ ਅੰਗ ਰਹਿ ਚੁੱਕੇ ਸਨ। ਲੰਮੀ ਗੱਲਬਾਤ ਦੇ ਬਾਅਦ ਉਨ੍ਹਾ ਰਾਏ ਦਿੱਤੀ ਕਿ ਸਮਾਜ ਲਈ ਕੁਝ ਕੀਤਾ ਜਾਣਾ ਚਾਹੀਦਾ ਹੈ, ਬਹੁਤੇ ਬੇਸ਼ੱਕ ਨਾ ਸਹੀ, ਸਿਰਫ ਪੰਜ ਬੰਦੇ ਵੀ ਨਾਲ ਲੈ ਕੇ ਚੱਲ ਪਈਏ ਤਾਂ ਹੌਲੀ-ਹੌਲੀ ਕਾਫਲਾ ਬਣ ਜਾਂਦਾ ਹੈ। ਉਨ੍ਹਾਂ ਉਰਦੂ ਦਾ ਸ਼ੇਅਰ ਵੀ ਬੋਲਿਆ ਕਿ 'ਅਕੇਲਾ ਹੀ ਚਲਾ ਥਾ ਜ਼ਾਨਬੇ ਮੰਜ਼ਿਲ, ਲੋਗ ਮਿਲਤੇ ਗਏ, ਕਾਰਵਾਂ ਬਨਤਾ ਗਇਆ।' ਸਵਾਲ ਏਥੇ ਆ ਕੇ ਰੁਕ ਗਿਆ ਕਿ ਮੁੱਢਲੇ ਪੰਜ ਬੰਦੇ ਕਿਹੜੇ ਲੱਭੇ ਜਾਣ ਅਤੇ ਸਾਡੀ ਦੋਵਾਂ ਦੀ ਰਾਏ ਜਿਸ ਪਹਿਲੇ ਬੰਦੇ ਬਾਰੇ ਬਣ ਗਈ, ਉਸ ਨੂੰ ਮਿਲਣ ਅਤੇ ਏਦਾਂ ਦੀ ਕਿਸੇ ਕੋਸ਼ਿਸ਼ ਦਾ ਅੰਗ ਬਣਨ ਲਈ ਮਨਾਉਣ ਲਈ ਉਨ੍ਹਾ ਸਾਰੀ ਜ਼ਿੰਮੇਵਾਰੀ ਮੇਰੇ ਉੱਤੇ ਸੁੱਟ ਦਿੱਤੀ। ਉਹ ਚਿਤਵਿਆ ਗਿਆ ਬੰਦਾ ਪੰਜਾਬ ਦਾ ਚੀਫ ਸੈਕਟਰੀ ਰਹਿ ਚੁੱਕਾ ਸੀ ਅਤੇ ਆਮ ਰਾਏ ਇਹ ਸੀ ਕਿ ਸਾਰੀ ਉਮਰ ਉਹ ਦਾਗਾਂ ਤੋਂ ਬਚਿਆ ਰਿਹਾ ਹੈ।

ਤੀਹ-ਪੈਂਤੀ ਸਾਲਾਂ ਪਿੱਛੋਂ ਮੇਰਾ ਫੋਨ ਸੁਣ ਕੇ ਉਸ ਨੇ ਖੁਦ ਹੀ ਮਿਲਣ ਲਈ ਤਾਂਘ ਦਿਖਾਈ ਅਤੇ ਇੱਕ ਘੰਟੇ ਤੱਕ ਮੈਂ ਉਨ੍ਹਾ ਦੇ ਘਰ ਪਹੁੰਚ ਗਿਆ। ਉਸ ਨੇ ਸਾਰੀ ਕਹਾਣੀ ਸੁਣਨ ਦੇ ਬਾਅਦ ਪਹਿਲੀ ਗੱਲ ਇਹ ਕਹਿ ਦਿੱਤੀ ਕਿ ਜਦੋਂ ਸਭ ਪਾਸੇ ਅੰਨ੍ਹਾ ਖਾਤਾ ਚੱਲਦਾ ਪਿਆ ਹੈ, ਤੁਹਾਡੇ-ਸਾਡੇ ਨਾਲ ਚੱਲਣ ਵਾਲੇ ਬਹੁਤੇ ਲੋਕ ਲੱਭਣੇ ਨਹੀਂ, ਪਰ ਤੁਸੀਂ ਜਦੋਂ ਪੰਜ ਜਣੇ ਏਦਾਂ ਦੇ ਲੱਭ ਲਵੋਗੇ, ਮੈਂ ਪੂਰੀ ਤਰ੍ਹਾਂ ਤੁਹਾਡੇ ਨਾਲ ਹਾਂ, ਪੈਰ ਕਦੀ ਪਿੱਛੇ ਨਹੀਂ ਖਿੱਚਾਂਗਾ। ਹਾਈ ਕੋਰਟ ਦੇ ਸਾਬਕਾ ਜੱਜ ਸਾਹਿਬ ਵੀ ਅਤੇ ਮੈਂ ਵੀ ਪੂਰਾ ਤਾਣ ਲਾ ਕੇ ਥੱਕ ਗਏ, ਸਾਨੂੰ ਏਦਾਂ ਦੇ ਪੰਜ ਬੰਦੇ ਨਹੀਂ ਲੱਭ ਸਕੇ, ਕਿਸੇ ਦੇ ਬਾਰੇ ਜ਼ਾਹਰਾ ਨਾ ਸਹੀ, ਲੁਕਵੇਂ ਕਿੱਸੇ ਬਹੁਤ ਸੁਣਨ ਨੂੰ ਮਿਲ ਗਏ ਤੇ ਇੱਕ ਜਣੇ ਨੇ ਸਾਫ ਹੀ ਕਹਿ ਦਿੱਤਾ ਕਿ ਉਮਰ ਦੇ ਇਸ ਪੜਾਅ ਉੱਤੇ ਉਹ ਕਿਸੇ ਨਵੇਂ ਖਲਜਗਣ ਵਿੱਚ ਪੈ ਕੇ ਟਕੇ-ਟਕੇ ਦੇ ਬੇਈਮਾਨ ਲੋਕਾਂ ਦੀਆਂ ਲਾਈਆਂ ਝੂਠੀਆਂ ਤੁਹਮਤਾਂ ਸੁਣਨ ਅਤੇ ਅੰਦਰੇ-ਅੰਦਰ ਖਿਝਦੇ ਰਹਿਣ ਦੇ ਨਾਲ ਆਪਣੇ ਪਰਵਾਰ ਤੋਂ ਇਹ ਸੁਣਨ ਲਈ ਤਿਆਰ ਨਹੀਂ ਕਿ ਮੇਰੇ ਇਸ ਕਦਮ ਨਾਲ ਉਨ੍ਹਾਂ ਦੀ ਜ਼ਿੰਦਗੀ ਵਿੱਚ ਹਲਚਲ ਮਚਦੀ ਹੈ। ਫਿਰ ਵੀ ਇਹ ਪੇਸ਼ਕਸ਼ ਉਸ ਨੇ ਕਰ ਦਿੱਤੀ ਕਿ ਜਦੋਂ ਅਗਲਾ ਕਦਮ ਚੁੱਕਣ ਲੱਗੋਗੇ ਤਾਂ ਖਰਚੇ ਦੀ ਪ੍ਰਵਾਹ ਨਹੀਂ ਕਰਨੀ, ਮੇਰੇ ਪੈਸੇ ਬੱਚਿਆਂ ਨੂੰ ਨਹੀਂ ਚਾਹੀਦੇ, ਉਨ੍ਹਾਂ ਕੋਲ ਬੜਾ ਕੁਝ ਹੈ, ਮੈਂ ਆਪਣੇ ਖਾਤੇ ਦੀ ਬੱਚਤ ਕਿਸੇ ਨੇਕ ਕੰਮ ਲਈ ਖਰਚ ਕਰ ਦਿਆਂ ਤਾਂ ਬੁਰਾ ਨਹੀਂ ਮੰਨਣਗੇ। ਪੇਸ਼ਕਸ਼ ਆਪਣੀ ਥਾਂ ਸੀ, ਜਿਸ ਲਈ ਉਨ੍ਹਾ ਦਾ ਧੰਨਵਾਦ ਵੀ ਕੀਤਾ, ਪਰ ਪੰਜ ਬੰਦੇ ਏਦਾਂ ਦੇ ਜੋੜਨ ਦਾ ਕੰਮ ਫਿਰ ਰਹਿ ਗਿਆ।

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਸਿਆਸੀ ਲੋਕਾਂ ਦੇ ਅੱਖਾਂ, ਕੰਨ ਅਤੇ ਨੱਕ ਬੜੇ ਤੇਜ਼ ਹੁੰਦੇ ਹਨ, ਏਦਾਂ ਦੀਆਂ ਗੱਲਾਂ ਉਨ੍ਹਾਂ ਕੋਲ ਬੜੀ ਛੇਤੀ ਪਹੁੰਚ ਜਾਂਦੀਆਂ ਹਨ ਅਤੇ ਸਾਡੀ ਇਹ ਵਿਚਾਰ-ਮੁਹਿੰਮ ਵੀ ਪਹੁੰਚ ਗਈ। ਪੰਜਾਬ ਦੀ ਰਾਜਨੀਤੀ ਦਾ ਇੱਕ ਸਰਗਰਮ ਅਤੇ ਹਰ ਮੁੱਦੇ ਲਈ ਅੱਗੇ ਲੱਗਣ ਨੂੰ ਕਾਹਲਾ ਰਹਿਣ ਵਾਲਾ ਇੱਕ ਨੇਤਾ ਸਾਡੇ ਕੋਲ ਆ ਪੁੱਜਾ, ਪਰ ਪਹਿਲਾ ਸਵਾਲ ਉਸ ਨੇ ਇਹ ਕੀਤਾ ਕਿ ਕੀ ਗੱਲ ਪੰਜਾਬ ਦੀ ਮੌਜੂਦਾ ਸਰਕਾਰ ਤੋਂ ਏਨੀ ਛੇਤੀ ਆਸ ਲਹਿ ਗਈ! ਨਾ ਉਸ ਨੇ ਕੁਝ ਕਰਨਾ ਸੀ ਤੇ ਨਾ ਨਾਲ ਨਿਭਣਾ ਸੀ, ਉਹ ਸਿਰਫ ਅਗਲੇ ਕਦਮ ਸੁੰਘਣ ਆਇਆ ਸੀ ਤੇ ਮੁੜ ਗਿਆ। ਅਗਲੇ ਦਿਨੀਂ ਉਸੇ ਵਾਂਗ ਕੁਝ ਹੋਰ ਆਗੂ ਆਏ ਅਤੇ ਏਹੋ ਗੱਲਾਂ ਕਰ ਕੇ ਤੁਰ ਗਏ। ਪੰਜ ਬੰਦੇ ਨਾਲ ਜੋੜ ਸਕਣ ਦਾ ਮੁੱਦਾ ਓਥੇ ਹੀ ਖੜ੍ਹਾ ਰਿਹਾ।

ਸੱਚਾਈ ਕਿਸੇ ਨੂੰ ਬੁਰੀ ਲੱਗੇ ਜਾਂ ਲੱਗਦੀ ਵੀ ਹੋਵੇ ਤੇ ਜ਼ਾਹਰ ਨਾ ਕਰੇ ਤਾਂ ਹੋਰ ਗੱਲ ਹੈ, ਪਰ ਅਸਲੀਅਤ ਇਹੀ ਹੈ ਕਿ ਸਰਕਾਰ ਕੋਈ ਵੀ ਹੋਵੇ, ਅਜੋਕੇ ਮਾਹੌਲ ਵਿੱਚ ਸਾਰੇ ਭਾਰਤ ਵਿੱਚ, ਇਸ ਦੇ ਕਿਸੇ ਵੀ ਸੂਬੇ ਵਿੱਚ ਈਮਾਨਦਾਰੀ ਦੇ ਦਾਅਵੇ ਕਰੀ ਜਾਵੇ, ਈਮਾਨਦਾਰੀ ਨਾਲ ਚਲਾਉਣੀ ਸੰਭਵ ਨਹੀਂ। ਉਰਦੂ ਦਾ ਸ਼ੇਅਰ ਹੈ ਕਿ 'ਵੀਰਾਨ ਗੁਲਿਸਤਾਂ ਕਰਨੇ ਕੋ ਬੱਸ ਏਕ ਹੀ ਉੱਲੂ ਕਾਫੀ ਹੈ, ਹਰ ਸ਼ਾਖ ਪੇ ਉੱਲੂ ਬੈਠਾ ਹੈ, ਅੰਜਾਮੇ ਗੁਲਿਸਤਾਂ ਕਿਆ ਹੋਗਾ!' ਅਜੋਕੇ ਭਾਰਤ ਤੇ ਇਸ ਦੇ ਰਾਜਾਂ ਦੀਆਂ ਸਰਕਾਰਾਂ ਅਤੇ ਸਰਕਾਰੀ ਮਸ਼ੀਨਰੀ ਬਾਰੇ ਇਹ ਸ਼ੇਅਰ ਕਿੰਨਾ ਠੀਕ ਜਾਂ ਕਿੰਨਾ ਗਲਤ ਹੈ, ਇਹ ਫੈਸਲਾ ਪਾਠਕਾਂ ਉੱਤੇ ਛੱਡਿਆ ਠੀਕ ਰਹੇਗਾ, ਪਰ ਇੱਕ ਗੱਲ ਅੰਨਾ ਹਜ਼ਾਰੇ ਨੇ ਦਿੱਲੀ ਦੇ ਮੰਚ ਤੋਂ ਕਹੀ ਸੀ ਤੇ ਪੂਰਾ ਕੌੜਾ ਸੱਚ ਕਹੀ ਸੀ, ਉਸ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਉਸ ਨੂੰ ਪੁੱਛਿਆ ਗਿਆ ਸੀ ਕਿ ਭ੍ਰਿਸ਼ਟਾਚਾਰ ਵਿਰੋਧ ਦੀ ਇਸ ਮੁਹਿੰਮ ਦੇ ਬਾਅਦ ਕੀ ਤੁਸੀਂ ਭਾਰਤ ਵਿੱਚ ਸਰਕਾਰ ਜਾਂ ਸਰਕਾਰਾਂ ਬਦਲਣ ਦਾ ਨਾਅਰਾ ਵੀ ਦਿਉਗੇ ਤਾਂ ਉਸ ਨੇ ਕਿਹਾ ਸੀ ਕਿ ਬਿਲਕੁਲ ਨਹੀਂ, ਇਸ ਦਾ ਕੋਈ ਫਾਇਦਾ ਨਹੀਂ। ਅੰਨਾ ਨੇ ਕਿਹਾ ਸੀ ਕਿ ਅਜੋਕੇ ਹਾਕਮ ਭ੍ਰਿਸ਼ਟਾਚਾਰ ਦੀ ਬੀ ਏ ਪਾਸ ਹੋ ਸਕਦੇ ਹਨ, ਸਰਕਾਰ ਬਦਲ ਕੇ ਇਨ੍ਹਾਂ ਦੀ ਥਾਂ ਜਿਨ੍ਹਾਂ ਨੂੰ ਲਿਆਂਦਾ, ਉਹ ਹੋਰ ਅੱਗੇ ਵਧ ਕੇ ਭ੍ਰਿਸ਼ਟਾਚਾਰ ਵਿੱਚ ਐੱਮ ਏ ਪਾਸ ਕਰਨਾ ਕਿਧਰੇ ਰਿਹਾ, ਪੀ ਐੱਚ ਡੀ ਕਰ ਚੁੱਕੇ ਵੀ ਸਾਬਤ ਹੋ ਸਕਦੇ ਹਨ। ਇਸ ਲਈ ਮੁੱਖ ਕੰਮ ਸਰਕਾਰਾਂ ਬਦਲਣ ਦਾ ਨਹੀਂ, ਉਹ ਪ੍ਰਬੰਧ ਬਦਲਣ ਦਾ ਹੈ, ਜਿਹੜਾ ਭ੍ਰਿਸ਼ਟਾਚਾਰ ਨੂੰ ਬਰਦਾਸ਼ਤ ਕਰਦਾ ਹੈ। ਏਦਾਂ ਦੇ ਬਦਲਾਅ ਕੁਝ ਦੇਸ਼ ਕਰ ਚੁੱਕੇ ਹਨ। ਅੰਨਾ ਦੀ ਗੱਲ ਬਿਲਕੁਲ ਠੀਕ ਸੀ। ਹਾਂਗਕਾਂਗ ਕਿਸੇ ਸਮੇਂ ਸੰਸਾਰ ਦੇ ਭ੍ਰਿਸ਼ਟਾਚਾਰੀ ਦੇਸ਼ਾਂ ਵਿੱਚੋਂ ਪਹਿਲੇ ਅੱਠਾਂ ਵਿੱਚ ਗਿਣਿਆ ਜਾਂਦਾ ਸੀ, ਓਥੇ ਜਦੋਂ ਲੋਕ ਉੱਠ ਪਏ ਤਾਂ ਭ੍ਰਿਸ਼ਟਾਚਾਰ ਕਰਨ ਵਾਲੀ ਧਾੜ ਇਹੋ ਜਿਹੀ ਖੂੰਜੇ ਲਾਈ ਕਿ ਉਹੀ ਹਾਂਗਕਾਂਗ ਫਿਰ ਉਸ ਦੇ ਬਾਅਦ ਸੰਸਾਰ ਦੇ ਸਿਖਰਲੇ ਅੱਠ ਈਮਾਨਦਾਰ ਦੇਸ਼ਾਂ ਵਿੱਚ ਗਿਣੇ ਜਾਣ ਦੇ ਕਾਬਲ ਹੋ ਗਿਆ ਸੀ। ਭਾਰਤ ਦੇ ਲੋਕਾਂ ਨੂੰ ਅੰਨਾ ਹਜ਼ਾਰੇ ਅੱਜ ਵੀ ਯਾਦ ਹੈ, ਉਸ ਦਾ ਸੁਨੇਹਾ ਯਾਦ ਨਹੀਂ।

ਅਸੀਂ ਲੋਕਾਂ ਨੇ ਕਾਂਗਰਸੀਆਂ ਦਾ ਭ੍ਰਿਸ਼ਟਾਚਾਰ ਵੀ ਵੇਖਿਆ ਹੋਇਆ ਸੀ, ਅਕਾਲੀ ਆਗੂਆਂ ਵੱਲੋਂ ਕੀਤੇ-ਕਰਵਾਏ ਜਾਣ ਵਾਲੇ ਕਈ ਕਾਂਡ ਵੀ ਸਾਨੂੰ ਪਤਾ ਹੁੰਦੇ ਸਨ, ਇਸ ਲਈ ਇੱਕ ਆਸ ਕੀਤੀ ਗਈ ਸੀ ਕਿ ਕੋਈ ਤੀਸਰੀ ਧਿਰ ਆਈ ਤਾਂ ਭ੍ਰਿਸ਼ਟਾਚਾਰ ਨੂੰ ਨੱਥ ਪੈਣ ਦੀ ਆਸ ਹੋ ਸਕਦੀ ਹੈ। ਇਹ ਆਸ ਵੀ ਸਿਰੇ ਚੜ੍ਹਨ ਵਾਲੀ ਨਹੀਂ ਨਿਕਲੀ। ਸਰਕਾਰ ਬਣੀ ਨੂੰ ਅਜੇ ਮਸਾਂ ਮਹੀਨਾ ਹੋਇਆ ਸੀ ਕਿ ਇੱਕ ਮੰਤਰੀ ਦਾ ਅਸਤੀਫਾ ਲੈ ਕੇ ਪੁਲਸ ਦੇ ਹਵਾਲੇ ਕੀਤਾ ਗਿਆ ਤੇ ਦੋਸ਼ ਇਹੋ ਦੱਸਿਆ ਗਿਆ ਕਿ ਉਹ ਆਉਂਦੇ ਸਾਰ ਹੀ ਭ੍ਰਿਸ਼ਟਾਚਾਰ ਕਰਨ ਲੱਗ ਪਿਆ ਸੀ। ਬਾਅਦ ਵਿੱਚ ਉਸ ਨੇ ਜ਼ਮਾਨਤ ਕਰਵਾ ਲਈ, ਅੱਜ ਵੀ ਉਹ ਰਾਜ ਕਰਦੀ ਪਾਰਟੀ ਦਾ ਅੰਗ ਹੈ, ਕੇਸ ਕਿਸੇ ਪਾਸੇ ਨਹੀਂ ਲੱਗਾ। ਫਿਰ ਦੋ ਹੋਰ ਮੰਤਰੀਆਂ ਦੇ ਬਾਰੇ ਇਹੋ ਗੱਲ ਸੁਣੀ ਗਈ, ਕੁਝ ਸਮਾਂ ਲਮਕਾ ਕੇ ਸਹੀ, ਅਸਤੀਫੇ ਵੀ ਲਏ ਗਏ, ਪਰ ਹੋਰ ਕਾਰਵਾਈ ਕੋਈ ਨਹੀਂ ਸੀ ਕੀਤੀ ਗਈ ਅਤੇ ਲੋਕ ਗੱਲਾਂ ਕਰਨ ਲੱਗੇ ਸਨ ਕਿ ਕਾਰਵਾਈ ਰੋਕੀ ਗਈ ਹੈ। ਰਾਜ ਕਰਦੀ ਪਾਰਟੀ ਦਾ ਇੱਕ ਵਿਧਾਇਕ ਨਕਦ ਪੈਸੇ ਲੈਂਦਾ ਫੜੇ ਜਾਣ ਦੀ ਗੱਲ ਸਾਹਮਣੇ ਆਈ, ਉਸ ਦਾ ਕੇਸ ਵੀ ਬਾਕੀਆਂ ਵਾਂਗ ਘੱਟੇ ਵਿੱਚ ਰੁਲ ਗਿਆ, ਕਾਰਵਾਈ ਕੋਈ ਅੱਗੇ ਨਹੀਂ ਤੁਰ ਸਕੀ। ਪਿਛਲੀ ਕਾਂਗਰਸੀ ਸਰਕਾਰ ਦੇ ਮੰਤਰੀਆਂ ਭਾਰਤ ਭੂਸ਼ਣ ਆਸ਼ੂ ਤੇ ਸੁੰਦਰ ਸ਼ਾਮ ਦੇ ਵਿਰੁੱਧ ਬੜੇ ਧੜੱਲੇ ਨਾਲ ਕੇਸ ਬਣਦੇ ਵੇਖੇ ਗਏ, ਪਰ ਜਦੋਂ ਅਦਾਲਤਾਂ ਵਿੱਚ ਗਏ ਤਾਂ ਉਹ ਕੇਸ ਟਿਕ ਨਹੀਂ ਸਕੇ। ਆਖਰ ਕੋਈ ਏਦਾਂ ਦਾ ਅੰਸ਼ ਤਾਂ ਕਿਸੇ ਫੈਸਲੇ ਪ੍ਰਭਾਵਤ ਕਰਨ ਵਾਲੇ ਪੱਧਰ ਦੀ ਕੁਰਸੀ ਉੱਤੇ ਬੈਠਾ ਹੈ, ਜਿਹੜਾ ਇਨ੍ਹਾਂ ਸਾਰਿਆਂ ਲਈ ਢਾਲ ਬਣ ਜਾਂਦਾ ਹੈ ਅਤੇ ਇਹੋ ਜਿਹੇ ਉਸ ਅੰਸ਼ ਦੀ ਚਰਚਾ ਜਦੋਂ ਆਮ ਲੋਕ ਕਰਦੇ ਪਏ ਹਨ ਤਾਂ ਕੀ ਇਹ ਰਾਜ ਕਰਨ ਵਾਲਿਆਂ ਤੱਕ ਨਹੀਂ ਪਹੁੰਚਦੀ! ਇਨ੍ਹਾਂ ਚਰਚਿਆਂ ਦਾ ਅਸਰ ਹੇਠਾਂ ਤੱਕ ਹੋਣ ਲੱਗ ਪਿਆ ਹੈ ਤੇ ਸਰਕਾਰ ਚਲਾਉਣ ਵਾਲੀ ਟੀਮ ਬੇਸ਼ੱਕ ਇਹ ਸਮਝਦੀ ਹੈ ਕਿ ਉਨ੍ਹਾਂ ਕੋਲ ਦੋ ਸਾਲ ਤੋਂ ਵੱਧ ਸਮਾਂ ਹੈ, ਉਨ੍ਹਾਂ ਦਾ ਸਮਾਂ ਮੁੱਠ ਵਿੱਚੋਂ ਰੇਤ ਕਿਰਦੀ ਵਾਂਗ ਕਿਰਦਾ ਜਾਂਦਾ ਹੈ। ਅਖੀਰਲੇ ਸਾਲ ਤਾਂ ਅਫਸਰ ਮੌਕੇ ਦੀ ਸਰਕਾਰ ਦਾ ਹੁਕਮ ਮੰਨਣਾ ਬੰਦ ਕਰ ਦੇਂਦੇ ਹੁੰਦੇ ਹਨ।

ਕੋਈ ਵਕਤ ਸੀ ਕਿ ਏਦਾਂ ਦੇ ਮਾਹੌਲ ਵਿੱਚ ਕਿਸੇ ਇਨਕਲਾਬ ਦੇ ਹਾਲਾਤ ਪੈਦਾ ਹੋਣ ਦੀ ਭਵਿੱਖਬਾਣੀ ਕੀਤੀ ਜਾ ਸਕਦੀ ਸੀ, ਦੁਨੀਆ ਵਿੱਚ ਇਨਕਲਾਬੀ ਤਾਕਤਾਂ ਦੇ ਨਿਘਾਰ ਨੇ ਉਸ ਦੀ ਚਰਚਾ ਵੀ ਬੰਦ ਕਰਵਾਈ ਪਈ ਹੈ। ਇਹ ਨਹੀਂ ਕਹਿਣਾ ਚਾਹੀਦਾ ਕਿ ਇਨਕਲਾਬ ਦੀ ਸੰਭਾਵਨਾ ਨਹੀਂ ਰਹੀ, ਜਦੋਂ ਲੋਕਾਂ ਕੋਲ ਪੇਟ ਭਰਨ ਵਾਸਤੇ ਕੋਈ ਵਸੀਲਾ ਨਹੀਂ ਰਹਿੰਦਾ ਤਾਂ ਜਾਬਰ ਤੋਂ ਜਾਬਰ ਰਾਜਾਂ ਵਿੱਚ ਵੀ ਉੱਠ ਖੜੋਂਦੇ ਵੇਖੇ ਹਨ, ਇਹ ਕੁਝ ਕਿਸੇ ਵੇਲੇ ਭਾਰਤ ਵਿੱਚ ਵੀ ਅਚਾਨਕ ਇੱਕ ਵਹਿਣ ਦੇ ਰੂਪ ਵਿੱਚ ਵੱਟ ਜਾਵੇ ਤਾਂ ਹੈਰਾਨੀ ਨਹੀਂ ਹੋਵੇਗੀ, ਪਰ ਅੱਜ ਦੀ ਘੜੀ ਏਦਾਂ ਦੇ ਹਾਲਾਤ ਨਹੀਂ। ਪੰਜਾਬ ਤੇ ਭਾਰਤ ਦੇ ਲੋਕਾਂ ਸਾਹਮਣੇ ਅੱਜ ਦੀ ਘੜੀ ਸੌ ਸਵਾਲਾਂ ਦਾ ਸਵਾਲ ਇਹੀ ਹੈ ਕਿ ਭ੍ਰਿਸ਼ਟਾਚਾਰ ਨੇ ਉਨ੍ਹਾਂ ਨੂੰ ਗੁਜ਼ਾਰਾ ਕਰਨ ਜੋਗੇ ਵੀ ਨਹੀਂ ਛੱਡਿਆ, ਇਸ ਦਾ ਕੋਈ ਨਾ ਕੋਈ ਬਾਨ੍ਹਣੂੰ ਬੰਨ੍ਹਿਆ ਜਾਣਾ ਚਾਹੀਦਾ ਹੈ। ਬਿਨਾਂ ਸ਼ੱਕ ਵਿਨੋਬਾ ਭਾਵੇ ਤੋਂ ਲੈ ਕੇ ਅੰਨਾ ਹਜ਼ਾਰੇ ਤੱਕ ਦੇ ਅੰਦੋਲਨਾਂ ਦੇ ਅੰਤਲੇ ਨਤੀਜੇ ਆਸ ਮੁਤਾਬਕ ਨਾ ਨਿਕਲਣ ਨਾਲ ਲੋਕਾਂ ਦਾ ਭਰੋਸਾ ਟੁੱਟਿਆ ਹੈ, ਇਸ ਦੇ ਬਾਵਜੂਦ ਆਮ ਲੋਕ ਅਜੇ ਤੱਕ ਇੱਕ ਹੋਰ ਏਦਾਂ ਦਾ ਅੰਦੋਲਨ ਉਡੀਕਦੇ ਹਨ। ਕੋਈ ਮਸੀਹਾ ਮੁੜ ਕੇ ਉੱਠੇਗਾ, ਜੇ ਉੱਠੇਗਾ ਤਾਂ ਕਦੋਂ ਅਤੇ ਕਿਹੋ ਜਿਹਾ ਉੱਠੇਗਾ, ਇਹ ਸਵਾਲ ਅਸੀਂ ਨਹੀਂ, ਆਮ ਲੋਕ ਪੁੱਛਦੇ ਹਨ।

# ਪੰਜਾਬੀ ਪੁੱਤਰ ਤੇ ਆਰਥਿਕ ਮਾਹਰ, ਜੋ ਅਚਾਨਕ ਤਾਰਾ ਬਣ ਗਿਆ

**ਸੁਲਘਦੇ ਸਵਾਲ**

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਆਪਣੇ ਕੱਦ ਤੋਂ ਕਿਤੇ ਆਰਥਿਕ ਖਿਆਲਾਂ 'ਚ ਲੰਮ-ਸਲੰਮਾ ਚੌੜੇ ਮੱਥੇ ਵਾਲਾ, ਖਾਮੋਸ਼ੀ ਦੇ ਗਹਿਣੇ ਵਾਲਾ ਡਾਕਟਰ ਅਚਾਨਕ ਆਪਣੀ ਸੰਸਾਰਕ ਯਾਤਰਾ ਪੂਰੀ ਕਰਦਾ ਹੋਇਆ ਤਾਰਾ ਬਣ ਧਰੂ-ਤਾਰੇ ਕੋਲ ਜਾ ਚਮਕਿਆ। ਇਹ ਸ਼ਾਇਦ ਸਾਡੇ ਪੰਜਾਬ (ਪੂਰਬੀ ਪੰਜਾਬ) ਦੀ ਖੁਸ਼ਕਿਸਮਤੀ ਹੀ ਸੀ ਕਿ ਰੌਲਿਆਂ 'ਚ ਜਿਸ ਸਮੇਂ ਭਾਰਤ-ਪਾਕਿ ਵੰਡ ਮਨਜ਼ੂਰ ਕੀਤੀ ਗਈ, ਉਸ ਵਕਤ ਸ: ਮਨਮੋਹਨ ਸਿੰਘ ਦਾ ਪਰਵਾਰ ਨੇ ਪਾਕਿਸਤਾਨ ਦੀ ਬਜਾਏ ਪੂਰਬੀ ਪੰਜਾਬ/ਭਾਰਤ ਨੂੰ ਬਿਹਤਰ ਸਮਝਦਿਆਂ ਹੋਇਆਂ ਚੁਣਿਆ। ਜਿੱਥੇ ਪਹੁੰਚ ਕੇ ਆਪਣੀ ਵਿੱਦਿਆ ਪੂਰੀ ਕਰਕੇ ਫਿਰ ਪੜ੍ਹਾਉਣ ਦਾ ਕੰਮ ਸ਼ੁਰੂ ਕੀਤਾ। ਸਾਡੇ ਲਈ ਇਹ ਵੀ ਅਚੰਭੇ ਵਾਲੀ ਗੱਲ ਹੈ ਕਿ ਸਰਦਾਰ ਮੋਨਮੋਹਨ ਸਿੰਘ ਇਕਨਾਮਿਕਸ ਦੇ ਮਾਹਰ ਸਨ। ਉਹ ਹਰ ਪਾਸਿਉਂ ਏਨੇ ਗਿਆਨਵਾਨ ਸਨ ਕਿ ਮੈਨੂੰ ਇਕ ਖ਼ਾਲਸਾ ਕਾਲਜ ਦੇ ਪ੍ਰੋਫ਼ੈਸਰ ਦੀ ਛੋਟੀ ਜਿਹੀ ਮਿੰਨੀ ਗੱਲ ਯਾਦ ਆ ਗਈ, ਜਿਹੜੀ ਮੈਂ ਆਪਣੀ ਉਚੇਰੀ ਪੜ੍ਹਾਈ ਦੌਰਾਨ ਸੁਣੀ ਸੀ। ਇਕ ਦਿਨ ਸੰਬੰਧਤ ਪ੍ਰੋਫ਼ੈਸਰ ਬੁਢਾਪੇ ਦੀ ਉਮਰੇ ਆਪਣੀ ਜੁੱਤੀ ਮੋਚੀ ਪਾਸ ਬੈਠਾ ਗਠਾ ਰਿਹਾ ਸੀ। ਅਚਾਨਕ ਦੋ ਪੜ੍ਹੀਆਂ-ਲਿਖੀਆਂ ਮੁਟਿਆਰਾਂ ਵੀ ਉਸ ਮੋਚੀ ਪਾਸ ਆਪਣੀ ਚੱਪਲ ਠੀਕ ਕਰਾਉਣ ਪਹੁੰਚੀਆਂ। ਉਨ੍ਹਾਂ ਲੜਕੀਆਂ ਵੱਲੋਂ ਕਾਹਲੀ ਦਿਖਾਉਣ 'ਤੇ ਬਜ਼ੁਰਗ ਪ੍ਰੋਫ਼ੈਸਰ ਨੇ ਪਹਿਲਾਂ ਉਨ੍ਹਾਂ ਲੜਕੀਆਂ ਦਾ ਕੰਮ ਕਰਨ ਨੂੰ ਆਖ ਕੇ ਉਨ੍ਹਾਂ ਕੋਲ ਫੜੀ ਅਖ਼ਬਾਰ ਮੰਗੀ, ਜਿਸ 'ਤੇ ਉਨ੍ਹਾਂ ਬਜ਼ੁਰਗ ਦਾ ਹੁਲੀਆ ਦੇਖ ਕੇ ਕਿਹਾ, ਬਾਬਾ ਇਹ ਅੰਗਰੇਜ਼ੀ ਦੀ ਅਖ਼ਬਾਰ ਹੈ: ਇਹ ਸੁਣਦੇ ਸਾਰ ਹੀ ਉਸ ਬਜ਼ੁਰਗ ਪ੍ਰੋਫ਼ੈਸਰ ਨੇ ਕਿਹਾ, ਬੀਬਾ ਇਹ ਮੇਰੀਆਂ ਜੋ ਐਨਕਾਂ ਹਨ, ਉਹ ਐਮ ਏ ਹਨ। ਜਿਹੜੀ ਜੁੱਤੀ ਮੈਂ ਗੱਠਾ ਰਿਹਾ ਹਾਂ ਬੀਬਾ! ਉਹ ਵੀ ਐੱਮ ਏ ਹੈ। ਬੇਟਾ ਮੇਰੀ ਆਹ ਖੂੰਡੀ ਵੀ ਤੇ ਆਹ ਮੇਰਾ ਖੱਦਰ ਦਾ ਕੁੜਤਾ ਵੀ ਐਮ ਏ ਹੈ। ਅੰਗਰੇਜ਼ੀ ਦੀ ਅਖ਼ਬਾਰ ਪੜ੍ਹਨੀ ਤੁਹਾਡੀ ਤਾਂ ਕੋਈ ਪ੍ਰਾਬਲਮ ਹੋ ਸਕਦੀ ਹੈ, ਪਰ ਬੀਬਾ ਮੇਰੀ ਨਹੀਂ। ਇਹ ਸੁਣਦੇ ਸਾਰ ਹੀ ਉਹ ਬੱਚੀਆਂ ਪੈਸੇ ਦੇ ਕੇ ਬਿਨਾਂ ਵਾਪਸ ਅਖ਼ਬਾਰ ਲਈ ਨੌਂ ਦੋ ਗਿਆਰਾਂ ਹੋ ਗਈਆਂ। ਉਸ ਬਜ਼ੁਰਗ ਦੀ ਤਰਜ਼ ਦੇ ਸਰਦਾਰ ਮਨਮੋਹਨ ਸਿੰਘ ਜੀ ਸਨ। ਆਰਥਿਕ ਸੁਧਾਰਾਂ ਦੇ ਖੇਤਰ ਵਿੱਚ ਤਾਂ ਉਨ੍ਹਾ ਨੂੰ ਆਰਥਿਕ ਸੁਧਾਰਾਂ ਦੇ ਪਿਤਾਮਾ ਕਿਹਾ ਜਾਂਦਾ ਸੀ, ਜਿਸ ਕਰਕੇ ਮਨਮੋਹਨ ਸਿੰਘ ਜੀ ਦੇਸ਼ ਦੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਆਰ ਬੀ ਆਈ 'ਚ ਅਤੇ ਸਮੁੱਚੇ ਦੇਸ਼ ਦੇ ਵਿੱਤ ਮੰਤਰੀ ਬਣ ਕੇ ਆਪਣੇ ਆਰਥਿਕ ਗਿਆਨ ਦਾ ਸਿੱਕਾ ਮੰਨਵਾ ਚੁੱਕੇ ਸਨ। ਜਿਸ ਤੋਂ ਬਾਅਦ ਵੀਹ ਸੌ ਚਾਰ 'ਚ ਕਾਂਗਰਸ ਗੱਠਜੋੜ ਜਿੱਤਣ ਤੋਂ ਬਾਅਦ ਸੋਨੀਆ ਨੂੰ ਰਾਸ਼ਟਰਪਤੀ ਵੱਲੋਂ ਸਰਕਾਰ ਬਣਾਉਣ ਦਾ ਸੱਦਾ ਮਿਲਣ ਤੋਂ ਬਾਅਦ ਤਿਆਗ ਦੀ ਭਾਵਨਾ ਨਾਲ ਉਨ੍ਹਾਂ ਪ੍ਰਧਾਨ ਮੰਤਰੀ ਦੇ ਦਫ਼ਤਰ ਦੀ ਚਾਬੀ ਆਪਣੀ ਢਾਣੀ ਨਾਲ ਸਲਾਹ ਕਰਕੇ ਸਰਦਾਰ ਮਨਮੋਹਨ ਸਿੰਘ ਜੀ ਨੂੰ ਫੜਾ ਦਿੱਤੀ। ਜਿਸ ਅਹੁਦੇ 'ਤੇ ਸ. ਮਨਮੋਹਨ ਸਿੰਘ ਜੀ ਲਗਾਤਾਰ ਦੋ ਵਾਰ ਯਾਨੀ ਦਸ ਸਾਲ ਰਹੇ। ਜਿਨ੍ਹਾ ਆਪਣੇ ਰਾਜ ਦੌਰਾਨ ਕਈ ਅਹਿਮ ਕਾਨੂੰਨ ਪਾਸ ਕੀਤੇ। ਜਿਵੇਂ ਸਿੱਖਿਆ ਦਾ ਅਧਿਕਾਰ, ਸੂਚਨਾ ਦਾ ਅਧਿਕਾਰ, ਖੁਰਾਕ ਸੁਰੱਖਿਆ ਕਾਨੂੰਨ, ਭੂਮੀ ਗ੍ਰਹਿਣ ਅਧਿਕਾਰ, ਗਰੀਬਾਂ ਵਾਸਤੇ ਮਨਰੇਗਾ ਵਰਗੇ ਕਾਨੂੰਨ ਪਾਸ ਕਰਕੇ ਨਾਮਣਾ ਖੱਟਿਆ।

ਮਰਹੂਮ ਪ੍ਰਧਾਨ ਮੰਤਰੀ ਸਰਦਾਰ ਮਨਮੋਹਨ ਸਿੰਘ ਜੋ ਛੱਬੀ ਸਤੰਬਰ ਉੱਨੀ ਸੌ ਬੱਤੀ (26-9-1932) ਨੂੰ ਲਹਿੰਦੇ ਪੰਜਾਬ 'ਚ ਪੈਦਾ ਹੋਏ ਅਤੇ ਬੀਤੇ ਦਿਨੀਂ ਛੱਬੀ ਦਸੰਬਰ ਵੀਹ ਸੌ ਚੌਵੀ ਨੂੰ ਆਖ਼ਰੀ ਅਲਵਿਦਾ ਕਹਿ ਕੇ ਮੌਨ ਹੋ ਗਏ। ਸ੍ਰ. ਮਨਮੋਹਨ ਸਿੰਘ ਦੇ ਘਰ ਦੇ ਭਾਵੇਂ ਇਨ੍ਹਾਂ ਨੂੰ ਡਾਕਟਰ ਬਣਾਉਣਾ ਚਾਹੁੰਦੇ ਸਨ, ਪਰ ਸ੍ਰ. ਮਨਮੋਹਨ ਸਿੰਘ ਜੀ ਨੇ ਉੱਚ ਵਿੱਦਿਆ ਯੂ ਕੇ ਤੋਂ ਪ੍ਰਾਪਤ ਕਰਕੇ ਵਿੱਦਿਆ ਦੀ ਡਾਕਟਰੀ ਪਾਸ ਕੀਤੀ। ਹੁਸ਼ਿਆਰਪੁਰ, ਚੰਡੀਗੜ੍ਹ ਅਤੇ ਦਿੱਲੀ ਵਰਗੇ ਸ਼ਹਿਰਾਂ 'ਚ ਯੂਨੀਵਰਸਿਟੀਆਂ 'ਚ ਪੜ੍ਹਾ ਕੇ ਵਿਦਿਆਰਥੀਆਂ ਦੇ ਦਿਮਾਗ ਰੋਸ਼ਨ ਕੀਤੇ, ਜਿਨ੍ਹਾਂ ਨੂੰ ਸਾਬਕਾ ਅਮਰੀਕੀ ਰਾਸ਼ਟਰਪਤੀ ਸ੍ਰੀ ਬਰਾਕ ਉਬਾਮਾ ਆਰਥਿਕ ਖੇਤਰ ਵਿੱਚ ਆਪਣਾ ਗੁਰੂ ਮੰਨਦੇ ਸਨ। ਸਰਦਾਰ ਜੀ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ 1957 ਤੋਂ 1965 ਤੱਕ, ਦਿੱਲੀ ਸਕੂਲ ਆਫ਼ ਇਕਨੋਮਿਕਸ 'ਚ 1969 ਤੋਂ 1971 ਤੱਕ ਆਪਣੀਆਂ ਸੇਵਾਵਾਂ ਦਿੱਤੀਆਂ, ਜਿਨ੍ਹਾਂ ਨੂੰ 1976 ਵਿੱਚ ਜਵਾਹਰ ਲਾਲ ਨਹਿਰੂ ਵਿਸ਼ਵਵਿਦਿਆਲੇ ਨੇ ਪ੍ਰੋਫ਼ੈਸਰ ਦੀ ਡਿਗਰੀ ਦੇ ਕੇ ਸਨਮਾਨਿਤ ਕੀਤਾ। ਇਵੇਂ ਹੀ ਜੇਕਰ ਆਰ ਬੀ ਆਈ ਦੀ ਗੱਲ ਕਰੀਏ ਤਾਂ ਉਸ ਦੇ ਗਵਰਨਰ 1982 ਤੋਂ 1984 ਤੱਕ ਬਣ ਕੇ ਭਾਰਤੀ ਨੋਟਾਂ 'ਤੇ ਦਸਤਖਤ ਕਰਕੇ ਆਪਣੀਆਂ ਸ਼ਾਨਦਾਰ ਸੇਵਾਵਾਂ ਦਿੱਤੀਆਂ। ਇਸੇ ਤਰ੍ਹਾਂ ਉਨ੍ਹਾਂ 1990-1991 ਤੱਕ ਉਸ ਵੇਲੇ ਦੇ ਪ੍ਰਧਾਨ ਮੰਤਰੀ ਦੇ ਆਰਥਿਕ ਸਲਾਹਕਾਰ ਬਣ ਕੇ ਆਪਣੀਆਂ ਸੇਵਾਵਾਂ ਦਿੱਤੀਆਂ। ਅਖੀਰ 1991 ਵਾਲੀ ਸਰਕਾਰ ਦੇ ਵਿੱਤ ਮੰਤਰੀ ਬਣ ਕੇ ਸੇਵਾਵਾਂ ਦਿੱਤੀਆਂ।

ਉਹ ਕਿੰਨੇ ਪੜ੍ਹੇ-ਲਿਖੇ ਅਤੇ ਇਮਾਨਦਾਰ ਸਨ। ਇਹ ਉਨ੍ਹਾਂ ਨੂੰ ਕਾਂਗਰਸੀਆਂ ਤੋਂ ਵਗੈਰ ਬਾਕੀ ਸਭ ਪਾਰਟੀਆਂ ਅਤੇ ਉਨ੍ਹਾਂ ਦੇ ਮੈਂਬਰਾਂ ਅਤੇ ਵਿਦੇਸ਼ਾਂ ਤੋਂ ਮਿਲ ਰਹੇ ਸੁਨੇਹਿਆਂ ਤੋਂ ਲਾਇਆ ਜਾ ਸਕਦਾ ਹੈ। ਉਨ੍ਹਾਂ ਦੀ ਸਾਦਗੀ ਦੀ ਜੇਕਰ ਗੱਲ ਕਰੀਏ ਤਾਂ ਉਹ ਤਕਰੀਬਨ ਸਾਲ 'ਚ ਏਨੇ ਕੁ ਕੱਪੜੇ ਹੰਢਾਉਂਦੇ ਸਨ, ਜਿੰਨੇ ਅੱਜਕੱਲ੍ਹ ਦੇ ਨੇਤਾ ਦਿਹਾੜੀ 'ਚ ਵਾਰ-ਵਾਰ ਬਦਲ ਲੈਂਦੇ ਹਨ। ਪਾਰਲੀਮੈਂਟ ਮੈਂਬਰ ਬਨਣ ਲਈ ਉਹ ਰਾਜ ਸਭਾ ਦਾ ਮੈਂਬਰ ਬਨਣ ਨੂੰ ਪਹਿਲ ਦਿੰਦੇ ਸਨ। ਜੇ ਛੋਟਾ ਮੂੰਹ ਬੜੀ ਬਾਤ ਕਰਨੀ ਹੋਵੇ ਤਾਂ ਇਹ ਬੜੀ ਅਸਾਨੀ ਨਾਲ ਆਖਿਆ ਜਾ ਸਕਦਾ ਹੈ ਕਿ ਭਾਰਤ ਦੀ ਸਿੱਖ ਘੱਟ ਗਿਣਤੀ ਵਿੱਚੋਂ ਸਰਦਾਰ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਅਤੇ ਮੁਸਲਿਮ ਘੱਟ ਗਿਣਤੀ ਵਿੱਚੋਂ ਸ੍ਰੀ ਅਬਦੁਲ ਕਲਾਮ ਜੀ ਜੋ ਰਾਸ਼ਟਰਪਤੀ ਬਣੇ ਸਨ। ਦੋਵੇਂ ਸਿਰੇ ਦੇ ਵੱਧ ਪੜ੍ਹੇ-ਲਿਖੇ, ਸਿਰੇ ਦੇ ਇਮਾਨਦਾਰ ਅਤੇ ਸਿਰੇ ਦੇ ਸਾਦੇ ਇਨਸਾਨ ਸਨ, ਜਿਨ੍ਹਾਂ ਵੇਲੇ ਹਿੰਦੂ ਕਦੇ ਵੀ ਖ਼ਤਰੇ ਵਿੱਚ ਨਹੀਂ ਰਿਹਾ। ਇਨ੍ਹਾਂ ਵੱਲੋਂ ਪਾਸ ਕੀਤੇ ਕਾਨੂੰਨ ਅਤੇ ਦੇਸ਼ ਨੂੰ ਜੋ ਨਵੀਂ ਆਰਥਿਕਤਾ ਦੇ ਲੀਹੇ ਪਾਇਆ ਹੈ, ਉਸ ਨੂੰ ਜਨਤਾ ਯਾਦ ਰੱਖੇਗੀ। ਪੰਜਾਬ ਦੇ ਨਾਮਵਰ ਪੁੱਤਰ, ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਭਾਵੇਂ ਪਿਛਲੇ ਦਿਨੀਂ ਆਖਰੀ ਅਲਵਿਦਾ ਕਹਿ ਕੇ ਸਦਾ ਲਈ ਖਾਮੋਸ਼ ਹੋ ਗਏ ਹਨ, ਪਰ ਸਮੁੱਚੇ ਭਾਰਤੀ ਉਨ੍ਹਾਂ ਦੀ ਇਮਾਨਦਾਰੀ, ਉਨ੍ਹਾਂ ਦੀ ਵਿੱਦਿਆ ਅਤੇ ਉਨ੍ਹਾ ਦੀ ਸਾਦਗੀ ਉਨ੍ਹਾਂ ਨੂੰ ਸਮੁੱਚੇ ਸੰਸਾਰ ਦਾ ਲਾਲ ਬਹਾਦੁਰ ਸ਼ਾਸਤਰੀ ਬਣਾਉਂਦੀ ਹੈ। ਜਿਨ੍ਹਾਂ ਅਖੀਰ ਤੱਕ ਆਪਣੀ ਮਾਰੂਤੀ ਦਾ ਪੱਲਾ ਨਾ ਛੱਡਿਆ। ਇਨ੍ਹਾਂ ਸ਼ਬਦਾਂ ਨਾਲ ਅਸੀਂ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕਰਦੇ ਹਾਂ, ਜਿਸ ਵਿੱਚ ਉਨ੍ਹਾਂ ਦੀ ਧਰਮ ਪਤਨੀ ਅਤੇ ਤਿੰਨ ਬਹਾਦਰ ਬੇਟੀਆਂ ਸ਼ਾਮਲ ਹਨ।

*# ਸੰਪਰਕ : 98721-65741*

# ਫਿਰ ਆਖਣ ਨੂੰ ਜੀਅ ਕਰਦਾ ਏ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ**

**ਸੁਰਜੀਤ ਸੁਮਨ**

ਨਵੇਂ ਵਰ੍ਹੇ ਦਾ ਸੂਰਜ ਮੁੜ ਨਵੀਂ ਸਵੇਰ ਲੈ ਆਇਆ ਹੈ। ਉਂਝ ਨਵੇਂ ਵਰ੍ਹੇ ਦੀ ਆਮਦ ਤੋਂ ਕੁਝ ਦਿਨ ਪਹਿਲਾਂ ਪਈ ਸਰਦ ਰੁੱਤ ਦੀ ਪਹਿਲੀ ਬਾਰਿਸ਼ ਨੇ ਫੁੱਲਾਂ-ਬੂਟਿਆਂ ਤੇ ਰੁੱਖਾਂ ਨੂੰ ਰੱਜਵਾਂ ਇਸ਼ਨਾਨ ਕਰਵਾਇਆ ਹੈ। ਇਨ੍ਹਾਂ ਦੇ ਪੱਤਿਆਂ 'ਤੇ ਜੰਮੀ ਗਰਦ ਲਹਿ ਗਈ ਹੈ। ਪੱਤਿਆਂ ਦੇ ਬੰਦ ਹੋਏ ਮੁਸਾਮ ਖੁੱਲ੍ਹ ਗਏ। ਧੂੜ-ਮਿੱਟੀ ਦੀ ਗਹਿਰੀ ਪਰਤ ਨੇ ਇਨ੍ਹਾਂ ਦਾ ਜੀਣਾ ਮੁਹਾਲ ਕੀਤਾ ਹੋਇਆ ਸੀ। ਘਰ ਦੇ ਲਾਅਨ ਵਿੱਚ ਇਸੇ ਸਾਲ ਮੈਂ ਇੱਕ ਨਿੰਮ ਦਾ ਬੂਟਾ ਲਾਇਆ ਸੀ। ਹੁਣ ਇਹ ਬੂਟਾ ਚੰਗਾ ਕੱਦ ਕੱਢ ਆਇਆ ਹੈ, ਪਰ ਨਿੰਮ ਦੇ ਹਰੇ-ਕਚੂਰ ਪੱਤਿਆਂ ਉੱਤੇ ਮਿੱਟੀ ਦੀ ਭੁਸਲ਼ੀ ਜਿਹੀ ਪਰਤ ਹਮੇਸ਼ਾ ਜੰਮੀ ਰਹਿੰਦੀ। ਮੈਨੂੰ ਇੰਝ ਪ੍ਰਤੀਤ ਹੁੰਦਾ ਜਿਵੇਂ ਨਿੰਮ ਨੂੰ ਸਾਹ ਲੈਣਾ ਔਖਾ ਹੋ ਰਿਹਾ ਹੋਵੇ। ਕਈ ਵਾਰ ਨਿੰਮ ਦੇ ਪੱਤਿਆਂ 'ਤੇ ਪਾਣੀ ਵੀ ਛਿੜਕਿਆ, ਪਰ ਕੁਝ ਦਿਨਾਂ ਬਾਅਦ ਫਿਰ ਉਹੀ ਹਾਲ ਹੋ ਜਾਂਦਾ। ਪ੍ਰਦੂਸ਼ਨ ਦਾ ਹਾਲ ਇਹ ਹੈ ਕਿ ਸਕੂਟਰ, ਮੋਟਰ ਸਾਈਕਲ ਜਾਂ ਗੱਡੀਆਂ ਆਦਿ 'ਤੇ ਧੂੜ-ਮਿੱਟੀ ਦੀ ਗਹਿਰੀ ਪਰਤ ਦਾ ਜੰਮਣਾ ਰੋਜ਼ਾਨਾ ਦਾ ਵਿਹਾਰ ਬਣ ਗਿਆ ਹੈ।ਸਵੇਰੇ ਸਵੇਰੇ ਗਲ਼ੀਆਂ-ਸੜਕਾਂ ਵਿੱਚ ਖੜ੍ਹੀਆਂ ਗੱਡੀਆਂ ਨੂੰ ਕੋਈ ਨਾ ਕੋਈ ਬੰਗਾਲੀ ਮੁੰਡਾ ਧੋ ਰਿਹਾ ਹੁੰਦਾ ਹੈ।ਹੁਣ ਸੀਤ ਲਹਿਰ ਤੇ ਧੁੰਦ ਨੇ ਜ਼ੋਰ ਫੜਦਿਆਂ ਹੀ ਕੰਬਣੀ ਛੇੜ ਦਿੱਤੀ ਹੋਈ ਹੈ।ਅਕਾਸ਼ੋਂ ਝੜਦੇ ਓਸ ਦੇ ਮੋਤੀ ਇਸ ਪ੍ਰਦੂਸ਼ਨ ਨੂੰ ਕੁਝ ਨਾ ਕੁਝ ਤਾਂ ਠੱਲ੍ਹ ਪਾਉਣ ਵਿੱਚ ਸਹਾਈ ਹੋਣਗੇ ਹੀ।

ਕੁਦਰਤ ਬਹੁਤ ਬੇਅੰਤ ਹੈ।ਇਸ ਨੇ ਆਪਣੇ ਨਿਯਮਾਂ ਮੁਤਾਬਿਕ ਹੀ ਚੱਲਣਾ ਹੈ। ਇਹ ਬੇਨਿਯਮੀ ਨਹੀਂ ਚੱਲਦੀ।ਕੁਦਰਤ ਜੇ ਕਦੇ ਕੋਈ ਆਪਣਾ ਨਿਯਮ ਤੋੜਦੀ ਵੀ ਹੈ ਤਾਂ ਉਹ ਕਿਸੇ ਹੋਰ ਨੂੰ ਫਾਇਦਾ ਪਹੁੰਚਾ ਵੀ ਰਹੀ ਹੁੰਦੀ ਹੈ।ਸ਼ਾਮੀ ਮੇਰੇ ਦੋਸਤ ਇੰਦਰਜੀਤ ਦਾ ਆਸਟਰੇਲੀਆ ਤੋਂ ਫੋਨ ਆਇਆ। ਨਵੇਂ ਸਾਲ ਦੀ ਦੁਆ-ਸਲਾਮ ਕਹਿੰਦਿਆਂ ਉਹ ਦੱਸ ਰਹੇ ਸਨ, 'ਯਾਰ ਏਥੇ ਗਰਮੀ ਬਹੁਤ ਐ।ਪਰ ਬੇਟਾ ਪਿਆਰ ਬਹੁਤ ਕਰਦੈ। ਪੁੱਛ ਨਾ ਕੁਸ਼। ਰੂਹ ਖੁਸ਼ ਹੋ ਗਈ ਛੋਟੇ ਭਾਈ। ਏਥੇ ਪਹੁੰਚੇ ਤਾਂ ਡਿਸਏਬਲ ਹੋਣ ਕਾਰਨ ਉਸ ਮੈਨੂੰ ਇੱਕ ਸਵੈ-ਚਾਲਤ ਛੋਟੀ ਜਿਹੀ ਥ੍ਰੀਵੀਲਰ ਗੱਡੀ ਲਿਆ ਦਿੱਤੀ।ਕਹਿੰਦਾ ਪਾਪਾ ਤੁਹਾਨੂੰ ਏਥੇ ਤੁਰਨ ਦੀ ਲੋੜ ਨਹੀਂ। ਹੁਣ ਮੈਂ ਚਾਲ਼ੀ-ਪੰਜਾਹ ਕਿਲੋਮੀਟਰ ਤੱਕ ਦਾ ਸਫਰ ਇਸ 'ਤੇ ਤਹਿ ਕਰ ਸਕਦਾ ਹਾਂ। ਬਾਜ਼ਾਰ ਜਾ ਆਉਂਦਾ ਹਾਂ।ਇੱਕ ਮਿੰਟ ਹੋਲਡ ਕਰੀ ਭਰਾ।'ਆਖ ਉਹ ਦੂਜੇ ਫੋਨ 'ਤੇ ਕਿਸੇ ਨਾਲ਼ ਗੱਲਾਂ ਕਰਨ ਲੱਗ ਪਏ।ਮੈਨੂੰ ਸਮਝਣ ਵਿੱਚ ਦੇਰ ਨਾ ਲੱਗੀ।ਇਹ ਖਰਭ ਰਹਿੰਦੇ ਉਸ ਦੇ ਵੱਡੇ ਪੋਤੇ ਦੀ ਆਵਾਜ਼ ਸੀ।ਮੈਂ ਹੋਰ ਗੌਰ ਨਾਲ਼ ਸੁਣਨ ਲੱਗਦਾ ਹਾਂ।'ਦਾਦੂ ਦੇਖੋ ਨਾ ਮੈਨੂੰ 'ਕੱਲਾ ਛੱਡ ਆਪ ਸਾਰੇ ਦੂਜੇ ਕਮਰੇ ਵਿੱਚ ਜਾ ਪਏ ਨੇ।ਮੈਨੂੰ ਤੁਹਾਡੇ ਬਿਨਾਂ ਨੀਂਦ ਨਈਂ ਆਉਂਦੀ।'ਉਹ ਪੋਤੇ ਨੂੰ ਪੁਚਕਾਰ ਕੇ ਠੰਢਾ ਕਰ ਰਹੇ ਸਨ।ਉਹਦੇ ਮਾਂ-ਪਿਓ ਨੂੰ ਹੁਣੇ ਫੋਨ ਕਰਕੇ ਡਾਂਟਣ ਲਈ ਕਹਿ ਉਸ ਨੂੰ ਦਿਲਾਸਾ ਦੇ ਰਹੇ ਸਨ। ਮੈਂ ਜਾਣਦਾ ਹਾਂ।ਇੰਦਰਜੀਤ ਜੀ ਬਹੁਤ ਮੋਹਖੋਰੇ ਇਨਸਾਨ ਹਨ।ਦੂਜਿਆਂ ਲਈ ਆਪਣੇ ਆਪ ਨੂੰ ਭੁੱਲ ਜਾਂਦੇ ਹਨ।ਮੇਰੇ ਕੰਨਾਂ ਵਿੱਚ ਉਸ ਦੇ ਬੋਲ ਗੂੰਜਦੇ ਹਨ, 'ਰਿਸ਼ਤਿਆਂ ਉੱਤੇ ਧੂੜ ਨਹੀਂ ਜੰਮਣ ਦੇਣੀ ਚਾਹੀਦੀ ਛੋਟੇ ਭਾਈ।ਓਵੇਂ ਜਿਵੇਂ ਕੁਦਰਤ ਆਕਾਸ਼ੋਂ ਮੀਂਹ ਵਰ੍ਹਾ ਕੇ ਧਰਤੀ ਨੂੰ ਸਿੰਜਦੀ ਰਹਿੰਦੀ ਹੈ, ਸਾਨੂੰ ਵੀ ਇਵੇਂ ਹੀ ਮੁਹੱਬਤ ਨਾਲ਼ ਰਿਸ਼ਤਿਆਂ ਨੂੰ ਸਿੰਜਦੇ ਰਹਿਣਾ ਚਾਹੀਦੈ'

ਮੈਂ ਦੇਰ ਤੱਕ ਬਹੁਤ ਕੁਝ ਸੋਚਦਾ ਰਹਿੰਦਾ ਹਾਂ। ਰਿਸ਼ਤਿਆਂ-ਨਾਤਿਆਂ ਬਾਰੇ।ਟੁੱਟ ਰਹੇ ਮਨੁੱਖ ਬਾਰੇ।ਲੋਭ-ਲਾਲਚ ਬਾਰੇ। ਉਂਝ ਕੁਦਰਤ ਕਦੇ ਵੀ ਕਿਸੇ ਨਾਲ਼ ਵਿਤਕਰਾ ਨਹੀਂ ਕਰਦੀ।ਪਹਾੜਾਂ ਉੱਤੇ ਪੈਂਦੀ ਬਰਫ ਨੇ ਹੌਲ਼ੀ-ਹੌਲ਼ੀ ਪਿਘਲ਼ ਕੇ ਪਾਣੀ ਦਾ ਰੂਪ ਲੈਣਾ ਹੁੰਦਾ ਹੈ।ਓਸ ਪਾਣੀ ਨੇ ਮੈਦਾਨਾਂ ਵਿੱਚ ਪੁੱਜ ਕੇ ਇਨ੍ਹਾਂ ਨੂੰ ਜਰਖੇਜ਼ਤਾ ਬਖਸ਼ਣ ਲਈ ਦਰਿਆਵਾਂ ਦਾ ਰੂਪ ਧਾਰ ਮੈਦਾਨਾਂ ਵੱਲ ਪਹੁੰਚਣਾ ਹੁੰਦਾ ਹੈ।ਜਿੱਥੇ ਉਸ ਮਨੁੱਖ ਵਾਸਤੇ ਅੰਨ ਉਗਾਉਣ ਲਈ ਓਸ ਮਿੱਟੀ ਵਿੱਚ ਰਚ-ਮਿਚ ਜਾਣਾ ਹੁੰਦਾ ਹੈ।ਫਿਰ ਇਹ ਬੰਦਾ ਅਜਿਹਾ ਕਿਉਂ ਨਹੀਂ ਸੋਚਦਾ? ਫਿਰ ਇਹ ਬੰਦਾ ਕਿਉਂ ਕੁਦਰਤ ਦੇ ਨਿਯਮਾਂ ਨੂੰ ਬੰਨ੍ਹ ਮਾਰਨ ਲਈ ਤੁਰ ਪੈਂਦਾ ਹੈ।ਇਨ੍ਹੀਂ ਦਿਨੀਂ ਕਣਕ ਬਾਲਪਨ ਵਿੱਚ ਹੈ।ਕਣਕਾਂ ਵਿੱਚ ਰੇਹ ਪਾਇਆ ਜਾ ਰਿਹਾ ਹੈ।ਲੋੜ ਅਨੁਸਾਰ ਕਿਧਰੇ ਕਿਧਰੇ ਕਣਕ ਨੂੰ ਪਾਣੀ ਲਗਾਇਆ ਜਾ ਰਿਹਾ ਹੈ।ਕਣਕ ਅਤੇ ਆਲੂਆਂ ਦੀ ਫਸਲ ਨੇ ਖੇਤਾਂ ਦੀ ਹਿੱਕ ਨੂੰ ਹਰੀ-ਕਚੂਰ ਚਾਦਰ ਨਾਲ਼ ਢਕ ਲਿਆ ਹੋਇਆ ਹੈ।ਪੰਜਾਬ ਦੇ ਖੇਤਾਂ ਵਿੱਚ ਹਰਿਆਲੀ ਛਾਈ ਹੋਈ ਹੈ।ਹਰੀਆਂ ਸਬਜ਼ੀਆਂ ਦੀ ਭਰਮਾਰ ਹੈ।ਗਾਜਰਾਂ ਪੁੱਟਣ ਦਾ ਕੰਮ, ਮਟਰ ਤੋੜਨ ਦਾ ਕੰਮ ਤੇ ਹੋਰ ਬਹੁਤ ਸਾਰੇ ਕੰਮ ਕਰਨ ਵਾਲ਼ੀਆਂ ਜ਼ਿਆਦਾਤਰ ਪੇਂਡੂ ਔਰਤਾਂ ਖੇਤਾਂ ਵਿੱਚ ਇਹ ਕੰਮ ਕਰ ਰਹੀਆਂ ਹਨ।ਉਨ੍ਹਾਂ ਦੀ ਦੋ ਵੇਲ਼ੇ ਦੀ ਰੋਟੀ ਇਸ ਧੰਦੇ ਨੇ ਹੀ ਚਲਾਉਣੀ ਹੁੰਦੀ ਹੈ।

ਮੀਟਿੰਗਾਂ ਦੌਰਾਨ ਬਹੁਤ ਸਾਰੇ ਲੇਖਕ ਦੋਸਤ ਜਾਂ ਆਲੋਚਕ ਭਖਵੀਆਂ ਬਹਿਸਾਂ ਛੇੜਦਿਆਂ ਬੜੀਆਂ ਭਿਆਨਕ ਪ੍ਰਸਥਿਤੀਆਂ ਸਨਮੁੱਖ ਕਰ ਰਹੇ ਹੁੰਦੇ ਹਨ।ਪੰਜਾਬ ਵਿੱਚ ਕੰਮ ਹੀ ਨਹੀਂ ਰਿਹਾ।ਪੰਜਾਬ ਦਾ ਸਾਰਾ ਯੂਥ ਕੈਨੇਡਾ/ਅਮਰੀਕਾ ਜਾਣ ਲਈ ਤੀਂਘੜ ਰਿਹਾ ਹੈ। ਸੋਚਦਾ ਹਾਂ ਇਹ ਹੋ ਕੀ ਰਿਹੈ? ਇਹ ਕਿਹੋ ਜਿਹੀ ਸਿਆਸਤ ਹੋ ਰਹੀ ਹੈ। ਜੇ ਪੰਜਾਬ ਦਾ ਯੂਥ ਵਿਦੇਸ਼ਾਂ ਵੱਲ ਨੂੰ ਭੱਜਿਆ ਜਾ ਰਿਹਾ ਹੈ ਤਾਂ ਫਿਰ ਉਸ ਨੂੰ ਕੋਈ ਕਿਉਂ ਨਹੀਂ ਦੇਖ ਰਿਹਾ ਜੋ ਵਰਤਾਰਾ ਏਥੇ ਲਾਈਵ ਵਰਤ ਰਿਹਾ ਹੈ। ਯੂਪੀ, ਬਿਹਾਰ ਦੇ ਮੁੰਡੇ ਪਿੱਠੂ ਬੈਗ ਪਾਈ ਨਿੱਤ ਪੰਜਾਬ ਵੱਲ ਕਿਉਂ ਆ ਰਹੇ ਹਨ? ਪੰਜਾਬ ਦੇ ਸ਼ਹਿਰਾਂ/ਪਿੰਡਾਂ ਦਾ ਕਿਹੜਾ ਅਜਿਹਾ ਕੰਮ ਹੈ, ਜਿਸ ਨੂੰ ਪੰਜਾਬੀ ਮੁੰਡੇ ਕਰ ਰਹੇ ਹਨ? ਪਲੰਬਰ ਦਾ ਕੰਮ, ਬਿਜਲੀ ਦਾ ਕੰਮ, ਰਾਜ-ਮਿਸਤਰੀ ਦਾ ਕੰਮ, ਰੰਗ-ਰੋਗਨ ਦਾ ਕੰਮ, ਸਬਜ਼ੀ ਦਾ ਕੰਮ, ਰੇਹੜੀਆਂ- ਫੜ੍ਹੀਆਂ ਦਾ ਕੰਮ, ਢਾਬਿਆਂ ਦਾ ਕੰਮ, ਖੇਤਾਂ ਦੇ ਕੰਮ, ਘਰਾਂ ਦੀ ਸਫਾਈ ਆਦਿ ਦਾ ਕੰਮ।ਇਹ ਕੰਮ ਕੌਣ ਕਰ ਰਿਹੈ? ਸੋਚਦਾ ਹਾਂ, ਹਰ ਥਾਂ ਪ੍ਰਦੂਸ਼ਨ ਬਹੁਤ ਹੈ।ਭਖਵੀਆਂ ਬਹਿਸਾਂ ਬਹੁਤ ਹੋ ਰਹੀਆਂ ਹਨ। ਸਾਡੀ ਸੋਚ ਪ੍ਰਦੂਸ਼ਨ ਦੀ ਇਸ ਧੂੜ-ਮਿੱਟੀ ਨੇ ਕੱਜ ਲਈ ਹੋਈ ਹੈ।ਇਸ ਸਿਆਸਤ ਨੂੰ ਪਛਾੜਣ ਦੀ ਲੋੜ ਹੈ।ਇਸ ਨੂੰ ਪਛਾੜਨ ਲਈ ਸੋਝੀ ਦੀ ਭਰਵੀਂ ਬਾਰਸ਼ ਦੀ ਅਤਿਅੰਤ ਜ਼ਰੂਰਤ ਹੈ।ਹਾਲੇ ਸਿਆਸਤ ਕਹਿਰਵਾਨ ਹੈ।ਹਾਲੇ ਕੁਦਰਤ ਕਹਿਰਵਾਨ ਹੈ।ਕਦੋਂ ਪਵੇਗੀ ਇਹ ਭਰਵੀਂ ਬਾਰਿਸ਼? ਇਹ ਕਿਹੋ ਜਿਹੀ ਸਿਆਸਤ ਹੋ ਰਹੀ ਹੈ? ਇਸ ਦਾ ਰਾਮ ਰੌਲ਼ਾ ਸਿਖਰਾਂ 'ਤੇ ਹੈ। ਸੋਚਦਾ ਹਾਂ ਜੇਕਰ ਪੰਜਾਬ ਵਿੱਚ ਕੰਮ ਨਹੀਂ ਤਾਂ ਸ਼ਹਿਰ-ਸ਼ਹਿਰ ਕਾਲੋਨੀਆਂ ਕਿਉਂ ਕੱਟੀਆਂ ਜਾ ਰਹੀਆਂ ਹਨ? ਬਹੁ-ਮੰਜ਼ਿਲੀ ਇਮਾਰਤਾਂ ਕਿਉਂ ਆਕਾਸ਼ ਛੂਹ ਰਹੀਆਂ ਹਨ। ਕਿਉਂ ਐਕਸਪ੍ਰੈਸ ਵੇਅ ਨਿਕਲ਼ ਰਹੇ ਹਨ? ਕਿਉਂ ਫਲਾਈਓਵਰ ਬਣਾਏ ਜਾ ਰਹੇ ਹਨ? ਇਹੋ ਜਿਹੀ ਸਿਆਸਤ ਕੌਣ ਖੇਡ ਰਿਹੈ? ਕੋਈ ਸੁਣ ਕਿਉਂ ਨਹੀਂ ਰਿਹਾ? ਕਿਸਾਨ ਦੀ ਮਜ਼ਦੂਰ ਦੀ ਕਦੋਂ ਸੁਣੀ ਜਾਵੇਗੀ। ਨਵੇਂ ਸਾਲ ਦੀ ਆਮਦ ਨਾਲ਼ ਆਸਾਂ ਦਾ ਦੀਵਾ ਲਟ ਲਟ ਜਗਣਾ ਚਾਹੀਦਾ ਹੈ। ਆਸਾਂ ਤੇ ਉਮੀਦਾਂ ਦੀ ਧਰਤੀ ਕਦੀ ਬੰਜਰ ਨਹੀਂ ਹੁੰਦੀ। ਆਸਾਂ ਤੇ ਉਮੀਦਾਂ ਕਦੀ ਬਾਂਝ ਨਹੀਂ ਹੋਣੀਆਂ ਚਾਹੀਦੀਆਂ।ਜ਼ਰਖੇਜ਼ ਜ਼ਮੀਨ ਵਿੱਚ ਆਸਾਂ ਤੇ ਉਮੀਦਾਂ ਦੇ ਬੀਜ ਫੁੱਟਦੇ ਰਹਿਣੇ ਚਾਹੀਦੇ ਹਨ। ਉਮੰਗਾਂ ਦੇ ਰਸੀਲੇ ਫਲ਼ਾਂ ਦੀ ਚਾਹਤ ਅੰਗੜਾਈ ਭੰਨਦੀ ਰਹੇ ਤਾਂ ਵਾਹ ਭਲੀ। ਉਂਝ ਮਨਾਂ 'ਚ ਉੱਗ ਆਈ ਕਾਈ ਨੂੰ ਲਾਹੁਣ ਲਈ ਕਦੇ ਵੀ ਨਵੇਂ ਸਾਲ ਦੀ ਆਮਦ ਦੀ ਜ਼ਰੂਰਤ ਨਹੀਂ ਹੁੰਦੀ। ਉਂਝ ਸਾਨੂੰ ਮਨਾਂ ਵਿੱਚ ਕਾਈਆਂ ਉੱਗ ਆਉਣ ਦੀ ਨੌਬਤ ਨਹੀਂ ਆਉਣ ਦੇਣੀ ਚਾਹੀਦੀ।ਫਿਰ ਵੀ ਕੀ ਪਤੈ, ਕਦੋਂ ਅਜਿਹੀ ਨੌਬਤ ਰਿਸ਼ਤਿਆਂ ਦੀ ਦੇਹਲ਼ੀਆਂ 'ਤੇ ਆਣ ਖੜ੍ਹੀ ਹੋ ਜਾਵੇ।ਪਿਛਲੇ ਵਰ੍ਹੇ ਦੀ ਆਮਦ 'ਤੇ ਲਿਖੀ ਗ਼ਜ਼ਲ ਮੈਂ ਕਹਾਣੀਕਾਰ ਸੁਖਜੀਤ ਨੂੰ ਵਟਸਅਪ ਕੀਤੀ ਸੀ।ਉਸ ਵਾਇਸ ਮੈਸਜ਼ ਰਾਹੀਂ ਮੇਰੀ ਪਿੱਠ ਥਾਪੜੀ ਸੀ। ਗ਼ਜ਼ਲ ਦੇ ਬੋਲ਼ ਸਨ, 'ਮਨੀਂ ਜੇ ਉੱਗੀਆਂ ਕਾਈਆਂ ਹੋਵਣ/ ਉਹ ਇੱਕ ਇੱਕ ਕਰਕੇ ਲਾਹੀਆਂ ਹੋਵਣ/ ਕੱਢ ਲਈਆਂ ਜੋ ਸਿਰਾਂ ਤੋਂ ਉੱਚੀਆਂ/ ਕੰਧਾਂ ਕੁਝ ਕੁਝ ਢਾਈਆਂ ਹੋਵਣ/ ਫਿਰ ਆਖਣ ਨੂੰ ਜੀਅ ਕਰਦਾ ਏ/ ਨਵਾਂ ਸਾਲ ਵਧਾਈਆਂ ਹੋਵਣ।'

**ਸੰਪਰਕ : 98144 30874**

# ਮਸਨੂਈ-ਬੁੱਧੀ ਤੇ ਰੁਜ਼ਗਾਰ ਦਾ ਸਵਾਲ

**ਪ੍ਰਭਾਤ ਪਟਨਾਇਕ**

**ਅਨੁ. : ਮਾਸਟਰ ਮੋਹਨ ਲਾਲ ਰਾਹੀ**

ਮਸਨੂਈ-ਬੁੱਧੀ (ਆਰਟੀਫਿਸ਼ੀਅਲ ਇਟੈਲੀਜੈਂਸ) ਜਾਂ ਏ ਆਈ ਲਿਆਉਣ ਨਾਲ ਜੁੜੀਆਂ ਵੰਨ-ਸੁਵੰਨੀਆ ਦਿੱਕਤਾਂ ਬਾਰੇ ਬੜਾ ਕੁਝ ਲਿਖਿਆ ਗਿਆ ਹੈ, ਪਰ ਐਸ ਵੇਲੇ ਸਾਡੀ ਫਿਕਰਮੰਦੀ ਦਾ ਅਸਲੀ ਮੁੱਦਾ ਇਸ 'ਚੋਂ ਪੈਦਾ ਹੋਣ ਵਾਲੀ ਗੰਭੀਰ ਬੇਰੁਜ਼ਗਾਰੀ ਬਾਰੇ ਹੈ।

ਹਾਲੀਵੁੱਡ ਦੇ ਲੇਖਕਾਂ ਨੇ ਜਦੋਂ ਮਸਨੂਈ ਬੁੱਧੀ ਵੱਲੋਂ ਆਪਣੀ ਥਾਂ ਲਏ ਜਾਣ ਖ਼ਿਲਾਫ਼ ਹੜਤਾਲ ਕੀਤੀ ਸੀ, ਤਾਂ ਉਸ ਵਿਚ ਉਭਾਰਿਆ ਗਿਆ ਬੁਨਿਆਦੀ ਮੁੱਦਾ ਜਿਹੜਾ ਹੜਤਾਲ ਦਾ ਹੱਲ ਹੋ ਜਾਣ ਪਿਛੋਂ ਹਾਸ਼ੀਏ 'ਤੇ ਚਲਾ ਗਿਆ ਬੇਰੁਜ਼ਗਾਰੀ ਸੀ, ਪਰ ਇਹ ਮੁੱਦਾ ਹਾਲੇ ਵੀ ਬੁਨਿਆਦੀ ਮਸਲਾ ਬਣਿਆ ਹੋਇਆ ਹੈ।

**ਦਿੱਕਤ ਤਕਨੀਕ 'ਚ ਨਹੀਂ, ਪੂੰਜੀਵਾਦੀ ਵਿਵਸਥਾ ਵਿਚ ਹੈ**

ਇਹ ਨੋਟ ਕਰਨਾ ਜ਼ਰੂਰੀ ਹੈ ਕਿ ਇਹ ਸਮੱਸਿਆ ਕੇਵਲ ਪੂੰਜੀਵਾਦੀ ਢਾਂਚੇ ਤਹਿਤ ਮਸਨੂਈ-ਬੁੱਧੀ ਜਾਂ ਏ ਆਈ ਲਿਆਏ ਜਾਣ ਦੀ ਹੀ ਸਮੱਸਿਆ ਹੈ, ਪਰ ਕਿਉਂਕਿ ਅੱਜ ਪੂੰਜੀਵਾਦ ਵਿਸ਼ਵ ਦੇ ਵੱਡੇ ਹਿੱਸੇ ਦੀ ਇਕ ਸੱਚਾਈ ਬਣ ਚੁੱਕੀ ਹੈ, ਇਸ ਲਈ ਮਿਹਨਤਕਸ਼ ਜਨਤਾ ਨੂੰ ਏ ਆਈ ਤੋਂ ਦਰਪੇਸ਼ ਖਤਰਾ ਬੜਾ ਗੰਭੀਰ ਹੈ। ਕੰਮ ਵਿਚ ਸਾਂਝੀਦਾਰੀ, ਪੈਦਾਵਾਰ ਵਿਚ ਸਾਂਝੇਦਾਰੀ ਵਾਲੇ ਨਿਯਮਾਂ 'ਤੇ ਆਧਾਰਤ ਕਿਸੇ ਵੀ ਸਮਾਜ ਵਿਚ ਮਿਸਾਲ ਵਜੋਂ ਸਮਾਜਵਾਦੀ ਸਮਾਜ ਵਿਚ ਇਨਸਾਨ ਦੇ ਕੰਮ ਦਾ ਬੋਝ ਘਟਾਉਣ ਵਾਲੀ ਅਜਿਹੀ ਮਸਨੂਈ-ਬੁੱਧੀ ਲਿਆਂਦੇ ਜਾਣ ਨਾਲ ਦੂਜੇ ਨੈਤਿਕ ਅਤੇ ਹੋਰ ਇਤਰਾਜ਼ ਜੋ ਮਰਜ਼ੀ ਹੋਣ, ਪਰ ਘੱਟੋ-ਘੱਟ ਇਹ ਇਤਰਾਜ਼ ਨਹੀਂ ਕੀਤਾ ਜਾ ਸਕਦਾ ਕਿ ਇਸ ਨਾਲ ਰੁਜ਼ਗਾਰ ਖੁੱਸਦਾ ਹੈ, ਪ੍ਰੰਤੂ ਇਕ ਪੂੰਜੀਵਾਦੀ ਢਾਂਚੇ ਦੀ ਕਾਰਜ-ਪ੍ਰਣਾਲੀ ਦਾ ਕੰਮ ਵਿਚ ਸਾਂਝੇਦਾਰੀ, ਪੈਦਾਵਾਰ ਵਿਚ ਸਾਂਝੇਦਾਰੀ ਦੀ ਨੈਤਿਕਤਾ ਨਾਲ ਉੱਕਾ ਹੀ ਕੋਈ ਵਾਹ-ਵਾਸਤਾ ਨਹੀਂ ਹੁੰਦਾ।

ਇਸ ਪੱਖੋਂ ਪੂੰਜੀਵਾਦ ਅਤੇ ਸਮਾਜਵਾਦ ਵਿਚਲੇ ਫਰਕ ਨੂੰ ਇਕ ਸੌਖੀ ਜਿਹੀ ਮਿਸਾਲ ਨਾਲ ਬਾਖੂਬੀ ਸਮਝਿਆ ਜਾ ਸਕਦਾ ਹੈ। ਮੰਨ ਲਓ, ਏ ਆਈ ਜਾਂ ਮਿਹਨਤ ਬਚਾਉਣ ਵਾਲੀ ਕਿਸੇ ਵੀ ਨਵੀਂ ਖੋਜ ਦੀ ਮਦਦ ਨਾਲ 100 ਲੋਕਾਂ ਵੱਲੋਂ ਪੈਦਾ ਕੀਤੀ ਜਾਂਦੀ ਪੈਦਾਵਾਰ ਦੀ ਨਿਸਚਿਤ ਮਾਤਰਾ ਨੂੰ ਪਹਿਲਾਂ ਦੇ ਮੁਕਾਬਲੇ ਅੱਧੀ ਕਿਰਤ ਸ਼ਕਤੀ ਵਰਤ ਕੇ ਹੀ ਪੈਦਾ ਕੀਤਾ ਜਾ ਸਕਦਾ ਹੈ। ਪਹਿਲਾਂ ਜਿਹੜਾ ਕੰਮ 100 ਮਜ਼ਦੂਰ ਕਰਦੇ ਸਨ, ਉਹੀ ਕੰਮ ਹੁਣ 50 ਮਜ਼ਦੂਰਾਂ ਨਾਲ ਹੀ ਕੀਤਾ ਜਾ ਸਕਦਾ ਹੈ। ਇਸ ਸੂਰਤ ਵਿਚ ਜੇਕਰ ਅਜਿਹਾ ਸਮਾਜਵਾਦੀ ਸਮਾਜ ਵਿਚ ਹੋ ਰਿਹਾ ਹੋਵੇ ਤਾਂ ਹਰ ਕਿਰਤੀ ਪਹਿਲਾਂ ਦੇ ਮੁਕਾਬਲੇ ਅੱਧਾ ਸਮਾਂ ਹੀ ਕੰਮ ਕਰ ਰਿਹਾ ਹੋਵੇਗਾ, ਪਰ ਉਸ ਨੂੰ ਮਜ਼ਦੂਰੀ ਪਹਿਲਾਂ ਜਿੰਨੀ ਹੀ ਮਿਲ ਰਹੀ ਹੋਵੇਗੀ। ਕੁਲ ਮਿਲਾ ਕੇ ਇਸ ਦਾ ਅਸਰ ਇਹ ਹੋਵੇਗਾ ਕਿ ਮਿਹਨਤ ਦੀ ਬਚਤ ਕਰਨ ਵਾਲੀ ਉਪਰੋਕਤ ਨਵੀਂ ਖੋਜ, ਹਰ ਇਕ ਮਜ਼ਦੂਰ ਨੂੰ ਉਪਲੱਬਧ ਆਰਾਮ ਦੇ ਸਮੇਂ ਵਿਚ ਵਾਧਾ ਕਰੇਗੀ, ਜਦਕਿ ਆਪਣੀ ਮਿਹਨਤ ਦੇ ਇਵਜ਼ ਵਿਚ ਵਸਤਾਂ ਅਤੇ ਸੇਵਾਵਾਂ ਤੱਕ ਉਸ ਦੀ ਪਹੁੰਚ ਪਹਿਲਾਂ ਜਿੰਨੀ ਹੀ ਹੋਵੇਗੀ।

**ਸਮਾਜਵਾਦੀ ਪ੍ਰਬੰਧ 'ਚ ਨਤੀਜੇ ਵੱਖਰੇ ਹੋਣਗੇ**

ਦੂਜਾ ਬਦਲ ਇਹ ਹੋ ਸਕਦਾ ਹੈ ਕਿ 100 ਲੋਕਾਂ ਦੀ ਪੂਰੀ ਦੀ ਪੂਰੀ ਕਿਰਤ ਸ਼ਕਤੀ ਪਹਿਲਾਂ ਜਿੰਨਾ ਸਮਾਂ ਹੀ ਕੰਮ ਕਰਦੀ ਰਹੇ, ਪਰ ਪੈਦਾਵਾਰ ਪਹਿਲਾਂ ਨਾਲੋਂ ਦੁੱਗਣੀ ਕਰ ਰਹੀ ਹੋਵੇ, ਯਾਨਿ ਕਿਰਤੀਆਂ ਦੇ ਆਰਾਮ ਦਾ ਸਮਾਂ ਤਾਂ ਨਾ ਵਧੇ, ਪਰ ਉਨ੍ਹਾਂ ਨੂੰ ਮਜ਼ਦੂਰੀ ਪਹਿਲਾਂ ਨਾਲੋਂ ਦੁੱਗਣੀ ਮਿਲਣ ਲੱਗ ਪਵੇ। ਦੂਜੇ ਸ਼ਬਦਾਂ 'ਚ ਇਕ ਸਮਾਜਵਾਦੀ ਸਮਾਜ ਵਿਚ ਕਿਸੇ ਨਵੀਂ ਖੋਜ ਦਾ ਆਉਣਾ, ਜੋ ਮਿਸਾਲ ਦੇ ਤੌਰ 'ਤੇ ਪੈਦਾਵਾਰ ਦੀ ਹਰ ਇਕਾਈ ਵਿਚ ਕੀਤੀ ਜਾਣ ਵਾਲੀ ਮਿਹਨਤ ਨੂੰ ਅੱਧਾ ਕਰ ਦਿੰਦੀ ਹੋਵੇ, ਮਜ਼ਦੂਰਾਂ ਨੂੰ ਪਹਿਲਾਂ ਦੇ ਮੁਕਾਬਲੇ ਵਧੇਰੇ ਖੁਸ਼ਹਾਲ ਬਣਾਵੇਗੀ। ਇਹ ਵਾਧੂ ਖੁਸ਼ਹਾਲੀ, ਵਸਤਾਂ ਅਤੇ ਸੇਵਾਵਾਂ ਤੱਕ ਪਹਿਲਾਂ ਜਿੰਨੀ ਹੀ ਪਹੁੰਚ ਕਾਇਮ ਰੱਖਦੀ ਹੋਈ ਆਰਾਮ ਦਾ ਸਮਾਂ ਵਧਾਉਣ ਦੇ ਰੂਪ ਵਿਚ ਆ ਸਕਦੀ ਹੈ ਜਾਂ ਫਿਰ ਪਹਿਲਾਂ ਜਿੰਨੀ ਹੀ ਮਿਹਨਤ ਦੇ ਬਦਲੇ ਵਸਤਾਂ ਅਤੇ ਸੇਵਾਵਾਂ ਤੱਕ ਪਹੁੰਚ ਨੂੰ ਵਧਾਉਣ ਦੀ ਸ਼ਕਲ ਵਿਚ ਆ ਸਕਦੀ ਹੈ, ਪਰ ਕਿਸੇ ਪੂੰਜੀਵਾਦੀ ਸਮਾਜ ਵਿਚ ਇਸ ਕਿਸਮ ਦੀ ਮਿਹਨਤ ਬਚਾਉਣ ਵਾਲੀ ਨਵੀਂ ਖੋਜ ਤੱਟ-ਫੱਟ ਰੁਜ਼ਗਾਰ ਵਿਚ ਕਟੌਤੀ ਕਰਵਾ ਦੇਵੇਗੀ। ਆਪਾਂ ਜਿਸ ਮਿਸਾਲ ਨੂੰ ਲੈ ਕੇ ਚੱਲ ਰਹੇ ਹਾਂ, ਉਸ ਵਿਚ 50 ਮਜ਼ਦੂਰਾਂ ਨੂੰ ਤੁਰੰਤ ਕੰਮ ਤੋਂ ਹਟਾ ਦਿੱਤਾ ਜਾਵੇਗਾ, ਤਾਂ ਕਿ ਲਾਗਤ ਘਟਾਈ ਜਾ ਸਕੇ ਅਤੇ ਨਵੀਂ ਪ੍ਰਕਿਰਿਆ ਅਮਲ 'ਚ ਲਿਆ ਕੇ ਮੁਨਾਫ਼ੇ ਵਧਾਏ ਜਾ ਸਕਣ ਅਤੇ ਕਿਉਂਕਿ 50 ਵਾਧੂ ਮਜ਼ਦੂਰਾਂ ਦੇ ਬੇਰੁਜ਼ਗਾਰ ਹੋਣ ਨਾਲ ਰੁਜ਼ਗਾਰ ਭਾਲਣ ਵਾਲੇ ਕਿਰਤੀਆਂ ਦੀ ਗਿਣਤੀ ਵਧ ਜਾਵੇਗੀ, ਇਸ ਨਾਲ ਮਜ਼ਦੂਰਾਂ ਦੀ ਸਮੂਹਕ ਸੌਦੇਬਾਜ਼ੀ ਦੀ ਤਾਕਤ ਘਟ ਜਾਵੇਗੀ ਅਤੇ ਇਹ ਤਾਂ ਪੱਕਾ ਹੀ ਹੈ ਕਿ ਉਨ੍ਹਾਂ ਦੀ ਉਜਰਤ ਦੀ ਦਰ ਨਹੀਂ ਵਧ ਰਹੀ ਹੋਵੇਗੀ ਅਤੇ ਉਸ ਵਿਚ ਜੇਕਰ ਕੋਈ ਤਬਦੀਲੀ ਹੋਵੇਗੀ ਤਾਂ ਗਿਰਾਵਟ ਦੇ ਰੂਪ 'ਚ ਹੀ ਹੋਵੇਗੀ। ਇਸ ਤਰ੍ਹਾਂ ਪੂੰਜੀਵਾਦ ਤਹਿਤ ਮਿਹਨਤ ਬਚਾਉਣ ਵਾਲੇ ਸਾਧਨਾਂ ਦੀ ਲੱਭਤ, ਮਜ਼ਦੂਰਾਂ 'ਤੇ ਦੂਹਰੀ ਮਾਰ ਮਾਰਦੀ ਹੈ, ਉਨ੍ਹਾਂ ਵਿਚ ਬੇਰੁਜ਼ਗਾਰੀ ਵਧਾ ਦਿੰਦੀ ਹੈ ਅਤੇ ਉਨ੍ਹਾਂ ਦੀ ਅਸਲੀ ਉਜਰਤ ਵੀ ਘਟਾ ਦਿੰਦੀ ਹੈ, ਜਿਸ ਨਵੀਂ ਖੋਜ ਵਿਚ ਇਹ ਸੰਭਾਵਨਾਵਾਂ ਛੁਪੀਆਂ ਹੁੰਦੀਆਂ ਹਨ ਕਿ ਉਹ ਇਨਸਾਨ ਦੀ ਮਿਹਨਤ-ਮੁਸ਼ੱਕਤ ਘਟਾ ਦੇਵੇ, ਜਿਹੜੀ ਕਿ ਸਮਾਜਵਾਦ ਤਹਿਤ ਅਜਿਹੀ ਨਵੀਂ ਖੋਜ ਕਰਦੀ ਵੀ ਹੈ, ਉਹੀ ਨਵੀਂ ਖੋਜ ਪੂੰਜੀਵਾਦ ਤਹਿਤ ਦਰਅਸਲ ਮਜ਼ਦੂਰਾਂ ਦੀ ਹਾਲਤ ਬਦਤਰ ਬਣਾ ਦਿੰਦੀ ਹੈ। ਪੂੰਜੀਵਾਦੀ ਸਮਾਜ ਵਿਵਸਥਾ ਦੇ ਦਾਇਰੇ 'ਚ ਮਸਨੂਈ-ਬੁੱਧੀ ਦਾ ਲਿਆਂਦਾ ਜਾਣਾ ਹੀ ਹੈ, ਜਿਹੜਾ ਮਜ਼ਦੂਰਾਂ 'ਤੇ ਤਬਾਹੀ ਢਾਹੁਣ ਜਾ ਰਿਹਾ ਹੈ।

**ਰੁਜ਼ਗਾਰ ਤੇ ਮਸ਼ੀਨਰੀ : ਕੌਣ ਸਹੀ, ਕੌਣ ਗਲਤ**

ਅਜਿਹਾ ਤਰਕ ਦੇਣਾ ਪਹਿਲੀ ਨਜ਼ਰੇ ਲੁਡਾਈਟਾਂ ਦੀ ਗੁੰਮਰਾਹਕੁੰਨ ਦਲੀਲ ਨੂੰ ਸਹੀ ਮੰਨਣਾ ਲੱਗ ਸਕਦਾ ਹੈ। ਲੁਡਾਈਟ, ਉਨੀਵੀਂ ਸਦੀ ਦੇ ਸ਼ੁਰੂ ਵਿਚ ਬਰਤਾਨੀਆ ਵਿਚ ਕੱਪੜਾ ਮਜ਼ਦੂਰਾਂ ਦੇ ਇਕ ਟੋਲੇ ਨੂੰ ਕਿਹਾ ਜਾਂਦਾ ਸੀ, ਜੋ ਮਸ਼ੀਨਾਂ ਤੋੜਦੇ ਸਨ, ਕਿਉਂਕਿ ਉਨ੍ਹਾਂ ਦਾ ਇਹ ਮੰਨਣਾ ਸੀ ਕਿ ਮਸ਼ੀਨਾਂ ਹੀ ਮਜ਼ਦੂਰਾਂ 'ਚ ਬੇਰੁਜ਼ਗਾਰੀ ਪੈਦਾ ਕਰਦੀਆਂ ਹਨ, ਪਰ ਲੁਡਾਈਟਾਂ ਦੀ ਦਲੀਲ ਵਿਚ ਨੁਕਸ ਇਹ ਨਹੀਂ ਸੀ ਕਿ ਉਹ ਮਸ਼ੀਨਰੀ ਨੂੰ ਬੇਰੁਜ਼ਗਾਰੀ ਦੇ ਕਾਰਨ ਵਜੋਂ ਦੇਖਦੇ ਸਨ। ਲੁਡਾਈਟਾਂ ਦੀ ਗਲਤੀ ਇਹ ਸੀ ਕਿ ਉਹ ਇਸ ਘਟਨਾਕ੍ਰਮ ਨੂੰ ਸਰਮਾਏਦਾਰੀ 'ਚੋਂ ਨਿਕਲਣ ਵਾਲੇ ਘਟਨਾਕ੍ਰਮ ਵਜੋਂ ਨਹੀਂ ਦੇਖਦੇ ਸਨ। ਉਹ ਇਕ ਸਮਾਜਿਕ ਘਟਨਾਕ੍ਰਮ ਨੂੰ ਤਕਨਾਲੋਜੀ ਤੋਂ ਪੈਦਾ ਹੋ ਰਹੀ ਅਤੇ ਉਸ ਨਾਲ ਲਾਜ਼ਮੀ ਜੁੜੇ ਘਟਨਾਕ੍ਰਮ ਵਾਂਗ ਦੇਖਦੇ ਸਨ, ਪ੍ਰੰਤੂ ਇਸ ਘਟਨਾਕ੍ਰਮ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਪੱਖੋਂ ਉਨ੍ਹਾਂ ਦੀਆਂ ਭਾਵੇਂ ਜੋ ਵੀ ਗਲਤੀਆਂ ਰਹੀਆਂ ਹੋਣ, ਉਹ ਇਸ ਘਟਨਾਕ੍ਰਮ ਨੂੰ ਪਛਾਣਨ 'ਚ ਗਲਤੀ ਨਹੀਂ ਕਰ ਰਹੇ ਸਨ। ਸੱਚਾਈ ਇਹ ਹੈ ਕਿ ਉਹ ਅਰਥ ਸ਼ਾਸਤਰੀ ਹੀ ਸਿਧਾਂਤਕ ਪੱਖੋਂ ਗਲਤ ਸਨ, ਜੋ ਮਸ਼ੀਨਰੀ ਨੂੰ ਰੁਜ਼ਗਾਰ ਲਈ ਲਾਹੇਵੰਦੀ ਮੰਨਦੇ ਸਨ।

ਇਨ੍ਹਾਂ ਅਰਥ ਸ਼ਾਸਤਰੀਆਂ ਵਿਚੋਂ ਸਭ ਤੋਂ ਪ੍ਰਮੁੱਖ ਸੀ ਡੇਵਿਡ ਰਿਕਾਰਡੋ। ਉਸ ਦੀ ਇਹ ਦਲੀਲ ਸੀ ਕਿ ਜੇਕਰ ਇਹ ਮੰਨ ਲਿਆ ਜਾਵੇ ਕਿ ਮਜ਼ਦੂਰਾਂ ਦੀ ਉਜਰਤ ਹਮੇਸ਼ਾ ਗੁਜ਼ਾਰੇ ਦੇ ਪੱਧਰ 'ਤੇ ਰਹਿੰਦੀ ਹੈ, ਮਿਹਨਤ ਨੂੰ ਪਰਸਥਾਪਤ ਕਰਨ ਅਤੇ ਇੰਜ ਫੌਰੀ ਤੌਰ 'ਤੇ ਵਾਧੂ ਬੇਰੁਜ਼ਗਾਰੀ ਪੈਦਾ ਕਰਨ ਰਾਹੀਂ ਮਸ਼ੀਨਰੀ, ਮੁਨਾਫ਼ੇ ਦਾ ਹਿੱਸਾ ਅਤੇ ਇਸ ਲਈ ਮੁਨਾਫ਼ੇ ਦੀ ਦਰ ਵਧਾ ਦੇਵੇਗੀ। ਰਿਕਾਰਡੋ, ਜੋ ਇਸ ਨਿਯਮ ਵਿਚ ਭਰੋਸਾ ਰੱਖਦਾ ਸੀ, ਜਿਸ ਦੇ ਅਨੁਸਾਰ ਸਰਮਾਏਦਾਰੀ ਆਰਥਿਕਤਾ ਵਿਚ ਕਦੀ ਕੁੱਲ ਮੰਗ 'ਚ ਕਮੀ ਹੋ ਹੀ ਨਹੀਂ ਸਕਦੀ ਹੈ, ਇਸ ਤੋਂ ਅਗਾਂਹ ਇਹ ਦਲੀਲ ਦਿੰਦਾ ਸੀ ਕਿ ਕਿਉਂਕਿ ਸਾਰੀ ਉਜਰਤ ਦੀ ਖਪਤ ਕਰ ਲਈ ਜਾਂਦੀ ਹੈ ਅਤੇ ਖਪਤ ਨਾ ਕੀਤੇ ਗਏ ਮੁਨਾਫ਼ੇ ਬਚਤ ਬਣ ਜਾਂਦੇ ਹਨ ਅਤੇ ਇਹ ਨਿਵੇਸ਼ ਕਰ ਦਿੱਤੇ ਜਾਂਦੇ ਹਨ, ਮੁਨਾਫ਼ੇ ਦੀ ਦਰ ਵਿਚ ਵਾਧੇ ਦਾ ਨਤੀਜਾ ਪੂੰਜੀ ਸਟਾਕ ਦੀ ਹਰੇਕ ਇਕਾਈ ਵਿਚ ਨਿਵੇਸ਼ ਦੀ ਦਰ ਦਾ ਵਾਧਾ ਹੋਵੇਗਾ, ਯਾਨਿ ਪੂੰਜੀ ਸਟਾਕ ਦੀ ਵਾਧਾ ਦਰ ਅਤੇ ਇਸ ਲਈ ਪੈਦਾਵਾਰ ਅਤੇ ਰੁਜ਼ਗਾਰ ਦੀ ਵਾਧਾ ਦਰ ਵਧ ਰਹੀ ਹੋਵੇਗੀ।

ਇਸ ਦਾ ਅਰਥ ਇਹ ਹੋਇਆ ਕਿ ਮਸ਼ੀਨਰੀ ਲਿਆਉਣ ਨਾਲ ਫੌਰੀ ਤੌਰ 'ਤੇ ਕੁਝ ਬੇਰੁਜ਼ਗਾਰੀ ਪੈਦਾ ਹੁੰਦੀ ਹੈ, ਪਰ ਇਸ ਨਾਲ ਰੁਜ਼ਗਾਰ ਦੀ ਵਾਧਾ ਦਰ ਵੀ ਵਧਦੀ ਹੈ ਅਤੇ ਇਉਂ ਕੁਝ ਅਰਸੇ ਪਿੱਛੋਂ ਨਾ ਕੇਵਲ ਅਸਥਾਈ ਰੂਪ 'ਚ ਪੈਦਾ ਹੋਈ ਵਾਧੂ ਬੇਰੁਜ਼ਗਾਰੀ ਖ਼ਤਮ ਹੋ ਜਾਂਦੀ ਹੈ, ਬਲਕਿ ਕੁੱਲ ਮਿਲਾ ਕੇ ਰੁਜ਼ਗਾਰ, ਜਿੰਨਾ ਮਸ਼ੀਨਰੀ ਲਿਆਂਦੇ ਬਿਨਾਂ ਹੁੰਦਾ ਹੈ, ਉਸ ਦੇ ਮੁਕਾਬਲੇ ਵਧ ਜਾਂਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਮਸ਼ੀਨਰੀ ਦਾ ਲਿਆਉਣਾ ਫੌਰੀ ਤੌਰ 'ਤੇ ਚਾਹੇ ਕਿੰਨੀ ਵੀ ਬੇਰੁਜ਼ਗਾਰੀ ਵਧਾਵੇ, ਇਸ ਨਾਲ ਲੰਮੀ ਮਿਆਦ 'ਚ ਏਨਾ ਰੁਜ਼ਗਾਰ ਪੈਦਾ ਹੁੰਦਾ ਹੈ, ਜਿਹੜਾ ਮਸ਼ੀਨਰੀ ਲਿਆਂਦੇ ਬਿਨਾਂ ਜਿੰਨਾ ਰੁਜ਼ਗਾਰ ਰਿਹਾ ਹੁੰਦਾ ਹੈ, ਉਸ ਤੋਂ ਵੱਧ ਹੁੰਦਾ ਹੈ।

**ਪੂੰਜੀਵਾਦ ਅੰਦਰ ਮਸ਼ੀਨਰੀ ਰੁਜ਼ਗਾਰ ਦੀ ਵੈਰੀ ਹੈ**

ਅੱਜ ਤਾਈਂ ਰਿਕਾਰਡੋ ਦੀ ਉਕਤ ਦਲੀਲ ਟਰੇਡ ਯੂਨੀਅਨਾਂ ਦੇ ਇਸ ਦਾਅਵੇ ਦਾ ਮੁੱਖ ਜਵਾਬ ਬਣੀ ਹੋਈ ਹੈ ਕਿ ਮਸ਼ੀਨਰੀ ਦਾ ਲਿਆਉਣਾ ਰੁਜ਼ਗਾਰ ਦੇ ਖ਼ਿਲਾਫ਼ ਜਾਂਦਾ ਹੈ, ਪਰ ਉਕਤ ਦਲੀਲ ਦੋ ਆਪਣੇ-ਆਪ 'ਚ ਸਪੱਸ਼ਟ ਕਾਰਨਾਂ ਕਰਕੇ ਗਲਤ ਹੈ। ਪਹਿਲਾ ਤਾਂ ਇਹ ਕਿ ਇਹ ਯਕਮੁਸ਼ਤ ਮਸ਼ੀਨਰੀ ਲਿਆਂਦੇ ਜਾਣ ਦੀ ਕਲਪਨਾ 'ਤੇ ਆਧਾਰਤ ਹੈ, ਪਰ ਜੇ ਮਸ਼ੀਨਰੀ ਜਾਂ ਮਿਹਨਤ ਦੀ ਬਚਤ ਕਰਨ ਵਾਲੀਆਂ ਨਵੀਆਂ ਖੋਜਾਂ ਲਿਆਉਣਾ ਇਕ ਨਿਰੰਤਰ ਪ੍ਰਕਿਰਿਆ ਹੋਵੇ ਤਾਂ ਮਸ਼ੀਨਰੀ ਲਿਆਂਦੇ ਜਾਣ ਨਾਲ ਹਰ ਮਾਮਲੇ 'ਚ ਫੌਰੀ ਤੌਰ 'ਤੇ ਬੇਰੁਜ਼ਗਾਰੀ ਪੈਦਾ ਹੋਣਾ ਵੀ ਇਕ ਨਿਰੰਤਰ ਸਿਲਸਿਲੇ ਦਾ ਰੂਪ ਲੈ ਲਵੇਗਾ। ਉਸ ਸੂਰਤ ਵਿਚ ਉਹ ਦਿਨ ਤਾਂ ਕਿਸੇ ਸਾਰਥਕ ਮਿਆਦ 'ਚ ਸ਼ਾਇਦ ਕਦੇ ਆਵੇ ਹੀ ਨਾ, ਜਦੋਂ ਅੰਤ ਨੂੰ ਰੁਜ਼ਗਾਰ ਦਾ ਪੱਧਰ, ਜਿੱਥੋਂ ਇਸ ਦੀ ਸ਼ੁਰੂਆਤ ਹੋਈ ਸੀ, ਉਸ ਤੋਂ ਉੱਚਾ ਹੋ ਜਾਵੇਗਾ। ਕਿਸੇ ਵੀ ਖਾਸ ਮਿਆਦ 'ਚ ਰੁਜ਼ਗਾਰ ਦਾ ਅਸਲ ਪੱਧਰ ਮਸ਼ੀਨਰੀ ਨਿਰੰਤਰ ਲਿਆਂਦੇ ਜਾਣ ਤੋਂ ਪਹਿਲਾਂ ਦੀ ਸਥਿਤੀ ਦੇ ਮੁਕਾਬਲੇ ਤਾਂ ਘੱਟ ਹੀ ਹੋਵੇਗਾ। ਬਹਰਹਾਲ, ਇਸ ਤੋਂ ਵੀ ਵੱਧ ਮਹੱਤਵਪੂਰਨ ਨੁਕਤੇ ਦਾ ਸੰਬੰਧ ਇਸ ਨਾਲ ਹੈ। ਸਰਮਾਏਦਾਰ, ਨਿਵੇਸ਼ ਉਦੋਂ ਕਰਦੇ ਹਨ, ਜਦੋਂ ਉਨ੍ਹਾਂ ਨੂੰ ਮੰਡੀ 'ਚ ਮੋੜਵੇਂ ਵਾਧੇ ਦੀ ਆਸ ਹੁੰਦੀ ਹੈ, ਨਾ ਕਿ ਉਦੋਂ ਜਦੋਂ ਮਿਹਨਤ ਦੀ ਬੱਚਤ ਦੇ ਚਲਦਿਆਂ ਕਿਰਤ ਸ਼ਕਤੀ ਦੀ ਲਾਗਤ ਘੱਟ ਹੋਣ ਨਾਲ ਉਨ੍ਹਾਂ ਦੇ ਮੁਨਾਫ਼ੇ ਦਾ ਅਨੁਪਾਤ ਅਤੇ ਮੁਨਾਫ਼ੇ ਦੀ ਦਰ ਵਧ ਜਾਂਦੀ ਹੈ। ਹੁਣ ਉਸ ਦੌਰ ਬਾਰੇ ਸੋਚੀਏ, ਜਦੋਂ ਮਸ਼ੀਨਰੀ ਲਿਆਂਦੀ ਜਾ ਰਹੀ ਹੁੰਦੀ ਹੈ, ਕਿਉਂਕਿ ਖ਼ੁਦ ਰਿਕਾਰਡੋ ਇਹ ਮੰਨਦਾ ਹੈ ਕਿ ਤਤਕਾਲ ਰੁਜ਼ਗਾਰ ਵਿਚ ਗਿਰਾਵਟ ਆਵੇਗੀ ਅਤੇ ਅਸਲੀ ਉਜਰਤ, ਕਿਉਂਕਿ ਗੁਜ਼ਾਰੇ ਦੇ ਪੱਧਰ ਅਨੁਸਾਰ ਤੈਅ ਹੁੰਦੀ ਹੈ, ਉਜਰਤ ਅਦਾਇਗੀ ਵਿਚ ਮਸ਼ੀਨਰੀ ਦੇ ਆਏ ਬਿਨਾਂ ਜੋ ਹੁੰਦਾ ਉਸ ਦੇ ਮੁਕਾਬਲੇ ਗਿਰਾਵਟ ਹੀ ਹੋ ਰਹੀ ਹੋਵੇਗੀ। ਦੂਜੇ ਪਾਸੇ ਪੂੰਜੀਪਤੀ ਤਾਂ ਆਪਣੇ ਮੁਨਾਫ਼ੇ ਦੇ ਮੁਕਾਬਲੇ ਨਿਗੂਣੇ ਜਿਹੇ ਹਿੱਸੇ ਦੀ ਹੀ ਖਪਤ ਕਰਦੇ ਹਨ ਅਤੇ ਹਕੀਕਤ ਵਿਚ ਆਪਣੀ ਸੌਖ ਲਈ ਅਸੀਂ ਇਹ ਮੰਨ ਲੈਂਦੇ ਹਾਂ ਕਿ ਉਹ ਆਪਣਾ ਪੂਰੇ ਦਾ ਪੂਰਾ ਮੁਨਾਫ਼ਾ ਹੀ ਬਚਾ ਲੈਂਦੇ ਹਨ। ਇਸ ਲਈ ਸੰਬੰਧਤ ਦੌਰ ਵਿਚ ਆਰਥਿਕਤਾ ਵਿਚ ਖਪਤ ਕੁਝ ਘਟ ਗਈ ਹੋਵੇਗੀ ਤਾਂ ਫਿਰ ਮੰਨਣ ਦਾ ਕੋਈ ਕਾਰਨ ਹੀ ਨਹੀਂ ਬਣਦਾ ਕਿ ਨਿਵੇਸ਼ ਵਿਚ ਕੋਈ ਵਾਧਾ ਕਿਵੇਂ ਹੋ ਸਕਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਸੰਬੰਧਤ ਦੌਰ 'ਚ ਕੁੱਲ ਮੰਗ ਵਿਚ ਅਤੇ ਇਸ ਲਈ ਪੈਦਾਵਾਰ ਵਿਚ ਕਮੀ ਹੀ ਹੋ ਰਹੀ ਹੋਵੇਗੀ। ਅਜਿਹੀ ਹਾਲਤ ਵਿਚ ਨਿਵੇਸ਼ ਦਾ ਪੱਧਰ ਵੀ ਪਹਿਲਾਂ ਦੇ ਮੁਕਾਬਲੇ ਉੱਚਾ ਨਾ ਹੋ ਕੇ, ਜਿਵੇਂ ਰਿਕਾਰਡੋ ਮੰਨਦਾ ਸੀ, ਪਹਿਲੇ ਨਾਲੋਂ ਘੱਟ ਹੀ ਰਹਿ ਜਾਵੇਗਾ। ਇਉਂ, ਰੁਜ਼ਗਾਰ ਦਾ ਪੱਧਰ ਵੀ ਪਹਿਲਾਂ ਨਾਲੋਂ ਘੱਟ ਹੀ ਹੋਵੇਗਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਜ਼ਿਮੀਦਾਰਾਂ ਦੀ ਹੈਂਕੜ ਤੇ ਔਰਤ ਦੀ ਤਰਾਸਦੀ

**ਫੋਕਸ**

**ਚਰਚਾ ਇਕ ਪੁਸਤਕ ਦੀ**

**ਡਾ. ਭੁਪਿੰਦਰ ਕੌਰ**



## ਗੁੱਡੋ

(ਨਾਵਲ)

**ਕੇਸਰਾ ਰਾਮ**

**ਪੰਨੇ-218, ਮੁੱਲ-250 ਰੁਪਏ**

**ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ**




ਕੇਸਰਾ ਰਾਮ ਸਾਹਿਤ ਖੇਤਰ ਵਿੱਚ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ ਹੈ। ਪੰਜ ਕਹਾਣੀ ਸੰਗ੍ਰਹਿ ਤੋਂ ਬਾਅਦ 'ਗੁੱਡੋ' ਕੇਸਰਾ ਰਾਮ ਦਾ ਪਲੇਠਾ ਨਾਵਲ ਸੰਗ੍ਰਹਿ ਹੈ। ਨਾਵਲ ਸਮਰਪਿਤ ਹੈ ਮਲਾਲਾ ਯੂਸਫਜ਼ਈ ਦੇ ਵਿਚਾਰ ਨੂੰ, ਮੈਂ ਆਪਣੀ ਆਵਾਜ਼ ਬੁਲੰਦ ਕਰਦੀ ਹਾਂ ਇਸ ਲਈ ਨਹੀਂ ਕਿ ਚੀਕ ਸਕਾਂ, ਪਰ ਇਸ ਲਈ ਕਿ ਜਿਨ੍ਹਾਂ ਦੀ ਆਵਾਜ਼ ਨਹੀਂ ਹੈ, ਉਹਨਾਂ ਨੂੰ ਸੁਣਿਆ ਜਾਵੇ....... ਜਦੋਂ ਤੱਕ ਸਾਡੇ 'ਚੋਂ ਅੱਧੀ ਆਬਾਦੀ ਨੂੰ ਦੱਬ ਕੇ ਰੱਖਿਆ ਜਾਂਦਾ ਹੈ, ਅਸੀਂ ਸਾਰੇ ਸਫਲ ਨਹੀਂ ਹੋ ਸਕਦੇ।

ਨਾਵਲ 'ਜੱਟਾਂ ਜਿਮੀਦਾਰਾਂ ਦੀ ਹੈਂਕੜ ਤੇ ਔਰਤ ਦੀ ਤ੍ਰਾਸਦੀ' ਨੂੰ ਬਿਆਨ ਕਰਦਾ ਹੈ ਕਿ ਉਸ ਨੂੰ ਕਦੇ ਵੀ ਚੀਕ ਮਾਰਨ ਦਾ ਅਧਿਕਾਰ ਨਹੀਂ ਮਿਲਿਆ, ਭਾਵੇਂ ਉਹ ਜੱਟਾਂ ਜਿਮੀਦਾਰਾਂ ਦੇ ਪਰਵਾਰ ਦੀ ਔਰਤ ਹੋਵੇ ਤੇ ਜਾਂ ਕੰਮੀ, ਕਮੀਣ ਤੇ ਸੀਰੀ ਪਰਵਾਰ ਦੀ ਔਰਤ। ਸੀਰੀ ਪਰਵਾਰ ਦੇ ਬਿਰਸਾ ਰਾਮ ਦੀ ਗੁਡੋ ਦੀਆਂ ਸਿਸਕੀਆਂ ਦਾ ਦੌਰ ਉਸ ਦੇ ਲਾਸ਼ ਬਣਨ ਤੱਕ ਚੱਲਦਾ ਹੀ ਰਿਹਾ। ਪ੍ਰੀਤੋ ਵੱਡੇ ਸਰਦਾਰਾਂ ਦੀ ਧੀ ਸੀ, ਉਹ ਤਾਂ ਚੀਕ ਵੀ ਸਕਦੀ ਸੀ, ਚੀਕੀ ਵੀ, ਪਰ ਉਸ ਦੀ ਚੀਕ ਵੀ ਕਿਸੇ ਨਾ ਸੁਣੀ। ਉਹ ਮਿੰਨਤਾਂ ਕਰਦੀ ਰਹੀ ਆਪਣੇ ਮਾਪਿਆਂ ਨੂੰ ਕਿ ਮੈਂ ਇੱਥੇ ਨਹੀਂ ਰਹਿਣਾ, ਮੈਨੂੰ ਇੱਥੋਂ ਲੈ ਚੱਲੋ, ਪਰ ਮਾਪੇ ਉਸ ਨੂੰ ਮਾਂ ਦੀਆਂ ਉਹ ਗੱਲਾਂ ਯਾਦ ਕਰਵਾਉਂਦੇ ਕਿ ਜਿਸ ਘਰ ਵਿੱਚ ਧੀ ਦੀ ਡੋਲੀ ਜਾਂਦੀ ਹੈ, ਉਥੋਂ ਉਸ ਦੀ ਅਰਥੀ ਹੀ ਨਿਕਲਦੀ ਹੈ। ਇਹੀ ਔਰਤ ਦੀ ਕਹਾਣੀ ਹੈ, ਇਹੀ ਉਸ ਨੂੰ ਸਿਖਾਇਆ ਜਾਂਦਾ, ਭਾਵੇਂ ਉਹ ਜੱਟ ਜਿਮੀਦਾਰਾਂ ਦੀ ਪ੍ਰੀਤੋ ਹੋਵੇ ਤੇ ਭਾਵੇਂ ਉਹ ਸੀਰੀ ਪਰਵਾਰ ਦੀ ਗੁੱਡੋ ਹੋਵੇ।

ਨਾਵਲ ਇਨ੍ਹਾਂ ਦੋ ਔਰਤਾਂ ਦੀ ਜ਼ਿੰਦਗੀ ਦੁਆਲੇ ਘੁੰਮਦਿਆਂ ਜੱਟਾਂ ਜ਼ਿਮੀਦਾਰਾਂ ਦੀ ਫੋਕੀ ਹੈਂਕੜ, ਸੀਰੀਆਂ ਦੀਆਂ ਧੀਆਂ-ਭੈਣਾਂ ਦਾ ਸਰੀਰਕ ਸ਼ੋਸ਼ਣ, ਸੀਰੀਆਂ ਦਾ ਰੋਹ, ਬਦਲੇ ਦੀ ਭਾਵਨਾ, ਸ਼ਹਿਰਾਂ ਵਿੱਚ ਨੌਕਰੀ ਦੌਰਾਨ ਹੋ ਰਿਹਾ ਔਰਤਾਂ ਦਾ ਸਰੀਰਕ ਸ਼ੋਸ਼ਣ ਤੇ ਭ੍ਰਿਸ਼ਟ ਰਾਜਨੀਤਕ ਪ੍ਰਬੰਧ ਦੀ ਗੱਲ ਕਰਦਾ ਹੈ।

ਨਾਵਲ ਦੇ ਦੋ ਭਾਗ ਹਨ-ਪਹਿਲੇ ਭਾਗ ਵਿੱਚ ਬਿਰਸਾ ਰਾਮ ਦੀ ਧੀ ਗੁੱਡੋ ਦੀ ਕਹਾਣੀ ਹੈ, ਜੋ ਸੀਰੀ ਪਰਵਾਰ ਦੀ ਹੋਣੀ ਹੈ। ਗੁੱਡੋ

ਦੀ ਮਾਂ ਪੁੱਤਾਂ ਦੀ ਜੋੜੀ ਰਲਾਉਂਦੀ-ਰਲਾਉਂਦੀ ਪੰਜ ਧੀਆਂ ਜੰਮ ਬੈਠੀ। ਜੱਟਾਂ ਜ਼ਿਮੀਂਦਾਰਾਂ ਘਰ ਕੰਮ ਕਰਦਿਆਂ ਸੀਰੀਆਂ ਦੀਆਂ ਕੁੜੀਆਂ ਨਾਲ ਕਦੋਂ ਕੋਈ ਹਾਦਸਾ ਵਾਪਰ ਜਾਏ, ਇਸ ਦਾ ਡਰ ਬਿਰਸਾ ਰਾਮ ਲਈ ਹਮੇਸ਼ਾ ਬਣਿਆ ਰਹਿੰਦਾ। ਉਸ ਦੀ ਸ਼ਿੰਦੋ ਨਾਲ ਵੀ ਅਜਿਹਾ ਹੀ ਕੁਝ ਵਾਪਰਿਆ, ਇਸ ਲਈ ਉਹ ਗੁੱਡੋ ਦਾ ਵਿਆਹ ਜਲਦੀ ਕਰ ਦੇਣਾ ਚਾਹੁੰਦਾ ਸੀ। ਬਿਰਸਾ ਰਾਮ ਦੇ ਭਰਾ ਜੋਗੀ ਦੇ ਪਰਵਾਰ ਦੀ ਕਹਾਣੀ ਵੀ ਨਾਲ-ਨਾਲ ਚੱਲਦੀ ਹੈ, ਉਸ ਦੀ ਧੀ ਜੀਤੋ ਜੋ ਕਿ ਆਜ਼ਾਦਾਨਾ ਤਬੀਅਤ ਦੀ ਮਾਲਕ ਸੀ

ਉਸ ਦੇ ਪਿੰਡ ਵਿੱਚ ਕਈ ਕਿੱਸੇ-ਕਹਾਣੀਆਂ ਬਣੇ ਸਨ, ਜਿਸ ਕਰਕੇ ਜੋਗੀ ਨੇ ਉਸ ਨੂੰ ਵਿਆਹੁਣ ਦੀ ਕੀਤੀ। ਵਿਆਹ ਮਗਰੋਂ ਵੀ ਜੀਤੋ ਦਾ ਸੁਹੱਪਣ ਹੀ ਉਸ ਦਾ ਵੈਰੀ ਬਣ ਗਿਆ। ਸਾਊ, ਸੰਤੋਖੀ ਜੀਤਾ ਜੀਤੋ ਦੀਆਂ ਹਰਕਤਾਂ ਤੋਂ ਤੰਗ ਆ ਕੇ ਜਗ ਤੋਂ ਆਪਣਾ ਸੀਰ ਮੁਕਾ ਗਿਆ। ਬਿਰਸਾ ਰਾਮ ਵੀ ਆਪਣੀ ਧੀ ਗੁੱਡੋ ਲਈ ਮੁੰਡਾ ਲੱਭ ਲੈਂਦਾ ਹੈ। ਉਹ ਮੁੰਡਾ ਜਿਸ ਦੀ ਇੱਕ ਬਾਂਹ ਟੁੱਟੀ ਹੋਈ ਸੀ। ਉਹ ਜੈਲਾ ਜੋ ਜੱਟਾਂ ਜ਼ਿਮੀਂਦਾਰਾਂ ਨਾਲ ਨਫ਼ਰਤ ਕਰਦਾ ਹੈ ਤੇ ਆਪਣਾ ਗੁੱਸਾ ਉਨ੍ਹਾਂ 'ਤੇ ਨਾ ਕੱਢ ਕੇ ਆਪਣੀ ਪਤਨੀ ਗੁੱਡੋ 'ਤੇ ਕੱਢਦਾ ਹੈ। ਉਸ ਨੂੰ ਗੱਲ-ਗੱਲ 'ਤੇ ਮਿਹਣੇ ਮਾਰਦਾ ਹੈ, ਤਸੀਹੇ ਦਿੰਦਾ ਹੈ। ਜੈਲਾ ਔਰਤ ਜ਼ਾਤ ਤੋਂ ਨਫ਼ਰਤ ਕਰਦਾ ਹੈ। ਉਹ ਇਹ ਤਾਂ ਸਮਝਦਾ ਹੈ ਕਿ ਜੱਟ ਜ਼ਿਮੀਂਦਾਰ ਸੀਰੀਆਂ ਦੀਆਂ ਕੁੜੀਆਂ ਦਾ ਸਰੀਰਕ ਸ਼ੋਸ਼ਣ ਕਰਨਾ ਆਪਣਾ ਅਧਿਕਾਰ ਸਮਝਦੇ ਹਨ, ਪਰ ਉਹ ਇਹ ਨਹੀਂ ਸੀ ਸਮਝਦਾ ਕਿ ਉਨ੍ਹਾਂ ਨਾਲ ਤਾਂ ਧੱਕਾ ਹੀ ਹੁੰਦਾ ਆਇਆ ਹੈ, ਉਹ ਕਿਹੜਾ ਚਾਹੁੰਦੀਆਂ ਹਨ। ਇਹ ਸੀਰੀ ਪਰਵਾਰ ਦੀਆਂ ਔਰਤਾਂ ਦੀ ਹੋਣੀ ਹੈ ਕਿ ਉਨ੍ਹਾਂ ਦੇ ਘਰਵਾਲੇ ਇਹ ਵੀ ਨਹੀਂ ਸਮਝਦੇ ਕਿ ਮੁਫਤ ਸਬਜ਼ੀਆਂ ਉਹਨਾਂ ਨੂੰ ਕਾਹਤੋਂ ਮਿਲਦੀਆਂ ਹਨ। ਕਹਾਣੀ ਵਿੱਚ ਜੋਗੀ ਜਦੋਂ ਆਪਣੇ ਘਰਵਾਲੀ ਨੂੰ ਮਾਰਦਾ ਹੈ ਤਾਂ ਉਹ ਵੀ ਮੋਰਚਾ ਸਾਂਭ ਲੈਂਦੀ ਹੈ-ਵੇ ਕੋੜ੍ਹੀਆ, ਕੁਝ ਤਾਂ ਸ਼ਰਮ ਕਰ। ਜੱਟ ਤਾਂ ਖੌਰੇ ਮਟਰ-ਪਨੀਰ ਕੀ, ਮੀਟ-ਮੁਰਗੇ ਵੀ ਭੇਜ ਦਊ ਪਰ...... ਸੋਚ ਲੈ..... ਜੋਗੀ ਦੇ ਦਿਮਾਗ ਵਿੱਚ

ਇੱਕ ਚਾਲੂ ਜਿਹਾ ਫਿਕਰਾ ਗੂੰਜਦਾ ਰਹਿੰਦਾ ਅਖੇ, ਤੀਵੀਂ ਮੰਗੇ ਪੇੜੇ, ਉਹਨੂੰ ਦੇਣ ਵਾਲੇ...

ਗੁੱਡੋ ਦੇ ਵਿਆਹ ਤੋਂ ਹੀ ਉਸ ਦੀਆਂ ਸਿਸਕੀਆਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਇੱਕ ਦਿਨ ਗੁੱਡੋ ਨੂੰ ਪਤਾ ਲੱਗਦਾ ਹੈ ਕਿ ਕਲੌਂਦੀ ਵਾਲੇ ਸਰਦਾਰਾਂ ਨੇ ਹੀ ਜੈਲੇ ਦੀ ਬਾਂਹ ਤੋੜੀ ਸੀ ਕਾਰਨ ਬਦਲੇ ਦੀ ਭਾਵਨਾ। ਸਰਦਾਰਾਂ ਨੇ ਜੈਲੇ ਦੀਆਂ ਤਿੰਨ ਭੈਣਾਂ ਦੀ ਜ਼ਿੰਦਗੀ ਤਬਾਹ ਕੀਤੀ ਜੈਲੇ ਨੇ ਉਹਨਾਂ ਦੀ ਭੈਣ ਦੀ। ਫ਼ਰਕ ਸਿਰਫ਼ ਇੰਨਾ ਸੀ ਕਿ ਪ੍ਰੀਤੋ ਦੀ ਕੋਈ ਮਜਬੂਰੀ ਨਹੀਂ ਸੀ, ਉਹ ਤਾਂ ਸਿਰਫ਼ ਮਜ਼ਦੂਰਾਂ ਦੇ ਨੇੜੇ ਇਕ ਨਵੇਂ ਥੀਸਿਸ ਲਈ ਹੋਣਾ ਚਾਹੁੰਦੀ ਸੀ।ਹਰ ਵਾਰ ਜੇ ਜ਼ਿੰਦਗੀ ਤਬਾਹ ਹੋਈ ਤਾਂ ਬਦਲੇ ਦੀ ਭਾਵਨਾ ਕਰਕੇ ਔਰਤਾਂ ਦੀ ਹੀ ਹੋਈ। ਜੱਟਾਂ ਜ਼ਿਮੀਂਦਾਰਾਂ ਦੀਆਂ ਦੁਸ਼ਮਣੀਆਂ ਵਿੱਚ ਤਬਾਹ ਤਾਂ ਔਰਤ ਹੀ ਹੋਈ, ਭਾਵੇਂ ਉਹ ਸੀਰੀਆਂ ਦੀ ਹੋਵੇ ਤੇ ਭਾਵੇਂ ਉਹ ਸਰਦਾਰਾਂ ਦੀ। ਸਰਦਾਰਾਂ ਦੀਆਂ ਬੇਸ਼ੱਕ ਝੂਠੀ ਇੱਜ਼ਤ ਦੇ ਝੰਡੇ ਹੇਠ ਰਹਿੰਦੀਆਂ, ਪਰ ਕਦੀ-ਕਦੀ ਉਹ ਆਪਣੇ ਸਰਦਾਰ ਤੇ ਪੁੱਤਰਾਂ ਦੀਆਂ ਕਰਤੂਤਾਂ ਨੂੰ ਯਾਦ ਕਰਕੇ ਬਾਗੀ ਵੀ ਹੋ ਜਾਂਦੀਆਂ ਤੇ ਕਦੇ ਮਜਬੂਰੀਵੱਸ ਆਪਣੀਆਂ ਨੂੰਹਾਂ-ਧੀਆਂ ਦਾ ਸਾਥ ਵੀ ਦਿੰਦੀਆਂ।

ਜੈਲੇ ਨੂੰ ਇਸ ਦੀ ਸਜ਼ਾ ਦਿੱਤੀ ਗਈ, ਉਸ ਦੇ ਹੱਥ-ਪੈਰ ਤੋੜ ਦਿੱਤੇ ਗਏ, ਪਿੰਡੋਂ ਨਿਕਲਣ ਦੇ ਫਰਮਾਨ ਜਾਰੀ ਕਰ ਦਿੱਤੇ। ਜੈਲਾ ਬਾਗੀ ਸੀ ਪਰ ਉਸ ਦੀ ਹਰ ਔਰਤ ਪ੍ਰਤੀ ਇਹੀ ਸੋਚ ਬਣ ਗਈ। ਉਸ ਨੇ ਵੀ ਨਾ ਸੋਚਿਆ ਕਿ ਔਰਤ ਦਾ ਕਸੂਰ ਕੀ ਸੀ?

ਉਸ ਦੀਆਂ ਭੈਣਾਂ ਦਾ ਕਸੂਰ ਕੀ ਸੀ? ਉਸ ਨੇ ਬਦਲਾ ਲਿਆ ਕਲੌਂਦੀ ਸਰਦਾਰਾਂ ਦੀ ਧੀ ਪ੍ਰੀਤੋ ਤੋਂ। ਤੇ ਨਾਲ ਹੀ ਆਪਣੀ ਪਤਨੀ

ਗੁੱਡੋ ਨੂੰ ਸਜ਼ਾ ਦਿੱਤੀ, ਕਿਉਂਕਿ ਸ਼ਾਇਦ ਹਰ ਪਾਸੇ ਬਦਲਾ ਲੈਣ ਲਈ ਹਥਿਆਰ ਔਰਤ ਹੀ ਬਣਦੀ ਰਹੀ ਹੈ। ਗੁੱਡੋ ਵੀ ਕਈ ਵਾਰ ਮੋਰਚਾ ਫ਼ੜ ਲੈਂਦੀ, ਪਰ ਇਸ ਜਾਤ-ਪਾਤ ਦੇ ਫਰਕ ਨੂੰ ਜੈਲੇ ਨੂੰ ਸਮਝਾ ਹੀ ਨਹੀਂ ਪਾਉਂਦੀ।

ਦੂਜੇ ਹਿੱਸੇ ਵਿੱਚ ਕਹਾਣੀ ਚੱਲਦੀ ਹੈ ਪ੍ਰੀਤੋ ਦੀ, ਕਲੌਂਦੀ ਵਾਲੇ ਸਰਦਾਰਾਂ ਦੀ ਭੈਣ ਪ੍ਰੀਤੋ, ਜੋ ਜਬਰਨ ਨਹੀਂ, ਬਲਕਿ ਆਪਣੀ ਮਰਜ਼ੀ ਨਾਲ ਜੈਲੇ ਨਾਲ ਸਾਂਝ ਬਣਾਉਂਦੀ ਹੈ। ਉਹ ਤਾਂ ਮਜ਼ਦੂਰਾਂ ਤੇ ਜ਼ਿਮੀਦਾਰਾਂ ਵਿਚਕਾਰ ਰਸਮੀ ਦੀਵਾਰਾਂ ਢਾਹੁਣੀਆਂ ਚਾਹੁੰਦੀ ਸੀ। ਜੈਲੇ ਨਾਲ ਸਾਂਝ ਬਣਾਉਣ ਦਾ ਸਿਰਫ਼ ਤੇ ਸਿਰਫ਼ ਕਾਰਨ ਉਸ ਦਾ ਥੀਸਿਸ ਸੀ, ਪਰ ਉਸ ਨੂੰ ਨਹੀਂ ਸੀ ਪਤਾ ਕਿ ਉਹ ਆਪਣੇ ਹੱਥੀਂ ਆਪਣੀ ਜ਼ਿੰਦਗੀ ਤਬਾਹ ਕਰ ਰਹੀ ਹੈ।ਇਕ ਦਿਨ ਬੋਰ ਵਾਲੇ ਕੋਠੇ ਵਿੱਚ ਜਦੋਂ ਉਸ ਦੇ ਭਰਾ ਚਰਨਜੋਤ ਨੇ ਉਸ ਨੂੰ ਵੇਖ ਲਿਆ ਤਾਂ ਉਹ ਜ਼ੈਲੇ ਦੀ ਹਰਕਤ ਨੂੰ ਝੱਟ ਸਮਝ ਗਿਆ ਕਿਉਂਕਿ ਅਜਿਹੇ ਕੁੱਤੇ ਕੰਮ ਉਹ ਵੀ ਕਰਦਾ ਆ ਰਿਹਾ ਸੀ। ਬੱਸ ਇਥੋਂ ਹੀ ਬਦਲੇ ਦੀ ਭਾਵਨਾ ਨਾਲ ਸਰਦਾਰਾਂ ਨੇ ਜੈਲੇ ਘਰ ਧਾਵਾ ਬੋਲ ਦਿੱਤਾ ਤੇ ਸਾਰੇ ਟੱਬਰ ਨੂੰ ਕੁੱਟਿਆ ਤੇ ਜੈਲੇ ਦੀ ਬਾਂਹ ਤੋੜ ਦਿੱਤੀ, ਜੋ ਬਾਅਦ ਵਿੱਚ ਜੁੜ ਤਾਂ ਗਈ, ਪਰ ਟੇਢੀ। ਪ੍ਰੀਤੋ ਲਈ ਮੁੰਡਾ ਲੱਭਿਆ ਗਿਆ ਅਮਨਪ੍ਰੀਤ ਸਿੰਘ, ਜੋ ਇਕ ਕੰਪਿਊਟਰ ਸੈਂਟਰ ਦਾ ਮਾਲਕ ਸੀ। ਆਪਣੇ ਬਰਾਬਰ ਦੀ ਹੈਸੀਅਤ ਵੇਖ ਕੇ ਅਮਨਪ੍ਰੀਤ ਨਾਲ ਪ੍ਰੀਤੋ ਦਾ ਵਿਆਹ ਕਰ ਦਿੱਤਾ ਗਿਆ, ਪਰ ਪ੍ਰੀਤੋ ਨੂੰ ਅਮਨਪ੍ਰੀਤ ਦੀ ਅਸਲੀਅਤ ਜਲਦੀ ਹੀ ਪਤਾ ਲੱਗ ਗਈ। ਉਹ ਆਪਣੇ ਦਫਤਰ ਵਿੱਚ ਕੰਮ ਕਰਦੀ ਸੋਨੀਆ ਦਾ ਸਰੀਰਕ ਸ਼ੋਸ਼ਣ ਕਰਕੇ ਕਈ ਵਾਰ ਅਬਾਰਸ਼ਨ ਕਰਵਾ ਚੁੱਕਿਆ ਸੀ। ਇਸ ਗੱਲ 'ਤੇ ਅਮਨਪ੍ਰੀਤ ਤੇ ਪ੍ਰੀਤੋ ਦੇ ਵਿਚਕਾਰ ਤਕਰਾਰ ਹੋਣ ਲੱਗੀ। ਗੱਲ ਮਾਰ-ਕੁਟਾਈ 'ਤੇ ਵੀ ਪਹੁੰਚ ਗਈ। ਜਦੋਂ ਵਿਚੋਲਣ ਭੂਆ ਨੇ ਜੁਆਕ ਲਈ ਕਿਹਾ ਤਾਂ ਪ੍ਰੀਤੋ ਦਾ ਜਵਾਬ ਮੇਰੇ ਕੋਈ ਕੱਲੀ ਦੇ ਹੱਥ ਵੱਸ ਹੈ? ਹਸਪਤਾਲ ਚੈਕਅੱਪ ਕਰਵਾਏ ਗਏ। ਅਮਨਪ੍ਰੀਤ ਨੂੰ ਇਸ ਦੀ ਕੋਈ ਚਿੰਤਾ ਨਹੀਂ ਸੀ, ਕਿਉਂਕਿ ਉਹ ਹੁਣ ਤੱਕ ਸੋਨੀਆ ਦੇ ਦੋ ਵਾਰੀ ਅਬਾਰਸ਼ਨ ਦਾ ਖਰਚਾ ਭੁਗਤ ਚੁੱਕਾ ਸੀ, ਉਸ ਨੇ ਰਿਪੋਰਟ ਲਿਆ ਕੇ ਪ੍ਰੀਤੋ ਦੇ ਸਾਹਮਣੇ ਰੱਖ ਦਿੱਤੀ ਕਿ ਉਸ ਵਿੱਚ ਕੋਈ ਨੁਕਸ ਨਹੀਂ ਹੈ, ਪਰ ਪ੍ਰੀਤੋ ਦਾ ਕੇਸ ਕਾਫੀ ਗੁੰਝਲਦਾਰ ਸੀ। ਟੈਸਟਾਂ ਦਾ ਇੱਕ ਲੰਬਾ ਸਿਲਸਿਲਾ ਚੱਲਿਆ, ਹਸਪਤਾਲ ਜਾਂ ਲੈਬ ਜਿੱਥੇ ਵੀ ਕਹਿੰਦੇ, ਉਹ ਜ਼ਰੂਰ ਪਹੁੰਚਦੀ। ਪਰ ਇਕ ਦਿਨ ਜਦੋਂ ਅਮਨਪ੍ਰੀਤ ਸਿੰਘ ਰਿਪੋਰਟ ਲੈਣ ਪਹੁੰਚਿਆ ਤਾਂ ਡਾਕਟਰਨੀ ਨੇ ਉਸ ਨੂੰ ਸਹਿਜੇ ਹੀ ਸਮਝਾਇਆ ਕਿ ਤੁਹਾਡੀ ਵਾਈਫ ਦੇ ਸਰੀਰ ਵਿੱਚ ਕੁਝ ਕੰਪਲੀਕੇਸ਼ਨ ਸ਼ੋਅ ਹੋ ਰਹੀਆਂ ਹਨ। ਯੰਗ ਜਨਰੇਸ਼ਨ ਗਲਤੀ ਕਰ ਬੈਠਦੀ ਹੈ। ਵੈਸੇ ਸੈਟ ਰੂਲ ਤਾਂ ਨਹੀਂ, ਪਰ ਪਹਿਲਾ ਬੱਚਾ ਤਾਂ ਜ਼ਰੂਰ ਪੈਦਾ ਕਰਨਾ ਚਾਹੀਦਾ ਹੈ। ਤੁਹਾਨੂੰ ਅਬਾਰਸ਼ਨ ਵਗੈਰਾ ਨਹੀਂ ਕਰਾਉਣਾ ਚਾਹੀਦਾ ਸੀ।

ਅਬਾਰਸ਼ਨ ਦੇ ਨਾਂਅ 'ਤੇ ਹੀ ਅਮਨਪ੍ਰੀਤ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਤੇ ਉਹ ਆ ਕੇ ਪ੍ਰੀਤੋ ਦੇ ਗਲ ਪੈ ਗਿਆ। ਇੰਨੀ ਗੱਲ ਕਹੀ ਉਹਨਾਂ ਦਾ ਝਗੜਾ ਬਹੁਤ ਵਧ ਗਿਆ, ਉਸ ਦੇ ਭਰਾਵਾਂ ਨੂੰ ਬੁਲਾਇਆ ਗਿਆ। ਝਗੜਾ ਬਹੁਤ ਵਧ ਗਿਆ। ਦਿਨੋ-ਦਿਨ ਪ੍ਰੀਤੋ ਦੀ ਹਾਲਤ ਵੀ ਵਿਗੜਦੀ ਗਈ ਤੇ ਅਖੀਰ ਹਸਪਤਾਲ ਵਿੱਚ ਦਾਖਲ ਪ੍ਰੀਤੋ ਆਪਣੇ ਆਪ ਹੀ ਹਸਪਤਾਲ ਤੋਂ ਬਾਹਰ ਨਿਕਲ ਗਈ। ਕੁਝ ਦਿਨਾਂ ਬਾਅਦ ਪ੍ਰੀਤੋ ਦੀ ਲਾਸ਼ ਗੰਦੇ ਨਾਲੇ ਦੇ ਵਿੱਚੋਂ ਮਿਲੀ, ਇਸ ਤਰ੍ਹਾਂ ਪ੍ਰੀਤੋ ਦਾ ਵੀ ਅੰਤ ਹੋ ਗਿਆ।

ਕਹਾਣੀ ਦੋ ਔਰਤਾਂ ਦੇ ਦਰਦਨਾਕ ਅੰਤ ਦੀ ਗਾਥਾ ਨੂੰ ਬਿਆਨ ਕਰਦੀ ਹੈ, ਜਿਸ ਵਿੱਚ ਉਹਨਾਂ ਦਾ ਕਸੂਰ ਘੱਟ, ਪਰ ਮਰਦ ਪ੍ਰਧਾਨ ਸਮਾਜ ਦੀ ਹੈਂਕੜ ਜ਼ਿਆਦਾ ਜ਼ਿੰਮੇਵਾਰ ਹੈ। ਮਰਦ ਪ੍ਰਧਾਨ ਸਮਾਜ ਦੀ ਹੈਂਕੜ ਔਰਤ ਦੇ ਮਨ ਦੀ ਹਾਲਤ ਨੂੰ ਸਮਝ ਹੀ ਨਹੀਂ ਸਕੀ।

ਕਹਾਣੀ ਦੋ ਲਾਸ਼ਾਂ ਦੀ ਹੈ, ਜਿਨ੍ਹਾਂ ਦੇ ਪਿਓ ਰੋ ਰਹੇ ਹਨ, ਵਿਰਲਾਪ ਕਰ ਰਹੇ ਹਨ। ਨਾਲ ਹੀ ਕਹਾਣੀ ਦੱਸਦੀ ਹੈ ਕਿ ਇਨ੍ਹਾਂ ਲਾਸ਼ਾਂ ਦੀ ਆੜ ਵਿੱਚ ਕਿਸ ਪ੍ਰਕਾਰ ਜਥੇਬੰਦੀਆਂ ਆਪਣਾ ਲਾਭ ਲੈਂਦੀਆਂ ਹਨ। ਲਾਸ਼ਾਂ ਰੁਲਦੀਆਂ ਹਨ ਤੇ ਜਦੋਂ ਜਥੇਬੰਦੀਆਂ ਦਾ ਲਾਭ ਪੂਰਾ ਹੋ ਜਾਂਦਾ ਹੈ ਤਾਂ ਇਹ ਚੁੱਪਚਾਪ ਸਸਕਾਰ ਕਰ ਦਿੱਤੀਆਂ ਜਾਂਦੀਆਂ ਹਨ। ਜਾਤ-ਪਾਤ, ਅਮੀਰ-ਗਰੀਬ ਦੀਆਂ ਦੀਵਾਰਾਂ ਵੀ ਸਮਾਜ ਵਿੱਚੋਂ ਹਟਾਈਆਂ ਨਹੀਂ ਜਾ ਸਕਦੀਆਂ। ਪ੍ਰੀਤੋ ਤਾਂ ਸਿਰਫ਼ ਅਮੀਰ-ਗਰੀਬ ਦੀ ਦੀਵਾਰ ਨੂੰ ਢਾਹੁਣਾ ਚਾਹੁੰਦੀ ਸੀ, ਪਰ ਉਸ ਨੂੰ ਨਹੀਂ ਪਤਾ ਕਿ ਜੈਲਾ ਬਦਲੇ ਦੀ ਭਾਵਨਾ ਨਾਲ ਭਰਿਆ ਹੋਇਆ ਹੈ।

ਕੇਸਰਾ ਰਾਮ ਨਾਵਲ ਰਾਹੀਂ ਇਹ ਵੀ ਦੱਸਦਾ ਹੈ ਕਿ ਕਦੀ ਜੱਟਾਂ ਤੇ ਸੀਰੀਆਂ ਵਿਚਕਾਰ ਚਾਚੇ-ਤਾਏ ਵਰਗੇ ਸੰਬੋਧਨ ਹੁੰਦੇ ਸਨ ਤੇ ਇਹਨਾਂ ਚਾਚੇ-ਤਾਏ ਦੇ ਸੰਬੋਧਨਾਂ ਵਿੱਚ ਰਿਸ਼ਤਿਆਂ ਦਾ ਨਿੱਘ ਹੁੰਦਾ ਸੀ, ਪਰ ਜਦੋਂ ਤੋਂ ਪ੍ਰਵਾਸੀ ਮਜ਼ਦੂਰਾਂ ਨੇ ਲੋਕਲ ਸੀਰੀਆਂ ਜਾਂ ਮਜ਼ਦੂਰਾਂ ਵਾਲੇ ਕੰਮਾਂ 'ਤੇ ਕਬਜ਼ਾ ਕੀਤਾ, ਉਸ ਸਮੇਂ ਤੋਂ ਹੀ ਇਹਨਾਂ ਰਿਸ਼ਤਿਆਂ ਵਿੱਚੋਂ ਨਿੱਘ ਖਤਮ ਹੋ ਗਿਆ।ਉਸ ਸਮੇਂ ਤੋਂ ਹੀ ਇਹਨਾਂ ਰਿਸ਼ਤਿਆਂ ਵਿੱਚ ਵਿਕਾਰ ਆ ਗਏ। ਜਿੰਨਾ ਚਿਰ ਇਹਨਾਂ ਸੀਰੀਆਂ ਦੀਆਂ ਤੀਵੀਆਂ ਡੰਗਰ ਪਸ਼ੂਆਂ ਦਾ ਕੰਮ ਕਰਦੀਆਂ ਰਹੀਆਂ, ਸਰਦਾਰਾਂ ਦੇ ਕਾਕੇ ਜਿਸ ਦਾ ਵੀ ਦਾਅ ਲੱਗਦਾ, ਉਹ ਇਹਨਾਂ ਦਾ ਸਰੀਰਕ ਸ਼ੋਸ਼ਣ ਕਰਦੇ, ਕਦੇ ਡੰਗਰ ਬੰਨ੍ਹਣ ਵਾਲੇ ਕੋਠੜੇ ਵਿੱਚ ਤੇ ਕਦੀ ਤੂੜੀ ਵਾਲੇ ਕਮਰੇ ਵਿੱਚ ਜਾ ਵੜਦੇ। ਸੀਰੀਆਂ ਦੀ ਮਜਬੂਰੀ ਹੁੰਦੀ ਕਿ ਉਹ ਵਿਰੋਧ ਨਾ ਕਰ ਸਕਦੇ, ਪਰ ਜੱਟ ਜ਼ਿਮੀਂਦਾਰ ਤਾਂ ਇਨ੍ਹਾਂ 'ਤੇ ਆਪਣਾ ਅਧਿਕਾਰ ਸਮਝਦੇ ਸਨ। ਸੀਰੀਆਂ ਦਾ ਰੋਹ ਜੈਲੇ ਪਾਤਰ ਰਾਹੀਂ ਉਜਾਗਰ ਹੁੰਦਾ ਹੈ। ਪਤੈ ਮੇਰੀਆਂ ਤਿੰਨ ਭੈਣਾਂ ਨੂੰ ਬਰਬਾਦ ਕਰ ਛੱਡਿਆ ਸੀ ਉਹਨਾਂ ਭੈਣ ਦੇ ਖਸਮਾਂ ਨੇ। ਤੇ ਮਾਂ ਲੱਗੀ ਰਹਿੰਦੀ ਸੀ ਚੋਰੀ-ਚੋਰੀ ਸਫਾਈਆਂ ਕਰਾਉਣ 'ਚ...... ਸਿਰਫ਼ ਘਰ ਦੀ ਇੱਜ਼ਤ ਬਚਾਉਣ ਖਾਤਰ...... ਜਾਂ ਭੁੱਖ ਤੋਂ ਡਰਦੀ...... ਇਹ ਜਿਹੜੀ ਚੰਨੋ ਨੂੰ ਤੂੰ ਦੇਖ ਰਹੀ ਐਂ ਨਾ..... ਏਹੇ ......ਬੇਸ਼ੱਕ ਏਹ ਤੈਥੋਂ ਵੱਡੀ ਨਹੀਂ ਹੋਣੀ ਉਮਰ 'ਚ, ਪਰ ਫਿਰ ਵੀ ਬੁੱਢੀ ਕਿਉਂ ਦਿਸਦੀ...... ਮੈਂ ਤੈਅ ਕਰ ਲਿਆ ਸੀ ਕਿ ਕੀ ਕਰਨੈ। ਸਹੁੰ ਖਾਧੀ ਸੀ....ਥੋਡੀ ਵੀ ਭੈਣ ਦਾ ਕੁੰਡਾ ਨਾ ਕੀਤਾ ਤਾਂ ਮੇਰਾ ਨਾਂਅ ਵੀ ਜੈਲਾ ਨ੍ਹੀ....

ਨਾਵਲ ਵਿੱਚ ਤੀਵੀਂਆਂ ਨੂੰ ਹਮੇਸ਼ਾ ਹੀ ਨਿਮਾਣੀਆਂ ਦਿਖਾਇਆ ਹੈ ਭਾਵੇਂ ਉਹ ਜੱਟਾਂ ਜ਼ਿਮੀਂਦਾਰਾਂ ਦੀਆਂ ਘਰਵਾਲੀਆਂ ਹੋਣ ਜਾਂ ਧੀਆਂ। ਸੀਰੀਆਂ ਦੀਆਂ ਔਰਤਾਂ ਨਾਲ ਵੀ ਅਜਿਹਾ ਕੁਝ ਹੀ ਵਾਪਰਦਾ ਹੈ। ਗੁੱਡੋ ਜੈਲੇ ਤੇ ਜੈਲ ਸਿੰਘ ਦੋਹਾਂ ਦੇ ਜ਼ੁਲਮ ਦਾ ਸ਼ਿਕਾਰ ਬਣਦੀ ਹੈ।ਸਿਸਕੀਆਂ ਭਰਦੀ-ਭਰਦੀ ਉਹ ਇਸ ਦੁਨੀਆ ਤੋਂ ਚਲੀ ਜਾਂਦੀ ਹੈ। ਕਲੌਂਦੀ ਵਾਲੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਚਿੰਤਨ ਦੇ ਸਥਾਪਿਤ ਮਾਪਦੰਡਾਂ ਨੂੰ ਚੁਣੌਤੀ ਪੇਸ਼ ਕਰਦੀ ਆਲੋਚਨਾ

**ਸਾਹਿਤ ਚਿੰਤਨ**

**ਨਿਰੰਜਣ ਬੋਹਾ**

## ਇਹ ਦੇਸ਼ ਪੰਜਾਬ ਦੀ ਸਮਝ ਨਾਹੀਂ

**ਗੁਰਦੀਪ ਸਿੰਘ**

**ਪੰਨੇ-140, ਮੁੱਲ-200 ਰੁਪਏ**

**ਸਪਤਰਿਸ਼ੀ ਪ੍ਰਕਾਸ਼ਨ, ਚੰਡੀਗੜ੍ਹ**

ਨਾ ਤਾਂ ਸਾਹਿਤ ਦੇ ਵਿਸ਼ਾਗਤ ਤੇ ਰੂਪਗਤ ਸਰੂਪ ਦੀਆਂ ਕੋਈ ਨਿਸ਼ਚਿਤ ਹੱਦਬੰਦੀਆਂ ਹੁੰਦੀਆਂ ਹਨ ਤੇ ਨਾਂ ਹੀ ਇਸ ਦੀ ਪਰਖ ਪੜਚੋਲ ਦੇ ਸਦੀਵੀ ਮਾਪਦੰਡ ਨਿਰਧਾਰਿਤ ਕੀਤੇ ਜਾ ਸਕਦੇ ਹਨ। ਜਦੋਂ ਸਮਾਂ ਬਦਲਦਾ ਹੈ ਤਾਂ ਮਨੁੱਖੀ ਜੀਵਨ ਦੇ ਤੌਰ ਤਰੀਕੇ ਵੀ ਬਦਲਦੇ ਹਨ ਤੇ ਸਾਹਿਤ ਦਾ ਵਿਚਾਰਧਾਰਕ ਤੇ ਰੂਪਗਤ ਸਰੂਪ ਵੀ ਨਾਲ ਹੀ ਬਦਲਦਾ ਹੈ। ਸਾਹਿਤ ਬਾਰੇ ਪਰਖ ਪੜਚੋਲ ਦਾ ਚਿੰਤਨੀ ਨਜ਼ਰੀਆਂ ਮਨੁੱਖੀ ਜੀਵਨ ਦੇ ਆਪਣੇ ਸਮੇਂ ਦੇ ਸਮਾਜਿਕ ਯਥਾਰਥ ਨਾਲ ਚਲਦੇ ਤਣਾਓਸ਼ੀਲ ਤੇ ਟਕਰਾਵੇਂ ਸਬੰਧਾਂ ਵਿੱਚੋਂ ਪੈਦਾ ਹੁੰਦਾ ਹੈ ਇਸ ਲਈ ਸਮਾਂ ਆਪਣੀ ਬਦਲੀ ਗਤੀ ਅਨੁਸਾਰ ਇਸ ਨਜ਼ਰੀਏ 'ਤੇ ਆਪਣਾ ਪ੍ਰਭਾਵ ਵੀ ਪਾਉਂਦਾ ਰਹਿੰਦਾ ਹੈ। ਸਮੇਂ ਦੇ ਪ੍ਰਭਾਵ ਵਿਚ ਆਇਆ ਇਹ ਚਿੰਤਨੀ ਨਜ਼ਰੀਆਂ ਜਾਂ ਨੁਕਤਾ ਨਿਗਾਹ ਜਿੱਥੇ ਸਾਹਿਤ ਪਰਖ ਪੜਚੋਲ ਦੇ ਪੁਰਾਣੇ ਮਾਪਦੰਡਾਂ ਵਿੱਚ ਬਹੁਤ ਕੁਝ ਨਵਾਂ ਜੋੜਦਾ ਹੈ ਉੱਥੇ ਸਮਕਾਲ ਦੀ ਪ੍ਰਸੰਗਿਕਤਾ ਵੱਲੋਂ ਅਪ੍ਰਸੰਗਿਕ ਕਰਾਰ ਦਿੱਤੇ ਕੁੱਝ ਮਾਪਦੰਡਾਂ ਨੂੰ ਰੱਦ ਵੀ ਕਰਦਾ ਹੈ। ਇਸ ਤਰ੍ਹਾਂ ਕਿਸੇ ਵੀ ਸਾਹਿਤਕ ਵਿਧਾ ਬਾਰੇ ਪਾਠਕੀ ਜਾਂ ਆਲੋਚਕੀ ਚਿੰਤਨੀ ਮਾਪਦੰਡ ਉਸ ਵਿਧਾ ਦੇ ਵਿਕਾਸ ਤੇ ਨਿਕਾਸ ਦੀ ਪ੍ਰਕਿਰਿਆ ਦੇ ਸਮਾਂਤਰ ਹੀ ਆਪਣੇ ਨਵਰੂਪਣ ਨੂੰ ਸਾਰਥਿਕ ਸਿੱਧ ਕਰਦੇ ਹਨ।

ਪੰਜਾਬੀ ਸਾਹਿਤ ਸਮੀਖਿਆ ਦੇ ਸਥਾਪਿਤ ਮਾਮਦੰਡਾਂ ਤੇ ਇਹਨਾਂ ਪਿੱਛੇ ਖੜ੍ਹੇ ਵਾਦਾਂ ਜਾਂ ਫਲਸਫਿਆਂ ਬਾਰੇ ਬੇਬਾਕ ਟਿੱਪਣੀਆਂ ਕਰਕੇ ਇਹਨਾਂ ਨੂੰ ਬਦਲੇ ਸਮੇਂ ਦੀ ਪ੍ਰਸੰਗਿਕਤਾ ਅਨੁਸਾਰ ਅਪ੍ਰਸੰਗਿਕ ਕਰਾਰ ਦੇਣ ਵਾਲੇ ਨੌਜਵਾਨ ਸਾਹਿਤ ਚਿੰਤਕਾਂ ਵਿੱਚ ਗੁਰਦੀਪ ਸਿੰਘ ਦਾ ਨਾਂ ਬਹੁਤ ਉਘੜਵਾਂ ਹੈ। ਪਹਿਲਾਂ ਉਹ ਬਿਗਾਨੇ ਵਿਚਾਰਧਾਰਕ ਫਲਸਫਿਆਂ 'ਤੇ ਟੇਕ ਰੱਖਣ ਵਾਲੀ ਪੰਜਾਬੀ ਸਾਹਿਤ ਆਲੋਚਨਾ ਦੀ ਸਥਾਪਿਤ ਚਿੰਤਨੀ ਧਾਰਾ ਨੂੰ ਪੰਜਾਬ ਦੀ ਰਹਿਤਲੀ ਪ੍ਰਸੰਗਿਕਤਾ ਦਾ ਵਿਰੋਧੀ ਕਰਾਰ ਦੇਣ ਲਈ ਅਖਬਾਰਾਂ/ਮੈਗਜ਼ੀਨਾਂ ਵਿਚ ਲੇਖ ਲਿਖਦਾ ਰਿਹਾ ਹੈ ਤੇ ਹੁਣ ਉਹ ਆਪਣੀ ਗੱਲ ਨੂੰ ਬੱਝਵੇਂ ਰੂਪ ਵਿਚ ਪਾਠਕਾਂ ਤੱਕ ਲੈ ਕੇ ਜਾਣ ਲਈ ਪੁਸਤਕ 'ਇਹ ਦੇਸ਼ ਪੰਜਾਬ ਦੀ ਸਮਝ ਨਾਹੀਂ' ਲੈ ਕੇ ਹਾਜ਼ਰ ਹੋਇਆ ਹੈ। ਉਸਦਾ ਤਰਕ ਹੈ ਕਿ ਕੋਈ ਭੂਗੋਲਿਕ ਖਿੱਤਾ ਆਪਣੀ ਹੋਂਦ/ਖਾਲਸਤਾ ਤੇ ਮੌਲਿਕਤਾ ਨੂੰ ਆਪਣੀ ਰਹਿਤਲੀ ਪਛਾਣ ਰਾਹੀਂ ਹੀ ਅੱਗੇ ਤੋਰ ਸਕਦਾ ਹੈ। ਪੰਜਾਬੀ ਸਾਹਿਤ ਦੀ ਆਪਣੀ ਵਿਲੱਖਣ ਤੇ ਵਿਸ਼ੇਸ਼ ਰਹਿਤਲੀ ਪਛਾਣ ਹੈ ਜਿਸ ਨੂੰ ਸਮੁੱਚੇ ਵਿਸ਼ਵ ਦੀ ਸਭਿਆਚਾਰਕ ਪਛਾਣ ਨਾਲ ਰਲ ਗਡ ਕਰਨ ਦੇ ਨਤੀਜੇ ਪੰਜਾਬ, ਖਿੱਤੇ ਦੇ ਲੋਕ ਮਨ ਤੇ ਪੰਜਾਬੀ ਸਾਹਿਤ ਤਿੰਨਾਂ ਲਈ ਹੀ ਘਾਤਕ ਹਨ। ਲੇਖਕ ਅਨੁਸਾਰ ਮੌਜੂਦਾ ਉੱਤਰ ਆਧੁਨਿਕੀ ਚਿੰਤਨ ਵਿਸ਼ਵ ਸਰੋਕਾਰੀ ਸਕੰਲਪਾਂ ਦੀ ਵਿਵਹਾਰਿਕ ਪਹੁੰਚ ਨੂੰ ਨਵਿਆਉਣ ਵਾਲੀ ਸਿਧਾਂਤਕੀ ਨੂੰ ਹੀ ਉਭਾਰ ਰਿਹਾ ਹੈ, ਜਿਹੜੀ ਪੰਜਾਬ ਖਿੱਤੇ ਦੀ ਰਹਿਤਲੀ ਪਛਾਣ ਦੀ ਮੌਲਿਕਤਾ ਤੇ ਵਿਲੱਖਣਤਾ ਨੂੰ ਨਜ਼ਰ ਅੰਦਾਜ਼ ਕਾਰਨ ਵਾਲੀ ਹੈ। ਆਪਣੇ ਇਸ ਤਰਕ ਦੀ ਪੁਸ਼ਟੀ ਲਈ ਉਹ ਇਹ ਬਹੁਤ ਸਾਰੇ ਤਰਕ ਉਸਾਰਦਾ ਹੈ। ਉਸਦੀ ਇਕ ਤਰਕ ਇਹ ਵੀ ਹੈ ਕਿ ਪੰਜਾਬ ਦਾ ਖੱਬੇ ਪੱਖੀ ਚਿੰਤਨ ਵਿਚਾਰਾਂ ਦੀ ਵਿਖੱਲਣਤਾ ਪ੍ਰਤੀ ਸੰਕੀਰਣ ਨਜ਼ਰੀਆਂ ਰੱਖਦਾ ਹੈ।




ਚਾਰ ਹਿੱਸਿਆ ਵਿੱਚ ਵੰਡੀ ਗੁਰਦੀਪ ਸਿੰਘ ਦੀ ਇਸ ਪੁਸਤਕ ਰਾਹੀਂ ਪੰਜਾਬ ਨੂੰ ਸਮਝਣ ਦਾ ਰਾਹ ਮਿਲਦਾ ਹੈ। ਪੰਜਾਬ ਨੂੰ ਦਸ ਪੰਜਾਬ ਆਖਣਾ ਹੀ ਉਸ ਦੀ ਸਮਝ ਵੱਲ ਇਸ਼ਾਰਾ ਕਰਦਾ ਹੈ। ਇਹ ਚਾਰ ਹਿੱਸਿਆਂ ਦੇ ਨਾਮਕਰਨ ਇਨ੍ਹਾਂ ਅੰਦਰਲੇ ਲੇਖ ਪੜ੍ਹਨ ਤੋਂ ਬਾਅਦ ਪਾਠਕ ਦੇ ਅੰਦਰ ਖੁੱਲ੍ਹਦੇ ਹਨ। ਉਹ ਸਾਹਿਤ ਦੇ ਹਵਾਲੇ ਨਾਲ ਦੇਸ ਪੰਜਾਬ ਦੀ ਨਿਸ਼ਾਨਦੇਹੀ ਕਰਦਾ ਹੈ, ਬਹੁਤ ਥਾਵਾਂ ਤੇ ਸਾਹਿਤ ਵਿੱਚੋਂ ਹਵਾਲੇ ਲੈ ਕੇ ਆਪਣੀ ਗੱਲ ਉਭਾਰਦਾ ਹੈ ਅਤੇ ਕਈ ਥਾਈਂ ਸਥਾਪਿਤ ਸਾਹਿਤ ਸਮਝ ਨੂੰ ਰੱਦ ਕਰਦਾ ਹੈ। ਇਸਦਾ ਟਾਈਟਲ ਲੇਖ 'ਇਹ ਦੇਸ਼ ਪੰਜਾਬ ਦੀ ਸਮਝ ਨਾਹੀਂ' ਪੰਜਾਬ ਦੇ ਅਵਚੇਤਨ ਨੂੰ ਧਿਆਨ ਵਿਚ ਰੱਖ ਕੇ 'ਨਾਹੀਂ' ਦੇ ਸਮਾਂਤਰ ਲੇਖਕੀ ਨਜ਼ਰੀਏ ਤੋਂ ਜਿਹੜੀ 'ਹਾਂਦਰੂ' ਸਮਝ ਵਿਕਸਿਤ ਕੀਤੇ ਜਾਣ ਦੀ ਗੱਲ ਕਰਦਾ ਹੈ ਉਹ ਪੰਜਾਬ ਦੇ ਆਪਣੇ ਇਤਿਹਾਸ ਤੋਂ ਵਿਚਾਰਧਾਰਕ ਊਰਜਾ ਪ੍ਰਾਪਤ ਕਰਨ ਵਾਲੀ ਹੈ ਤੇ ਇਹ ਸਮਕਾਲੀ ਵਰਤਾਰਿਆਂ ਨੂੰ ਪੰਜਾਬ ਦੇ ਆਪਣੇ ਸਭਿਆਚਾਰਕ ਮੁਹਾਵਰੇ ਅਨੁਸਾਰ ਹੀ ਵਿਸ਼ਲੇਸ਼ਿਤ ਤੇ ਪ੍ਰਭਾਸ਼ਿਤ ਕਰਦੀ ਹੈ। ਉਹ ਆਪਣੇ ਲੇਖ 'ਉੱਤਰ-ਆਧੁਨਿਕ ਚਿੰਤਨ, ਪੰਜਾਬ ਦੀ ਰਹਿਤਲੀ ਪਛਾਣ ਦਾ ਸੁਆਲ ਤੇ ਪੰਜਾਬੀ ਕਵਿਤਾ' ਰਾਹੀਂ ਪੰਜਾਬੀ ਦੀ ਅਕਾਦਮਿਕਤਾ 'ਤੇ ਕਾਬਜ਼ ਧਿਰ 'ਤੇ ਗਿਲਾ ਕਰਦਾ ਹੈ ਕਿ ਇਸ ਧਿਰ ਵੱਲੋਂ ਪੰਜਾਬ ਦੀ ਰਹਿਤਲੀ ਪਛਾਣ ਦੀ ਗੱਲ ਕਰਨ ਵਾਲੇ ਪ੍ਰੋ. ਹਰਿੰਦਰ ਸਿੰਘ ਮਹਿਬੂਬ ਵਰਗੇ ਵੱਡੇ ਕਵੀਆਂ ਨੂੰ ਸੋਚੀ ਸਮਝੀ ਸਾਜਿਸ਼ ਤਹਿਤ ਹਾਸ਼ੀਏ ਵੱਲ ਧੱਕਿਆ ਜਾ ਰਿਹਾ ਹੈ। ਆਪਣੀ ਇਸੇ ਦਲੀਲ ਨੂੰ ਵਿਸਥਾਰ ਦਿੰਦਿਆਂ ਉਹ ਪੰਜਾਬੀ ਕਵਿਤਾ ਨੂੰ ਰਹਿਤਲੀ ਛੋਹਾਂ ਦੇਣ ਵਾਲੇ ਹਰਮਨਜੀਤ ਸਿੰਘ, ਅਮਰਦੀਪ ਗਿੱਲ ਤੇ ਨਵਾਬ ਖਾਨ ਵਰਗੇ ਕਵੀਆਂ ਨੂੰ ਵੀ ਜਾਣ ਬੁੱਝ ਕੇ ਅਣਗੌਲਿਆਂ ਕੀਤੇ ਜਾਣ ਦਾ ਦੋਸ਼ ਵੀ ਲਾਉਂਦਾ ਹੈ।

ਲੇਖ 'ਉਂਨੀ ਸੌ ਚੁਰਾਸੀ' ਰਾਹੀਂ ਉਹ ਡਾ. ਹਰਿਭਜਨ ਸਿੰਘ ਦੀ ਮੌਤ ਤੋਂ ਬਾਅਦ ਅਮਰਜੀਤ ਚੰਦਨ ਵੱਲੋਂ ਸੰਪਾਦਿਤ ਕੀਤੇ ਉਸਦੀਆਂ ਕਾਵਿਤਾਵਾਂ ਦੇ ਸੰਗ੍ਰਹਿ 'ਉਂਨੀ ਸੌ ਚੁਰਾਸੀ' ਦੇ ਹਵਾਲੇ ਨਾਲ ਉਸ ਅੰਦਰਲੀ ਉਸ ਨਿਰਪੱਖਤਾ ਨੂੰ ਅਖੌਤੀ ਕਰਾਰ ਦਿੰਦਾ ਹੈ ਜਿਹੜੀ ਚੁਰਾਸੀ ਦੇ ਵਰਤਾਰੇ ਨੂੰ ਵਰਤਾਉਣ ਤੇ ਭੋਗਣ ਵਾਲੀਆਂ ਦੋਹਾਂ ਧਿਰਾਂ ਤੋਂ ਬਰਾਬਰੀ ਦੀ ਦੂਰੀ ਬਣਾਉਣ ਦੀ ਗੱਲ ਕਰਦੀ ਹੈ। ਡਾ. ਹਰਿਭਜਨ ਸਿੰਘ ਦੀ ਇਹ ਕਾਵਿ-ਟੂਕ 'ਨਾ ਬੁਲ੍ਹਿਆ ਅਸੀਂ ਭਿੰਡਰਾਂ ਵਾਲੇ, ਨਾ ਅਸੀਂ ਇੰਦਰਾਂ ਵਾਲੇ, ਦੋ ਤੇਗਾਂ 'ਚੋਂ ਆਪਣੇ ਸਿਰ ਲਈ ਕਿਹੜੀ ਤੇਗ ਚੁਣੀਏ' ਨੂੰ ਆਪਣੇ ਵਿਸ਼ਲੇਸ਼ਣੀ ਬੋਧ ਦਾ ਹਿੱਸਾ ਬਣਾ ਕੇ ਉਹ ਇਸ ਸਿੱਟੇ 'ਤੇ ਪਹੁੰਚਦਾ ਹੈ ਕਿ ਹਰਿਭਜਨ ਸਿੰਘ ਦੀ ਇਹ ਦੁਬਿਧਾ ਅੰਤ ਸੱਤਾ ਦੇ ਪ੍ਰਵਚਨ ਨੂੰ ਸਹਿਮਤੀ ਦੇਣ ਦਾ ਹੀ ਕਾਰਜ ਕਰਦੀ ਹੈ। ਨੌਜਵਾਨ ਚਿੰਤਕ ਪੰਜਾਬ ਦੇ ਨਾਇਕਤੱਵ ਨੂੰ ਪੰਜਾਬ ਦੇ ਆਪਣੇ ਇਤਿਹਾਸ ਪਰਿਪੇਖ ਵਿੱਚੋਂ ਉਭਾਰਣ ਦੀ ਗੱਲ ਕਰਦਾ ਹੈ ਤਾਂ ਉਸਨੂੰ ਲੱਗਦਾ ਹੈ ਕਿ ਖੱਬੇ ਪੱਖੀ ਚਿੰਤਨ ਦੀ ਅੱਖ ਵਿਚ ਟੀਰ ਹੈ ਜੋ ਸ਼ਹੀਦ ਭਗਤ ਸਿੰਘ ਨੂੰ ਤਾਂ ਨਾਇਕ ਦੇ ਤੌਰ 'ਤੇ ਸਵੀਕਾਰਦਾ ਹੈ ਪਰ ਬਾਬਾ ਬੰਦਾ ਸਿੰਘ ਬਹਾਦੁਰ ਦੀ ਬੇ ਜ਼ਮੀਨੇ ਲੋਕਾਂ ਨੂੰ ਜ਼ਿਮੀਦਾਰ ਬਣਾਉਣ ਵਾਲੀ ਇਤਿਹਾਸਿਕਤਾ ਤੋਂ ਦੂਰੀ ਬਣਾ ਕੇ ਰੱਖਦਾ ਹੈ।

ਪੁਸਤਕ ਦਾ ਲੇਖ 'ਪੰਜਾਬੀ ਸਾਹਿਤ ਸਿਰਜਣਾ ਦਾ ਸੁਆਲ ਅਤੇ ਸ਼ਹੀਦ ਭਗਤ ਸਿੰਘ' ਵੀ ਵਿਸ਼ੇਸ਼ ਸੰਵਾਦਕ ਚਰਚਾ ਦੀ ਮੰਗ ਕਰਦਾ ਹੈ। ਚਿੰਤਕ ਦਾ ਗਿਲਾ ਹੈ ਕਿ ਪੰਜਾਬੀ ਸਾਹਿਤ ਸਿਰਜਣਾ ਵਿੱਚ ਭਗਤ ਨੂੰ ਇਕ ਮਿੱਥ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਉਸਦਾ ਮੰਨਣਾ ਹੈ ਕਿ ਜਦੋਂ ਇਤਹਾਸ ਵਿੱਚ ਪਿਆ ਵਿਅਕਤੀਤਵ/ਨਾਇਕਤਵ ਸਿਰਜਣਾ ਵਿੱਚ ਮਿੱਥ ਬਣ ਕੇ ਸਾਹਮਣੇ ਆਉਂਦਾ ਹੈ ਤਾਂ ਸਿਰਜਣਾ ਸੁਭਾਵਿਕ ਰੂਪ ਵਿਚ ਹੀ ਉਲਾਰ ਹੋ ਜਾਂਦੀ ਹੈ। ਉਸ ਦੀ ਦਲੀਲ ਹੈ ਕਿ ਸ਼ਹੀਦ ਭਗਤ ਸਿੰਘ ਬਾਰੇ ਹੋਈ ਵਧੇਰੇ ਸਿਰਜਣਾ ਪ੍ਰਸੰਸਾ ਯੁਕਤ ਤੇ ਉਸਨੂੰ ਨਾਇਕ ਵਜੋਂ ਉਭਾਰਣ ਵਾਲੀ ਤਾਂ ਹੈ ਪਰ ਉਸਦੀ ਵਿਚਾਰਧਾਰਕ ਪਹੁੰਚ ਬਾਰੇ ਸੰਵਾਦਕ ਚਰਚਾ ਨਹੀਂ ਛੇੜਦੀ। ਇਹ ਲੇਖ ਸ਼ਹੀਦ ਭਗਤ ਸਿੰਘ ਬਾਰੇ ਖੱਬੀਆਂ ਤੇ ਸੱਜੀਆਂ ਧਿਰਾਂ ਵਿਚਕਾਰ ਚਲਦੇ ਵਿਚਾਰਧਾਰਕ ਵਖਰੇਵੇਂ ਦੀ ਗੱਲ ਵੀ ਕਰਦਾ ਹੈ ਤੇ ਇਸ ਨੁਕਤੇ ਨੂੰ ਵੀ ਉਚੇਚੇ ਰੂਪ ਵਿੱਚ ਉਭਾਰਦਾ ਹੈ ਕਿ ਭਗਤ ਸਿੰਘ ਦੀ ਵਿਚਾਰਧਾਰਾ ਦੀ ਬਹੁਤੀ ਵਿਆਖਿਆ ਨਾਸਤਿਕਤਾ ਦੀ ਦ੍ਰਿਸ਼ਟੀਕੋਨ ਤੋ ਕੀਤੇ ਜਾਣ ਕਾਰਨ ਵੀ ਪੰਜਾਬ ਦੀ ਆਸਤਿਕ ਚੇਤਨਾ ਉਸਨੂੰ ਆਪਣੇ ਨਾਇਕ ਵਜੋਂ ਨਹੀਂ ਸਵੀਕਾਰਦੀ। ਭਾਵੇ ਸ਼ਹੀਦ ਭਗਤ ਸਿੰਘ ਬਾਰੇ ਉਸਦਾ ਇਹ ਚਿੰਤਨੀ ਨਜ਼ਰੀਆਂ ਨਵਾਂ ਨਹੀਂ ਹੈ ਪਰ ਜਿਹੋ ਜਿਹੀਆਂ ਪੁਰ ਜ਼ੋਰਦਾਰ ਦਲੀਲਾਂ ਰਾਹੀ ਉਸ ਸਾਹਿਤਕ ਮੰਚ 'ਤੇ ਇਸ ਨੂੰ ਉਭਾਰਿਆ ਹੈ ਉਹ ਦਲੀਲਾਂ ਭਵਿੱਖ ਦੀ ਇਕ ਵੱਡੀ ਸਾਹਿਤਕ ਬਹਿਸ ਨੂੰ ਜਨਮ ਦੇ ਸਕਦੀਆਂ ਹਨ।

ਜਸਵੰਤ ਜ਼ਫ਼ਰ ਦੀ ਪ੍ਰਸਿੱਧੀ ਦੀ ਸਿਖਰ 'ਤੇ ਪੁੱਜੀ ਕਵਿਤਾ ਅਸੀਂ ਨਾਨਕ ਦੇ ਕੀ ਲੱਗੇ ਹਾਂ' ਬਾਰੇ ਵੀ ਉਸਦੇ ਵਿਚਾਰ ਇਸ ਕਵਿਤਾ ਬਾਰੇ ਬਣੀ ਆਮ ਰਾਇ ਨਾਲੋਂ ਬਹੁਤ ਵੱਖਰਤਾ ਰੱਖਦੇ ਹਨ। ਉਹ ਆਖਦਾ ਹੈ ਕਿ ਇਸ ਕਵਿਤਾ ਦੇ ਸਿਰਜਕ ਨੇ ਸੁਚੇਤ ਸਿਰਜਕ ਹੋਣ ਕਾਰਨ ਇਸਦੀ ਬਣਤਰ ਹੀ ਅਜਿਹੀ ਬੁਣੀ ਹੈ ਕਿ ਜਿਆਦਾ ਤਰ ਪਾਠਕਾਂ ਤੇ ਆਲੋਚਕਾਂ ਵੱਲੋਂ ਇਹ ਪ੍ਰਵਾਨ ਕਰ ਲਈ ਗਈ ਹੈ ਪਰ ਸਿਰਜਣਾਤਕ ਪੱਖੋਂ ਇਸ ਦੀ ਕਾਵਿਕ ਉਡਾਰੀ ਬਹੁਤੀ ਉੱਚੀ ਨਹੀਂ। ਉਸਨੂੰ ਲੱਗਦਾ ਹੈ ਕਿ ਇਹ ਕਵਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਕਾਲਿਕ ਬਿੰਬ ਉਸਾਰਣ ਦੀ ਬਜਾਇ ਉਨ੍ਹਾਂ ਨੂੰ ਦੇਹ ਰੂਪ ਵੇਖਦੀ ਹੈ। ਉਹ ਆਖਦਾ ਹੈ ਕਿ ਬਾਬਾ ਪਰਕਾਲੀ ਹੈ ਪਰ ਕਵਿਤਾ ਵੱਲੋਂ ਸਿਰਜਿਆ ਬਿੰਬ ਕਾਲਿਕ ਤੇ ਥੋੜਚਿਰਾ ਹੈ। ਉਸਦੇ ਇਸ ਨਜ਼ਰੀਏ ਨਾਲ ਮੈਂ ਸਹਿਮਤ ਨਹੀਂ ਹਾਂ। ਮੇਰੀ ਨਜ਼ਰ ਇਹ ਕਵਿਤਾ ਜਗਤ ਬਾਬੇ ਨਾਨਕ ਨੂੰ ਆਮ ਲੋਕਾਂ (ਭਾਈ ਲਾਲੋਆਂ) ਦੇ ਸਰਵ ਪ੍ਰਵਾਨਿਤ ਨਾਇਕ ਵਜੋਂ ਉਭਾਰਣ ਵਾਲੀ ਹੈ। ਇਤਿਹਾਸ ਗੁਆਹ ਹੈ ਕਿ ਬਹੁ ਗਿਣਤੀ ਭਾਈ ਲਾਲੋ ਤੇ ਘੱਟ ਗਿਣਤੀ ਮਲਕ ਭਾਗੋ ਹਰ ਯੁੱਗ ਵਿਚ ਹੁੰਦੇ ਆਏ ਹਨ ਤੇ ਹੁੰਦੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਦੇਹੀ ਬਿਰਤਾਂਤ ਤੇ ਮਾਨਸਿਕ ਤਣਾਅ ਦੀ ਪੇਸ਼ਕਾਰੀ ਵਿੱਚ ਉਲਝੀ ਰਹੀ 2024 ਦੀ ਪੰਜਾਬੀ ਕਹਾਣੀ

**ਐੱਚ ਐੱਸ ਡਿੰਪਲ**

ਸਾਲ 2024 ਦੌਰਾਨ ਵਿਭਿੰਨ ਸਾਹਿਤਕ ਪੱਤ੍ਰਿਕਾਵਾਂ ਵਿੱਚ ਪ੍ਰਕਾਸ਼ਿਤ ਪੰਜਾਬੀ ਕਹਾਣੀਆਂ ਵਿੱਚ ਕੁਝ ਪੁਰਾਣੇ, ਕੁਝ ਨਵੇਂ ਅਤੇ ਜ਼ਿਆਦਾਤਰ ਸਮਕਾਲੀ ਕਹਾਣੀਕਾਰ ਸ਼ਾਮਲ ਸਨ। ਇਸ ਸਾਲ ਜਿੱਥੇ ਜਸਵੀਰ ਰਾਣਾ, ਜਤਿੰਦਰ ਹਾਂਸ ਦੀਆਂ ਕਹਾਣੀਆਂ ਪਾਠਕਾਂ ਦੇ ਰੂਬਰੂ ਹੋਈਆਂ, ਉੱਥੇ ਅਲਫਾਜ਼, ਗੁਰਪ੍ਰੀਤ ਡੈਨੀ, ਹਰਪਾਲ ਸਿੰਘ ਪੰਨੂ, ਜਗਵਿੰਦਰ ਜੋਧਾ ਤੇ ਅਜਮੇਰ ਰੋਡੇ (ਭਾਵੇਂ ਕਿ ਪੰਨੂ ਨਸਰ, ਜੋਧਾ ਗਜ਼ਲ + ਆਲੋਚਨਾ ਤੇ ਰੋਡੇ ਕਵਿਤਾ ਵਿੱਚ ਨਾਂਅ ਕਮਾ ਚੁੱਕੇ ਨੇ) ਜਿਹੇ ਨਵੇਂ-ਨਕੋਰ ਕਹਾਣੀਕਾਰ ਵੀ ਸਾਹਮਣੇ ਆਏ। ਇਸ ਸਾਲ ਫਾਨੀ ਜਹਾਂ ਨੂੰ ਅਲਵਿਦਾ ਆਖਣ ਵਾਲੇ ਸੁਖਜੀਤ ਦੀ ਆਖ਼ਰੀ ਕਹਾਣੀ 'ਬਾਜ਼ੀ ਸੁਰਤਿ-2' (ਵਰਖ਼ਾ ਅੰਕ) ਵਿੱਚ ਛਪੀ। 'ਸੁਰਤਿ' ਪੰਜਾਬੀ ਸਾਹਿਤਕ ਪੱਤ੍ਰਿਕਾਵਾਂ ਵਿੱਚ ਇੱਕ ਜ਼ਿਕਰਯੋਗ ਵਾਧਾ ਹੈ, ਭਾਵੇਂ ਕਿ ਗਲੇਜ਼ਡ ਪੇਪਰ 'ਤੇ ਪੜ੍ਹਨਾ (ਤੇ ਪੈਨਸਲ ਨਾਲ ਕੁਝ ਝਰੀਟਣਾ) ਔਖਾ ਹੈ। ਕੁੱਤੀ ਵਿਹੜਾ (ਮਨਿੰਦਰ ਕਾਂਗ), ਚੂੜੇ ਵਾਲੀ ਬਾਂਹ (ਜਸਵੀਰ ਰਾਣਾ), ਪਾਵੇ ਨਾਲ ਬੰਨ੍ਹਿਆ ਹੋਇਆ ਕਾਲ (ਜਤਿੰਦਰ ਹਾਂਸ), ਮੱਲ੍ਹਮ + ਗਾਈਡ + ਪੰਜੀ ਦੇ ਫੁੱਲ (ਸਾਂਵਲ ਧਾਮੀ) ਜਾਂ ਰਹਿਮਤ ਮਸੀਹ ਮੱਟੂ ਦੀ ਜੀਵਨੀ (ਭਗਵੰਤ ਰਸੂਲਪੁਰੀ), ਡਬੋਲੀਆ (ਬਲਵਿੰਦਰ ਸਿੰਘ ਗਰੇਵਾਲ) ਜਾਂ ਪਾਣੀ ਦੀ ਕੰਧ (ਕਿਰਪਾਲ ਕਜ਼ਾਕ) ਵਰਗੀ ਕੋਈ ਕਹਾਣੀ ਇਸ ਸਾਲ ਸਾਹਮਣੇ ਨਹੀਂ ਆਈ, ਜੋ ਪੰਜਾਬੀ ਕਹਾਣੀ ਵਿੱਚ ਇੱਕ ਨਵਾਂ ਮਾਡਲ ਸਿਰਜ ਸਕੇ। ਪਰ ਜਿੱਥੇ ਅਜਮੇਰ ਸਿੱਧੂ ਨੇ 'ਬਰਫ਼ ਦੀ ਬੁਲਬੁਲ' (ਸੁਰਤਿ-2) ਰਾਹੀਂ ਵਿਗਿਆਨਕ ਗਲਪ ਦਾ ਵਿਸਤਾਰ ਕੀਤਾ, ਅਲਫਾਜ਼ ਵਿਗਿਆਨ ਦੇ ਐਨ ਨਵੇਂ ਪਸਾਰਾਂ ਨੂੰ ਕਹਾਣੀ ਰਾਹੀਂ ਪੇਸ਼ ਕਰਕੇ ਉਸ ਲੀਹ 'ਤੇ ਚੱਲਣ ਲਈ ਯਤਨਸ਼ੀਲ ਹੈ, ਭਾਵੇਂ ਕਿ ਉਸ ਦੀ ਕਹਾਣੀ ਇਕਹਰੀ ਪਰਤ ਵਿੱਚ ਸਿਮਟੀ ਹੈ।

ਇਸ ਸਾਲ ਦੀਆਂ ਚੰਗੀਆਂ ਕਹਾਣੀਆਂ ਵਿੱਚ 'ਮੁੱਠੀ ਵਿੱਚੋਂ ਕਿਰਦੀ ਰੇਤ' (ਭਗਵੰਤ ਰਸੂਲਪੁਰੀ), 'ਪਾਸਕੂ' (ਆਗਾਜ਼ਬੀਰ), 'ਰਜਨੀਗੰਧਾ ਦੀ ਮਹਿਕ' (ਜਗਵਿੰਦਰ ਜੋਧਾ), 'ਤਹਿਸੀਲਦਾਰ ਦਾ ਪੋਤਾ' (ਸਾਂਵਲ ਧਾਮੀ), 'ਡੂਮਣੇ ਦਾ ਡੰਗ' (ਬਲਵਿੰਦਰ ਸਿੰਘ ਗਰੇਵਾਲ), 'ਬੱਜੋਰੱਤਾ' (ਅਲਫਾਜ਼), 'ਪੌਣੀ ਸਦੀ ਦਾ ਹਉਕਾ' (ਤ੍ਰਿਪਤਾ ਕੇ ਸਿੰਘ), 'ਇੱਕ ਦਸਤਾਰ ਰੱਤ ਲਿਬੜੀ' (ਜਸਵੀਰ ਰਾਣਾ), 'ਬਾਜ਼ੀ' (ਸੁਖਜੀਤ), 'ਕੁਝ ਨਵਾਂ ਹੋ ਜਾਏ' (ਸੁਖਪਾਲ ਸਿੰਘ ਥਿੰਦ), 'ਅਹਿਮਦਸ਼ਾਹੇ' (ਗੁਰਮੀਤ ਆਰਿਫ਼) ਅਤੇ 'ਕਸਵੱਟੀ' (ਸਵਾਮੀ ਸਰਬਜੀਤ) ਵਿਸ਼ੇ, ਨਿਭਾਅ ਜਾਂ ਦ੍ਰਿਸ਼ਟੀਕੋਣ ਪੱਖੋਂ ਤਾਜ਼ੀਆਂ ਜਾਂ ਅਸਰਦਾਰ ਹੋਣ ਕਰਕੇ ਪਾਠਕਾਂ ਦੇ ਦਿਲ-ਦਿਮਾਗ ਅੰਦਰ ਦੇਰ ਤੱਕ ਯਾਦ ਰਹਿਣ ਦੀ ਸਮਰੱਥਾ ਰੱਖਦੀਆਂ ਨੇ।

ਜਸਬੀਰ ਭੁੱਲਰ ਦੀ 'ਕੱਚਾ-ਚਿੱਠਾ' (ਸੁਰਤਿ-2) ਅਤੇ ਜਸਵੀਰ ਰਾਣਾ ਦੀ 'ਇੱਕ ਦਸਤਾਰ ਰੱਤ ਲਿਬੜੀ' (ਹੁਣ-49) 1984 ਦੇ ਕਾਲੇ ਦੌਰ ਨਾਲ ਸੰਬੰਧਤ ਕਹਾਣੀਆਂ ਵਿੱਚ ਸਮਕਾਲੀ ਯਥਾਰਥ ਪੇਸ਼ ਕੀਤਾ। ਜਿੱਥੇ ਭੁੱਲਰ ਦੀ ਕਹਾਣੀ ਇੱਕ-ਪਰਤੀ ਹੈ, ਉੱਥੇ ਰਾਣਾ ਸੰਕੇਤਾਂ ਤੇ ਨਿਵੇਕਲੀ ਬਿਰਤਾਂਤਕ ਸ਼ੈਲੀ ਰਾਹੀਂ ਇਸ ਦੁਖਾਂਤ ਦੇ ਕਈ ਭਾਵਪੂਰਤ ਪਹਿਲੂ ਉਭਾਰਨ ਵਿੱਚ ਸਫ਼ਲ ਹੋਇਆ। ਜਤਿੰਦਰ ਹਾਂਸ ਦੀ 'ਮਾਂ-ਵਰਗੀ' (ਸੁਰਤਿ-1), ਆਗਾਜ਼ਬੀਰ ਦੀ ਪਾਸਕੂ (ਤਾਸਮਾਨ-13), ਬਲੀਜੀਤ ਦੀ 'ਨੁਤਫ਼ਾ' (ਸੁਰਤਿ-2), ਮਨਦੀਪ ਰਿੰਪੀ ਦੀ 'ਘਰ' ਅਤੇ ਭੁਪਿੰਦਰ ਸਿੰਘ ਮਾਨ ਦੀ ਕਹਾਣੀ 'ਹੈਪੀ ਐਂਡਿੰਗ' (ਦੋਵੇਂ ਕਹਾਣੀ ਧਾਰਾ -73) ਵਿਆਹ-ਬਾਹਰੀ ਸੰਬੰਧਾਂ ਦੀਆਂ ਕਥਾਵਾਂ ਹਨ, ਜਿਨ੍ਹਾਂ ਵਿੱਚ ਇਨ੍ਹਾਂ ਰਿਸ਼ਤਿਆਂ ਦੇ ਕਾਰਨ ਅਲੱਗ, ਨਿਭਾਅ ਵੀ ਅਲੱਗ ਤੇ ਅੰਤ ਵੀ ਅਲੱਗ-ਅਲੱਗ ਹੈ, ਭਾਵੇਂ ਕਿ ਤਿੰਨਾਂ ਦੀ ਬਿਰਤਾਂਤਕਾਰੀ ਮੌਲਿਕ, ਰੌਚਿਕ ਅਤੇ ਅਰਥ-ਪੂਰਨ ਹੈ। ਹਾਂਸ ਆਪਣੀ ਕਹਾਣੀ ਵਿੱਚ ਪਾਠਕ ਨੂੰ ਨਿਰੰਤਰ ਬਿਜਲਈ ਝਟਕੇ ਦਿੰਦਿਆਂ, ਉਸ ਦੀ ਸੰਵੇਦਨਾ ਨੂੰ ਹਲੂਣਦਾ ਬੜਾ ਡੂੰਘਾ ਉਤਰ ਜਾਂਦਾ ਹੈ, ਜਦੋਂ ਕਿ ਰਿੰਪੀ ਤੇ ਮਾਨ ਆਪਣੇ ਬਿਰਤਾਂਤ ਵਿੱਚ ਵਿਸਤਾਰ ਲਿਆਉਣ ਲਈ ਹੋਰ ਘਟਨਾਵਾਂ ਦਾ ਸਹਾਰਾ ਲੈਂਦੇ ਨੇ। 'ਪਾਸਕੂ' ਰਾਹੀਂ ਆਗਾਜ਼ਬੀਰ ਨੇ ਆਪਣੀ ਕਹਾਣੀ-ਕਲਾ ਨੂੰ ਸਾਬਤ ਕੀਤੈ, ਭਾਵੇਂ ਕਹਾਣੀ ਦਾ ਪਹਿਲਾ ਤੇ ਆਖ਼ਰੀ ਪੈਰਾ ਬੇਲੋੜੇ ਨੇ। ਪੇਂਡੂ ਪਰਵਾਰਾਂ+ਸਮਾਜ ਵਿੱਚ ਵਿਆਹ-ਬਾਹਰੀ ਸੰਬੰਧਾਂ ਪਿਛਲੀਆਂ ਮਜਬੂਰੀਆਂ ਦੀ ਯਥਾਰਥਵਾਦੀ ਪੇਸ਼ਕਾਰੀ ਕਰਕੇ ਕਿਸੇ ਆਦਰਸ਼ਵਾਦੀ ਬੋਝ ਤੋਂ ਮੁਕਤ ਹੁੰਦਿਆਂ ਚੰਗੀ ਕਹਾਣੀ ਬਣਦੀ ਹੈ। ਕਹਾਣੀ ਬੱਚੇ, ਔਰਤ ਤੇ ਮਰਦ ਦੇ ਮਨੋਵਿਗਿਆਨ ਨੂੰ ਸੁਭਾਵਿਕ ਰੂਪ ਵਿੱਚ ਚਿਤਰਦੀ ਦਰਸਾਉਂਦੀ ਹੈ ਕਿ ਕਬੀਲਾ-ਬਿਰਤੀ ਬੰਦੇ ਨੂੰ ਬੰਦਾ ਨਹੀਂ ਰਹਿਣ ਦਿੰਦੀ।

ਭੁਪਿੰਦਰ ਮਾਨ ਆਪਣੇ ਘੁਮੱਕੜ ਸੁਭਾਅ, ਬਿਰਤੀ ਤੇ ਆਦਤ ਕਰਕੇ ਵੱਖ-ਵੱਖ ਇਲਾਕਿਆਂ ਦੇ ਮਾਹੌਲ ਨੂੰ ਆਪਣੀਆਂ ਕਹਾਣੀਆਂ ਵਿੱਚ ਫੜਦਾ ਤੇ ਪੇਸ਼ ਕਰਦਾ ਹੈ। ਇਸ ਪੱਖੋਂ ਉਸ ਦੀ ਕਹਾਣੀ 'ਹੈੱਡ ਹੰਟਰਜ਼' (ਰਾਗ-17) ਇਸ ਸਾਲ ਦੀਆਂ ਉੱਤਮ ਕਹਾਣੀਆਂ ਵਿੱਚ ਰੱਖੀ ਜਾ ਸਕਦੀ ਹੈ, ਜਿਸ ਵਿੱਚ ਉਸ ਨੇ ਉੱਤਰ-ਪੂਰਬ ਦੇ ਲੋਕਾਂ ਦੀਆਂ ਆਦਤਾਂ, ਫੌਜੀ ਜ਼ਿੰਦਗੀ ਤੇ ਨਾਗਾ ਜੀਵਨ-ਸ਼ੈਲੀ ਨੂੰ ਪਿਛੋਕੜ ਵਿੱਚ ਰੱਖ ਕੇ, ਕਿਸਾਨ ਅੰਦੋਲਨ ਦੁਆਲੇ ਕਹਾਣੀ ਲਿਖਦਿਆਂ ਸਿੱਖ/ਪੰਜਾਬੀ ਵਿਰਾਸਤ ਦੇ ਗੌਲਣਯੋਗ ਤੇ ਮਾਣ ਕਰਨ ਵਾਲੇ ਪੱਖਾਂ ਨੂੰ ਉਜਾਗਰ ਕੀਤਾ। ਕਿਸਾਨ ਅੰਦੋਲਨ ਨੂੰ ਕੇਂਦਰ ਵਿੱਚ ਰੱਖ ਕੇ ਲਿਖੀ ਸੁਖਜੀਤ ਦੀ ਆਖ਼ਰੀ ਕਹਾਣੀ 'ਬਾਜ਼ੀ' (ਸੁਰਤਿ-2), ਲੋਕ-ਸਿਆਣਪਾਂ, ਇਤਿਹਾਸਕ ਤੇ ਮਿਥਿਹਾਸਕ ਮਿੱਥਾਂ ਵਿੱਚ ਗੁੰਨ੍ਹੀ ਰਮਜ਼-ਭਰਪੂਰ ਕਹਾਣੀ ਹੈ, ਜਦੋਂ ਕਿ ਅਜਮੇਰ ਸਿੱਧੂ ਦੀ 'ਡੰਮੀ' (ਸ਼ਬਦ 106-107) ਵਿੱਚ ਜਨ-ਸੰਚਾਰ ਸਾਧਨਾਂ ਦੁਆਰਾ ਸੱਤਾ 'ਤੇ ਕਾਬਜ਼ ਦਲ ਦੇ ਇਸ਼ਾਰੇ 'ਤੇ ਸਿਰਜੇ ਮੁਸਲਿਮ-ਵਿਰੋਧੀ ਬਿਰਤਾਂਤ ਦੇ ਪਿਛੋਕੜ ਵਿੱਚ ਕਿਸਾਨ-ਪੱਖੀ ਘੋਲ਼ ਦੇ ਸਮੱਰਥਕ ਪੱਤਰਕਾਰਾਂ ਵੱਲੋਂ ਸਰਕਾਰ-ਪੱਖੀ ਮੀਡੀਆ ਲਈ ਕੰਮ ਕਰਦਿਆਂ ਆਪਣੀ ਅੰਤਰ-ਆਤਮਾ ਬਚਾਉਣ ਲਈ ਕੀਤੇ ਯਤਨਾਂ ਦੀ ਤਰਜਮਾਨੀ ਹੈ। ਜਗਵਿੰਦਰ ਜੋਧਾ ਦੀ ਪਲੇਠੀ ਕਹਾਣੀ 'ਰਜਨੀਗੰਧਾ ਦੀ ਮਹਿਕ' (ਤਾਸਮਾਨ - 13) ਨਸ਼ਿਆਂ ਦੇ ਵਿਸ਼ੇ ਤੇ ਅਲੌਕਿਕ ਕਹਾਣੀ ਹੈ, ਜਿਸ ਵਿੱਚ ਜੋਧੇ ਨੇ ਬਿਰਤਾਂਤਕ ਜਲੌ ਪੇਸ਼ ਕਰਕੇ ਗਲਪ ਖ਼ੇਤਰ ਵਿੱਚ ਮਾਣਮੱਤਾ ਪ੍ਰਵੇਸ਼ ਕੀਤਾ। ਕਹਾਣੀ ਨੂੰ ਰੋਮਾਂਟਿਕ 'ਟੱਚ' ਪੜ੍ਹਨਯੋਗ ਬਣਾਉਂਦੀ ਹੈ।

ਸਮਾਜ ਦੀ ਫੋਕੀ ਨਿਯਮਾਂਵਲੀ ਵਿੱਚ ਫਸੇ/ਬੱਝੇ ਕਈ ਲੋਕ, ਭਰਮ ਦੀ ਦੁਨੀਆ ਦੇ ਵਾਸੀ ਬਣੇ, ਕੂੜ ਦਾ ਸਹਾਰਾ ਲੈ ਕੇ ਦੂਜਿਆਂ ਹੀ ਨਹੀਂ, ਆਪਣੀਆਂ ਅੱਖਾਂ ਵਿੱਚ ਵੀ ਮਜ਼ਾਕ ਦਾ ਪਾਤਰ ਬਣਦੇ ਨੇ, ਪਰ ਇਸ ਭੁਲੇਖੇ ਵਿੱਚ ਕਈ ਵਾਰ ਉਹ ਆਪਣੀ ਪਤਨੀ, ਧੀ ਜਾਂ ਭੈਣ ਦੀ ਜਾਨ ਦਾ ਖੌਅ ਵੀ ਬਣਦੇ ਨੇ। ਇਸ ਕਰੂਰ ਯਥਾਰਥ ਨੂੰ ਬੜੇ ਰੌਚਿਕ ਢੰਗ ਨਾਲ ਸਾਂਵਲ ਧਾਮੀ ਨੇ ਆਪਣੀ ਨਵੀਂ ਕਹਾਣੀ 'ਤਹਿਸੀਲਦਾਰ ਦਾ ਪੋਤਾ' (ਤਾਸਮਾਨ-12) ਵਿੱਚ ਪੇਸ਼ ਕੀਤਾ। ਇਸੇ ਪੱਤ੍ਰਿਕਾ ਵਿੱਚ ਜਿੰਦਰ ਦੀ ਕਹਾਣੀ 'ਘੇਰਾ ਬੰਦੀ' ਸਮੇਂ ਬੱਚਿਆਂ ਦੇ ਦਬਾਓ ਤੇ ਸਮਾਜਿਕ ਸੋਚ ਵਿੱਚ ਬਾਹਰੀ ਤਬਦੀਲੀ ਕਰਕੇ ਕਈ ਵਾਰ ਮਾਪਿਆਂ ਨੂੰ ਆਪਣੇ 'ਅਵਚੇਤਨ 'ਤੇ ਕਾਬੂ ਪਾ ਕੇ, ਅੰਤਰ-ਜਾਤੀ ਵਿਆਹ ਨੂੰ ਮਨਜ਼ੂਰੀ ਦੇਣ ਦੀ ਮਜਬੂਰੀ ਦੀ ਪੇਸ਼ਕਾਰੀ ਲੇਖ-ਨੁਮਾ ਹੋਣ ਕਰਕੇ ਕਹਾਣੀ-ਕਲਾ ਦੀ ਸੀਮਾ ਬਣਦੀ ਹੈ। ਇਸੇ ਅੰਕ ਵਿੱਚ ਸਰਘੀ ਦੀ ਕਹਾਣੀ 'ਬਲਾਈਂਡ ਡੇਟ' ਢਿੱਲੀ ਗੋਂਦ ਵਾਲੀ ਹੈ। 'ਬੱਸ ਇੱਕ ਕਦਮ' ਵਿੱਚ ਸਵਾਮੀ ਸਰਬਜੀਤ ਪਰਵਾਰਕ ਮਾਹੌਲ ਵਿੱਚ ਔਰਤ ਦੀ ਮਹੱਤਤਾ ਤੇ ਮਹਾਨਤਾ ਸਾਬਤ ਕਰਦਾ ਹੋਇਆ ਕਾਫ਼ੀ ਹੱਦ ਤੱਕ ਯਥਾਰਥਵਾਦੀ ਰਿਹਾ, ਭਾਵੇਂ ਕਿ ਬੇਲੋੜਾ ਵਿਸਤਾਰ ਉਸ ਦੀ ਕਹਾਣੀ ਦੀ ਵੀ ਸੀਮਾ ਹੈ। ਸੁਰਿੰਦਰ ਨੀਰ ਨੇ 'ਤਾਰਾਂ ਵਾਲਾ ਛੱਲਾ' ਰਾਹੀਂ ਬੜੀ ਸੂਖਮ ਰਮਜ਼ ਫੜੀ ਕਿ ਮਰਦ ਦੂਜੀ ਵਾਰ ਮੁਹੱਬਤ ਕਰ ਸਕਦੈ, ਪਰ ਔਰਤ ਲਈ ਪਹਿਲਾ ਪਿਆਰ ਹੀ ਆਖ਼ਰੀ ਹੁੰਦੈ।

ਅਲਫ਼ਾਜ਼ ਨੇ ਕਹਾਣੀ ਵਿੱਚ ਨਵੇਂ ਵਿਸ਼ੇ ਲਿਆਂਦੇ ਨੇ। 'ਬੰਦੋਬਸਤ' (ਸਤੰਬਰ ਅੰਕ, ਪ੍ਰੀਤਲੜੀ) ਵਿੱਚ ਸਹਿਕਾਰੀ ਬੈਂਕਾਂ ਦੁਆਰਾ ਲੋਨ ਦੇ ਜਾਲ ਵਿੱਚ ਫਸਾ ਕੇ ਇਸ ਦੀ 'ਰਿਕਵਰੀ' ਵੇਲੇ ਗੈਰ-ਮਾਨਵੀ ਢੰਗ ਅਪਨਾਉਣ ਵਾਲੇ ਤੰਤਰ ਦਾ ਪਾਜ਼ ਉਘਾੜਿਆ, ਉੱਥੇ 'ਬੱਜੋਰੱਤਾ' (ਹੁਣ-49) ਵਿੱਚ ਆਰਥਿਕ ਤੌਰ 'ਤੇ ਹੀਣੇ ਦੀ ਬੇਵੱਸੀ ਕਰਕੇ ਉਸ ਨੂੰ ਸਰੀਰਕ ਚੁਣੌਤੀ ਹੰਢਾਉਣ ਵਾਲਾ ਗੱਭਰੂ ਬਣਾ ਕੇ ਉਸ ਨੂੰ ਆਪਣੇ ਸੁਪਨਿਆਂ ਤੋਂ ਦੂਰ ਕਰਨ ਤੇ ਹੋਰ ਬੇਵੱਸ ਬਣਾਉਣ ਵਾਲੇ ਸਮਾਜ ਦੀ ਦਿਲ-ਲੂੰਹਦੀ ਗਾਥਾ ਬਿਆਨ ਕੀਤੀ ਹੈ। ਭਗਵੰਤ ਰਸੂਲਪੁਰੀ ਨੇ 'ਮੁੱਠੀ ਵਿੱਚੋਂ ਕਿਰਦੀ ਰੇਤ (ਸ਼ਬਦ 106-107) ਵਿੱਚ ਵਿਦੇਸ਼ੀ ਜੀਵਨ ਦਾ ਕੌੜਾ ਸੱਚ ਬਿਆਨ ਕੀਤਾ, ਕਿ ਕੈਨੇਡਾ ਜਿਹੇ ਮੁਲਕ ਵਿੱਚ ਜਾ ਕੇ ਹਰ ਕੋਈ ਖ਼ੁਦਗਰਜ਼ ਤੇ ਸਵੈ-ਮੁਖੀ ਹੋ ਜਾਂਦੈ ਕਿ ਆਪਣਿਆਂ ਜਾਂ ਆਪਣੀ ਮਦਦ ਕਰਨ ਵਾਲਿਆਂ ਤੋਂ ਪਿੱਠ ਹੀ ਨਹੀਂ ਮੋੜਦਾ, ਆਪਣੇ ਲਾਲਚ ਲਈ ਉਨ੍ਹਾਂ ਦਾ ਵੈਰੀ ਵੀ ਬਣ ਜਾਂਦਾ।

ਦੀਪ ਦਵਿੰਦਰ ਸਿੰਘ ਦੀ ਕਹਾਣੀ 'ਪੌਣਾ ਕੁ ਚੰਨ' (ਹੁਣ-48) ਵਿੱਚ ਕਾਮ ਬਿਰਤੀ ਨੂੰ ਆਰਥਿਕਤਾ ਨਾਲ ਜੋੜਿਆ ਹੈ। ਕਹਾਣੀ ਚਿਹਨਾਂ ਨਾਲ ਭਰਪੂਰ ਹੈ, ਤੇ ਇਹ ਸੰਕੇਤ ਐਨੇ ਤਾਕਤਵਰ ਤੇ ਸਪੱਸ਼ਟ ਹਨ ਕਿ ਪਾਠਕ ਨਿਮਨ ਵਰਗ ਦੀਆਂ ਮਜਬੂਰੀਆਂ 'ਚੋਂ ਨਿਕਲੇ ਘੋਰ ਯਥਾਰਥ ਦੇ ਰੂਬਰੂ ਹੁੰਦਾ ਹੋਇਆ ਇੱਕ ਨਵੀਂ ਦੁਨੀਆ ਦੀ ਸਮਝ ਹਾਸਲ ਕਰਦਾ। ਫਲੈਸ਼-ਬੈਕ ਵਿਧੀ ਵਿੱਚ ਲਿਖੀ ਕਹਾਣੀ ਦੇ ਬਿਰਤਾਂਤ ਰਾਹੀਂ ਉਹ ਇੱਕ ਪਰਵਾਰ ਜਾਂ ਸਮਾਜਿਕ ਤੇ ਆਰਥਿਕ ਤੌਰ 'ਤੇ ਹੀਣੇ/ਬੁੜੇ ਵਿਅਕਤੀ ਦੀ ਮਾਨਸਿਕਤਾ ਸਮਝਣ ਦੀ ਥਾਂ, ਇਸ ਜਨ-ਸਮੂਹ ਦੀ ਸਮੁੱਚੀ ਮਾਨਸਿਕਤਾ ਨੂੰ ਸਮਝਣ ਦੇ ਆਹਰ ਵਿੱਚ ਹੈ। ਇਸੇ ਅੰਕ ਵਿੱਚ ਸੁਖਪਾਲ ਸਿੰਘ ਥਿੰਦ ਦੀ ਕਹਾਣੀ 'ਕੁਝ ਨਵਾਂ ਹੋ ਜਾਏ' ਮਨੁੱਖ ਅੰਦਰ ਦੀ ਚੰਚਲਤਾ ਦੀ ਥਾਹ ਪਾਉਣ ਦਾ ਇੱਕ ਯਤਨ ਹੈ। ਮਰਦ + ਔਰਤ ਦੀ ਅੰਤਹੀਣ ਅਸੰਤੁਸ਼ਟੀ ਤੇ ਭਟਕਣ, ਵਿਆਹ ਦੀ ਬਨਾਵਟੀ ਸੰਸਥਾ ਦੇ ਰਾਹ ਵਿੱਚ ਰੁਕਾਵਟ ਬਣਦੀ ਹੈ। ਦੂਜੇ ਪਾਸੇ, ਜਿਸਮਾਨੀ ਤੇ ਰੂਹਾਨੀ ਆਜ਼ਾਦੀ ਮਨੁੱਖ ਨੂੰ ਭਾਂਜਵਾਦੀ ਨਹੀਂ ਤਾਂ ਘੱਟੋ-ਘੱਟ ਭੱਜਣ-ਵਾਦੀ ਤੇ ਭਟਕਣ-ਵਾਦੀ ਜ਼ਰੂਰ ਬਣਾ ਦਿੰਦੀ ਹੈ। ਇਸੇ ਅੰਕ ਵਿੱਚ ਰਵੀ ਸ਼ੇਰਗਿੱਲ ਦੀ ਕਹਾਣੀ 'ਚਿੜੀ, ਚੁੜੇਲ ਤੇ ਮਾਇਆ' ਚੰਗੀ ਬੁਣਤੀ ਦੀ ਕਹਾਣੀ ਹੈ, ਜਿਸ ਵਿੱਚ ਅੰਧ-ਵਿਸ਼ਵਾਸ, ਕਾਲੇ ਦਿਨਾਂ ਦੀ ਦਾਸਤਾਨ, ਸੰਘਰਸ਼ ਦੇ ਦੌਰ ਦੌਰਾਨ ਨਿੱਜੀ ਲਾਹਾ ਲੈਣ ਦੀਆਂ ਘਟਨਾਵਾਂ, ਹਿੰਸਾ ਦੇ ਵਿਭਿੰਨ ਰੂਪ, ਲੁਕਵੇਂ ਇਸ਼ਕ, ਔਰਤ ਦੀ ਦਾਸਤਾਨ, ਸਮਾਜ ਵਿੱਚ ਇਸ਼ਕ-ਦਾਬੇ ਦਾ ਵਰਤਾਰਾ ਤੇ ਪ੍ਰਵਾਸੀ ਮਜ਼ਦੂਰਾਂ ਦੀ ਜੀਵਨ-ਸ਼ੈਲੀ ਜਿਹੇ ਅਨੇਕ ਵਿਸ਼ੇ ਸ਼ਾਮਲ ਨੇ। ਸੁਰਿੰਦਰ ਨੀਰ ਨੇ 'ਸ਼ੂਗਰ ਡੈਡੀ' (ਰਾਗ-16) ਰਾਹੀਂ ਵੱਡੀ ਉਮਰ ਦੇ ਮਰਦਾਂ/ਔਰਤਾਂ ਵੱਲੋਂ ਜਵਾਨਾਂ ਰਾਹੀਂ ਆਪਣੀ ਕਾਮ-ਪੂਰਤੀ ਕਰਨ ਦੇ ਅਜੋਕੇ ਵਰਤਾਰੇ ਤੇ ਅਰਥ-ਪੂਰਨ ਕਹਾਣੀ ਲਿਖੀ, ਉੱਥੇ ਸਵਾਮੀ ਸਰਬਜੀਤ ਨੇ 'ਕਸਵੱਟੀ' (ਸ਼ਬਦ-108) ਰਾਹੀਂ ਲਿਵ-ਇੰਨ ਸੰਬੰਧਾਂ ਵਿਚਲੇ ਅੰਤਰ-ਵਿਰੋਧਾਂ ਤੇ ਸਮੱਸਿਆਵਾਂ ਨੂੰ ਕਲਮਬੱਧ ਕੀਤਾ। ਦੋਹਾਂ ਕਹਾਣੀਆਂ ਦਾ ਰੌਚਿਕ ਬਿਰਤਾਂਤ ਪਾਠਕ ਨੂੰ ਬੰਨ੍ਹ ਕੇ ਰੱਖਦਾ ਹੈ।

ਜਸਵਿੰਦਰ ਰੱਤੀਆਂ ਨੇ 'ਮੈਂ ਵੀ ਹਾਰਨਾ ਸਿੱਖ ਲਿਆ' (ਕਹਾਣੀ ਧਾਰਾ-72) ਰਾਹੀਂ ਬੜਾ ਅਮਲੀ ਸੁਨੇਹਾ ਦਿੱਤਾ ਹੈ ਕਿ ਵਿਚਾਰਧਾਰਾ ਨੂੰ ਜੀਵਨ ਵਿੱਚ ਲਾਗੂ ਕਰਨ ਲਈ ਕਠੋਰਤਾ ਦੀ ਥਾਂ ਲਚਕੀਲਾਪਣ ਤੇ ਕਨਵਿੰਸਿੰਗ ਪਹੁੰਚ ਅਪਣਾਉਣੀ ਵੱਧ ਢੁਕਵੀਂ ਹੈ, ਤਾਂ ਜੋ ਨਿੱਜੀ ਤੇ ਵਿਵਹਾਰਕ ਜੀਵਨ ਦੀ ਮਿਠਾਸ ਤੇ ਸਾਵਾਂਪਣ ਬਣਿਆ + ਬਚਿਆ ਰਹੇ। ਇਸੇ ਅੰਕ ਵਿੱਚ ਸਰਬਜੀਤ ਕੌਰ ਸੋਹਲ ਦੀ ਕਹਾਣੀ 'ਬੁਰਜ ਖ਼ਲੀਫ਼ਾ' ਔਰਤ ਮਨ ਦੀ ਇੱਕ ਡੂੰਘੀ ਰਮਜ਼ ਨੂੰ ਬੜੇ ਰੌਚਿਕ ਅੰਦਾਜ਼ ਵਿੱਚ ਪੇਸ਼ ਕਰਨ ਵਿੱਚ ਸਫ਼ਲ ਹੋਈ। ਚੰਗੀ ਸੂਰਤ ਦੀ ਥਾਂ ਕਈ ਵਾਰ ਚੰਗੇ ਆਤਮ-ਵਿਸ਼ਵਾਸ ਨੂੰ ਹਥਿਆਰ ਬਣਾ ਕੇ ਵੀ ਆਪਣੇ-ਆਪ ਨੂੰ ਕੁਝ ਸਮਝਣ ਵਾਲੇ ਨੂੰ ਢਾਹਿਆ ਜਾ ਸਕਦੈ। ਗੁਰਮੀਤ ਆਰਿਫ਼ ਦੀ ਕਹਾਣੀ 'ਅਹਿਮਦਸ਼ਾਹੇ' (ਸ਼ਬਦ-108) ਭਾਰਤੀ ਕਾਨੂੰਨ ਦੁਆਰਾ ਬਾਲਗ ਨੂੰ ਸਵੈ-ਇੱਛਾ ਨਾਲ ਵਿਆਹ ਕਰਨ ਦਾ ਹੱਕ ਦੇਣ ਦੇ ਮਸਲੇ ਵਿੱਚ ਮਾਪਿਆਂ ਦੀਆਂ ਸੱਧਰਾਂ ਪ੍ਰਤੀ ਸੂਖਮ ਹਿੰਸਾ ਨੂੰ ਕਥਾਮਈ ਬਿਰਤਾਂਤ ਵਿੱਚ ਢਾਲ ਕੇ ਆਰਿਫ਼ ਇੱਕ ਸਵਾਲ ਖੜ੍ਹਾ ਕਰਦਾ ਤੇ ਸਿਰਲੇਖ਼ ਰਾਹੀਂ ਸੰਕੇਤਕ ਜਵਾਬ ਦਿੰਦਾ, "ਖਾਧਾ ਪੀਤਾ ਲਾਹੇ ਦਾ, ਬਾਕੀ —!" ਮਾਪਿਆਂ ਕੋਲ ਜਦ ਤੱਕ ਬੱਚਾ ਹੈ, ਉਹ ਉਸ ਨਾਲ ਹੱਸ-ਖੇਡ ਲੈਂਦੇ ਨੇ। ਅਜਿਹਾ ਹੀ ਆਗਾਜ਼ਬੀਰ ਦੀ ਕਹਾਣੀ 'ਪਾਸਕੂ' ਵਿੱਚ ਹੈ। ਦੋਹਾਂ ਕਹਾਣੀਆਂ ਵਿੱਚ ਸਿਰਲੇਖ਼ ਕਹਾਣੀ ਨੂੰ ਪੂਰਨ ਵੀ ਕਰਦੈ, ਨਵੇਂ ਅਰਥ ਵੀ ਦਿੰਦੈ ਤੇ ਕਹਾਣੀ ਨੂੰ ਖੁੱਲ੍ਹੇ ਅੰਤ ਵਾਲੀ ਬਣਾ ਕੇ, ਪਾਠਕ ਨੂੰ ਅਥਾਹ ਸਪੇਸ ਦੇਣ ਵਾਲੀ ਬਣਾ ਦਿੰਦਾ। ਤ੍ਰਿਪਤਾ ਕੇ. ਸਿੰਘ ਨੇ 'ਪੌਣੀ ਸਦੀ ਦਾ ਹਉਕਾ' (ਚਿਰਾਗ-123) ਵਿੱਚ ਆਜ਼ਾਦੀ ਦੇ 75 ਸਾਲ ਬੀਤ ਜਾਣ 'ਤੇ ਕਿਰਤੀਆਂ ਦੀ ਹੋਣੀ ਵਿੱਚ ਆਏ ਨਿਘਾਰ ਨੂੰ ਬੜੀ ਕਲਾਤਮਿਕ ਸ਼ੈਲੀ ਵਿੱਚ ਰੇਖਾਂਕਿਤ ਕਰਕੇ ਪਾਠਕ ਅੰਦਰ ਸੰਵੇਦਨਾ ਪੈਦਾ ਕੀਤੀ।

ਪ੍ਰਵਚਨ (94), ਸ਼ਬਦ (106) ਅਤੇ ਕਹਾਣੀ ਧਾਰਾ ਵਿੱਚ ਕਹਾਣੀਆਂ ਬਾਰੇ ਸੰਵਾਦ-ਗੋਸ਼ਟੀਆਂ ਨਸ਼ਰ ਹੋਈਆਂ, ਜਦੋਂ ਕਿ ਹੁਣ, ਕਹਾਣੀ ਧਾਰਾ, ਸਮਾਂਤਰ ਨਜ਼ਰੀਆ ਅਤੇ ਪ੍ਰਵਚਨ ਦੁਆਰਾ ਪਿਛਲੇ ਅੰਕਾਂ ਵਿੱਚ ਛਪੀਆਂ ਕਹਾਣੀਆਂ ਬਾਰੇ ਆਲੋਚਨਾ ਲੇਖ ਛਾਪਣੇ ਆਰੰਭ ਕੀਤੇ। ਤੁਹਾਡੇ ਖਾਦਿਮ ਦੁਆਰਾ ਚੈਨਲ ਐੱਚ ਐੱਸ ਡਿੰਪਲ ਤੇ ਕਹਾਣੀਆਂ ਬਾਰੇ ਨਿਰੰਤਰ ਗੰਭੀਰ ਸੰਵਾਦ ਛੋਹਿਆ ਜਾਂਦਾ ਹੈ।

ਸਮੁੱਚੇ ਰੂਪ ਵਿੱਚ ਇਹ ਕਹਾਣੀਆਂ ਮਨੁੱਖੀ ਵਿਹਾਰ ਦੀਆਂ ਵਿਭਿੰਨ ਰਮਜ਼ਾਂ ਨੂੰ ਫੜਨ ਦਾ ਯਤਨ ਹਨ, ਜਿਨ੍ਹਾਂ ਵਿੱਚ ਕਾਮ, ਇਸ਼ਕ, ਕਿਸਾਨ ਸੰਘਰਸ਼, ਮੁਸਲਿਮ-ਵਿਰੋਧੀ ਬਿਰਤਾਂਤ, ਮਰਦ-ਔਰਤ ਵਿਵਰਜਿਤ ਰਿਸ਼ਤੇ, ਨਸ਼ੇ ਤੇ ਪ੍ਰਵਾਸੀ ਜੀਵਨ ਦੇ ਵਿਸ਼ੇ ਪ੍ਰਮੁੱਖ ਹਨ। ਸਮੇਂ ਨਾਲ ਕਹਾਣੀਕਾਰ ਨਵੇਂ ਉੱਦਮ ਤੇ ਪ੍ਰਯੋਗ ਕਰਨ ਲੱਗੇ ਹਨ, ਜਿਨ੍ਹਾਂ ਨੂੰ ਖ਼ੁਸ਼ਾਮਦੀਦ ਕਹਿਣਾ ਬਣਦਾ ਹੈ। ਕਹਾਣੀ ਦੀ ਓਪਰੀ ਪਰਤ ਜਾਂ ਗੋਂਦ ਤਾਂ ਪਾਠਕ ਨੂੰ ਆਪਣੇ ਨਾਲ ਜੋੜੀ ਰੱਖਣ ਦਾ ਇੱਕ ਸਾਧਨ ਮਾਤਰ ਹੁੰਦੀ ਹੈ। ਅਸਲ ਮਨੋਰਥ ਤਾਂ ਕਿਸੇ ਗਹਿਰੀ ਰਮਜ਼ ਦੇ ਰੂਬਰੂ ਕਰਕੇ ਪਾਠਕ ਅੰਦਰ ਸੰਵੇਦਨਾ ਦਾ ਸੰਚਾਰ ਕਰਨਾ ਤੇ ਇਸ ਨੂੰ ਦੇਰ ਤੱਕ ਉਸ ਅੰਦਰ ਜਿਉਂਦੇ ਰੱਖਣ ਦਾ ਸਾਧਨ ਬਣਨਾ ਹੁੰਦਾ ਹੈ। ਇਸ ਪੱਖੋਂ ਮਾਂ-ਵਰਗੀ (ਹਾਂਸ), ਪਾਸਕੂ (ਆਗਾਜ਼ਬੀਰ), ਹੈੱਡ-ਹੰਟਰਜ਼ (ਮਾਨ) ਜਾਂ ਮੁੱਠੀ ਵਿੱਚੋਂ ਕਿਰਦੀ ਰੇਤ (ਰਸੂਲਪੁਰੀ) ਜਿਹੀਆਂ ਕਹਾਣੀਆਂ ਨੂੰ ਇਸ ਸਾਲ ਦੀਆਂ ਉੱਤਮ ਕਹਾਣੀਆਂ ਮੰਨਿਆ ਜਾ ਸਕਦੈ। ਕਮਜ਼ੋਰ ਕਹਾਣੀ ਲਿਖਣ ਵਾਲੇ ਕਹਾਣੀਕਾਰ ਆਪਣੀ ਸਮਝ ਨੂੰ ਪਰਿਪੱਕ ਕਰਨ ਲਈ ਸਾਹਿਤ, ਸਮਾਜ ਤੇ ਹੋਰ ਵਿਸ਼ਿਆਂ ਦੇ ਅਧਿਐਨ ਬਾਅਦ, ਇੱਕ ਠੋਸ ਤੇ ਰਮਜ਼ਾਂ ਖੋਲ੍ਹਦੀ-ਸਮਝਦੀ ਕਹਾਣੀ ਪੇਸ਼ ਕਰਕੇ ਆਪਣਾ ਤੇ ਪਾਠਕਾਂ ਦਾ ਸਮਾਂ, ਮਿਹਨਤ ਤੇ ਊਰਜਾ ਬਚਾ ਸਕਦੇ ਹਨ।

ਮੋਬਾ. 98885-69669

# ਪੀਪਲਜ਼ ਲਿਟਰੇਰੀ ਫੈਸਟੀਵਲ ਯਾਦਗਾਰੀ ਪੈੜਾਂ ਛੱਡਦਾ ਸੰਪੰਨ



ਸੁਰਜੀਤ ਪਾਤਰ ਦੀ ਸਿਮ੍ਰਤੀ ਨੂੰ ਸਮਰਪਿਤ ਸੱਤਵੇਂ ਚਾਰ ਰੋਜ਼ਾ ਪੀਪਲਜ਼ ਲਿਟਰੇਰੀ ਫੈਸਟੀਵਲ ਟੀਚਰਜ਼ ਹੋਮ, ਬਠਿੰਡਾ ਵਿਖੇ ਆਯੋਜਤ ਕੀਤਾ ਗਿਆ। ਇਸ ਦੇ ਪਹਿਲੇ ਦਿਨ ਉਦਘਾਟਨੀ ਸੈਸ਼ਨ ਵਿੱਚ ‘ਅਸੀਂ ਭਾਰਤ ਦੇ ਲੋਕ-ਸੰਵਿਧਾਨ, ਸਮਾਜ ਅਤੇ ਮੀਡੀਆ’ ਵਿਸ਼ੇ ’ਤੇ ਆਪਣੇ ਮੁੱਖ ਸੁਰ ਭਾਸ਼ਣ ਵਿੱਚ ਪ੍ਰਸਿੱਧ ਪੱਤਰਕਾਰ ਆਰਫਾ ਖਾਨਮ ਸ਼ੇਰਵਾਨੀ ਨੇ ਕਿਹਾ ਕਿ ਦੁਨੀਆਂ ਭਰ ਵਿੱਚ ਲੋਕਤੰਤਰ ਵੱਡੇ ਸੰਕਟ ਵਿੱਚ ਹੈ।ਆਜ਼ਾਦ ਪ੍ਰੈੱਸ ਅਤੇ ਲੋਕਤੰਤਰੀ ਸੰਸਥਾਵਾਂ ਨੂੰ ਗੰਭੀਰ ਖਤਰੇ ਪੈਦਾ ਹੋ ਗਏ ਹਨ। ਭਾਰਤ ਦੇ ਕਿਸਾਨ ਅੰਦੋਲਨਾਂ ਨੇ ਇੱਕ ਨਵੀਂ ਆਸ ਦੀ ਕਿਰਨ ਜਗਾਈ ਹੈ ਕਿ ਵੱਖ-ਵੱਖ ਮੁਲਕਾਂ ਵਿੱਚ ਲੋਕ ਜਥੇਬੰਦ ਹੋ ਕੇ ਇਸ ਰੁਝਾਨ ਦੇ ਖਿਲਾਫ ਲੜ ਰਹੇ ਹਨ। ਉਹਨਾਂ ਕਿਹਾ ਕਿ ਗੋਦੀ ਮੀਡੀਆ ਦੇ ਮੁਕਾਬਲੇ ਬਦਲਵੇਂ ਮੀਡੀਏ ਨੇ ਲੋਕ ਆਵਾਜ਼ ਨੂੰ ਵੱਡੀ ਥਾਂ ਦਿੱਤੀ ਹੈ। ਮੁੱਖ ਮਹਿਮਾਨ ਪ੍ਰੋਫੈਸਰ ਜਗਮੋਹਨ ਸਿੰਘ ਨੇ ਕਿਹਾ ਕਿ ਹਰ ਦੌਰ ਵਿੱਚ ਸੱਤਾਧਾਰੀ ਧਿਰਾਂ ਲੇਖਕਾਂ, ਕਲਾਕਾਰਾਂ, ਬੁੱਧੀਜੀਵੀਆਂ ਨੂੰ ਸੱਚ ਦੀ ਆਵਾਜ਼ ਬੁਲੰਦ ਕਰਨ ’ਤੇ ਦਬਾਉਣ ਦਾ ਯਤਨ ਕਰਦੀਆਂ ਰਹੀਆਂ ਹਨ। ਪੀਪਲਜ਼ ਲਿਟਰੇਰੀ ਫੈਸਟੀਵਲ ਵਰਗੇ ਸਾਹਿਤਕ ਉਤਸਵ ਲੋਕਾਂ ਦੀ ਆਵਾਜ਼ ਬਣਦੇ ਹਨ।ਇਸ ਸੈਸ਼ਨ ਦਾ ਸੰਚਾਲਨ ਸਟਾਲਿਨਜੀਤ ਬਰਾੜ ਵੱਲੋਂ ਕੀਤਾ ਗਿਆ।

ਇਸ ਤੋਂ ਪਹਿਲਾਂ ਆਰਫਾ ਖਾਨਮ ਸ਼ੇਰਵਾਨੀ, ਜਸ ਮੰਡ ਅਤੇ ਪ੍ਰੋਫੈਸਰ ਜਗਮੋਹਨ ਸਿੰਘ ਨੇ ਪੁਸਤਕ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ, ਜਿਸ ਵਿੱਚ ਪੰਜਾਬੀ, ਹਿੰਦੀ, ਅੰਗਰੇਜ਼ੀ ਦੇ ਪੰਦਰਾਂ ਤੋਂ ਵੱਧ ਪ੍ਰਕਾਸ਼ਕਾਂ ਨੇ ਭਾਗ ਲਿਆ।

ਪੀਪਲਜ਼ ਲਿਟਰੇਰੀ ਫੈਸਟੀਵਲ ਦਾ ਦੂਜਾ ਸੈਸ਼ਨ ਭਾਰਤੀ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਤਸਕੀਨ ਦੀ ਪੁਸਤਕ ‘ਪੰਜਾਬੀ ਲੋਕ-ਸੰਗੀਤ ਹਰੀ ਕ੍ਰਾਂਤੀ ਦੇ ਆਰ-ਪਾਰ’ ਦੇ ਪ੍ਰਸੰਗ ਵਿੱਚ ਵਿਚਾਰ-ਚਰਚਾ ਨਾਲ ਆਰੰਭ ਹੋਇਆ। ਇਸ ਵਿਚਾਰ-ਚਰਚਾ ਵਿੱਚ ਰਾਜਿੰਦਰ ਪਾਲ ਸਿੰਘ ਬਰਾੜ, ਬਾਬੂ ਸਿੰਘ ਮਾਨ, ਕੁਲਦੀਪ ਸਿੰਘ ਦੀਪ ਅਤੇ ਤਸਕੀਨ ਨੇ ਭਾਗ ਲਿਆ। ਤਸਕੀਨ ਨੇ ਕਿਹਾ ਕਿ ਜਦੋਂ ਕੋਈ ਵੀ ਕਲਾ ਮੰਡੀ ਦਾ ਸੰਦ ਬਣ ਜਾਂਦੀ ਹੈ ਤਾਂ ਉਹ ਲੋਕ ਵਿਰੋਧੀ ਬਣ ਜਾਂਦੀ ਹੈ। ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਗਾਇਕੀ ਵਿੱਚ ਹਥਿਆਰਾਂ ਅਤੇ ਨਸ਼ਿਆਂ ਦਾ ਜ਼ਿਕਰ ਖਤਰਨਾਕ ਰੁਝਾਨ ਹੈ। ਲੋਕ ਗਾਇਕ ਗੁਰਬਿੰਦਰ ਬਰਾੜ ਨੇ ਕਿਹਾ ਕਿ ਕੋਈ ਵੀ ਕਲਾਕਾਰ ਆਪਣੀ ਸਮਾਜਿਕ ਜ਼ਿੰਮੇਵਾਰੀ ਤੋਂ ਨਹੀਂ ਭੱਜ ਸਕਦਾ।ਕੁਮਾਰ ਜਗਦੇਵ ਨੇ ਬਦਲਦੇ ਹਾਲਾਤ ਵਿੱਚ ਗੀਤਕਾਰੀ ਦੇ ਸਮਾਜਿਕ ਪ੍ਰਸੰਗ ਦੀ ਗੱਲ ਕੀਤੀ।ਡਾ. ਰਾਜਿੰਦਰ ਪਾਲ ਸਿੰਘ ਨੇ ਕਿਹਾ ਕਿ ਪੰਜਾਬੀ ਗੀਤਕਾਰੀ ਅਤੇ ਗਾਇਕੀ ਵੀ ਹੋਰਨਾਂ ਸਾਹਿਤ ਰੂਪਾਂ ਵਾਂਗ ਸਮਾਜਿਕ ਸੋਚ ਦਾ ਪ੍ਰਤੀਬਿੰਬ ਹੀ ਹੁੰਦੀ ਹੈ। ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਬਾਬੂ ਸਿੰਘ ਮਾਨ ਨੇ ਕਿਹਾ ਕਿ ਮੌਜੂਦਾ ਦੌਰ ਵਿੱਚ ਗੀਤਕਾਰੀ ਲੱਗਭੱਗ ਸਮਾਪਤ ਹੋ ਚੁੱਕੀ ਹੈ। ਸਿਰਫ ਸਾਜ਼ਾਂ ਦੇ ਸ਼ੋਰ ਵਿੱਚ ਸ਼ਬਦਾਂ ਦੀ ਭਰਤੀ ਕੀਤੀ ਜਾਂਦੀ ਹੈ। ਉਹਨਾਂ ਆਖਿਆ ਕਿ ਗੀਤਕਾਰੀ ਅਤੇ ਗਾਇਕੀ ਬਾਰੇ ਅਜਿਹੀਆਂ ਸੰਜੀਦਾ ਗੋਸ਼ਟੀਆਂ ਦੀ ਲੋੜ ਹੈ। ਇਸ ਮੌਕੇ ਉਹਨਾਂ ਅਨੇਕਾਂ ਗੀਤਾਂ ਦੇ ਪਿਛੋਕੜ ਬਾਰੇ ਚਰਚਾ ਕੀਤੀ।

ਪੀਪਲਜ਼ ਲਿਟਰੇਰੀ ਫੈਸਟੀਵਲ ਦੇ ਦੂਜੇ ਦਿਨ ਵਿਚਾਰ-ਚਰਚਾ ਵਿੱਚ ਇਹ ਗੱਲ ਉੱਭਰ ਕੇ ਸਾਹਮਣੇ ਆਈ ਕਿ ਪੰਜਾਬ ਦੀਆਂ ਵਿਭਿੰਨ ਸਮੱਸਿਆਵਾਂ ਨਵ-ਉਦਾਰਵਾਦੀ ਨੀਤੀਆਂ ਦੀ ਦੇਣ ਹਨ। ਕੋਈ ਵੀ ਰਾਜਸੀ ਧਿਰ ਇਸ ਕਾਰਪੋਰੇਟੀ ਸ਼ਿਕੰਜੇ ਪ੍ਰਤੀ ਗੰਭੀਰ ਨਹੀਂ ਹੈ। ਪਹਿਲੇ ਸੈਸ਼ਨ ਵਿੱਚ ‘ਸਮਕਾਲੀ ਵਿਸ਼ਵ ਸਾਹਿਤ’ ਵਿਸ਼ੇ ’ਤੇ ਗੱਲ ਕਰਦਿਆਂ ਚਿੰਤਕ ਮਨਮੋਹਨ ਨੇ ਕਿਹਾ ਕਿ ਫਲਸਫੇ ਅਤੇ ਸਾਹਿਤ ਦੇ ਇੱਕ-ਦੂਜੇ ਦੇ ਪੂਰਕ ਹਨ। ਇਤਿਹਾਸਕਾਰ ਸੁਭਾਸ਼ ਪਰਿਹਾਰ ਨੇ ਆਪਣੀ ਗੱਲ ਕਰਦਿਆਂ ਕਿਹਾ ਕਿ ਹਾਲੇ ਵੀ ਪੰਜਾਬੀ ਭਾਸ਼ਾ ਨੂੰ ਗਿਆਨ ਅਤੇ ਵਿਗਿਆਨ ਦੀ ਭਾਸ਼ਾ ਬਣਾਉਣ ਲਈ ਬਹੁਤ ਉਪਰਾਲੇ ਕਰਨ ਦੀ ਲੋੜ ਹੈ। ਨਾਮਵਰ ਘੁਮੱਕੜ ਨਿਰਲੇਪ ਸਿੰਘ ਨੇ ਗੁਰੂ ਨਾਨਕ ਦੇ ਹਵਾਲੇ ਨਾਲ ਗੱਲ ਕਰਦਿਆਂ ਕਿਹਾ ਕਿ ਸਫਰ ਅਤੇ ਸਾਹਿਤ ਦਾ ਆਪਸੀ ਰਿਸ਼ਤਾ ਬਹੁਤ ਡੂੰਘਾ ਹੈ। ਇਸ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਨਾਮਵਰ ਚਿੰਤਕ ਅਮਰਜੀਤ ਸਿੰਘ ਗਰੇਵਾਲ ਨੇ ਮਸਨੂਈ ਬੁੱਧੀ ਦੇ ਹਵਾਲੇ ਨਾਲ ਗੱਲ ਕਰਦਿਆਂ ਕਿਹਾ ਕਿ ਤਕਨੀਕ ਦੁਆਰਾ ਮਨੁੱਖੀ ਸੱਭਿਅਤਾ ਵਿੱਚ ਆਉਣ ਵਾਲੀਆਂ ਵੱਡੀਆਂ ਤਬਦੀਲੀਆਂ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਸੈਸ਼ਨ ਦੇ ਸੂਤਰਧਾਰ ਕੁਮਾਰ ਸੁਸ਼ੀਲ ਸਨ। ਗੁਰਪੰਥ ਗਿੱਲ ਅਤੇ ਸੈਮ ਗੁਰਵਿੰਦਰ ਨੇ ਵੀ ਆਪਣੇ ਵਿਚਾਰ ਰੱਖੇ।

ਦੂਜੇ ਸੈਸ਼ਨ ਵਿਚ ‘ਪੰਜਾਬ ਦੀ ਡਿਜੀਟਲ ਪੱਤਰਕਾਰੀ ਅਤੇ ਸਮਾਜਿਕ ਜੁਆਬਦੇਹੀ’ ਵਿਸ਼ੇ ’ਤੇ ਭਰਵੀਂ ਚਰਚਾ ਵਿੱਚ ‘ਦ ਕਾਰਵਾਂ’ ਦੀ ਸੀਨੀਅਰ ਪੱਤਰਕਾਰ ਜਤਿੰਦਰ ਕੌਰ ਤੁੜ ਨੇ ਕਿਹਾ ਕਿ ਡਿਜੀਟਲ ਮੀਡੀਆ ਨੇ ਹਾਸ਼ੀਆਗ੍ਰਸਤ ਲੋਕਾਂ ਨੂੰ ਆਵਾਜ਼ ਦਿੱਤੀ ਹੈ ਪ੍ਰੰਤੂ ਇਸ ਦਾ ਆਪਮੁਹਾਰਾਪਣ ਬਹੁਤੀ ਵਾਰ ਰਾਹੋਂ ਕੁਰਾਹੇ ਵੀ ਪਾ ਦਿੰਦਾ ਹੈ। ਫਿਰਕਾਪ੍ਰਸਤੀ ਅਤੇ ਧਾਰਮਿਕ ਕੱਟੜਤਾ ਦੇ ਰੁਝਾਨ ਨੂੰ ਨਕਾਰਨ ਦੀ ਲੋੜ ਹੈ। ‘ਦ ਸਿਟੀਜ਼ਨ’ ਦੇ ਐਸੋਸੀਏਟ ਸੰਪਾਦਕ ਰਾਜੀਵ ਖੰਨਾ ਨੇ ਕਿਹਾ ਕਿ ਵਿਊ ਅਤੇ ਰੈਵੇਨਿਊ ਦਾ ਨਾਗਵਲ ਡਿਜੀਟਲ ਪੱਤਰਕਾਰੀ ਦੀ ਆਤਮਾ ਨੂੰ ਮਾਰ ਰਿਹਾ ਹੈ। ਨਿਊਜ਼ ਕਲਿਕ ਦੇ ਸੀਨੀਅਰ ਪੱਤਰਕਾਰ ਸ਼ਿਵ ਇੰਦਰ ਸਿੰਘ ਨੇ ਕਿਹਾ ਕਿ ਡਿਜੀਟਲ ਪੱਤਰਕਾਰੀ ਦੀ ਤਾਕਤ ਅਤੇ ਸੱਤਾਧਾਰੀ ਧਿਰਾਂ ਦੀਆਂ ਚਾਲਾਂ ਨੂੰ ਪਛਾਣਨ ਦੀ ਲੋੜ ਹੈ। ਇਸ ਵਿਚਾਰ-ਚਰਚਾ ਵਿਚ ਸੁਖਨੈਬ ਸਿੱਧੂ ਅਤੇ ਜੈਕ ਸਰਾਂ ਨੇ ਵੀ ਹਿੱਸਾ ਲਿਆ। ਸੈਸ਼ਨ ਦਾ ਸੰਚਾਲਨ ਰਾਜਪਾਲ ਸਿੰਘ ਨੇ ਕੀਤਾ।

ਪੀਪਲਜ਼ ਲਿਟਰੇਰੀ ਫੈਸਟੀਵਲ ਦੇ ਤੀਜੇ ਦਿਨ ਵਿਚਾਰ-ਚਰਚਾ ਵਿੱਚ ਅਦਾਰਾ 23 ਮਾਰਚ ਵੱਲੋਂ ਦੋ ਬੈਠਕਾਂ ਵਿੱਚ ਆਧੁਨਿਕਤਾ, ਯੂਰੋ-ਕੇਂਦਰਿਤ ਵਿਚਾਰਧਾਰਾ, ਮਾਰਕਸਵਾਦ, ਰਾਸ਼ਟਰਵਾਦ ਅਤੇ ਕਿਸਾਨੀ/ਪੇਂਡੂ ਵਸੇਬ ਸਿਧਾਂਤਕ ਚਰਚਾ ਦੇ ਭਖਵੇਂ ਮੁੱਦੇ ਬਣੇ। ਜਸਵੰਤ ਸਿੰਘ ਕੰਵਲ ਯਾਦਗਾਰੀ ਭਾਸ਼ਣ ਸਿਰਲੇਖ ਅਧੀਨ ਭਾਰਤ ਦੇ ਪ੍ਰਮੁੱਖ ਰਾਜਨੀਤੀ ਸਿਧਾਂਤਕਾਰ ਪ੍ਰੋ. ਆਦਿਤਯ ਨਿਗਮ ਨੇ ‘ਯੂਰਪੀ ਵਿਚਾਰ ਦੀ ਭਾਰਤੀ ਹੋਣੀ ਦੇ ਸਨਮੁਖ’ ਵਿਸ਼ੇ ’ਤੇ ਆਪਣੇ ਵਿਸਥਾਰਤ ਭਾਸ਼ਣ ਵਿੱਚ ਕਿਹਾ ਕਿ ਯੂਰਪ ਦਾ ਸਫ਼ਰ ਉਹਨਾਂ ਦਾ ਆਪਣਾ ਯੂਰਪੀਅਨ ਮਾਡਲ ਹੈ, ਸਾਡੇ ਸੰਦਰਭਾਂ ਉਤੇ ਇਸ ਨੂੰ ਇੰਨ-ਬਿੰਨ ਲਾਗੂ ਕਰਨ ਦੀ ਬਿਰਤੀ ਨੇ ਵੱਡੇ ਸੰਕਟ ਖੜੇ ਕੀਤੇ ਹਨ। ਉਦਯੋਗੀਕਰਨ, ਤਕਨੀਕੀ ਤਰੱਕੀ ਦੇ ਜਾਪ ਨੇ ਸਾਨੂੰ ਢੁੱਕਵੇਂ, ਬਦਲਵੇਂ ਚਿੰਤਨੀ ਸੋਮਿਆਂ ਤੋਂ ਕਾਫ਼ੀ ਦੂਰ ਰੱਖਿਆ ਹੈ। ਕਿਰਸਾਨੀ ਖ਼ਤਮ ਨਹੀਂ ਹੋ ਰਹੀ, ਸਗੋਂ ਸੰਸਾਰ ਪ੍ਰਬੰਧ ਵਿੱਚ ਕਿਰਸਾਨੀ ਦਾ ਅਸਰ ਵਧ ਰਿਹਾ ਹੈ। ਇਸ ਵਧ ਰਹੇ ਅਸਰ ਨੂੰ ਹਾਲੇ ਢੁਕਵੇਂ ਸਿਧਾਂਤਕ ਚੌਖਟੇ ਵਿੱਚ ਬੰਨ੍ਹਣ ਦੀ ਵੰਗਾਰ ਸਾਡੇ ਸਾਹਮਣੇ ਖੜੀ ਹੈ।

‘ਪੰਜਾਬੀ ਪੇਂਡੂ ਵਸੇਬ ਦਾ ਹੁਸਨ ਇਖ਼ਲਾਕ’ ਸਿਰਲੇਖ ਵਾਲੀ ਦੂਜੀ ਬੈਠਕ ਵਿੱਚ ਪ੍ਰੋ. ਸ਼ੁਭਪ੍ਰੇਮ ਬਰਾੜ ਨੇ ਜਸਵੰਤ ਸਿੰਘ ਕੰਵਲ ਦੇ ਨਾਵਲ ‘ਪੂਰਨਮਾਸ਼ੀ’ ਵਿੱਚ ਪੰਜਾਬੀ ਪਿੰਡ ਦੇ ਸੰਕਲਪ ਅਤੇ ਹਸਤੀ ਬਾਰੇ ਆਪਣੀ ਪੜਤ ਰੱਖੀ। ਅਰਥ ਸ਼ਾਸਤਰੀ ਬਲਦੇਵ ਸਿੰਘ ਸ਼ੇਰਗਿੱਲ ਨੇ ਖੇਤਰੀ ਖੋਜ ਕਾਰਜ ਦੀਆਂ ਲੱਭਤਾਂ ਸਾਂਝੀਆਂ ਕੀਤੀਆਂ ਅਤੇ ਪਿੰਡ ਪੱਧਰ ਦੀਆਂ ਸੰਸਥਾਵਾਂ ਦੀ ਮਜ਼ਬੂਤੀ ਸਦਕਾ ਪਿੰਡ ਨੂੰ ਤਕੜਿਆਂ ਕਰਨ ਦਾ ਸੱਦਾ ਦਿੱਤਾ। ਉਹਨਾਂ ਕਿਸਾਨ ਖ਼ੁਦਕੁਸ਼ੀਆਂ ਨੂੰ ਸਮਾਜਿਕ ਕਤਲ ਦਾ ਨਾਂਅ ਦੇਣ ਦੀ ਵਕਾਲਤ ਕੀਤੀ। ਸੁਮੇਲ ਸਿੰਘ ਸਿੱਧੂ ਨੇ ਸੁਰਜੀਤ ਪਾਤਰ, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਪਾਸ਼, ਅਮਿਤੋਜ ਆਦਿ ਦੇ ਕਾਵਿ-ਹਵਾਲਿਆਂ ਨਾਲ ਪਿੰਡ ਦੀ ਸਿਮਰਤੀ ਅਤੇ ਸੰਭਾਵਨਾ ਦੇ ਬਰਅਕਸ ਸ਼ਹਿਰੀ ਵਸੇਬ ਦੀ ਉਦਾਸੀਨਤਾ, ਬੇਗਾਨਗੀ ਅਤੇ ਪੰਜਾਬ ਤੋਂ ਬੇਮੁੱਖ ਹੋਣ ਦੇ ਵਰਤਾਰੇ ਨੂੰ ਉਘਾੜਿਆ। ਇਹਨਾਂ ਦਿਲਚਸਪ ਸੈਸ਼ਨਾਂ ਵਿੱਚ ਸਰੋਤਿਆਂ ਵੱਲੋਂ ਭਰਵੀਂ ਸ਼ਮੂਲੀਅਤ ਸਵਾਲ ਜਵਾਬਾਂ ਦੇ ਰੂਪ ਵਿੱਚ ਕੀਤੀ ਗਈ।

ਪੀਪਲਜ਼ ਲਿਟਰੇਰੀ ਫੈਸਟੀਵਲ ਦੇ ਚੌਥੇ ਅਤੇ ਆਖਰੀ ਦਿਨ ਦੀ ਚਰਚਾ ਵਿੱਚ ਇਹ ਗੱਲ ਉੱਭਰ ਕੇ ਸਾਹਮਣੇ ਆਈ ਕਿ ਧਰਮ ਅਤੇ ਭਾਸ਼ਾ ਕਦੇ ਵੀ ਰਾਸ਼ਟਰਵਾਦ ਦਾ ਅਧਾਰ ਨਹੀਂ ਹੋ ਸਕਦੇ। ‘ਫਾਸ਼ੀਵਾਦ ਅਤੇ ਸਮਕਾਲ’ ਵਿਸ਼ੇ ’ਤੇ ਆਪਣਾ ਕੁੰਜੀਵਤ ਭਾਸ਼ਣ ਦਿੰਦਿਆਂ ਚਿੰਤਕ ਡਾ. ਪਰਮਿੰਦਰ ਸਿੰਘ ਨੇ ਇਤਿਹਾਸ ਅਤੇ ਬਸਤੀਵਾਦੀ ਦੌਰ ਦੀਆਂ ਮਿਸਾਲਾਂ ਦੇ ਕੇ ਇਹ ਨੁਕਤੇ ਉਭਾਰੇ ਕਿ ਸਾਮਰਾਜੀ ਅਤੇ ਬਸਤੀਵਾਦੀ ਤਾਕਤਾਂ ਸਮਾਜ ਵਿੱਚ ਲੋਕਾਂ ਨੂੰ ਆਪਣੇ ਕਬਜ਼ੇ ਵਿੱਚ ਕਰਨ ਲਈ ਧਰਮ ਅਤੇ ਭਾਸ਼ਾ ਦੀਆਂ ਸਮਾਜ ਵਿੱਚ ਸੌੜੀਆਂ ਵੰਡੀਆਂ ਖੜੀਆਂ ਕਰਦੇ ਰਹੇ। ਸਿੱਟੇ ਵਜੋਂ ਦੁਨੀਆ ਵਿੱਚ ਗੈਰ ਕੁਦਰਤੀ ਵੰਡਾਂ ਅਤੇ ਹਿੰਸਾ ਦਾ ਸਾਹਮਣਾ ਮਜ਼ਲੂਮ ਲੋਕਾਂ ਨੂੰ ਕਰਨਾ ਪਿਆ।

ਸਵਰਨ ਸਿੰਘ ਦੀ ਅਗਵਾਈ ਵਿੱਚ ਰਸੂਲਪੁਰ ਕਵੀਸ਼ਰੀ ਜੱਥੇ ਵੱਲੋਂ ਇਨਕਲਾਬੀ ਕਵੀਸ਼ਰੀ ਦੀ ਪੇਸ਼ਕਾਰੀ ਦਿੱਤੀ ਗਈ। ਇਸ ਸੈਸ਼ਨ ਦਾ ਸੰਚਾਲਨ ਡਾ. ਨੀਤੂ ਵੱਲੋਂ ਕੀਤਾ ਗਿਆ। ਸਮਾਗਮ ਦੇ ਮੁੱਖ ਮਹਿਮਾਨ ਡਾ. ਤਰਲੋਕ ਬੰਧੂ ਨੇ ਕਿਹਾ ਕਿ ਅਜਿਹੇ ਲਿਟਰੇਰੀ ਫੈਸਟੀਵਲ ਲੋਕ ਚੇਤਨਾ ਨੂੰ ਪੈਦਾ ਕਰਨ ਵਿੱਚ ਵੱਡਾ ਰੋਲ ਨਿਭਾਉਂਦੇ ਹਨ।

ਪੀਪਲਜ਼ ਲਿਟਰੇਰੀ ਫੈਸਟੀਵਲ ਦਾ ਆਖਰੀ ਸੈਸ਼ਨ ਡਾ. ਸਾਹਿਬ ਸਿੰਘ ਵੱਲੋਂ ਨਾਟਕ ‘ਸੰਮਾਂ ਵਾਲੀ ਡਾਂਗ’ ਦੀ ਪੇਸ਼ਕਾਰੀ ਨਾਲ ਆਪਣੇ ਸਿਖਰ ਪਹੁੰਚ ਗਿਆ। ਆਹਲਾ ਅਦਾਕਾਰੀ ਅਤੇ ਮਜ਼ਬੂਤ ਸਕਰਿਪਟ ਨੇ ਦਰਸ਼ਕਾਂ ਨੂੰ ਆਪਣੇ ਨਾਲ ਵਹਾ ਲਿਆ। ਪੀਪਲਜ਼ ਲਿਟਰੇਰੀ ਫੈਸਟੀਵਲ ਦੌਰਾਨ ਲੱਗੀ ਪੁਸਤਕ ਪ੍ਰਦਰਸ਼ਨੀ ਵਿੱਚ ਲੋਕਾਂ ਨੇ ਦਿਲਚਸਪੀ ਦਿਖਾਉਂਦਿਆਂ ਸੈਂਕੜੇ ਮਨਪਸੰਦ ਪੁਸਤਕਾਂ ਦੀ ਖਰੀਦਦਾਰੀ ਕੀਤੀ। ਫੋਟੋਗ੍ਰਾਫਰ ਵਰਿੰਦਰ ਸ਼ਰਮਾ ਵੱਲੋਂ ‘ਰੰਗ ਕੁਦਰਤ ਦੇ’ ਸਿਰਲੇਖ ਅਧੀਨ ਪੰਛੀਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਗਾਈ ਗਈ।ਸਕੂਲੀ ਵਿਦਿਆਰਥੀਆਂ ਦੇ ਮੌਲਿਕ ਲਿਖਤ ਦੇ ਮੁਕਾਬਲੇ ਕਰਵਾਏ ਗਏ। ਪੀਪਲਜ਼ ਲਿਟਰੇਰੀ ਫੈਸਟੀਵਲ ਦੌਰਾਨ ਲੋਕਾਂ ਨੇ ਸ਼ਹਿਦ ਅਤੇ ਗੁੜ ਦੀਆਂ ਸਟਾਲਾਂ ਵਿੱਚ ਵੀ ਦਿਲਚਸਪੀ ਦਿਖਾਈ। ਇਸ ਮੌਕੇ ਕੁਝ ਕਿਤਾਬਾਂ ਵੀ ਰਿਲੀਜ਼ ਕੀਤੀਆਂ ਗਈਆਂ।

— ਖ਼ੁਸ਼ਵੰਤ ਬਰਗਾੜੀ

## ਬਲਬੀਰ ਮਾਧੋਪੁਰੀ ਦੀ ਡਾਇਰੈਕਟਰ ਦੇ ਅਹੁਦੇ ਤੋਂ ਸੇਵਾ-ਮੁਕਤੀ ਉਪਰੰਤ ਵਿਦਾਇਗੀ ਸਮਾਗਮ



**ਨਵੀਂ ਦਿੱਲੀ**—ਪ੍ਰਸਿੱਧ ਸਾਹਿਤਕਾਰ ਬਲਬੀਰ ਮਾਧੋਪੁਰੀ ਬੀਤੇ ਦਿਨੀਂ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ‘ਪੰਜਾਬੀ ਭਵਨ’ ਦੇ ਡਾਇਰੈਕਟਰ ਅਤੇ ‘ਸਮਕਾਲੀ ਸਾਹਿਤ’ ਦੇ ਸੰਪਾਦਕ ਦੇ ਅਹੁਦੇ ਤੋਂ ਸੇਵਾ-ਮੁਕਤ ਹੋ ਗਏ। ਸੇਵਾ-ਮੁਕਤੀ ’ਤੇ ਪੰਜਾਬੀ ਸਾਹਿਤ ਸਭਾ ਦੇ ਦਫ਼ਤਰ ‘ਪੰਜਾਬੀ ਭਵਨ’ ਵਿਖੇ ਸਭਾ ਦੇ ਚੇਅਰਪਰਸਨ ਡਾ. ਰੇਣੁਕਾ ਸਿੰਘ ਵੱਲੋਂ ਵਿਦਾਇਗੀ ਸਮਾਗਮ ਰੱਖਿਆ ਗਿਆ, ਜਿਸ ਵਿੱਚ ਟਰੱਸਟੀ ਹਰਵਿੰਦਰ ਸਿੰਘ, ਡਾ. ਵਨੀਤਾ, ਪ੍ਰੋ. ਰਵੇਲ ਸਿੰਘ ਅਤੇ ਸਟਾਫ਼ ਮੈਂਬਰਾਂ ਨੇ ਹਿੱਸਾ ਲਿਆ। ਚੇਤੇ ਰਹੇ ਬਲਬੀਰ ਮਾਧੋਪੁਰੀ ਨੇ ਪੰਜਾਬੀ ਭਵਨ ਦੇ ਡਾਇਰੈਕਟਰ ਦੇ ਅਹੁਦੇ ’ਤੇ ਰਹਿੰਦਿਆਂ ‘ਸਮਕਾਲੀ ਸਾਹਿਤ’ ਰਸਾਲੇ ਦਾ ਮਿਆਰ ਕਾਇਮ ਰੱਖਿਆ ਅਤੇ ਸਭਾ ਵਲੋਂ ਦੇਹਾਤੀ ਲਾਇਬ੍ਰੇਰੀ ਸਕੀਮ ਅਧੀਨ ਚੱਲ ਰਹੀਆਂ ਲਾਇਬਰੇਰੀਆਂ ਅਤੇ ‘ਪੰਜਾਬੀ ਭਵਨ’ ਵਿਖੇ ਚਲਦੀਆਂ ਸਾਹਿਤਕ ਸਰਗਰਮੀਆਂ ਦਾ ਕੰਮ ਬੜੀ ਕੁਸ਼ਲਤਾ ਨਾਲ ਕੀਤਾ।

## ਪੰਜਾਬੀ ਸਾਹਿਤ ਸਭਾ ਬਰਨਾਲਾ ਵੱਲੋਂ ਦੂਜਾ ਜਨਰਲ ਅਜਲਾਸ ਆਯੋਜਿਤ

**ਬਰਨਾਲਾ**- ਬੀਤੇ ਦਿਨੀਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਵਿਖੇ ਪੰਜਾਬੀ ਸਾਹਿਤ ਸਭਾ (ਰਜਿ.) ਬਰਨਾਲਾ ਨੇ ਸਭਾ ਦਾ ਦੋ ਸਾਲਾ ਕਾਰਜਕਾਲ ਸੰਪੰਨ ਹੋਣ ’ਤੇ ਦੂਜਾ ਸਾਲਾਨਾ ਇਜਲਾਸ ਕਰਵਾਇਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰੈੱਸ ਸਕੱਤਰ ਤੇਜਿੰਦਰ ਚੰਡਿਹੋਕ ਨੇ ਦੱਸਿਆ ਕਿ ਇਜਲਾਸ ਦੇ ਪ੍ਰਧਾਨਗੀ ਮੰਡਲ ਵਿੱਚ ਸ਼੍ਰੋਮਣੀ ਸਾਹਿਤਕਾਰ ਓਮ ਪ੍ਰਕਾਸ਼ ਗਾਸੋ, ਸਾਹਿਤ ਅਕਾਦਮੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਬੂਟਾ ਸਿੰਘ ਚੌਹਾਨ, ਸ੍ਰ. ਮਹਿੰਦਰ ਸਿੰਘ ਰਾਹੀ, ਸ਼੍ਰੋਮਣੀ ਸਾਹਿਤਕਾਰ ਮੇਘ ਰਾਜ ਮਿੱਤਰ, ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਤੇ ਡਾ. ਉਜਾਗਰ ਸਿੰਘ ਮਾਨ ਸੁਸ਼ੋਭਿਤ ਸਨ। ਇਸ ਸਮੇਂ ਸਭਾ ਦੇ ਬਹੁ-ਗਿਣਤੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ।

ਸਭਾ ਵੱਲੋਂ ਕੀਤੀਆਂ ਪਿਛਲੇ ਦੋ ਸਾਲ ਦੀਆਂ ਗਤੀਵਿਧੀਆਂ ਬਾਰੇ ਵਿਸਤ੍ਰਿਤ ਰਿਪੋਰਟ ਮਾਲਵਿੰਦਰ ਸ਼ਾਇਰ ਜਨਰਲ ਸਕੱਤਰ ਨੇ ਪੜ੍ਹ ਕੇ ਸੁਣਾਈ, ਜਿਸ ’ਤੇ ਸਮੂਹ ਮੈਂਬਰਾਂ ਨੇ ਸੰਤੁਸ਼ਟੀ ਪ੍ਰਗਟ ਕਰਦਿਆਂ ਸਭਾ ਦੇ ਕੀਤੇ ਕੰਮਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਾਰਜਕਾਰਨੀ ਮੈਂਬਰਾਂ ਨੂੰ ਵਧਾਈ ਵੀ ਦਿੱਤੀ। ਇਸ ਰਿਪੋਰਟ ਅਤੇ ਸਭਾ ਦੇ ਕੀਤੇ ਕੰਮਾਂ ਬਾਰੇ ਭਖਵੀਂ ਬਹਿਸ ਵੀ ਹੋਈ। ਉਪਰੰਤ ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਨੇ ਸਭ ਗੱਲਾਂ ਦਾ ਤਸੱਲੀਬਖ਼ਸ਼ ਜਵਾਬ ਦਿੰਦਿਆਂ ਸਭਾ ਨੂੰ ਭੰਗ ਕਰਨ ਦਾ ਐਲਾਨ ਕੀਤਾ। ਮਹਿੰਦਰ ਸਿੰਘ ਰਾਹੀ ਦੀ ਭਗਤ ਧੰਨਾ ਜੀ ਬਾਰੇ ਹਿੰਦੀ ਵਿਚ ਅਨੁਵਾਦ ਪੁਸਤਕ ਲੋਕ ਅਰਪਣ ਕੀਤੀ ਗਈ ।

# ਸਮਕਾਲ

## ਰਾਗ : ਅਜੀਤ ਕੌਰ ਨਾਲ ਮੁਲਾਕਾਤ




ਖ਼ੂਬਸੂਰਤ ਦਿੱਖ ਨਾਲ ‘ਰਾਗ’ ਦਾ ਸਤੰਬਰ ਤੋਂ ਅਪ੍ਰੈਲ, 2025 ਸੰਯੁਕਤ ਅੰਕ ਛਪ ਗਿਆ ਹੈ। ਰਾਗ ਦੇ ਨਵੇਂ ਅੰਕ ਵਿੱਚ ਪ੍ਰਸਿੱਧ ਕਥਾਕਾਰ ਅਜੀਤ ਕੌਰ ਦੀ ਮੁਲਾਕਾਤ ਪਾਠਕਾਂ ਦਾ ਧਿਆਨ ਖਿੱਚਣ ਵਾਲੀ ਹੈ। 8 ਪੰਨਿਆ ਤੱਕ ਫੈਲੀ ਮੁਲਾਕਾਤ ਵਿੱਚ ਅਜੀਤ ਕੌਰ ਸਮਕਾਲ ਵਿੱਚ ਕਿਵੇਂ ਰਹਿ ਰਹੇ ਹੈ ਤੇ ਕਿਵੇਂ ਜੀਅ ਰਹੀ ਹੈ, ਬਾਰੇ ਪਤਾ ਲੱਗਦਾ ਹੈ। ਅਜੀਤ ਕੌਰ ਦੀ ਕਈ ਸਾਲਾਂ ਬਾਅਦ ਕੋਈ ਮੁਲਾਕਾਤ ਪੜ੍ਹਨ ਨੂੰ ਮਿਲੀ ਹੈ। ਕੁਲਬੀਰ ਬਡੇਸਰੋਂ ਨੇ ‘ਬਰਾਬਰ ਦੀ ਜੱਫੀ-ਅਜੀਤ ਕੌਰ’ ਲੇਖ ਵਿੱਚ ਅਜੀਤ ਕੌਰ ਨਾਲ ਬਿਤਾਏ ਆਪਣੇ ਪਲ ਸਾਂਝੇ ਕੀਤੇ ਹਨ। ਜਦੋਂ ਕੁਲਬੀਰ ‘ਧੁੱਪ ਦੀ ਮਹਿਫ਼ਿਲ’ ਵਿੱਚ ਜਾਂਦੀ ਹੈ ਤੇ ਉੱਥੇ ਉਸਨੂੰ ਅਜੀਤ ਕੌਰ ਮਿਲਦੀ ਹੈ। ਜਿੱਥੇ ਸੰਪਾਦਕੀ ਪੰਨੇ ’ਤੇ ਪਰਮਜੀਤ ਦਿਓਲ ਨੇ ਧੀਆਂ ਦੀ ਗੱਲ ਕੀਤੀ ਹੈ, ਉੱਥੇ ਮੇਰਾ ਪੰਨਾ ’ਚ ਇੰਦਰਜੀਤ ਪੁਰੇਵਾਲ ਨੇ ਟਰੰਪ ਦੇ ਪ੍ਰਸੰਗ ਵਿੱਚ ਵਿਸ਼ਵ ਰਾਜਨੀਤੀ ਦੀ ਗੱਲ ਕੀਤੀ ਹੈ। ਆਪਣੇ ਨਾਟਕਾਂ ਦੀ ਜ਼ਮੀਨ ਬਾਰੇ ਆਤਮਜੀਤ ਨੇ ‘ਮੇਰੇ ਨਾਟਕਾਂ ਦੀ ਜਨਮ ਭੋਇੰ’ ’ਚ ਅਨੇਕਾਂ ਮਹੱਤਪੂਰਨ ਗੱਲਾਂ ਕੀਤੀਆਂ ਹਨ। ਜੰਗ ਬਹਾਦੁਰ ਗੋਇਲ ਨੇ ‘ਰਿਲਕੇ’ ਦੇ ਖ਼ਤਾਂ ਦੇ ਪ੍ਰਸੰਗ ਵਿੱਚ ਮਹੱਤਵਪੂਰਨ ਲੇਖ ਲਿਖਿਆ ਹੈ। ਕਹਾਣੀਆਂ ਦੀ ਜ਼ਰਖੇਜ਼ ਜ਼ਮੀਨ ’ਚੋਂ ਇਸ ਵਾਰ ਅੱਠ ਮਹੱਤਪੂਰਨ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਨਵੇਂ ਅੰਕ ’ਚ ਡੰਗ (ਸਰਘੀ), ਮਿੱਟੀ (ਭਗਵੰਤ ਰਸੂਲਪੁਰੀ), ਪਰਖ ਕਾਲ (ਜਗਵਿੰਦਰ ਜੋਧਾ), ਹੁਣ ਤਿਆਰ ਹਾਂ ਮੈਂ (ਨਿਰੰਜਣ ਬੋਹਾ), ਕਾਸ਼!!! (ਸਵਾਮੀ ਸਰਬਜੀਤ), ਗਰੁੜੋਦਗਾਰ (ਹਰਵਿੰਦਰ ਸਿੰਘ ਰੋਡੇ), ਲੂਜ਼ਰ (ਅਲ ਫ਼ਾਜ਼), ਮੱਚਦਾ ਕੋਲਾ (ਡਾ. ਕਰਮਜੀਤ ਨਡਾਲਾ) ਆਦਿ ਕਹਾਣੀਆਂ ਵਿੱਚ ਸਮਕਾਲ ਨੂੰ ਚਿੱਤਰਿਆ ਹੈ। ਇਨ੍ਹਾਂ ’ਚੋਂ ਇਕ-ਦੋ ਕਹਾਣੀਆਂ ਦਾ ਸਾਲ ਦੇ ਅੰਤ ’ਚ ਹੋਣ ਵਾਲੇ ਲੇਖਾ ਜੋਖਾ ਵਿੱਚ ਜ਼ਰੂਰ ਜ਼ਿਕਰ ਹੋਵੇਗਾ। ਕਵਿਤਾ ਭਾਗ ਵਿੱਚ ਬਲਵਿੰਦਰ ਸੰਧੂ, ਕੰਵਲਜੀਤ ਭੁੱਲਰ, ਸੰਤੋਖ ਸਿੰਘ ਸੁੱਖੀ, ਰਮਨ ਸੰਧੂ, ਜਗਦੀਪ ਸਿੱਧੂ, ਰਾਜਵਿੰਦਰ ਮੀਰ, ਮਨਦੀਪ ਔਲਖ, ਕਿਰਤ, ਹਰਲੀਨ, ਕੇਸਰ ਕਰਮਜੀਤ, ਕੰਵਰ ਇਕਬਾਲ ਸਿੰਘ, ਮੋਹਿਨੀ ਤੂਰ, ਤੇਜਿੰਦਰ ਚੰਡਿਹੋਕ, ਜਗਦੀਸ਼ ਰਾਣਾ, ਆਬੀਰ ਰਾਣਾ, ਸੁਖਵਿੰਦਰ ਸਿੰਘ ਸਿੱਧੂ, ਬਖਤੌਰ ਧਾਲੀਵਾਲ ਤੇ ਜਸ ਦੇਵ ਆਦਿ ਦੀਆਂ ਕਵਿਤਾਵਾਂ ਛਪੀਆਂ ਹਨ। ਸ਼ਬਦ ਚਿੱਤਰ ਦੀ ਲੜੀ ਵਿੱਚ ਇਸ ਵਾਰ ਵਰਿਆਮ ਸੰਧੂ (ਲਖਵਿੰਦਰ ਸਿੰਘ ਜੌਹਲ), ਰਾਮ ਸਰੂਪ ਅਣਖੀ (ਬੂਟਾ ਸਿੰਘ ਚੌਹਾਨ), ਕਰਨੈਲ ਸਿੰਘ ਬੈਰਾਗੀ (ਗੁਰਦੀਪ ਸਿੰਘ), ਜਸਵੀਰ ਬੇਗਮਪੁਰੀ (ਅਮਰੀਕ ਹਮਰਾਜ਼), ਲਛਮਣ ਮਲੂਕਾ (ਰਣਬੀਰ ਰਾਣਾ) ਆਦਿ ਦੇ ਵੱਖ-ਵੱਖ ਪੱਖਾਂ ਨੂੰ ਉਭਾਰਨ ਵਾਲੇ ਸ਼ਬਚ ਚਿੱਤਰ ਪ੍ਰਕਾਸ਼ਤ ਹੋਏ ਹਨ। ਰੋਜ਼ੀ ਸਿੰਘ ਦਾ ਬਾਬੇ ਬਾਜਵੇ ਬਾਰੇ ਅਤੇ ਪੂਰਨ ਪਾਂਧੀ ਦਾ ‘ਸੁਰੀਲੀਆਂ ਰੂਹਾਂ ਦੇ ਸੁਰੀਲੇ ਬੋਲ’ ਲੇਖ ਵੀ ਮਹੱਤਪੂਰਨ ਹਨ।

ਸਾਹਿਤ ਦੇ ਵੱਖ ਵੱਖ ਪੱਖਾ ਨੂੰ ਕੁਝ ਹੋਰ ਵਾਰਤਕ ਲੇਖਾਂ ਵਿੱਚ ਉਭਾਰਿਆ ਗਿਆ ਹੈ। ਨਿੰਦਰ ਘੁਗਿਆਣਵੀ ਨੇ ਭਾਸ਼ਾ ਵਿਭਾਗ ਦੇ ਦਿਨਾਂ ਦੇ ਪ੍ਰਸੰਗ ਵਿੱਚ ਲਿਖਿਆ ਹੈ। ਹਰੀਸ਼ ਜੈਨ ਵੱਲੋਂ ਨਾਟਕੀ ਅੰਦਾਜ਼ ਵਿੱਚ ਲਿਖਿਆ ਗਿਆ ਇਤਿਹਾਸਕ ਬਿਰਤਾਂਤ ‘ਗੁਨਾਹਗਾਰ’ ਦੇ ਪ੍ਰਸੰਗ ਵਿੱਚ ਡਾ. ਸਰਬਜੀਤ ਸਿੰਘ ਦਾ ਵਿਸ਼ਲੇਸ਼ਣ ਮਹੱਤਪੂਰਨ ਹੈ। ਇਹ ਨਾਟਕ ਭਗਤ ਸਿੰਘ ਤੇ ਬੀ. ਕੇ. ਦੱਤ ਦੇ ਅਸੈਂਬਲੀ ਬੰਬ ਘਟਨਾ ਨਾਲ ਸੰਬੰਧ ਰੱਖਦਾ ਹੈ। ਐੱਚ. ਐੱਸ. ਡਿੰਪਲ ਦਾ ਲੇਖ ‘ਸਾਹਿਤਕ ਚੋਰੀ-ਇਲਜ਼ਾਮਾਂ ਦੇ ਘੇਰੇ ਵਿੱਚ ਵੱਡੇ ਲੇਖਕ!’ ਮਹੱਤਵਪੂਰਨ ਤੇ ਸੰਵਾਦ ਪੈਦਾ ਕਰਨ ਵਾਲਾ ਹੈ। ‘ਸਾਹਿਤ ਦੇ ਮਨ ’ਚ ਬਣਦੇ ‘ਸਟਿੱਲ’ ਲੇਖ ਆਪਣੀ ਸਿਰਜਣਾ ਦੇ ਪ੍ਰਸੰਗ ਵਿੱਚ ਬਲਬੀਰ ਪਰਵਾਨਾ ਵਿੱਚ, ਪਾਠਕੀ ਪੜ੍ਹਤ ਬਾਰੇ ਲਿਖਿਆ ਹੈ। ਚਿੱਟਾ ਸਿੱਧੂ ਨੇ ਆਪਣੇ ਲੇਖ ਵਿੱਚ ਮੋਹਨਜੀਤ ਨੂੰ ਚੇਤੇ ਕੀਤੀ ਹੈ। ਆਲੋਚਨਾ ਦ੍ਰਿਸ਼ਟੀ ਤਹਿਤ ਸੂਲਾਂ ਸੇਤੀ ਰਾਤਿ (ਜੱਗਦੀਪ ਡਾ.), ਚੌਦਾਂ ਨੰਬਰ ਗੰਨ-ਗੱਡੀਆਂ ਵਾਲੀ (ਦੀਪ ਜਗਦੀਪ ਸਿੰਘ), ਹੋਇਆ ਦੇਸ ਪਰਾਇਆ (ਅਵਤਾਰ ਸਿੰਘ ਧਾਲੀਵਾਲ), ਡਲਿਵਰੀ ਮੈਨ (ਡਾ. ਸੰਦੀਪ ਰਾਣਾ), ਸੁਰਜ਼ਮੀਨ (ਉਂਕਾਰਪ੍ਰੀਤ), ਸਹਜ ਗੁਫਾ ਮੇ ਆਸਣੁ (ਡਾ. ਯੋਗਰਾਜ ਅੰਗਰੀਸ਼), ਫ਼ਤਵਿਆਂ ਦੇ ਦੌਰ ਵਿੱਚ (ਬੂਟਾ ਸਿੰਘ ਚੌਹਾਨ) ਚਰਚਿਤ ਕਿਤਾਬਾਂ ਦੇ ਸਮੀਖਿਆ ਲੇਖ ਛਪੇ ਹਨ। ਦੀਪ ਜਗਦੀਪ ਸਿੰਘ ਦੀਆਂ ‘ਖੱਟੀਆਂ-ਮਿੱਠੀਆਂ’ ’ਚ ਕੁੜੱਤਣ ਵੀ ਹੈ। ਤਰਸੇਮ ਬਸ਼ਰ ਨੇ ਮੌਲਾ ਜੱਟ ਬਾਰੇ ਲਿਖਿਆ ਹੈ। ‘ਰਾਗ’ ਦਾ ਇਹ ਅੰਕ ਮਹੱਤਵਪੂਰਨ ਹੈ। ਸੰਪਾਦਕ ਨੇ ‘ਰਾਗ’ ਦਾ ਸਾਹਿਤਕ ਮਿਆਰ ਕਾਇਮ ਰੱਖਿਆ ਹੈ। ਟਾਇਟਲ ਵੀ ਪਾਠਕ ਨੂੰ ਆਪਣੇ ਵੱਲ ਖਿੱਚਦਾ ਹੈ।

ਪਰਚੇ ਦੇ ਪੰਨੇ : 216, ਮੁੱਲ : 200 ਰੁਪਏ ਹੈ। ਸੰਪਰਕ ਪਤਾ: ਮੁੱਖ ਸੰਪਾਦਕ : ਇੰਦਰਜੀਤ ਪੁਰੇਵਾਲ, ਨਿਊ ਯਾਰਕ, ਅਮਰੀਕਾ, ਮੁਬਾਇਲ : +1-845-702-1886

## ਆਲੋਚਨਾ : ਮੋਹਨਜੀਤ, ਸੁਰਜੀਤ ਪਾਤਰ ਤੇ ਸੁਖਜੀਤ ’ਤੇ ਵਿਸ਼ੇਸ਼

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ‘ਆਲੋਚਨਾ’ (ਮਿਆਰੀ ਰੈਫ਼ਰੀਡ ਜਰਨਲ) ਦਾ ਅਕਤੂਬਰ-ਦਸੰਬਰ, 2024 ਅੰਕ ‘ਮੋਹਨਜੀਤ, ਸੁਰਜੀਤ ਪਾਤਰ ਅਤੇ ਸੁਖਜੀਤ ਵਿਸ਼ੇਸ਼ ਅੰਕ’ ਨਵੀਂ ਦਿੱਖ ਤੇ ਅਕਾਰ ਨਾਲ ਛਪ ਕੇ ਆਇਆ ਹੈ। ਪੰਜਾਬੀ ਦੇ ਵਿਦਵਾਨ ਚਿੰਤਕਾਂ ਕੋਲੋਂ ਤਿੰਨ ਕੱਦਵਰ ਸਾਹਿਤਕਾਰਾਂ ਦੀ ਰਚਨਾ ਦ੍ਰਿਸ਼ਟੀ ਦਾ ਚਿੰਤਨ-ਮੰਥਨ ਕਰਦੇ ਖੋਜ ਪੇਪਰ ਲਿਖਵਾ ਕੇ ਇਸ ਅੰਕ ਵਿੱਚ ਪ੍ਰਕਾਸ਼ਤ ਕੀਤੇ ਹਨ। ਮੁੱਢਲੇ ਸ਼ਬਦ ਵਿੱਚ ਡਾ. ਸਰਬਜੀਤ ਸਿੰਘ ਨੇ ਤਿੰਨੋਂ ਲੇਖਕਾਂ ਦੀ ਰਚਨਾ ਦ੍ਰਿਸ਼ਟੀ ਬਾਰੇ ਆਪਣੀ ਗੱਲ ਕੀਤੀ ਹੈ। ਸੰਪਾਦਕੀ ਵਿੱਚ ਡਾ. ਪੰਧੇਰ ਨੇ ਸੰਖੇਪ ਟਿੱਪਣੀ ਦਿੱਤੀ ਹੈ। ਉਪਰੰਤ ਡਾ. ਸਵਰਾਜਬੀਰ, ਡਾ. ਯਾਦਵਿੰਦਰ ਸਿੰਘ, ਡਾ. ਜਤਿੰਦਰ ਸਿੰਘ, ਡਾ. ਹਰਵਿੰਦਰ ਸਿੰਘ, ਡਾ. ਮਨੀਸ਼ ਕੁਮਾਰ ਆਦਿ ਨੇ ਮੋਹਨਜੀਤ ਦੀ ਸ਼ਾਇਰੀ ਦੇ ਵੱਖ ਵੱਖ ਪੱਖਾਂ ਨੂੰ ਲੈ ਕੇ ਮਹੱਤਪੂਰਨ ਲੇਖ ਛਪੇ ਹਨ। ਸੁਰਜੀਤ ਪਾਤਰ ਦੀ ਸ਼ਾਇਰੀ ਬਾਰੇ ਡਾ. ਸੁਰਜੀਤ ਸਿੰਘ, ਜਗਵਿੰਦਰ ਜੋਧਾ, ਡਾ. ਨੀਤੂ ਅਰੋੜਾ, ਡਾ. ਦੇਵਿੰਦਰ ਸੈਫ਼ੀ, ਡਾ. ਦੀਪਕ ਕੁਮਾਰ ਆਦਿ ਨੇ ਗਹਿਰ ਗੰਭੀਰ ਪੇਪਰ ਲਿਖੇ ਹਨ। ਅੰਤ ਵਿੱਚ ਕਹਾਣੀਕਾਰ ਸੁਖਜੀਤ ਦੀ ਕਹਾਣੀ ਦੀਆਂ ਪਰਤਾਂ ਰਵਿੰਦਰ ਸਿੰਘ ਘੁੰਮਣ, ਡਾ. ਪਰਮਜੀਤ ਸਿੰਘ, ਡਾ. ਗੁਰਮੇਲ ਸਿੰਘ ਤੇ ਡਾ. ਮੋਹਨ ਸਿੰਘ ਤਿਆਗੀ ਨੇ ਵਿਸਥਾਰ ਨੇ ਆਪਣੇ ਲੇਖਾਂ ਵਿੱਚ ਖੋਲ੍ਹੀਆਂ ਹਨ। ਪਹਿਲੇ ਅੰਕਾਂ ਵਾਂਗ ਹੱਥਲੇ ਅੰਕ ਨੇ ਪੰਜਾਬੀ ਆਲੋਚਨਾ ਦਾ ਇਕ ਮਿਆਰ ਨਿਸਚਤ ਕੀਤਾ ਹੈ। ਇਕ ਅੰਕ ਦੇ ਸਫ਼ੇ : 176, ਮੁੱਲ : 200 ਰੁਪਏ, ਸੰਪਰਕ : ਸੰਪਾਦਕ ‘ਆਲੋਚਨਾ’ ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ, ਰਸਾਲੇ ਦੇ ਸਰਪ੍ਰਸਤ : ਡਾ. ਸਰਬਜੀਤ ਸਿੰਘ, ਮੁੱਖ ਸੰਪਾਦਕ : ਡਾ. ਗੁਲਜ਼ਾਰ ਸਿੰਘ ਪੰਧੇਰ, ਮੁਬਾਇਲ : 94645-68905




## ਪ੍ਰਾਇਮਰੀ ਸਿੱਖਿਆ : ਦਸੰਬਰ, 2024



ਵੰਨ ਸੁਵੰਨੀ ਸਮੱਗਰੀ ਨਾਲ ‘ਪ੍ਰਾਇਮਰੀ ਸਿੱਖਿਆ’ ਦਾ ਇਹ ਅੰਕ ਛਪਿਆ ਹੈ। ਮਮਤਾ ਜਿੱਤ ਗਈ (ਬਹਾਦਰ ਸਿੰਘ ਗੋਸਲ), ਚਲੋ ਮਿੱਠੂ ਨੂੰ ਛੱਡੀਏ (ਰਣਜੀਤ ਸਿੰਘ ਨੂਰਪੁਰਾ), ਸੱਚਾ ਦੋਸਤ (ਸੰਦੀਪ ਦਿਉੜਾ), ਬੰਦ ਪਿੰਜਰਾ (ਸਾਧੂ ਰਾਮ ਲੰਗੇਆਣਾ), ਹੰਕਾਰ ਦਾ ਸਿਰ ਨੀਵਾਂ (ਰਘੁਵੀਰ ਸਿੰਘ ਕਲੋਆ), ਲੱਲੂ ਕੁੱਤਾ (ਕਮਲਜੀਤ ਸਿੰਘ ਨੀਲੋਂ), ਲਾਲਚੀ ਮਿਠਿਆਈ ਵਾਲਾ (ਅਰਮਾਨ ਸਿੰਘ) ਆਦਿ ਸੱਤ ਬੱਚਿਆ ਦੇ ਭਿੰਨ ਭਿੰਨ ਪੱਖਾਂ ਨੂੰ ਪੇਸ਼ ਕਰਦੀਆਂ ਬਾਲ ਕਹਾਣੀਆਂ ਛਪੀਆਂ ਹਨ। ਰਸਾਲੇ ਵਿੱਚ ਕਵਿਤਾਵਾਂ ਤੇ ਲੇਖ ਵੀ ਬਾਲ ਮਾਨਸਿਕਤਾ ਨੂੰ ਮੁੱਖ ਰੱਖ ਕੇ ਛਪੇ ਹਨ। ਰਸਾਲਾ ਰੰਗੀਨ ਤੇ ਆਰਟ ਪੇਪਰ ’ਤੇ ਛਪਦਾ ਹੈ। ਪ੍ਰਾਇਮਰੀ ਸਿੱਖਿਆ, ਮੁੱਲ : 20 ਰੁਪਏ, ਪੰਨੇ : 36, ਸੰਪਾਦਕ ਪਰਮਿੰਦਰ ਕੌਰ, ਮੈਗਜ਼ੀਨ ਸੈੱਲ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਮੁਹਾਲੀ, (ਫੋਨ-0172-5227395)

## ਮਿੰਨੀ : ਅਪ੍ਰੈਲ-ਜੂਨ, 2024




ਇਸ ਅੰਕ ਨਾਲ ਰਸਾਲੇ ਨੇ ਚਾਰ ਦਹਾਕੇ ਦਾ ਸਫ਼ਰ ਤਹਿ ਕਰ ਲਿਆ ਹੈ। ਜਗਦੀਸ਼ ਨੇ ਮਿੰਨੀ ਕਹਾਣੀ ਦੇ ਅਕਾਦਮਿਕ ਸਫ਼ਰ ਤੇ ਸੋਹਣੀ ਝਾਤ ਪਾਈ ਹੈ। ਵਿਦੇਸ਼ੀ ਰਚਨਾਵਾਂ ਧਿਆਨ ਖਿੱਚਣ ਵਾਲੀਆਂ ਹਨ। ਭਾਰਤੀ ਪੱਧਰ ਦੀਆਂ ਅਨਿਤਾ ਲਲਿਤ, ਅਨਿਲ ਸੂਰ, ਸਨੇਹ, ਮੀਨੂ ਖਰੇ ਤੇ ਹੋਰਨਾਂ ਦੀਆਂ ਕਹਾਣੀਆਂ ਛਪੀਆਂ ਹਨ। ਪਛਾਣ ਤਹਿਤ ਨਿਰੰਜਣ ਬੋਹਾ ਦੀਆਂ ਰਚਨਾਵਾਂ ਦਾ ਪਾਠ ਮਹੱਤਪੂਰਨ ਹੈ। ਤਕਰੀਬਨ ਡੇਢ ਦਰਜਨ ਪੰਜਾਬੀ ਰਚਨਾਵਾਂ ਨਾਲ ਡਾ. ਗੁਰਪ੍ਰੀਤ ਸਿੰਘ ਦਾ ਆਲੋਚਨਾ ਲੇਖ ਮਹੱਤਪੂਰਨ ਹੈ। ‘ਮਿੰਨੀ’ ਨਾਲ ਜੁੜੇ ਕਾਮੇ ਮਿੰਨੀ ਕਹਾਣੀ ਨੂੰ ਇਸ ਰਸਾਲੇ ਨਾਲ ਨਿਰੰਤਰ ਨਿਖਾਰ ਰਹੇ ਹਨ। ਰਸਾਲੇ ਦੇ ਪੰਨੇ: 64, ਮੁੱਲ: 40, ਸੰਪਰਕ: ਸੰਪਾਦਕ: ਜਗਦੀਸ਼ ਰਾਏ ਕੁਲਰੀਆਂ (95018-77033) ਤੇ ਕੁਲਵਿੰਦਰ ਕੌਸ਼ਲ ।

*- ਭਗਵੰਤ ਰਸੂਲਪੁਰੀ*

# ਪਾਠਕਾਂ ਦੇ ਝਰੋਖੇ ’ਚੋਂ

## ਸਾਲਾਨਾ ਸਾਹਿਤਕ ਅੰਕ ਸਾਂਭਣਯੋਗ

ਮੈਂ ਇਸ ਵਾਰ ‘ਐਤਵਾਰਤਾ’ ਦੇ ਸਾਲਾਨਾ ਅੰਕ ’ਤੇ ਤੁਹਾਡੇ ਵੱਲੋਂ ਕੀਤੀ ਮਿਹਨਤ ਅਤੇ ਸਾਲ ਦੀ ਸਾਹਿਤਕ ਸਮੀਖਿਆ ਸੰਬੰਧੀ ਛਪੇ ਲੇਖਾਂ ਦੀ ਦਾਦ ਦਿੰਦਾ ਹਾਂ। ਇਨ੍ਹਾਂ ਲੇਖਾਂ ਦਾ ਸੰਤੁਲਤ ਅਤੇ ਇਮਾਨਦਾਰੀ ਨਾਲ ਲਿਖਿਆ ਜਾਣਾ ਬਹੁਤ ਜ਼ਰੂਰੀ ਹੈ। ਮੈਂ ਨਾਵਲ, ਕਵਿਤਾ, ਕਹਾਣੀ ਸੰਬੰਧੀ ਲੇਖ ਪੜ੍ਹੇ ਹਨ। ਡਾ. ਸੰਦੀਪ ਰਾਣਾ ਨੇ ਕਹਾਣੀ ਸੰਬੰਧੀ ਲਿਖਿਆ ਹੈ, ਇਸ ਵਰ੍ਹੇ ਛਪੀ ਮੇਰੀ ਕਿਤਾਬ ਤੇ ਮੇਰੀਆਂ ਕਹਾਣੀਆਂ ਦਾ ਵੀ ਨੋਟਿਸ ਲਿਆ ਗਿਆ ਹੈ। ਹਰ ਸਾਲ ਹੀ ਮੇਰੀਆਂ ਦੋ-ਚਾਰ ਕਹਾਣੀਆਂ ਨਾਮਵਰ ਪੇਪਰਾਂ ਵਿੱਚ ਛਪਦੀਆਂ ਰਹੀਆਂ ਸਨ, ਪਰ ਪਹਿਲਾਂ ਬਹੁਤ ਸਾਲਾਂ ਤੋਂ ਨੋਟਿਸ ਹੀ ਨਹੀਂ ਸੀ ਲਿਆ ਜਾਂਦਾ। ਕੋਈ ਲੇਖਕ ਜੇ ਚੰਗਾ ਨਹੀਂ ਵੀ ਲਿਖ ਸਕਦਾ ਤਾਂ ਉਸ ’ਤੇ ਵੀ ਗੱਲ ਹੋਣੀ ਚਾਹੀਦੀ ਹੈ, ਤਾਂ ਹੀ ਉਸ ਨੂੰ ਪਤਾ ਲੱਗੇਗਾ। ਆਪਣੇ ਚਹੇਤਿਆਂ ਬਾਰੇ ਹੀ ਲਿਖੀ ਜਾਣਾ, ਆਪਣੇ ਧੜੇ ਨੂੰ ਹੀ ਉਭਾਰੀ ਜਾਣਾ ਅਲੋਚਨਾ ਨਹੀਂ। ਉਮੀਦ ਕਰਦਾ ਹਾਂ ਕਿ ਤੁਸੀਂ ਇਹ ਮਿਆਰ ਬਣਾਈ ਰੱਖੋਗੇ। ਆਲੋਚਕ ਇਹ ਸਾਲਾਨਾ ਲੇਖ ਆਪਣੇ ਨਿੱਜੀ ਸੰਬੰਧਾਂ, ਮਿਲੇ ਫਾਇਦਿਆਂ ਜਾਂ ਧੜੇਬੰਦੀਆਂ ਨੂੰ ਅਧਾਰ ਬਣਾ ਕੇ ਨਾ ਲਿਖਣ। ਮੈਂ ਤਾਂ ਕਈ ਸਾਲਾਂ ਤੋਂ ਨਿਰਾਸ਼ ਹੋ ਕੇ ਇਹ ਲੇਖ ਪੜ੍ਹਨੇ ਹੀ ਛੱਡ ਦਿੱਤੇ ਸਨ। ਇਸ ਵਾਰ ਅਚਾਨਕ ਆਪਣੀ ਕਿਤਾਬ ਦਾ ਟਾਈਟਲ ਵੀ ਵੇਖਿਆ ਤੇ ਕਹਾਣੀਆਂ ਦੀ ਗੱਲ ਵੀ ਪੜ੍ਹੀ। ਮੈਂ ਡਾ. ਸੰਦੀਪ ਰਾਣਾ ਨੂੰ ਨਾ ਹੀ ਕਦੇ ਮਿਲਿਆ ਹਾਂ ਤੇ ਨਾ ਹੀ ਕਦੇ ਗੱਲ ਹੋਈ ਹੈ, ਮੈਨੂੰ ਇਹ ਦੇਖ ਕੇ ਹੈਰਾਨੀ ਹੋਈ। ਮੈਂ ਚਿੱਠੀ ਇਸ ਕਰਕੇ ਨਹੀਂ ਲਿਖ ਰਿਹਾ ਕਿ ਮੇਰਾ ਜ਼ਿਕਰ ਹੋਇਆ ਹੈ, ਬਲਕਿ ਇਸ ਕਰਕੇ ਲਿਖ ਰਿਹਾ ਹਾਂ ਕਿ ਗੱਲ ਚੰਗੇ ਪਾਸੇ ਨੂੰ ਤੁਰੀ ਹੈ। ਅਲੋਚਨਾ ਵਿਅਕਤੀ, ਧੜਾ, ਫਾਇਦਾ, ਲਾਲਚ ਜਾਂ ਸਬਕ ਸਿਖਾਉਣ ਲਈ ਨਹੀਂ ਹੋਣੀ ਚਾਹੀਦੀ, ਬਲਕਿ ਰਚਨਾ ਨੂੰ ਮੁੱਖ ਰੱਖ ਕੇ ਹੋਣੀ ਚਾਹੀਦੀ ਹੈ। ਜਿਨ੍ਹਾਂ ਨਾਲ ਧੱਕਾ ਹੋ ਰਿਹਾ ਹੈ, ਜੋ ਜਾਣ ਬੁੱਝ ਕੇ ਅਣਗੌਲੇ ਕੀਤੇ ਜਾਂਦੇ ਹਨ ਜਾਂ ਖੁੱਡੇ ਲਾਈਨ ਲਾਏ ਜਾਂਦੇ ਹਨ, ਉਹ ਵੀ ਆਪਣੀ ਆਵਾਜ਼ ਜ਼ਰੂਰ ਚੁੱਕਣ।‘ਨਵਾਂ ਜ਼ਮਾਨਾ’ ਵਧੀਆ ਤੇ ਸੰਤੁਲਤ ਲੇਖ ਲਿਖਵਾਉਣ ਲਈ ਪ੍ਰਸੰਸਾ ਦਾ ਪਾਤਰ ਹੈ। ਇਹ ਆਸ ਦੀ ਕਿਰਨ ਹੁਣ ਮੱਧਮ ਨਹੀਂ ਪੈਣੀ ਚਾਹੀਦੀ। ‘ਨਵਾਂ ਜ਼ਮਾਨਾ’ ਦੇ ਸਮੁੱਚੇ ਸਟਾਫ ਨੂੰ ਇਸ ਸਾਲਾਨਾ ਅੰਕ ’ਤੇ ਕੀਤੀ ਮਿਹਨਤ ਲਈ ਬਹੁਤ-ਬਹੁਤ ਮੁਬਾਰਕਾਂ।

**- ਮੇਜਰ ਮਾਂਗਟ, ਟੋਰਾਂਟੋ (ਕੈਨੇਡਾ)**

(2)

29 ਦਸੰਬਰ 2024 ਨੂੰ ਸਾਹਿਤ ਬਾਰੇ ਛਪਿਆ ਇੱਕ-ਇੱਕ ਸ਼ਬਦ ਕਾਬਲੇ-ਤਾਰੀਫ਼ ਸੀ। ਪਿਛਲੇ ਸਾਲ ਕਵਿਤਾ, ਕਹਾਣੀ, ਨਾਵਲ ਤੇ ਹੋਰ ਵਿਧਾਵਾਂ ਬਾਰੇ ਛਪੀਆਂ ਕਿਤਾਬਾਂ ਤੇ ਰਚਨਾਵਾਂ ਬਾਰੇ ਲਿਖਣ ਵਾਲੇ ਲੇਖਕਾਂ ਨੇ ਪੜ੍ਹ ਕੇ, ਪੜਚੋਲ ਕੇ ਤੇ ਡੂੰਘਾਈ ਨਾਲ ਆਪਣੇ ਵਿਚਾਰ ਪੇਸ਼ ਕੀਤੇ।

**— ਗੋਵਰਧਨ ਗੱਬੀ, ਚੰਡੀਗੜ੍ਹ**

(3)

‘ਐਤਵਾਰਤਾ’ ਦਾ ਸਾਲਾਨਾ ਅੰਕ ਪੜ੍ਹਿਆ। ਵਿਸ਼ਿਆਂ ਦਾ ਵੇਰਵਾ ਚੰਗਾ ਲੱਗਿਆ। ਕਵਿਤਾ, ਕਹਾਣੀ, ਨਾਵਲ, ਨਾਟਕ, ਆਲੋਚਨਾ ਤੇ ਬਾਲ ਸਾਹਿਤ ਆਦਿ ਦੇ ਖੇਤਰ ਦੀਆਂ ਪੂਰੇ ਸਾਲ ਦੀਆਂ ਸਰਗਰਮੀਆਂ, ਉਹਨਾਂ ਦੀ ਸਾਹਿਤਕ ਸਾਪੇਖਤਾ ’ਤੇ ਵਿਚਾਰ-ਚਰਚਾ ਵਧੀਆ ਲੱਗੀ। ਇਹਨਾਂ ਵੰਨਗੀਆਂ ਦੇ ਆਲੋਚਕਾਂ ਦੀ ਪੇਸ਼ਕਾਰੀ ਸਲਾਹੁਣਯੋਗ ਹੈ, ਜਿਸ ਦਾ ਕਾਰਨ ਉਹਨਾਂ ਵੱਲੋਂ ਕੀਤੀ ਤਫ਼ਸੀਲ ਹੈ। ਉਹਨਾਂ ਹਰੇਕ ਵੰਨਗੀ ਦੀ ਉਹਨਾਂ ਨੂੰ ਉਪਲੱਬਧ ਪੁਸਤਕ ਦੀ ਅੰਦਰੂਨੀ ਸਾਹਿਤਕਤਾ ਨੂੰ ਦਰਜਾ-ਬ-ਦਰਜਾ ਉਚਿਤ ਥਾਂ ਦੇਣ ਦੀ ਕੋਸ਼ਿਸ਼ ਕੀਤੀ ਹੈ।

**—ਸੋਮਾ ਸਬਲੋਕ (ਡਾ.)**

(4)

29 ਦਸੰਬਰ 2024 ਦਾ ਉਹ ਦਿਨ ਸੀ, ਜਿਸ ਦਾ ਨਵਾਂ ਜ਼ਮਾਨਾ ਦੇ ਪਾਠਕਾਂ/ਲੇਖਕਾਂ ਨੂੰ ਸਾਰਾ ਸਾਲ ਇੰਤਜ਼ਾਰ ਰਹਿੰਦਾ ਹੈ। ਨਿੱਗਰ ਤੇ ਅਰਥ ਭਰਪੂਰ ਮੈਟਰ ਨਾਲ ਇਸ ਦਿਨ ਐਤਵਾਰਤਾ ਨੇ ਦਸਤਕ ਦਿੱਤੀ। ਮਹਾਨ ਸ਼ਾਇਰ ਪਦਮਸ੍ਰੀ ਸੁਰਜੀਤ ਪਾਤਰ ਬਾਰੇ ਕਵਰ ਸਟੋਰੀ ਅਤੇ ਕੈਲੰਡਰ ਛਾਪ ਕੇ ਸੱਚੀ ਸ਼ਰਧਾਂਜਲੀ ਦਿੱਤੀ ਹੈ, ਜਿਵੇਂ ਪਾਠਕਾਂ ਦੀ ਮਨੋਕਾਮਨਾ ਪੂਰੀ ਹੋ ਗਈ ਹੋਵੇ। ਪ੍ਰੋ. ਸੁਰਜੀਤ ਸਿੰਘ ਨੇ ਲਿਖਿਆ ਵੀ ਬਹੁਤ ਬਾਰੀਕਬੀਨੀ ਨਾਲ ਹੈ। ਕਵਿਤਾ ਬਾਰੇ ਡਾ. ਅਰਵਿੰਦਰ ਕੌਰ ਕਾਕੜਾ ਅਤੇ ਨਾਵਲ ਬਾਰੇ ਡਾ. ਜੇ.ਬੀ. ਸੇਖੋਂ ਦੀ ਮਿਹਨਤ ਬੋਲਦੀ ਹੈ। ਇਸ ਤਰ੍ਹਾਂ ਕਿਸੇ ਵਿਧਾ ਬਾਰੇ ਲਿਖਣ ਲਈ ਲੇਖਕ/ਆਲੋਚਕ ਨੂੰ ਸਾਰਾ ਸਾਲ ਹੀ ਮਿਹਨਤ ਕਰਨੀ ਪੈਂਦੀ ਹੈ। ਨਾਟਕ ਦੇ ਸਾਲਾਨਾ ਲੇਖੇ-ਜੋਖੇ ਵਿਚ ਡਾ. ਕੁਲਦੀਪ ਸਿੰਘ ਦੀਪ ਨੂੰ ਟੱਕਰ ਕੌਣ ਦੇ ਸਕਦਾ ਹੈ? ਡਾ. ਸੰਦੀਪ ਰਾਣਾ ਨੇ ਭਾਵੇਂ ਇਸ ਵਾਰ ਪੰਜਾਬੀ ਕਹਾਣੀ ਬਾਰੇ ਪਹਿਲੀ ਵਾਰ ਲਿਖਿਆ ਹੈ, ਪਰ ਚੰਗਾ ਹੈ। ਬਲਜਿੰਦਰ ਮਾਨ ਬਾਲ ਸਾਹਿਤ ਨਾਲ ਵਾਬਸਤਾ ਹਨ, ਇਸ ਲਈ ਉਨ੍ਹਾਂ ਨੇ ਇਸ ਖੇਤਰ ਦੇ ਕਾਰਜ ਬਾਰੇ ਤੱਥਾਂ ਸਹਿਤ ਲਿਖਿਆ ਹੈ। ਡਾ. ਸੁਖਪਾਲ ਕੌਰ ਸਮਰਾਲਾ ਦਾ ਪੰਜਾਬੀ ਆਲੋਚਨਾ ਬਾਰੇ ਵੀ ਚੰਗਾ ਨਿਭਿਆ ਹੈ। ਕੋਸ਼ਿਸ਼ ਇਹ ਰਹਿਣੀ ਚਾਹੀਦੀ ਹੈ ਕਿ ਸਾਰੀਆਂ ਵਿਧਾਵਾਂ ਬਾਰੇ ਇਕ ਹੀ ਅੰਕ ਵਿਚ ਛਪੇ ਤਾਂ ਕਿ ਸਮੁੱਚੇ ਪੰਜਾਬੀ ਸਾਹਿਤ ਦਾ ਇਕ ਬੱਝਵਾਂ ਪ੍ਰਭਾਵ ਬਣੇ।

**—ਜਗਦੀਸ਼ ਰਾਏ ਕੁਲਰੀਆਂ**

(5)

ਨਵਾਂ ਜ਼ਮਾਨਾ ਮਹਿਜ਼ ਅਖ਼ਬਾਰ ਹੀ ਨਹੀਂ, ਸਗੋਂ ਲੋਕ ਪੱਖੀ ਵਿਚਾਰਾਂ ਨੂੰ ਫੈਲਾਉਣ ਅਤੇ ਸਿਰਜਤ ਕਰਨ ਦਾ ਸਿਦਕਵਾਨ ਸਾਧਨ ਵੀ ਹੈ। ‘ ‘ਨਵਾਂ ਜ਼ਮਾਨਾ’ ਪਾਠਕਾਂ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਜੋੜਦਾ ਹੈ। ਸਾਲ 2024 ਦੇ ਸਾਲਾਨਾ ਸਾਹਿਤਕ ਅੰਕ ਵਿੱਚ ਪ੍ਰੋਫੈਸਰ ਸੁਰਜੀਤ ਸਿੰਘ ਦਾ ਲਿਖਿਆ ਲੇਖ ਆਧੁਨਿਕ ਪੰਜਾਬ ਦਾ ਸੁਰਜੀਤ ਪਾਤਰ’ ਪੜ੍ਹ ਕੇ ਪਾਤਰ ਸਾਹਿਬ ਬਾਰੇ ਚੰਗੀ ਜਾਣਕਾਰੀ ਹਾਸਲ ਹੁੰਦੀ ਹੈ। ਪਾਤਰ ਸਾਹਿਬ ਬਾਰੇ ਇਸ ਤਰ੍ਹਾਂ ਦੇ ਹੋਰ ਲੇਖ ਵੀ ਛਪਣੇ ਚਾਹੀਦੇ ਹਨ। ਅਰਵਿੰਦਰ ਕੌਰ ਕਾਕੜਾ, ਡਾ. ਸੰਦੀਪ ਰਾਣਾ ਅਤੇ ਜੇ ਬੀ ਸੇਖੋਂ ਦਾ 2024 ਦਾ ਕਵਿਤਾ, ਕਹਾਣੀ ਅਤੇ ਨਾਵਲ ਬਾਰੇ ਲੇਖ ਪੜ੍ਹੇ ਅਤੇ ਚੰਗੇ ਸਾਹਿਤ ਬਾਰੇ ਜਾਣਕਾਰੀ ਹਾਸਿਲ ਹੋਈ। ਡਾ. ਸੁਖਪਾਲ ਕੌਰ ਸਮਰਾਲਾ ਦਾ ‘ਪੰਜਾਬੀ ਆਲੋਚਨਾ : ਦਸ਼ਾ ਤੇ ਦ੍ਰਿਸ਼’ ਲੇਖ ਪੜ੍ਹ ਕੇ ਪਤਾ ਲੱਗਦਾ ਹੈ ਕਿ ਭਾਵੇਂ ਪੰਜਾਬੀ ਵਿੱਚ ਆਲੋਚਨਾ ਬਾਰੇ ਕਈ ਕਿਤਾਬਾਂ ਲਿਖੀਆਂ ਗਈਆਂ ਹਨ, ਪਰ ਅਜੇ ਵੀ ਅਸੀਂ ਕੋਈ ਨਿੱਗਰ ਸਾਹਿਤਕ ਆਲੋਚਨਾ ਦਾ ਪੰਜਾਬੀ ਸਕੂਲ ਆਫ ਥੋਟ ਪੈਦਾ ਨਹੀਂ ਕਰ ਸਕੇ ਹਾਂ। ਪੱਛਮ ਦੇ ਥਰੈਟੀਕਲ ਫਰੇਮਵਰਕ ਨੂੰ ਪੰਜਾਬੀ ਵਿੱਚ ਲਿਖਣਾ ਹੀ ਕਾਫੀ ਨਹੀਂ, ਸਗੋਂ ਸਾਨੂੰ ਪੱਛਮ ਦੀਆਂ ਆਲੋਚਨਾ ਪ੍ਰਣਾਲੀਆਂ ਅਤੇ ਪੰਜਾਬੀ ਸਕੂਲ ਆਫ ਥੋਟ ਵਿਚਕਾਰ ਸੰਵਾਦ ਰਚਾਉਣਾ ਪਵੇਗਾ ਅਤੇ ਸਾਹਿਤਕ ਆਲੋਚਨਾ ਦਾ ਪੰਜਾਬੀ ਮਾਡਲ ਸਿਰਜਣਾ ਪਵੇਗਾ ਤਾਂ ਕਿ ਸਾਹਿਤ ਬਾਰੇ ਸਹੀ ਪਹੁੰਚ ਬਣ ਸਕੇ।

**—ਡਾ. ਕੁਮਾਰ ਸੁਸ਼ੀਲ**

(6)

ਜਤਿੰਦਰ ਪੰਨੂ ਜੀ ਵੱਲੋਂ 29 ਦਸੰਬਰ ਦੇ ਅੰਕ ਵਿੱਚ ਲਿਖਿਆ ਲੇਖ ਜਾਣਕਾਰੀ ਭਰਪੂਰ ਹੋਣ ਦੇ ਨਾਲ ਹੀ ਸਤਿਕਾਰਤ ਵੀ ਹੈ, ਜਿਸ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ। ਉਹਨਾਂ ਡਾ. ਮਨਮੋਹਨ ਸਿੰਘ ਦੀ ਸਾਫ-ਸੁਥਰੀ ਸ਼ਖਸੀਅਤ ਨਾਲ ਜੁੜੀਆਂ ਵਿਸ਼ੇਸ਼ ਉਦਾਹਰਨਾਂ ਸਾਂਝੀਆਂ ਕਰਕੇ ਸਾਡੇ ਮਨਾਂ ਵਿੱਚ ਡਾਕਟਰ ਸਾਹਿਬ ਪ੍ਰਤੀ ਪਹਿਲਾਂ ਹੀ ਸਥਾਪਤ ਸਤਿਕਾਰ ਵਿੱਚ ਵਾਧਾ ਕੀਤਾ ਹੈ। ਸਾਲਾਨਾ ਅੰਕ ਸਾਂਭਣਯੋਗ ਹੈ।

**—ਜਸਪਾਲ ਸਿੰਘ ਗਿੱਦਾ (ਨਵਾਂਸ਼ਹਿਰ)**

(7)

ਨਵਾਂ ਜ਼ਮਾਨਾ ਦਾ ਸਾਲਾਨਾ ਸਾਹਿਤਕ ਅੰਕ ਜੋ ਬੀਤੇ ਸਾਲ ਵਿੱਚ ਪ੍ਰਕਾਸ਼ਿਤ ਹੋਏ ਸਮੁੱਚੇ ਪੰਜਾਬੀ ਸਾਹਿਤ ਦੇ ਲੇਖੇ-ਜੋਖੇ ’ਤੇ ਆਧਾਰਤ ਹੁੰਦਾ ਹੈ। ਇਸ ਅੰਕ ਦੀ ਹਰ ਉਹ ਵਿਅਕਤੀ ਸਾਰਾ ਸਾਲ ਉਡੀਕ ਕਰਦਾ ਹੈ, ਜੋ ਕਿਸੇ ਨਾ ਕਿਸੇ ਤਰੀਕੇ ਨਾਲ ਪੰਜਾਬੀ ਸਾਹਿਤ ਨਾਲ਼ ਜੁੜਿਆ ਹੋਵੇ। ਸਾਹਿਤ ਵਿੱਚ ਦਿਲਚਸਪੀ ਰੱਖਣ ਵਾਲੇ ਹਰ ਵਿਅਕਤੀ ਦੇ ਹੱਥਾਂ ਵਿੱਚ ਇਸ ਸਾਲ ਵੀ ਇਹ ਅੰਕ ਵੱਖ-ਵੱਖ ਵਿਧਾਵਾਂ ਦੇ ਪੂਰੇ ਸਾਲ ਵਿੱਚ ਪ੍ਰਕਾਸ਼ਿਤ ਸਾਹਿਤ ਦੇ ਵਿਸਥਾਰਤ ਬਿਊਰੇ ਨਾਲ ਪੁੱਜਿਆ ਹੈ। ਇਸ ਅੰਕ ਦੇ ਪਹਿਲੇ ਪੰਨੇ ’ਤੇ ਵਿਦਵਾਨ ਪ੍ਰੋਫੈਸਰ ਸੁਰਜੀਤ ਸਿੰਘ ਵੱਲੋਂ ਲਿਖਿਆ ਲੇਖ ‘ਆਧੁਨਿਕ ਪੰਜਾਬ ਦਾ ਫਿਲਾਸਫਰ ਸੁਰਜੀਤ ਪਾਤਰ’ ਪ੍ਰਕਾਸ਼ਿਤ ਹੋਇਆ ਹੈ। ਇਸ ਪੂਰੇ ਪੰਨੇ ਦੇ ਲੇਖ ਵਿੱਚ ਪ੍ਰੋਫੈਸਰ ਸਾਹਿਬ ਨੇ ਨਾਮਵਰ ਕਵੀ ਸੁਰਜੀਤ ਪਾਤਰ, ਜੋ ਇਸ ਸਾਲ 11 ਮਈ ਨੂੰ ਸਵਰਗ ਸਿਧਾਰ ਗਏ ਸਨ, ਬਾਰੇ ਇੱਕ ਵਿਸਥਾਰਤ ਲੇਖ ਲਿਖਿਆ ਹੈ, ਜਿਸ ਵਿੱਚ ਸੁਰਜੀਤ ਪਾਤਰ ਦੇ ਜੀਵਨ, ਰਚਨਾਵਾਂ ਅਤੇ ਵਿਚਾਰਧਾਰਾ ਬਾਰੇ ਵਿਦਵਤਾ ਨਾਲ਼ ਵਿਚਾਰ ਕੀਤੇ ਗਏ ਹਨ। ਇਹ ਲੇਖ ਸੁਰਜੀਤ ਪਾਤਰ ਸਾਹਿਬ ਨੂੰ ਪਿਆਰ ਕਰਨ ਵਾਲੇ ਹਰੇਕ ਪਾਠਕ ਲਈ ਯਾਦਗਾਰੀ ਲੇਖ ਸਿੱਧ ਹੋਵੇਗਾ। ਅਗਲੇ ਪੰਨੇ ’ਤੇ ਜਤਿੰਦਰ ਪਨੂੰ ਦੇ ਕਾਲਮ ‘ਦ੍ਰਿਸ਼ਟੀਕੋਣ’ ਵਿੱਚ ਕੁਝ ਦਿਨ ਪਹਿਲਾਂ ਆਪਣੀ ਜੀਵਨ ਯਾਤਰਾ ਮੁਕੰਮਲ ਕਰ ਚੁੱਕੇ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸੇ ਪੰਨੇ ’ਤੇ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਅਤੇ ਸੁਰਜੀਤ ਸੁਮਨ ਦੇ ਫ਼ੀਚਰਾਂ ਨਾਲ਼-ਨਾਲ਼ ਡਾ. ਤੇਜਿੰਦਰ ਵਿਰਲੀ ਦੁਆਰਾ ਲਿਖਿਆ ਲੇਖ ‘2024 ਦੀਆਂ ਪ੍ਰਮੁੱਖ ਰਾਜਸੀ ਘਟਨਾਵਾਂ ਜੋ ਆਉਣ ਵਾਲੇ ਸਮੇਂ ਨੂੰ ਵੀ ਪ੍ਰਭਾਵਿਤ ਕਰਨਗੀਆਂ’ ਬੀਤੇ ਸਾਲ ਦੀਆਂ ਰਾਜਨੀਤਕ ਘਟਨਾਵਾਂ ਦੀ ਸਮੀਖਿਆ ਬਾਰੇ ਹੈ। ਇਸ ਪੂਰੇ ਸਾਲ ਵਿੱਚ ਪ੍ਰਕਾਸ਼ਿਤ ਕਵਿਤਾ ਬਾਰੇ ਸਮੀਖਿਆ ਲੇਖ ‘2024 ਦੀ ਕਵਿਤਾ ਦਾ ਦ੍ਰਿਸ਼ ਅਤੇ ਦ੍ਰਿਸ਼ਟੀ’ ਅਰਵਿੰਦਰ ਕੌਰ ਕਾਕੜਾ ਦੁਆਰਾ ਲਿਖਿਆ ਗਿਆ ਹੈ ਅਤੇ ਉਸ ਦੀ ਵਿਦਵਤਾ ਅਤੇ ਮਿਹਨਤ ਦੀ ਹਾਮੀ ਭਰਦਾ ਹੈ। ਇਸ ਲੇਖ ਵਿੱਚ ਸਮੀਖਿਅਕ ਇਸ ਸਾਲ ਦੀ ਕਵਿਤਾ ਵਿੱਚ ਵਿਸ਼ਵੀ ਸਰੋਕਾਰਾਂ ਦੀ ਅਣਹੋਂਦ ਅਤੇ ਸਮੇਂ ਦੇ ਹਾਣ ਦੇ ਮਿਆਰ ਨਾ ਬਣ ਸਕਣ ਕਾਰਨ ਚਿੰਤਤ ਨਜ਼ਰ ਆਉਂਦੀ ਹੈ। ਇਸ ਲੇਖ ਦੇ ਨਾਲ ਹੀ 2024 ਸਾਹਿਤ ਅਕਾਦਮੀ ਪੁਰਸਕਾਰ ਜੇਤੂ ਸ਼ਾਇਰਾ ਪਾਲ ਕੌਰ ਦੀ ਪੁਸਤਕ ‘ਸੁਣ ਗੁਣਵੰਤਾ ਸੁਣ ਬੁੱਧੀਵੰਤਾ’ ਬਾਰੇ ਇੱਕ ਲਘੂ ਲੇਖ ਡਾ. ਸਰਬਜੀਤ ਸਿੰਘ ਦੁਆਰਾ ਲਿਖਿਆ ਗਿਆ ਹੈ। ਅਗਲੇ ਪੰਨੇ ’ਤੇ ਡਾ. ਸੰਦੀਪ ਰਾਣਾ ਦੁਆਰਾ 2024 ਦੀ ਪੰਜਾਬੀ ਕਹਾਣੀ ਬਾਰੇ ਵਿਸਥਾਰਤ ਲੇਖ ਸਿਰਲੇਖ ‘ਨਿੱਜ ਮੁਖੀ ਮਨੁੱਖ ਦਾ ਖੰਡਿਤ ਮਾਡਲ ਪੇਸ਼ ਕਰਦੀ ਕਹਾਣੀ’ ਅਧੀਨ ਪ੍ਰਕਾਸ਼ਿਤ ਹੋਇਆ ਹੈ। ਇਸ ਸਾਰੇ ਲੇਖ ਵਿੱਚ 2024 ਵਿੱਚ ਕਹਾਣੀ-ਸੰਗ੍ਰਹਿ ਰੂਪ ਵਿੱਚ ਪ੍ਰਕਾਸ਼ਿਤ ਕਹਾਣੀਆਂ ਦਾ ਜਾਇਜ਼ਾ ਲਿਆ ਗਿਆ ਹੈ। ਪੰਜਾਬੀ ਨਾਵਲ ਦਾ ਲੇਖਾ-ਜੋਖਾ ਰਵਾਇਤ ਅਨੁਸਾਰ ਜੇ.ਬੀ. ਸੇਖੋਂ ਦੁਆਰਾ ਲੇਖ ‘ਸਦਮੇ, ਉਜਾੜੇ, ਵਿਸਥਾਪਨ ਤੇ ਸੰਘਰਸ਼ ਦੀ ਬਿਰਤਾਂਤਕ ਦਾਸਤਾਨ ਦਿੰਦਾ ਪੰਜਾਬੀ ਨਾਵਲ’ ਵਿੱਚ ਕੀਤਾ ਗਿਆ ਹੈ। ਇਸ ਲੇਖ ਵਿੱਚ ਆਲੋਚਕ ਨੇ ਇਸ ਵਰ੍ਹੇ ਦੇ ਨਾਵਲ ਨੂੰ ਸਮਾਜ, ਇਤਿਹਾਸ ਅਤੇ ਸਮਕਾਲ ਦੀ ਪੇਸ਼ਕਾਰੀ ਵਾਲਾ ਅਤੇ ਬਿਰਤਾਂਤਕਾਰੀ ਦੇ ਨਵੇਂ ਪੋਚ ਵਰਤਣ ਵਾਲਾ ਦੱਸਿਆ ਹੈ। ਇਸ ਵਿਸਥਾਰਤ ਲੇਖ ਵਿੱਚ ਸੇਖੋਂ ਸਾਹਿਬ ਦੀ ਗਲਪ ਨੂੰ ਪਰਖਣ ਦੀ ਯੋਗਤਾ ਦਾ ਪਾਠਕ ਮੁਰੀਦ ਹੋ ਜਾਂਦਾ ਹੈ। 2024 ਦੇ ਪੰਜਾਬੀ ਨਾਟ-ਮੰਚ ਦਾ ਲੇਖਾ-ਜੋਖਾ ਡਾ. ਕੁਲਦੀਪ ਸਿੰਘ ਦੀਪ ਵੱਲੋਂ ‘21ਵੀਂ ਸਦੀ ਦੇ ਸਵਾਲਾਂ ਦੀ ਅੱਖ ’ਚ ਅੱਖ ਪਾ ਕੇ ਤੁਰ ਰਿਹਾ ਪੰਜਾਬੀ ਨਾਟ-ਮੰਚ’ ਲੇਖ ਵਿੱਚ ਕੀਤਾ ਗਿਆ ਹੈ।

ਡਾਕਟਰ ਸਾਹਿਬ ਇਸ ਸਾਲ ਦੇ ਪੰਜਾਬੀ ਨਾਟਕ ਦੀ ਦਿਸ਼ਾ ਅਤੇ ਦਸ਼ਾ ਤੋਂ ਸੰਤੁਸ਼ਟ ਨਜ਼ਰ ਆਉਂਦੇ ਹਨ। ਉਹਨਾਂ ਦੇ ਆਪਣੇ ਯੋਗਦਾਨ ਕਾਰਨ ਹੀ ਨਾਟਕ ਵਿਧਾ ਦਾ ਲੇਖਣ ਅਤੇ ਆਲੋਚਨਾ ਅੱਜ ਇਕ ਮਿਆਰੀ ਸਥਾਨ ਪ੍ਰਾਪਤ ਕਰ ਚੁੱਕਾ ਹੈ। ਇਸ ਦੇ ਨਾਲ ਹੀ ‘ਬਾਲ ਸਾਹਿਤ ਦੀਆਂ ਸੁਗੰਧੀਆਂ ਦਾ ਵਗਦਾ ਦਰਿਆ’ ਸਿਰਲੇਖ ਹੇਠ ਬਲਜਿੰਦਰ ਮਾਨ ਨੇ 2024 ਦੇ ਪੰਜਾਬੀ ਬਾਲ ਸਾਹਿਤ ਦੀ ਸਮੀਖਿਆ ਕੀਤੀ ਹੈ ਅਤੇ ਵਿਦਿਆਰਥੀ ਲੇਖਕਾਂ ਤੋਂ ਭਵਿੱਖ ਦੀਆਂ ਉਮੀਦਾਂ ਬੰਨ੍ਹੀਆਂ ਹਨ। ਡਾ. ਸੁਖਪਾਲ ਕੌਰ ਸਮਰਾਲਾ ਵੱਲੋਂ ‘ਪੰਜਾਬੀ ਆਲੋਚਨਾ ਦਸ਼ਾ ਅਤੇ ਦ੍ਰਿਸ਼’ ਸਿਰਲੇਖ ਹੇਠ ਇਸ ਵਰ੍ਹੇ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਛਪੀਆਂ ਕਿਤਾਬਾਂ ਦੀ ਸਮੀਖਿਆ ਕੀਤੀ ਗਈ ਹੈ ਅਤੇ ਗਲਪ ਦੇ ਖੇਤਰ ਵਿੱਚ ਆਲੋਚਨਾ ਪ੍ਰੋਜੈਕਟਾਂ ਦੀ ਘਾਟ ਮਹਿਸੂਸ ਕੀਤੀ ਹੈ। ਇਸ ਲੇਖ ਦੇ ਨਾਲ ਹੀ ਇਸ ਪੰਨੇ ’ਤੇ ਡਾ. ਸਰਬਜੀਤ ਦੁਆਰਾ ਇਸ ਵਰ੍ਹੇ ਦੇ ਢਾਹਾਂ ਇਨਾਮ ਜੇਤੂ ਕਹਾਣੀ-ਸੰਗ੍ਰਹਿ ਸੇਫ਼ਟੀ ਕਿੱਟ ਦਾ ਵਿਸ਼ਲੇਸ਼ਣ ਪ੍ਰਕਾਸ਼ਿਤ ਹੋਇਆ ਹੈ। ਆਖ਼ਰੀ ਪੰਨੇ ’ਤੇ ਮਸ਼ਹੂਰ ਕਵੀ ਸੁਰਜੀਤ ਪਾਤਰ ਦੀ ਤਸਵੀਰ ਅਤੇ 2025 ਦਾ ਕੈਲੰਡਰ ਇਸ ਅੰਕ ਨੂੰ ਅਨੋਖੀ ਦਿੱਖ ਪ੍ਰਦਾਨ ਕਰ ਰਹੇ ਹਨ। ਇਸ ਢੰਗ ਨਾਲ਼ ਇਸ ਵਰ੍ਹੇ ਦਾ ਸਾਹਿਤਕ ਅੰਕ ਵੱਡ ਗਿਣਤੀ ਵਿੱਚ ਪਾਠਕਾਂ ਦੀਆਂ ਉਮੀਦਾਂ ’ਤੇ ਖਰਾ ਉਤਰਿਆ ਹੈ, ਜਿਸ ਲਈ ਸੰਪਾਦਕ ਅਤੇ ਸਮੁੱਚੀ ਟੀਮ ਵਧਾਈ ਦੇ ਪਾਤਰ ਹਨ।

**- ਡਾ. ਤਪਤੇਜ ਸਿੰਘ ਖੇਤਬਾੜੀ ਵਿਭਾਗ, ਮੋਗਾ**

(8)

29 ਦਸੰਬਰ ਦਾ ‘ਨਵਾਂ ਜ਼ਮਾਨਾ’ ਦਾ ਸਾਲਾਨਾ ਸਾਹਿਤਕ ਅੰਕ ਸਾਂਭਣਯੋਗ ਹੈ। ਇਸ ਅੰਕ ਵਿੱਚ ਸ਼ਾਮਲ ਸਾਰੇ ਹੀ ਲੇਖ ਮਿਹਨਤ ਦਾ ਨਤੀਜਾ ਜਾਪਦੇ ਹਨ। ਪ੍ਰੋਫੈਸਰ ਸੁਰਜੀਤ ਸਿੰਘ ਦਾ ਸੁਰਜੀਤ ਪਾਤਰ ਬਾਰੇ ਲਿਖਿਆ ਲੇਖ ਉਨ੍ਹਾ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ ’ਤੇ ਝਾਤ ਪਵਾਉਂਦਾ ਹੈ। ਜਤਿੰਦਰ ਪਨੂੰ ਨੇ ‘ਦ੍ਰਿਸ਼ਟੀਕੋਣ’ ਰਾਹੀਂ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੀ ਸ਼ਖ਼ਸੀਅਤ ਬਾਰੇ ਲਿਖਦਿਆਂ ਉਹਨਾ ਨੂੰ ਸ਼ਬਦਾਂ ਰਾਹੀਂ ਸੱਚੀ ਸ਼ਰਧਾਂਜਲੀ ਭੇਟ ਕੀਤੀ ਹੈ। ਸੁਰਜੀਤ ਸੁਮਨ ਦਾ ਲੇਖ ਅਤੇ ਸੁਲਗਦੇ ਸਵਾਲ ਅੱਖਾਂ ਤੋਂ ਪਰਦਾ ਉਤਾਰਨ ਵਾਲੇ ਜਾਪਦੇ ਹਨ। ਜੇਕਰ ਸਾਹਿਤਕ ਵਿਧਾਵਾਂ ’ਤੇ ਚਰਚਾ ਦੀ ਦੀ ਗੱਲ ਕੀਤੀ ਜਾਵੇ ਤਾਂ ‘ਨਵਾਂ ਜ਼ਮਾਨਾ’ ਤੋਂ ਵਧ ਕੇ ਇਸ ਖੇਤਰ ਵਿੱਚ ਹੋਰ ਕੋਈ ਵੀ ਨਜ਼ਰ ਨਹੀਂ ਆਉਂਦਾ। ਚਾਹੇ ਗੱਲ ਕਵਿਤਾ ਦੀ ਹੋਵੇ, ਕਹਾਣੀ ਦੀ ਜਾਂ ਫਿਰ ਨਾਵਲ ਜਾਂ ਆਲੋਚਨਾ ਦੀ, ਹਰ ਲੇਖ ਬਾਕਮਾਲ ਸੀ। ‘ਨਵਾਂ ਜ਼ਮਾਨਾ’ ਇਸੇ ਤਰ੍ਹਾਂ ਪਾਠਕਾਂ ਨੂੰ ਆਪਣੇ ਮੈਟਰ ਨਾਲ ਸ਼ਰਸਾਰ ਕਰਦਾ ਰਹੇ।

**—ਅਮਨਜੋਤ, ਸਮਰਾਲਾ**

### ਪਾਠਕਾਂ ਲਈ

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਸਾਨੂੰ ਹੇਠ ਲਿਖੀ ਈਮੇਲ ’ਤੇ ਭੇਜ ਸਕਦੇ ਹੋ।**

atwartazamana@gmail.com

**- ਸੰਪਾਦਕ**

## ਆਉਂਦੇ ਐਤਵਾਰਤਾ ’ਚ ਵਿਸ਼ੇਸ਼

**ਬਸਤਰ ’ਚ ਕਰੂਰ ਕਤਲੇਆਮ ਝੱਲ ਰਹੀ ਨਕਸਲੀ ਲਹਿਰ : ਬੂਟਾ ਸਿੰਘ ਮਹਿਮਦੂਪੁਰ**

**ਪ੍ਰਗਤੀਸ਼ੀਲ ਤੇ ਇਨਕਲਾਬੀ ਸੋਚ ਦਾ ਧਾਰਨੀ ਹਰਬੰਸ ਹੀਓਂ : ਅਮੋਲਕ ਸਿੰਘ**

**‘ਵਰਗ ਸੰਘਰਸ਼ ਅਤੇ ਸੰਸਕ੍ਰਿਤੀਆਂ ਦੀ ਆਪਸੀ-ਨਿਰਭਰਤਾ’ : ਸਰੂਪ ਸਿਆਲਵੀ, (ਫੋਕਸ) ਰਾਬਿੰਦਰ ਸਿੰਘ ਰੱਬੀ**

**ਸੁਖਵਿੰਦਰ ਦੀਆਂ ਨਵੀਂਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ**

# ਵਿਸ਼ਵੀਕਰਨ ਦੇ ਯਥਾਰਥ ਦਾ ਕੱਚ-ਸੱਚ ਪੰਜਾਬੀ ਗ਼ਜ਼ਲ

ਜਗਮੀਤ ਹਰਫ਼

ਪੰਜਾਬੀ ਸਾਹਿਤ ਵਿਚ ਪ੍ਰਵਾਨਿਤ ਅਤੇ ਸਥਾਪਤ ਗ਼ਜ਼ਲ ਕਾਵਿ ਰੂਪ ਭਾਰਤੀ ਸਾਹਿਤ ਦੀ ਮੌਲਿਕ ਕਾਵਿ ਵਿਧਾ ਨਹੀਂ ਹੈ ਬਲਕਿ ਭਾਰਤੀ ਕਾਵਿ ਅਤੇ ਪੰਜਾਬੀ ਸਾਹਿਤ ਵਿਚ ਇਹ ਵਿਧਾ ਅਰਬੀ ਵਿਚੋਂ ਆਈ ਹੈ। ਗ਼ਜ਼ਲ ਪੰਜਾਬੀ ਮੂਲ ਦੀ ਵਿਧਾ ਨਾ ਹੋਣ ਦੇ ਬਾਵਜੂਦ ਵੀ ਹੁਣ ਤੱਕ ਇਹ ਅਜੋਕੇ ਸ਼ਾਇਰਾਂ ਦੀ ਪਸੰਦੀਦਾ ਵਿਧਾ ਬਣ ਗਈ ਹੈ। ਲੰਬੇ ਕਾਲ ਖੰਡ ਨੂੰ ਪਾਰ ਕਰਕੇ ਹੁਣਵੀਂ ਅਵਸਥਾ ਤੱਕ ਆਉਂਦਿਆਂ ਗ਼ਜ਼ਲ ਨੇ ਹਰੇਕ ਦੌਰ ਵਿਚ ਆਪਣਾ ਪ੍ਰਭਾਵ ਕਾਇਮ ਰੱਖਿਆ, ਨਾਲੋ ਨਾਲ ਵਾਧੂ ਦੀਆਂ ਰੂੜ ਹੋ ਚੁੱਕੀਆਂ ਰਵਾਇਤੀ ਰੰਗ ਦੀਆਂ ਬੰਦਿਸ਼ਾਂ ਨੂੰ ਤਿਆਗ ਵੀ ਦਿੱਤਾ। ਇਸੇ ਪ੍ਰਸੰਗ ਵਿਚ ਸੁਰਜੀਤ ਜੱਜ ਦਾ ਇਹ ਕਥਨ 'ਪੰਜਾਬੀ ਗ਼ਜ਼ਲ ਹੁਣ ਪੰਜਾਬੀ ਗ਼ਜ਼ਲ ਹੈ। ਆਪਣੇ ਆਪ ਵਿਚ ਪੂਰਨ ਕਾਵਿ ਸਿਨਫ਼। ਇਸ ਨੂੰ ਕਿਸੇ ਹੋਰ ਭਾਸ਼ਾ ਦੀ ਗ਼ਜ਼ਲ ਵਿਧਾ ਜਾਂ ਪੰਜਾਬੀ ਕਾਵਿ ਦੇ ਕਿਸੇ ਹੋਰ ਰੂਪ ਨਾਲ ਨਰੜ ਕੇ ਵੇਖਣ ਦੀ ਮਜਬੂਰੀ ਦਾ ਕੋਈ ਤਰਕ ਨਜ਼ਰ ਨਹੀਂ ਆਉਂਦਾ' ਮਹੱਤਵਪੂਰਨ ਹੈ। ਫਿਰ ਵੀ ਗ਼ਜ਼ਲ ਦੇ ਆਪਣੇ ਕਾਵਿਕ ਤੱਤ (ਅੰਤ੍ਰੀਵੀ ਅਤੇ ਬਾਹਰੀ) ਹਨ। ਜਿਨ੍ਹਾਂ ਦੀ ਤਰਜ਼ 'ਤੇ ਗ਼ਜ਼ਲ ਬਾਕੀ ਦੇ ਕਾਵਿ ਰੂਪਾਂ ਨਾਲੋਂ ਵਿਲੱਖਣਤਾ ਅਤੇ ਵੱਖਰਤਾ ਹਾਸਿਲ ਕਰਦੀ ਹੈ। ਇਸੇ ਰੌਸ਼ਨੀ ਤਹਿਤ ਇਸ ਲੇਖ ਵਿਚ ਇਸ ਸਾਲ ਦੀ ਗ਼ਜ਼ਲ ਦਾ ਮੁਲਾਂਕਣ ਕਰਨਾ ਹੈ। ਇਸ ਸਾਲ ਦੀ ਪੰਜਾਬੀ ਗ਼ਜ਼ਲ ਵਿਚ ਗੁਰਦੀਪ ਸੈਣੀ (ਔੜ ਤੇ ਬਰਸਾਤ), ਬਲਦੇਵ ਸਿੰਘ ਬੱਧਨ (ਜ਼ਖ਼ਮੀ ਡਾਰ ਪਰਿੰਦਿਆਂ ਦੀ),




ਸੁਖਦੀਪ ਔਜਲਾ (ਇਕ ਕਮਰੇ ਦਾ ਸ਼ਾਇਰ), ਅਵਤਾਰ ਮਾਨ (ਪਾਣੀ 'ਤੇ ਮੂਰਤ) ਅਤੇ ਅਜੈ ਤਨਵੀਰ (ਫਤਵਿਆਂ ਦੇ ਦੌਰ ਵਿਚ) ਦੇ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ, ਇਸ ਤੋਂ ਇਲਾਵਾ ਤਲਵਿੰਦਰ ਸੂਖਮ ਦਾ (ਮਨ ਦਾ ਮੌਸਮ ਪਰਤੇਗਾ) ਗ਼ਜ਼ਲ ਅਤੇ ਗੀਤ ਸੰਗ੍ਰਹਿ ਹੈ। ਇਸ ਦੇ ਨਾਲ ਹੀ ਇਸ ਸਾਲ ਵਿਚ ਦੋ ਗ਼ਜ਼ਲ ਸੰਗ੍ਰਹਿ ਸੰਪਾਦਿਤ ਰੂਪ ਵਿਚ ਵੀ ਸਾਹਮਣੇ ਆਏ ਹਨ, ਜਿਸ ਵਿਚ ਆਤਮਾ ਰਾਮ ਰੰਜਨ (ਮਾਲਵਿੰਦਰ ਸ਼ਾਇਰ ਦੀ ਚੋਣਵੀਂ ਗ਼ਜ਼ਲ) ਅਤੇ ਪ੍ਰਵਾਸੀ ਸ਼ਾਇਰ ਸੁਖਿੰਦਰ (ਪੰਜਾਬੀ ਗ਼ਜ਼ਲ ਦੇ ਨਕਸ਼) ਦੁਆਰਾ ਸੰਪਾਦਿਤ ਗ਼ਜ਼ਲ ਸੰਗ੍ਰਹਿ ਅਤੇ ਬੂਟਾ ਸਿੰਘ ਚੌਹਾਨ ਦੀ ਸਮੁੱਚੀ ਗ਼ਜ਼ਲ ਚੌਹੇ ਕੂਟਾਂ ਮੇਰੀਆਂ ਵੀ ਪ੍ਰਕਾਸ਼ਿਤ ਹੋਏ ਹਨ। ਬੇਸ਼ੱਕ ਇਹ ਤਿੰਨੋਂ ਕਾਰਜ ਸਲਾਹੁਣਯੋਗ ਹਨ, ਪਰ ਸੁਖਿੰਦਰ ਦੁਆਰਾ ਸੰਪਾਦਿਤ ਗ਼ਜ਼ਲ ਸੰਗ੍ਰਹਿ ਗ਼ਜ਼ਲ ਇਤਿਹਾਸ ਲਈ ਦਸਤਾਵੇਜ਼ੀ ਕਾਰਜ ਹੋ ਨਿੱਬੜਦਾ ਹੈ, ਜਿਸ ਵਿਚ 75 ਪੰਜਾਬੀ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਨੂੰ ਇੱਕੋ ਜਿਲਦ ਵਿਚ ਸ਼ਾਮਲ ਕੀਤਾ ਗਿਆ ਹੈ, ਪਰ ਇਨ੍ਹਾਂ ਤਿੰਨੋ ਗ਼ਜ਼ਲ- ਪੁਸਤਕਾਂ ਨੂੰ ਇਸ ਸਾਲ ਤੋਂ ਪਹਿਲਾਂ ਪ੍ਰਕਾਸ਼ਿਤ ਪੁਸਤਕਾਂ ਵਿੱਚੋਂ ਚੁਣ ਕੇ ਮੁੜ ਪ੍ਰਕਾਸ਼ਿਤ ਕੀਤਾ ਗਿਆ ਹੈ, ਦੂਜੇ ਸ਼ਬਦਾਂ ਵਿਚ ਨਿਸ਼ਚਿਤ ਕਾਲ ਖੰਡ ਤੋਂ ਪਾਰ ਜਾਣ ਕਾਰਨ ਸਾਲ 2024 ਦੇ ਗ਼ਜ਼ਲ ਮੁਲਾਂਕਣ ਲਈ ਇਨ੍ਹਾਂ ਦੋਵਾਂ ਪੁਸਤਕਾਂ ਨੂੰ ਸ਼ਾਮਲ ਨਹੀਂ ਕੀਤਾ ਜਾਵੇਗਾ। ਹੱਥਲੇ ਲੇਖ ਵਿਚ ਇਸ ਸਾਲ ਦੀ ਗ਼ਜ਼ਲ ਸਿਰਜਣਾ ਦੇ ਉਸ ਪੱਖ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ, ਕਿ ਕਿਸ ਤਰ੍ਹਾਂ ਸਮਕਾਲੀ/ਵਿਸ਼ਵੀਕਰਨ ਦੌਰ ਦਾ ਭੂਮਿਕ ਯਥਾਰਥ ਮਨੁੱਖ ਦੀ ਹੋਂਦ ਨੂੰ ਪ੍ਰਭਾਵਿਤ ਕਰਦਾ ਹੈ। ਦੂਜੇ ਸ਼ਬਦਾਂ ਵਿਚ ਵਿਸ਼ਵੀਕਰਨ ਦੇ ਭੂਮਿਕ ਯਥਾਰਥ ਦੇ ਕੱਚ ਸੱਚ ਨੂੰ ਇਸ ਸਾਲ ਦੀ ਪੰਜਾਬੀ ਗ਼ਜ਼ਲ ਦੇ ਹਵਾਲੇ ਨਾਲ ਸਮਝਣਾ ਹੀ ਇਸ ਲੇਖ ਦਾ ਮੂਲ ਮੰਤਵ ਹੈ। ਇਸ ਸਾਲ ਦੀ ਪੰਜਾਬੀ ਗ਼ਜ਼ਲ ਵਿਸ਼ਵੀਕਰਨ ਦੇ ਛਲ ਦੀ ਵਾਸਤਵਿਕਤਾ ਨੂੰ ਉਜਾਗਰ ਕਰਨ ਵੱਲ ਰੁਚਿਤ ਹੈ। ਗਲੋਬਲ ਦੌਰ ਵਿਚ ਸੱਭਿਅਤਾ ਮਨੁੱਖੀ ਸੱਭਿਆਚਾਰਾਂ ਦੇ ਆਦਾਨ ਪ੍ਰਦਾਨ ਨਵੀਨ ਕਿਸਮ ਦੇ ਸਰੋਕਾਰ ਅਤੇ ਸੰਕਟ ਉਤਪੰਨ ਹੋਏ ਹਨ। ਮੰਡੀਕਲਚਰ, ਬਾਜ਼ਾਰ ਦੀ ਅਵਧਾਰਨਾ ਪੈਦਾ ਹੋਣ ਨਾਲ ਵਿਸ਼ਵੀਕਰਨ ਨੇ ਨਵ-ਬਸਤੀਵਾਦ ਦਾ ਪੋਸ਼ਣ ਕੀਤਾ ਹੈ। ਇਸ ਸਾਲ ਦੇ ਗ਼ਜ਼ਲਕਾਰ ਵਿਸ਼ਵੀਕਰਨ ਦੀ ਇਸੇ ਤਰੱਕੀ ਉਪਰ ਪ੍ਰਸ਼ਨ ਚਿੰਨ੍ਹ ਲਗਾਉਂਦੇ ਹਨ। ਮੰਡੀਆਂ ਵਿਚ ਅੰਨ੍ਹੇ ਤੱਕੜ ਵਹੀਆਂ ਵਿਚ ਸੱਪ ਸ਼ੂਕਦੇ, ਮੰਡੀਆਂ ਤੇ ਖੇਤਾਂ ਵਿਚ ਵੀ ਫੇਰਾ ਪਾ ਐ ਸੂਰਜਾ (ਬਲਦੇਵ ਬੱਧਨ, ਜ਼ਖ਼ਮੀ ਡਾਰ ਪਰਿੰਦਿਆਂ ਦੀ) ਖ਼ੂਨ ਦੇ ਵੀ ਰਿਸ਼ਤਿਆਂ ਅੰਦਰ ਸੁਲਗਦੀ ਖ਼ਾਰ ਹੈ ਹੁਣ ਘਰਾਂ ਦੇ ਵਿਹੜਿਆਂ ਤੱਕ ਆ ਗਿਆ ਬਾਜ਼ਾਰ ਹੈ (ਸੁਖਦੀਪ ਔਜਲਾ, ਇਕ ਕਮਰੇ ਦਾ ਸ਼ਾਇਰ) ਗਲੋਬਲੀ ਵਰਤਾਰੇ ਨੇ ਬੰਦੇ ਨੂੰ ਬੰਦੇ ਦੇ ਨੇੜੇ ਕਰਨ ਦਾ ਢੌਂਗ ਰਚਾਇਆ, ਪਰ ਅਸਲ ਵਿਚ ਇਹ ਪ੍ਰਕਿਰਿਆ ਜੋੜਨ ਦੀ ਨਹੀਂ, ਬਲਕਿ ਅੰਤਰਰਾਸ਼ਟਰੀ ਵਪਾਰਕ ਤੇ ਪੂੰਜੀਵਾਦੀ ਪ੍ਰਬੰਧ ਤੋਂ ਪ੍ਰੇਰਿਤ ਹੋਣ ਕਾਰਨ ਵਿਸ਼ਵੀ ਪੂੰਜੀਵਾਦੀ ਸ਼ਕਤੀਆਂ ਤੇ ਕੰਪਨੀਆਂ ਲਈ ਮੰਡੀਆਂ ਮੁਹੱਈਆ ਕਰਵਾਉਣ ਦਾ ਰਾਹ ਸੀ। ਇਸ ਲਈ ਇਹ ਪ੍ਰਕਿਰਿਆ ਨਵ ਬਸਤੀਵਾਦੀ ਪਰਿਪੇਖ ਨੂੰ ਉਸਾਰਨ ਦੀ ਭੂਮਿਕਾ ਨਿਭਾਉਂਦੀ ਹੈ, ਜਿੱਥੇ ਬਸਤੀਵਾਦ ਹਕੂਮਤ ਨਾਲ ਜਨ-ਸ਼ੋਸ਼ਣ ਕਰਦਾ ਹੈ, ਉਥੇ ਨਵ ਬਸਤੀਵਾਦ ਵਿਕਾਸ ਦਾ ਭਰਮ ਸਿਰਜ ਕੇ ਮਨੁੱਖੀ ਸਾਧਨਾਂ ਦੀ ਲੁੱਟ ਕਰਦਾ ਹੈ। ਬਾਜ਼ਾਰ ਵਿਭਿੰਨ ਕਿਸਮ ਦੇ ਮੀਡੀਏ ਰਾਹੀਂ ਲੋਕਾਂ ਦੇ ਘਰਾਂ ਵਿਚ ਰਸਾਈ ਕਰ ਚੁੱਕਾ ਹੈ। ਜਿਸ ਦੇ ਚੱਲਦੇ ਮਨੁੱਖ ਲੋੜੋਂ ਬਾਹਰੀਆਂ ਚੀਜ਼ਾਂ ਦੀ ਖ਼ਰੀਦਦਾਰੀ ਕਰਨ ਲੱਗਾ ਹੈ। ਤਸਕੀਨ ਇਸੇ ਮਸਰੂਫੀਅਤ ਨੂੰ ਹੀ ਮਨੁੱਖ ਤੋਂ ਮਨੁੱਖ ਦਾ ਪਾੜ ਖਿਆਲ ਕਰਦਾ ਹੈ। ਇੱਕੀਵੀਂ ਸਦੀ ਅਸਲੋਂ ਤਕਨੀਕ ਦੀ ਸਦੀ ਹੈ। ਨਵੀਨ ਕਿਸਮ ਦੇ ਸੰਚਾਰ ਯੰਤਰ, ਇੰਟਰਨੈੱਟ, ਮੀਡੀਆ, ਆਨਲਾਈਨ ਮਾਰਕੀਟਿੰਗ ਨੇ ਵਿਸ਼ਵੀਕਰਨ ਦੀ ਗਤੀ ਤੇਜ਼ ਕੀਤੀ ਹੈ। ਤਰਦੀ ਨਿਗਾਹ ਨਾਲ ਇਹ ਵਰਤਾਰਾ ਮਨੁੱਖੀ ਵਿਕਾਸ/ਤਰੱਕੀ ਦਾ ਸੂਚਕ ਜਾਪਦਾ ਹੈ ਪਰ ਗਹਿਨਤਾ ਨਾਲ ਦੇਖਣ ਤੇ ਵਿਸ਼ਵੀਕਰਨ ਦੇ ਕੱਚ ਸੱਚ ਹੇਠ ਮਨੁੱਖ ਦੇ ਸਮਾਜਿਕ, ਸੱਭਿਆਚਾਰਕ ਵਿਗਠਨ ਦੀ ਤਿਲਮਲਾਉਂਦੀ ਹੋਂਦ ਨਜ਼ਰ ਆਉਂਦੀ ਹੈ। ਸਿੱਟੇ ਵਜੋਂ ਮਨੁੱਖ ਆਪਣੇ ਸਮਾਜਿਕ ਦਾਇੱਤਵ ਤੋਂ ਥਿੜਕ ਚੁੱਕਾ ਹੈ, ਜਿਸ ਕਾਰਨ ਮਾਨਸਿਕ ਤਣਾਓ ਅਤੇ ਅਨਿਸ਼ਚਤਤਾ ਪੈਦਾ ਹੋਈ ਹੈ। ਬੇਸ਼ੱਕ ਇਸ ਦੌਰ ਵਿਚ ਤਕਨੀਕ ਨੇ ਮਨੁੱਖ ਨੂੰ ਵਿਸ਼ਵੀ ਵਰਤਾਰਿਆਂ ਨਾਲ ਜੋੜਿਆ ਹੈ ਪਰ ਮਨੁੱਖ ਇੱਥੇ ਵੀ ਵਿਅਕਤੀਗਤ ਪੱਧਰ 'ਤੇ ਹੀ ਜੁੜਿਆ ਹੈ। ਡਾ. ਸਰਬਜੋਤ ਇਸੇ ਨੂੰ ਹੀ ਵਿਕਸਿਤ ਤਕਨਾਲੋਜੀ ਕਹਿੰਦਾ ਹੈ ਅਤੇ ਇਸੇ ਵਪਾਰੀ ਸੱਭਿਆਚਾਰ ਨੇ ਹੀ ਵਿਅਕਤੀਗਤ ਚੇਤਨਾ ਪੈਦਾ ਕੀਤੀ ਹੈ। ਅਜਿਹੀ ਇਕੱਲਤਾ ਮਨੁੱਖ ਨੂੰ ਮਾਨਸਿਕ ਤੇ ਆਤਮਿਕ ਤੌਰ 'ਤੇ ਤਣਾਓ-ਗ੍ਰਸਤ ਕਰਦੀ ਹੈ। ਅਜਿਹੀ ਸਥਿਤੀ ਵਿਚ ਮਨੁੱਖ ਨਿਰਜੀਵ ਹੋਂਦ ਹੰਢਾਉਣ ਲਈ ਮਜਬੂਰ ਹੋ ਜਾਂਦਾ ਹੈ। ਇਕੱਲਾ ਦਿਲ ਨਹੀਂ ਪੱਥਰ, ਹੈ ਉਸ ਦੀ ਅੱਖ ਵੀ ਪੱਥਰ ਕਿਸੇ ਦਾ ਦਰਦ ਸੁਣ ਕੇ ਉਹ ਕਦੇ ਵੀ ਰੋ ਨਹੀਂ ਸਕਦਾ।(ਅਜੈ ਤਨਵੀਰ, ਫਤਵਿਆਂ ਦੇ ਦੌਰ ਵਿੱਚ) ਸਭ ਕੁਝ ਹੀ ਹੁਣ ਓਪਰਾ ਲੱਗੇ, ਨੀਰਸਤਾ ਕੀ ਐਸੀ ? ਨਾ ਹੁਣ ਕੰਡੇ ਚੁੱਭਦੇ ਸੂਖਮ ਨਾ ਫੁੱਲ ਦਿਲ ਨੂੰ ਭਾਵੇ।(ਤਲਵਿੰਦਰ ਸੂਖਮ, ਦਿਲ ਦਾ ਮੌਸਮ ਪਰਤੇਗਾ) ਵਿਸ਼ਵੀਕਰਨ ਕਾਰਨ ਮਨੁੱਖੀ ਰਿਸ਼ਤਿਆਂ ਵਿਚ ਤੇੜਾਂ ਪਈਆਂ, ਜਿਸ ਕਾਰਨ ਅਜੋਕਾ ਮਨੁੱਖ ਆਦਰਸ਼ ਮਨੁੱਖ ਤੋਂ ਘਟ ਕੇ ਅਸੈਂਸੀਅਲ ਤੇ ਲਘੂ ਮਾਨਵ ਹੋ ਗਿਆ ਹੈ। ਮਨੁੱਖ ਦੀ ਮਨੁੱਖ ਵਿੱਚੋਂ ਘਟਦੀ ਰੁਚੀ ਇਸ ਦੌਰ ਦੀ ਗ਼ਜ਼ਲ ਦਾ ਪਛਾਣ ਚਿੰਨ੍ਹ ਹੈ। ਉਹ ਇਕੱਠੇ ਬੈਠਣ ਦੀ ਬਜਾਇ ਇਕੱਲਤਾ ਭੋਗਦੇ ਹਨ। ਅਜਿਹੀ ਇਕੱਲਤਾ ਨੇ ਰਿਸ਼ਤਿਆਂ ਵਿਚ ਸ਼ੱਕ, ਸਵਾਰਥ ਤੇ ਅਵਿਸ਼ਵਾਸ ਪੈਦਾ ਕਰਨ ਦੀ ਭੂਮਿਕਾ ਨਿਭਾਈ ਹੈ, ਜਿਸ ਕਾਰਨ ਮਨੁੱਖੀ ਮਨ ਵਿਚ ਅਲਗਾਓ ਬੋਧ ਪਨਪਿਆ, ਜ਼ਿੰਦਗੀ ਦੀ ਪ੍ਰਮਾਣਿਕਤਾ ਤੋਂ ਟੁੱਟੇ ਬੰਦੇ ਅੰਦਰ ਆਤਮ ਗਿਲਾਨੀ ਦੇ ਭਾਵ ਉਪਜਣ ਲੱਗੇ। ਜਮਾਤੀ ਚੇਤਨਾ ਤੋਂ ਵਿਛੁੰਨ ਬੰਦਾ ਇਕੱਲਤਾ ਭੋਗ ਰਿਹਾ ਹੈ, ਜਿਸ ਕਾਰਨ ਨਿਰਾਸ਼ਾ ਉਪਜਦੀ ਹੈ, ਸਿੱਟੇ ਵਜੋਂ ਪ੍ਰਾਪਤ ਯਥਾਰਥਕ/ਸਥਿਤੀਆਂ ਨਾਲ ਜੂਝਣ ਦਾ ਮਾਦਾ ਮਨਫੀ ਹੋ ਰਿਹਾ ਹੈ, ਇਸ ਸਾਲ ਦੀ ਗ਼ਜ਼ਲ ਮਨੁੱਖ ਦੀ ਗਤੀਹੀਣ ਤੇ ਸਿੱਥਲ ਹੋਂਦ ਨੂੰ ਪ੍ਰਗਟਾਉਂਦੀ ਹੀ ਨਹੀਂ, ਬਲਕਿ ਪ੍ਰਤੀਕਿਰਿਆ ਕਰਨ ਲਈ ਉਕਸਾਉਂਦੀ ਵੀ ਹੈ। ਕਲਮਾਂ ਦੇ ਵਿਚ ਕਿਉਂ ਨਾ ਸੁਲਗਣ ਹੁਣ ਅੰਗਾਰ ਵਿਚਾਰਾਂ ਦੇ।ਖੁੰਢੇ ਖੁੰਢੇ ਮੂੰਹ ਹੋ ਗਏ ਨੇ ਅਣਖ ਦੀਆਂ ਤਲਵਾਰਾਂ ਦੇ।( ਤਲਵਿੰਦਰ ਸੂਖਮ, ਦਿਲ ਦਾ ਮੌਸਮ ਪਰਤੇਗਾ) ਰੱਖੇ ਜਿਨ੍ਹਾਂ ਤਖ਼ੱਲਸ ਜੁਗਨੂੰ, ਚਰਾਗ, ਸੂਰਜ ਜਦ ਰਾਤ ਪੈਣ ਲੱਗੀ 'ਨ੍ਹੇਰੇ ਤੋਂ ਡਰ ਗਏ ਨੇ। ਤਖ਼ੱਲਸ ਰੱਖ ਕੇ ਬਾਗ਼ੀ ਦੁਚਿੱਤੀ ਵਿੱਚ ਪਿਆ ਕਾਹਤੋਂ ਡਰੇਂ ਕਿਉਂ ਕਤਲਗਾਹ ਕੋਲੋਂ ਅਗਰ ਹੈ ਮਰਨ ਦੀ ਇੱਛਾ।(ਅਜੈ ਤਨਵੀਰ, ਫਤਵਿਆਂ ਦੇ ਦੌਰ ਵਿੱਚ) ਇਸਦੇ ਬਾਵਜੂਦ ਇਹ ਦੌਰ ਉਸ ਅਨੁਭਵ ਨਾਲ ਜੁੜਿਆ ਹੈ, ਜੋ ਮਨੁੱਖ ਨੂੰ ਜੇਲ੍ਹ ਦੇ ਖਿਆਲ ਨਾਲ ਜੋੜਦਾ ਹੈ। ਅਜਿਹੀ ਘੁਟਣ ਵਿਚ ਮੁਹੱਬਤ, ਸਾਂਝ ਦਾ ਮਰਨਾ ਸੁਭਾਵਿਕ ਹੈ। ਇਹੀ ਖ਼ਿਆਲ ਮੁਹੱਬਤ ਨੂੰ 'ਬਿਨਾਂ ਖਿੜਕੀ ਵਾਲਾ ਕਮਰਾ' ਤਸੱਵਰ ਕਰਨ ਲਈ ਮਜਬੂਰ ਕਰਦੇ ਹਨ। ਸਿੱਟੇ ਵਜੋਂ ਆਪਣਾ ਘਰ ਹੀ ਕਬਰਸਤਾਨ ਮਹਿਸੂਸ ਹੁੰਦਾ ਹੈ। ਅਜਿਹੇ ਮਰਨਾਊ ਸਮਾਜ/ਮਾਹੌਲ ਵਿਚ ਮਨੁੱਖੀ ਵਿਕਾਸ ਨਾਕਾਰਾਤਮਕ ਦਿਸ਼ਾ ਵੱਲ ਰੁੜ੍ਹਨ ਲੱਗਦਾ ਹੈ। ਸਭ ਦੀ ਅਲੱਗ ਜੇਲ੍ਹ ਹੈ ਤੇ ਕੈਦ ਵੱਖ ਵੱਖ ਕਮਰੇ ਕਹਾਂ ਜਾਂ ਘਰ ਕਹਾਂ ਜਾਂ ਇੱਕ ਕਬਰਸਤਾਨ (ਸੁਖਦੀਪ ਔਜਲਾ, ਇਕ ਕਮਰੇ ਦਾ ਸ਼ਾਇਰ) ਇਸ ਸਾਲ ਦੀ ਗ਼ਜ਼ਲ ਪਾਠਕ ਨੂੰ ਸਿਆਸੀ ਤੇ ਵਿਚਾਰਧਾਰਕ ਚੇਤਨਾ ਨਾਲ ਜੋੜਦੀ ਹੈ। ਸੱਤਾ-ਧਿਰ ਲੋਕਾਂ ਨੂੰ ਸਮਾਜਿਕ ਯਥਾਰਥ ਦਾ ਭ੍ਰਮ ਸਿਰਜ ਕੇ ਸਰਗਰਮੀਆਂ ਤੋਂ ਅਵੇਸਲੇ ਕਰੀ ਰੱਖਦੀ ਹੈ, ਦੂਜੇ ਪਾਸੇ ਸਾਹਿਤਕਾਰ ਚੇਤੰਨ ਵਰਗ ਨਾਲ ਸੰਬੰਧਤ ਹੋਣ ਕਾਰਨ ਹਾਕਮ-ਧਿਰ ਦੁਆਰਾ ਫੈਲਾਏ ਭੂਮਿਕ ਯਥਾਰਥ ਨੂੰ ਤੋੜ ਕੇ ਜਨ ਸਾਧਾਰਨ ਨੂੰ ਜਾਗਰੂਕ ਕਰਦਾ ਹੈ। ਇਸ ਸਾਲ ਦੀ ਗ਼ਜ਼ਲ ਇਸ ਪੱਖ ਤੋਂ ਚੇਤੰਨ ਹੈ ਕਿ ਮੀਡੀਆਈ ਸਾਧਨਾਂ ਨੇ ਵਿਸ਼ਵੀਕਰਨ ਨੂੰ ਪ੍ਰਚਾਰਿਆ ਤੇ ਪ੍ਰਸਾਰਿਆ ਹੈ, ਸਿੱਟੇ ਵਜੋਂ ਦੁਨੀਆ ਇਕ ਮੰਚ ਉੱਤੇ ਇਕੱਤਰਤ ਹੋਣ ਲੱਗੀ ਹੈ, ਸੱਤਾ ਧਿਰ ਵੱਲੋਂ ਇਸ ਦਾ ਪ੍ਰਭਾਵ ਤਾਂ ਮਨੁੱਖੀ ਭਾਈਚਾਰਕ ਸਾਂਝ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਪਰ ਇਸ ਏਕੀਕਰਨ/ਭਾਈਚਾਰਕ ਸਾਂਝ ਦੀ ਗਰਤ ਹੇਠਾਂ ਕਈ ਹੋਰ ਸੱਭਿਆਚਾਰ, ਭਾਸ਼ਾਵਾਂ, ਖਿੱਤਿਆਂ ਦੇ ਗੌਰਵਮਈ ਅਨੁਭਵ ਨੂੰ ਹਾਸ਼ੀਏ ਵੱਲ ਧੱਕ ਦਿੱਤਾ ਜਾਂਦਾ ਹੈ। ਇਸ ਚਿੰਤਾ ਵੱਲ ਮੈਨੇਜਰ ਪਾਂਡੇ ਨੇ ਆਪਣੀ ਪੁਸਤਕ 'ਸੰਵਾਦ-ਪਰਿਸੰਵਾਦ' ਵਿਚ ਭਾਸ਼ਾ ਦੇ ਮਰਨ ਨਾਲ ਸੱਭਿਅਤਾ ਦੇ ਮਰਨ ਦੇ ਸੰਕੇਤ ਦਿੱਤੇ ਹਨ, ਇਸੇ ਤਰ੍ਹਾਂ ਪਰਮਜੀਤ ਢੀਂਗਰਾ ਨੇ ਆਪਣੇ ਲੇਖ 'ਮਰ ਰਹੀਆਂ ਮਾਤ ਭਾਸ਼ਾਵਾਂ ਤੇ ਇੱਕੀਵੀਂ ਸਦੀ' ਲੇਖ ਵਿਚ ਇਸ ਸਦੀ ਨੂੰ ਮਾਤ ਭਾਸ਼ਾ ਦੇ ਸੰਕਟ ਕਾਰਨ ਮਾਤ-ਭਾਸ਼ਾਵਾਂ ਦੀ ਸਦੀ ਕਿਹਾ ਹੈ। ਇਸ ਸੰਦਰਭ ਵਿਚ ਹੀ ਇਸ ਸਾਲ ਦੀ ਗ਼ਜ਼ਲ ਭੂਮੰਡਲੀਕਰਨ ਦੇ ਭਾਸ਼ਾਈ ਅਤੇ ਸੰਸਕ੍ਰਿਤਕ ਸਾਮਰਾਜਵਾਦ ਫੈਲਾਉਣ ਦੇ ਉਪਰਾਲਿਆਂ ਨੂੰ ਨੰਗਾ ਕਰਦੀ ਹੈ।




ਜਦੋਂ ਦੇ ਨਿਰਮਲਾ, ਰਾਵੀ ਤੇ ਸਤਲੁਜ ਫੌਂਟ ਆਏ ਨੇ,
ਕੋਈ ਨਾ ਗੌਲਦਾ ਇਸ ਦੌਰ ਵਿਚ ਕਲਮਾਂ ਦਵਾਤਾਂ ਨੂੰ।
ਤਾਰਾਂ ਤੇ ਚਿੱਠੀਆਂ ਨੂੰ ਰੋਸ ਬੜਾ ਇਸ ਗੱਲ ਦਾ
ਖਾ ਲਿਆ ਈਮੇਲਾਂ ਸਾਡਾ ਸਿਰਨਾਵਾਂ ਅੱਜ ਕੱਲ੍ਹ।(ਅਜੈ ਤਨਵੀਰ, ਫਤਵਿਆਂ ਦੇ ਦੌਰ ਵਿੱਚ)

ਇਸ ਸਾਲ ਦੀ ਗ਼ਜ਼ਲ ਦੀ ਇਕ ਸੀਮਾ ਇਹ ਹੈ ਕਿ ਪਹਿਲਾਂ ਸਥਾਪਤ ਹੋਏ ਸਾਹਿਤਕਾਰਾਂ ਦੇ ਵਿਚਾਰਾਂ ਨੂੰ ਹੂ ਬੂ ਹੂ ਆਪਣੀ ਗ਼ਜ਼ਲਕਾਰੀ ਵਿਚ ਢਾਲਣ ਦੀ ਅਸਫ਼ਲ ਕੋਸ਼ਿਸ਼ ਕੀਤੀ ਹੈ।

ਅਸਾਂ ਤਾਂ ਜਾਨ ਲਾ ਕੇ ਹੀ ਸਦਾ ਕੀਤੀ ਗ਼ਜ਼ਲਕਾਰੀ
ਜਿਗਰ ਦੀ ਰੱਤ ਦੇ ਕਤਰੇ ਨਗੀਨੇ ਵਾਂਗਰਾਂ ਜੜਦੇ।(ਅਜੈ ਤਨਵੀਰ, ਫਤਵਿਆਂ ਦੇ ਦੌਰ ਵਿਚ)
ਰੀਝ ਪੂਰੀ ਹੋ ਸਕੇ ਨਾ ਜੇ ਮੁਸ਼ੱਕਤ ਕਰਦਿਆਂ,
ਫੇਰ ਹਰ ਬੱਚੇ ਨੂੰ ਕੁਲਫ਼ੀ ਖੋਹਣ ਦਾ ਅਧਿਕਾਰ ਹੈ।(ਅਜੈ ਤਨਵੀਰ, ਫਤਵਿਆਂ ਦੇ ਦੌਰ ਵਿੱਚ)
ਪਿਆਰ ਕੋਈ ਕਬਜ਼ੇ ਦਾ ਨਾਂ ਨਹੀਂ ਇਹ ਹੈ ਸਿਰਫ਼ ਪਛਾਣ।
ਐ ਸੂਖਮ! ਤੂੰ ਇਸ਼ਕ ਦੀ ਗੱਲ ਨੂੰ ਹੋਰ ਵੀ ਗੂੜ੍ਹਾ ਜਾਣ।(ਤਲਵਿੰਦਰ ਸੂਖਮ, ਦਿਲ ਦਾ ਮੌਸਮ ਪਰਤੇਗਾ)

ਉਕਤ ਸ਼ਿਅਰਾਂ ਵਿਚ ਅਜੈ ਤਨਵੀਰ ਨੇ ਸੁਰਜੀਤ ਪਾਤਰ ਦੇ ਕਾਵਿ ਟੋਟੇ ਤੇ ਸੁਜਾਨ ਸਿੰਘ ਦੀ ਕਹਾਣੀ ਕੁਲਫ਼ੀ ਅਤੇ ਸੂਖਮ ਨੇ ਗੁਰਬਖਸ਼ ਪ੍ਰੀਤਲੜੀ ਦੇ ਵਾਰਤਕ ਵਿਚਾਰ/ਥੀਮ ਨੂੰ ਆਪਣੇ ਕਾਵਿ ਪ੍ਰਵਚਨ ਦਾ ਹਿੱਸਾ ਬਣਾਇਆ ਹੈ।ਜਿਸ ਕਾਰਨ ਉਨ੍ਹਾ ਦੀ ਆਪਣੀ ਮੌਲਿਕਤਾ ਉਪਰ ਪ੍ਰਸ਼ਨ ਚਿੰਨ੍ਹ ਲੱਗਦਾ ਹੈ। ਉਕਤ ਦੇ ਬਾਵਜੂਦ ਇਸ ਸਾਲ ਦੀ ਸਮੁੱਚੀ ਗ਼ਜ਼ਲਕਾਰੀ ਨੇ ਪੰਜਾਬੀ ਗ਼ਜ਼ਲ ਇਤਿਹਾਸ ਵਿਚ ਗੁਣਾਤਮਿਕ ਤੇ ਗਿਣਾਤਮਕ ਵਾਧਾ ਕੀਤਾ ਹੈ। ਸਮੁੱਚੇ ਸਾਰ ਤੱਤ ਵਿਚ 'ਜ਼ਖ਼ਮੀ ਡਾਰ ਪਰਿੰਦਿਆਂ ਦੀ' ਗ਼ਜ਼ਲ ਸੰਗ੍ਰਹਿ ਬਲਦੇਵ ਬੱਧਨ ਦੇ ਪਿਛਲੇ ਤੀਹ ਸਾਲਾਂ ਦਾ ਪ੍ਰਤਿਫਲ ਹੈ, ਜਿਸ ਵਿਚ ਵਿਸ਼ਵੀਕਰਨ ਦੇ ਵਿਭਿੰਨ ਪਾਸਾਰਾਂ ਨੂੰ ਉਸ ਦੀ ਗ਼ਜ਼ਲ-ਥੀਮ ਵਿੱਚੋਂ ਵੇਖਿਆ ਜਾ ਸਕਦਾ ਹੈ। ਗੁਰਦੀਪ ਸੈਣੀ ਦਾ ਗ਼ਜ਼ਲ ਸੰਗ੍ਰਹਿ 'ਔੜ' ਤੇ 'ਬਰਸਾਤ' ਵਿਸ਼ਵੀਕਰਨ ਦੀਆਂ ਮਰਨਾਊ ਗਰਤਾਂ ਹੇਠ ਦੱਬੇ ਅਹਿਸਾਸੀ ਬੀਜਾਂ ਉਪਰ ਬਰਸਾਤ ਦੀ ਉਡੀਕ ਜਾਪਦਾ ਹੈ। ਅਵਤਾਰ ਮਾਨ ਦਾ ਪਾਣੀ 'ਤੇ ਮੂਰਤ ਵਿਸ਼ਵੀਕਰਨ ਦੇ ਦੌਰ ਵਿਚ ਬੰਦੇ ਦੇ ਡੋਲਦੇ ਈਮਾਨ ਅਤੇ ਅਸਥਿਰ ਸਮੇਂ ਵਿਚ ਬੰਦੇ ਦੇ ਅਡੋਲ ਰਹਿਣ ਦੀ ਗੁਹਾਰ ਪ੍ਰਤੀਤ ਹੁੰਦਾ ਹੈ। ਇਸੇ ਪ੍ਰਭਾਵ ਸਦਕਾ ਹੀ ਤਲਵਿੰਦਰ ਸੂਖਮ 'ਮਨ ਦਾ ਮੌਸਮ ਪਰਤੇਗਾ' ਵਿਚ ਗਲੋਬਲੀ ਯੁੱਗ ਵਿਚ ਬੰਦੇ ਦੀ ਬਾਹਰੀ ਸਥਿਤੀਆਂ ਪ੍ਰਸਥਿਤੀਆਂ ਤੋਂ ਨਿਰਾਸ਼, ਟੁੱਟਣ-ਭੱਜਣ ਤੋਂ ਬਾਅਦ ਆਂਤਰਿਕ ਚੇਤਨਾ/ਮਨੋ ਚੇਤਨਾ ਵੱਲ ਖਿਸਕਣ ਦੀ ਇੱਛਾ ਜਾਪਦੀ ਹੈ, ਜਿਸ ਵਿਚ ਉਹ ਮੌਜੂਦਾ ਸਮੇਂ ਤੋਂ ਅਸੰਤੁਸ਼ਟ ਜਾਪਦਾ ਹੈ ਤੇ ਕਿਸੇ ਹੋਰ ਮੌਸਮ ਦੇ ਪਰਤਣ ਦੀ ਉਡੀਕ ਕਰਦਾ ਹੈ। ਸੁਖਦੀਪ ਔਜਲਾ ਗੋਲਬਲੀ ਪ੍ਰਭਾਵ ਕਾਰਨ ਹੀ ਇਕੋ ਕਮਰੇ ਨੂੰ ਵਿਸ਼ਵ ਪਿੰਡ ਦੇ ਬਰਾਬਰ ਦਾ ਖਿਆਲ ਕਰਦਾ ਹੈ, ਇੱਥੋਂ ਹੀ ਉਹ ਬਿਲਕੁਲ ਨਵੀਂ-ਨਿਵੇਕਲੀ ਕਾਵਿ-ਬਿੰਬ-ਯੋਗਤਾ ਨਾਲ ਆਪਣੇ ਸਵੈ ਦੀ ਪਛਾਣ ਕਰਾਉਂਦਾ ਹੈ। ਵਿਸ਼ਵੀ ਨੀਤੀਆਂ ਦੇ ਕੱਚ ਸੱਚ ਵਿੱਚੋਂ ਹੀ ਉਸ ਦੇ ਘਰ ਵਿਚਲੇ ਕਮਰੇ ਦਾ ਜਨਮ ਹੁੰਦਾ ਹੈ ਤੇ ਇਹੀ ਕਮਰਾ ਉਸ ਦੀ ਪਛਾਣ ਬਣਦਾ ਹੈ। ਅਜੈ ਤਨਵੀਰ ਨੇ ਇਸੇ ਯੁੱਗ ਨੂੰ 'ਫਤਵਿਆਂ ਦਾ ਦੌਰ' ਕਿਹਾ ਹੈ, ਇਸ ਪੁਸਤਕ ਵਿਚਸ਼ਾਮਲ ਉਸ ਦੀ ਸਮੁੱਚੀ ਗ਼ਜ਼ਲ ਵਿਸ਼ਵੀ ਵਰਤਾਰੇ ਦੀ ਹਿੱਕ 'ਚ ਵੱਜਣ ਦੀ ਲੋਚਾ ਹੈ, ਇਸੇ ਕਾਰਨ ਉਹ ਧਰਤੀ 'ਤੇ ਰੇਂਗਦੀ ਮਨੁੱਖਤਾਨੂੰ ਵਾਰ-ਵਾਰ ਸੱਤਾ-ਧਿਰ/ਵਿਰੋਧੀ ਧਿਰ ਨਾਲ ਟਕਰਾਉਣ ਦੀ ਗੱਲ ਕਰਦਾ ਹੈ। ਉਸ ਕੋਲ ਮੀਡੀਆਈ ਸਾਧਨਾਂ ਦੁਆਰਾ ਖਾਧੀ ਤੇ ਹਾਸ਼ੀਏ 'ਤੇ ਧੱਕੀ ਭਾਸ਼ਾ, ਪ੍ਰੰਪਰਾ ਦੀ ਸੋਝੀ ਵੀ ਹੈ। ਇਸ ਸਾਲ ਪੰਜਾਬੀ ਗ਼ਜ਼ਲ ਸੰਬੰਧੀ ਹੋਇਆ ਸੈਮੀਨਾਰ ਵੀ ਪੰਜਾਬੀ ਗ਼ਜ਼ਲ ਨੂੰ ਮੁਕੰਮਲ ਸਾਹਿਤ ਰੂਪ ਵਜੋਂ ਸਵੀਕਾਰ ਕੇ ਚੱਲਦਾ ਹੈ। ਕੁੱਲ ਮਿਲਾ ਕੇ ਇਸ ਸਾਲ ਦੀ ਪੰਜਾਬੀ ਗ਼ਜ਼ਲ ਕਿਸੇ ਵੀ ਤਰ੍ਹਾਂ ਦੇ ਸਰੋਕਾਰ ਨੂੰ ਚਿਤਰਣ ਤੱਕ ਹੀ ਸੀਮਿਤ ਨਹੀਂ, ਬਲਕਿ ਉਸ ਵਰਤਾਰੇ ਦੇ ਆਰ ਪਾਰ ਤੇ ਆਸ-ਪਾਸ ਫੈਲੀ ਹਰੇਕ ਤਰ੍ਹਾਂ ਦੀ ਸਥਿਤੀ ਨੂੰ ਚੇਤੰਨ ਹੋ ਕੇ ਪੇਸ਼ ਕਰਦੀ ਹੈ।

*ਸੰਪਰਕ-99887-46178*

# ਮਿੰਨੀ ਕਹਾਣੀ : ਪ੍ਰਾਪਤੀਆਂ, ਸੰਭਾਵਨਾਵਾਂ ਤੇ ਚੁਣੌਤੀਆਂ

ਜਗਦੀਸ਼ ਰਾਏ ਕੁਲਰੀਆਂ

ਸਾਲ 2024 ਦੇ ਸਾਹਿਤਕ ਸੰਸਾਰ ਦੀਆਂ ਘਟਨਾਵਾਂ ਨੂੰ ਵਾਚਦੇ ਹੋਏ ਜੇਕਰ ਪੰਜਾਬੀ ਮਿੰਨੀ ਕਹਾਣੀ ਦਾ ਮੁਲਾਂਕਣ ਕਰੀਏ ਤਾਂ ਨਿਸ਼ਚੇ ਹੀ ਇਹ ਵਰ੍ਹਾ ਇਸ ਵਿਧਾ ਲਈ ਜਿੱਥੇ ਤਸੱਲੀਬਖ਼ਸ਼ ਕਿਹਾ ਜਾ ਸਕਦਾ ਹੈ, ਉਥੇ ਕਈ ਨਵੀਂ ਤਰ੍ਹਾਂ ਦੀਆਂ ਚੁਣੌਤੀਆਂ ਵੀ ਇਸ ਸਾਹਮਣੇ ਮੂੰਹ ਅੱਡੀ ਖੜ੍ਹੀਆਂ ਹਨ।

ਇਸ ਵਰ੍ਹੇ ਦੀ ਮੁੱਖ ਪ੍ਰਾਪਤੀ ਦੀ ਜੇਕਰ ਗੱਲ ਕਰੀਏ ਤਾਂ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਵੱਲੋਂ ਪੰਜਾਬੀ ਮਿੰਨੀ ਕਹਾਣੀ ਨੂੰ ਐੱਮ.ਏ. (ਤੀਜਾ ਸਮੈਸਟਰ) ਦੇ ਪਾਠਕ੍ਰਮ ਦਾ ਹਿੱਸਾ ਬਣਾ ਲਿਆ ਹੈ। ਇਸ ਵਿਚ ਤਿੰਨ ਸੰਪਾਦਿਤ ਕਿਤਾਬਾਂ 'ਵੀਹਵੀਂ ਸਦੀ ਪ੍ਰਤੀਨਿਧ ਪੰਜਾਬੀ ਮਿੰਨੀ ਕਹਾਣੀ' (ਸੰ: ਡਾ. ਸ਼ਿਆਮ ਸੁੰਦਰ ਦੀਪਤੀ, ਸ਼ਿਆਮ ਸੁੰਦਰ ਅਗਰਵਾਲ ਤੇ ਬਿਕਰਮਜੀਤ ਨੂਰ), 'ਕੁੱਜੇ ਵਿਚ ਸਮੁੰਦਰ' (ਸੰ: ਡਾ. ਸਰਬਜੀਤ ਕੌਰ ਸੋਹਲ) ਤੇ 'ਮਿੰਨੀ ਕਥਾਵਾਂ ਦੇ ਅੰਗ ਸੰਗ' (ਸੰ: ਡਾ. ਕੁਲਦੀਪ ਸਿੰਘ) ਨੂੰ ਸ਼ਾਮਲ ਕੀਤਾ ਗਿਆ ਹੈ। ਇਹਨਾਂ ਕਿਤਾਬਾਂ ਦੇ ਜ਼ਰੀਏ ਪੰਜਾਬੀ ਮਿੰਨੀ ਕਹਾਣੀ ਦੇ ਬਹੁਤ ਸਾਰੇ ਨਵੇਂ-ਪੁਰਾਣੇ ਲੇਖਕਾਂ ਦੀਆਂ ਰਚਨਾਵਾਂ ਵਿਦਿਆਰਥੀ ਪੜ੍ਹ ਸਕਣਗੇ। ਇਸ ਸਾਲ ਦੌਰਾਨ ਮਿੰਨੀ ਕਹਾਣੀ ਦੀਆਂ ਲੱਗਭੱਗ ਦੋ ਦਰਜਨ ਦੇ ਕਰੀਬ ਮੌਲਿਕ, ਸੰਪਾਦਿਤ, ਆਲੋਚਨਾ ਤੇ ਅਨੁਵਾਦਿਤ ਕਿਤਾਬਾਂ ਸਾਡੇ ਸਾਹਮਣੇ ਆਉਂਦੀਆਂ ਹਨ, ਜੋ ਕਿ ਇਸ ਵਿਧਾ ਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਸੰਵਾਦ ਨੂੰ ਅੱਗੇ ਤੋਰਨ ਵਿਚ ਪਹਿਲਕਦਮੀ ਕਰਦੀਆਂ ਹਨ। ਡਾ. ਸ਼ਿਆਮ ਸੁੰਦਰ ਦੀਪਤੀ ਪੰਜਾਬੀ ਮਿੰਨੀ ਕਹਾਣੀ ਦੇ ਪ੍ਰੌੜ੍ਹ ਹਸਤਾਖਰ ਹਨ ਅਤੇ ਇਸ ਸਾਲ ਵਿਚ ਇਨ੍ਹਾਂ ਦੇ ਦੋ ਮੌਲਿਕ ਮਿੰਨੀ ਕਹਾਣੀ ਸੰਗ੍ਰਹਿ 'ਸੁਕਰਾਤ ਦੀ ਪੇਸ਼ੀ' ਅਤੇ 'ਮਨਮਰਜ਼ੀ ਦੇ ਦਿਨ' ਪ੍ਰਕਾਸ਼ਿਤ ਹੋ ਕੇ ਸਾਡੇ ਸਾਹਮਣੇ ਆਉਂਦੇ ਹਨ। ਮਿੰਨੀ ਕਹਾਣੀ ਨਾਲ ਡਾ. ਦੀਪਤੀ ਦੀ ਪ੍ਰਤੀਬੱਧਤਾ ਕਿਸੇ ਤੋਂ ਛੁਪੀ ਨਹੀਂ ਹੈ, ਚਾਹੇ ਉਹ ਇਕ ਸਿਰਜਕ ਦੇ ਰੂਪ ਵਿਚ ਹੋਵੇ, ਚਾਹੇ ਆਲੋਚਕ ਜਾਂ ਸੰਪਾਦਕ ਦੇ ਰੂਪ ਵਿਚ। ਲੱਗਭੱਗ ਪਿਛਲੇ ਪੰਜ ਦਹਾਕਿਆਂ ਤੋਂ ਇਨ੍ਹਾਂ ਦੇ ਸਮੁੱਚੇ ਕਾਰਜ ਨੂੰ ਇਸੇ ਸੰਦਰਭ ਵਿਚ ਵਾਚਿਆ ਜਾ ਸਕਦਾ ਹੈ। ਇਨ੍ਹਾਂ ਦੀਆਂ ਰਚਨਾਵਾਂ ਵਿੱਚੋਂ ਸਮੇਂ ਦੇ ਹਿਸਾਬ ਨਾਲ ਆਏ ਬਦਲਾਵਾਂ ਨੂੰ ਬਾਖ਼ੂਬੀ ਦੇਖਿਆ ਜਾ ਸਕਦਾ ਹੈ। ਉਹ ਚਾਹੇ ਵਿਸ਼ਾ ਪੱਖ ਤੋਂ ਹੋਵੇ ਜਾਂ ਰੂਪਕ ਪੱਖ ਤੋਂ। ਮਿੰਨੀ ਕਹਾਣੀ ਲਈ ਬਣਾਈਆਂ ਕਈ ਧਾਰਨਾਵਾਂ ਦੀ ਮਿੱਥ ਨੂੰ ਜੇ ਕੁਝ ਲੇਖਕਾਂ ਨੇ ਤੋੜਿਆ ਹੈ ਤਾਂ ਉਸ ਵਿਚ ਡਾ. ਦੀਪਤੀ ਨਾਂਅ ਵੀ ਸ਼ਾਮਲ ਹੈ। ਇਹਨਾਂ ਪੁਸਤਕਾਂ ਦੀਆਂ ਰਚਨਾਵਾਂ ਮਿੰਨੀ ਵੀ ਹਨ ਤੇ ਉਹਨਾਂ ਵਿਚ ਕਹਾਣੀ ਵੀ ਹੈ।




ਬਿਕਰਮਜੀਤ ਨੂਰ 'ਕੁੱਝ ਨਵਾਂ' ਨਾਮਕ ਮਿੰਨੀ ਕਹਾਣੀ ਸੰਗ੍ਰਹਿ ਨਾਲ ਦਸਤਕ ਦਿੰਦੇ ਹਨ, ਇਹ ਉਨ੍ਹਾਂ ਦਾ ਦਸਵਾਂ ਮਿੰਨੀ ਕਹਾਣੀ ਸੰਗ੍ਰਹਿ ਹੈ। ਉਹ ਮਿੰਨੀ ਕਹਾਣੀ ਦੇ ਮੁੱਢਲੇ ਦੌਰ ਦਾ ਪਾਂਧੀ ਹੈ ਤੇ ਇਸ ਵਿਧਾ ਵਿਚ ਨਿਰੰਤਰ ਕਾਰਜਸ਼ੀਲ ਹੈ। ਇਸ ਸੰਗ੍ਰਹਿ ਜ਼ਰੀਏ ਇਨ੍ਹਾਂ ਦੀ ਮਿੰਨੀ ਕਹਾਣੀ ਇਕ ਕਦਮ ਹੋਰ ਅੱਗੇ ਤੁਰਦੀ ਹੈ। ਬਹੁਤ ਘੱਟ ਲੇਖਕ ਹੁੰਦੇ ਹਨ, ਜੋ ਗਿਣਾਤਮਕ ਵਾਧੇ ਦੇ ਨਾਲ-ਨਾਲ ਗੁਣਾਤਮਕ ਪੱਖ ਨੂੰ ਵੀ ਬਣਾ ਕੇ ਰੱਖ ਸਕਣ, ਪਰ ਨੂਰ ਦੀਆਂ ਰਚਨਾਵਾਂ 'ਤੇ ਇਹ ਗੱਲ ਲਾਗੂ ਨਹੀਂ ਹੁੰਦੀ। ਇਨ੍ਹਾਂ ਦੀਆਂ ਮਿੰਨੀ ਕਹਾਣੀਆਂ ਜਿੱਥੇ ਆਮ ਮਨੁੱਖ ਦੀ ਬੇਬੱਸੀ ਦੀ ਗਾਥਾ ਨੂੰ ਬਿਆਨਦੀਆਂ ਹਨ, ਉੱਥੇ ਅੰਧਵਿਸ਼ਵਾਸਾਂ ਦੇ ਮੱਕੜ ਜਾਲ ਵਿਚ ਫਸੀ ਜਨਤਾ ਦੀ ਦਸ਼ਾ ਤੇ ਦਿਸ਼ਾ ਨੂੰ ਵੀ ਪ੍ਰਸਤੁਤ ਕਰਦੀਆਂ ਹਨ। ਵਿਸ਼ਵੀਕਰਨ ਦੇ ਦੌਰ ਵਿਚ ਖੰਡਿਤ ਹੋ ਰਹੇ ਮਨੁੱਖ ਦੀ ਮਾਨਸਿਕਤਾ ਨੂੰ ਚਿਤਰਣ ਦਾ ਯਤਨ ਕਰਦੀਆਂ ਹਨ। ਇਸ ਪੁਸਤਕ ਦਾ ਇੱਕ ਹੋਰ ਮਹੱਤਵਪੂਰਨ ਪੱਖ ਪਰਵਾਸ ਨਾਲ ਸੰਬੰਧਤ ਰਚਨਾਵਾਂ ਦਾ ਹੈ, ਜੋ ਇਸ ਦੇ ਵਿਭਿੰਨ ਪਹਿਲੂਆਂ ਨੂੰ ਬਾਖ਼ੂਬੀ ਉਜਾਗਰ ਕਰਦੀਆਂ ਹਨ।

ਡਾ. ਹਰਪ੍ਰੀਤ ਸਿੰਘ ਰਾਣਾ ਵੀ ਲਗਾਤਾਰ ਇਸ ਵਿਧਾ ਵਿਚ ਸਰਗਰਮ ਹਨ। ਇਸ ਸਾਲ ਇਨ੍ਹਾਂ ਦੀ ਸਰਗਰਮੀ ਦਾ ਪਤਾ ਤਿੰਨ ਪੁਸਤਕਾਂ ਤੋਂ ਲੱਗਦਾ ਹੈ। ਜਿਸ ਵਿਚ ਇਨ੍ਹਾਂ ਦੇ ਮਿੰਨੀ ਕਹਾਣੀ ਸੰਗ੍ਰਹਿ 'ਚੌਥਾ ਮਹਾਂਯੁੱਧ' ਦਾ ਦੂਸਰਾ ਐਡੀਸ਼ਨ ਪ੍ਰਕਾਸ਼ਿਤ ਹੋਇਆ ਹੈ। ਡਾ. ਰਾਣਾ ਵੱਲੋਂ 'ਡਾ. ਅਮਰ ਕੋਮਲ ਵੱਲੋਂ ਮਿੰਨੀ ਕਹਾਣੀ ਦਾ ਕਥਾ ਸ਼ਾਸ਼ਤਰ ਅਤੇ ਸਮਾਲੋਚਨਾ' ਪੁਸਤਕ ਦਾ ਸੰਪਾਦਨ ਕੀਤਾ ਗਿਆ ਹੈ। ਡਾ. ਅਮਰ ਕੋਮਲ ਵੱਲੋਂ 1995 ਵਿਚ 'ਮਿੰਨੀ ਕਹਾਣੀ ਦਾ ਕਥਾ ਸ਼ਾਸ਼ਤਰ' ਨਾਂਅ ਦੀ ਕਿਤਾਬ ਲਿਖੀ ਗਈ ਸੀ ਅਤੇ ਉਨ੍ਹਾਂ ਵੱਲੋਂ ਪਿਛਲੇ ਕਈ ਸਾਲ੍ਹਾਂ ਤੋਂ ਮਿੰਨੀ ਕਹਾਣੀਆਂ ਦੀ ਸਮਾਲੋਚਨਾ ਕੀਤੀ ਜਾ ਰਹੀ ਸੀ। ਡਾ. ਹਰਪ੍ਰੀਤ ਸਿੰਘ ਰਾਣਾ ਵੱਲੋਂ ਇਨ੍ਹਾਂ ਵੱਲੋਂ ਕੀਤੀ 52 ਲੇਖਕਾਂ ਦੀਆਂ 52 ਮਿੰਨੀ ਕਹਾਣੀਆਂ ਦੀ ਸਮਾਲੋਚਨਾ ਨੂੰ ਰਚਨਾਵਾਂ ਦੇ ਮੂਲ ਪਾਠ ਸਮੇਤ ਵੀ ਇਸ ਪੁਸਤਕ ਵਿਚ ਸ਼ਾਮਲ ਕੀਤਾ ਹੈ। ਮਿੰਨੀ ਕਹਾਣੀ ਨੂੰ ਸਮਝਣ ਅਤੇ ਪਰਖਣ ਲਈ ਇਹ ਇਕ ਬਹੁਉਪਯੋਗੀ ਪੁਸਤਕ ਬਣ ਗਈ ਹੈ। ਡਾ. ਰਾਣਾ ਵੱਲੋਂ ਸੰਪਾਦਿਤ 'ਤ੍ਰਿਪਤ ਭੱਟੀ ਦੀਆਂ ਪ੍ਰਤੀਨਿਧ ਮਿੰਨੀ ਕਹਾਣੀਆਂ' ਪੁਸਤਕ ਦਾ ਹਿੰਦੀ ਅਨੁਵਾਦ ਹਰਦੀਪ ਸੱਭਰਵਾਲ ਵੱਲੋਂ 'ਤ੍ਰਿਪਤ ਭੱਟੀ ਕੀ ਸ਼੍ਰੇਸ਼ਠ ਲਘੂਕਥਾਏਂ' ਨਾਂਅ ਨਾਲ ਕੀਤਾ ਗਿਆ ਹੈ।

ਦਰਸ਼ਨ ਸਿੰਘ ਬਰੇਟਾ ਆਪਣੇ ਮੌਲਿਕ ਮਿੰਨੀ ਕਹਾਣੀ ਸੰਗ੍ਰਹਿ 'ਰੂਹ ਦੀਆਂ ਤੰਦਾਂ' ਨਾਲ ਸਾਂਝ ਪਾਉਂਦੇ ਹਨ। ਇਸ ਵਿਚ ਲੇਖਕ ਦੀਆਂ 32 ਮਿੰਨੀ ਕਹਾਣੀਆਂ ਹਨ। ਇਸ ਤੋਂ ਪਹਿਲਾਂ ਵੀ ਇਨ੍ਹਾਂ ਦਾ ਇਕ ਮਿੰਨੀ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕਿਆ ਹੈ। ਬਰੇਟਾ ਦੀਆਂ ਮਿੰਨੀ ਕਹਾਣੀਆਂ ਕਥਾ ਰਸ ਭਰਪੂਰ ਅਤੇ ਸੰਵਾਦ ਸ਼ੈਲੀ ਵਿਚ ਸਿਰਜੀਆਂ ਹੁੰਦੀਆਂ ਹਨ। ਪਿੱਛਲਝਾਤ ਵਿਧੀ ਰਾਹੀਂ ਕਥਾ ਦੀ ਬੁਣਤੀ ਬੁਨਣੀ ਇਨ੍ਹਾਂ ਦੀ ਕਥਾਕਾਰੀ ਦਾ ਇਕ ਹੋਰ ਗੁਣ ਹੈ। ਪੁਸਤਕ ਵਿਚਲੀਆਂ ਮਿੰਨੀ ਕਹਾਣੀਆਂ ਚਲੰਤ ਮਸਲਿਆਂ ਦੇ ਸਨਮੁੱਖ ਮਨੁੱਖ ਦੀ ਹੋਣੀ ਨੂੰ ਬਿਆਨਦੀਆਂ ਹਨ।




ਪੰਜਾਬੀ ਮਿੰਨੀ ਕਹਾਣੀ ਵਿਚ ਜਦੋਂ ਨਾਰੀ ਲੇਖਿਕਾਵਾਂ ਦੀ ਗੱਲ ਕਰਦੇ ਹਾਂ ਤਾਂ ਉਂਗਲਾਂ 'ਤੇ ਗਿਣਨ ਜੋਗੇ ਹੀ ਨਾਂਅ ਜ਼ਿਹਨ ਵਿਚ ਆਉਂਦੇ ਹਨ। ਮੁੱਢਲੇ ਦੌਰ ਵਿਚ ਸਵ. ਅਨਵੰਤ ਕੌਰ, ਸ਼ਰਨ ਮੱਕੜ, ਰਾਜਿੰਦਰ ਕੌਰ ਵੰਤਾ ਤੇ ਬਲਵੰਤ ਕੌਰ ਚਾਂਦ ਵਰਗੀਆਂ ਨਾਰੀ ਲੇਖਿਕਾਵਾਂ ਦੀਆਂ ਰਚਨਾਵਾਂ ਪੜ੍ਹਨ ਨੂੰ ਮਿਲਦੀਆਂ ਹਨ। ਇਨ੍ਹਾਂ ਨੇ ਇਸ ਵਿਧਾ ਦੇ ਵਿਕਾਸ ਲਈ ਵੀ ਯਤਨ ਕੀਤੇ। ਇਸ ਤੋਂ ਬਾਅਦ ਇਕ ਖੜੋਤ ਤੋਂ ਬਾਅਦ ਸ੍ਰੀਮਤੀ ਰਾਜਦੇਵ ਕੌਰ ਸਿੱਧੂ, ਅਮਰਜੀਤ ਕੌਰ ਹਰੜ, ਡਾ. ਹਰਜਿੰਦਰ ਪਾਲ ਕੌਰ ਕੰਗ, ਮਨਪ੍ਰੀਤ ਕੌਰ ਭਾਟੀਆ ਆਦਿ ਇਸ ਪਾਸੇ ਵੱਲ ਆਈਆਂ, ਪਰ ਮੌਜੂਦਾ ਸਮੇਂ ਵਿਚ ਇਸ ਖੇਤਰ ਵਿਚ ਨਾਰੀ ਲੇਖਿਕਾਵਾਂ ਦੀ ਕਤਾਰ ਲੰਬੀ ਹੋ ਗਈ ਹੈ। ਵੱਡੀ ਗੱਲ ਇਹ ਹੈ ਕਿ ਇਨ੍ਹਾਂ ਦੀਆਂ ਰਚਨਾਵਾਂ ਨੇ ਮਿਆਰ ਪੱਖੋਂ ਵੀ ਧਿਆਨ ਖਿੱਚਿਆ ਹੈ। ਅਜਿਹੀਆਂ ਹੀ ਲੇਖਿਕਾਵਾਂ ਵਿੱਚੋਂ ਇਕ ਨਾਂਅ ਮੈਡਮ ਸੀਮਾ ਵਰਮਾ ਦਾ ਹੈ। ਜਿਨ੍ਹਾਂ ਨੂੰ ਮਿੰਨੀ ਕਹਾਣੀ ਲਿਖਣ ਦੀ ਸਮਝ ਹੈ ਤੇ ਉਹ ਇਸ ਦੇ ਰੂਪ ਵਿਧਾਨ ਨੂੰ ਧਿਆਨ ਵਿਚ ਰੱਖ ਕੇ ਸਿਰਜਣਾ ਕਰਦੇ ਹਨ। ਇਹ ਆਪਣੇ ਪਲੇਠੇ ਮਿੰਨੀ ਕਹਾਣੀ ਸੰਗ੍ਰਹਿ 'ਠੰਢੀ ਅੱਗ' ਰਾਹੀਂ ਪਾਠਕਾਂ ਦੇ ਸਨਮੁੱਖ ਹੁੰਦੇ ਹਨ। ਇਸੇ ਹੀ ਕਤਾਰ ਵਿਚ ਅਗਲਾ ਇਕ ਨਾਂਅ ਹਰਿਆਣੇ ਵਿਚ ਵਸਦੀ ਲੇਖਿਕਾ ਬਲਜੀਤ ਕੌਰ ਦਾ ਹੈ। 'ਉਹ ਜ਼ਰੂਰ ਪਰਤੇਗੀ' ਮੌਲਿਕ ਮਿੰਨੀ ਕਹਾਣੀ ਸੰਗ੍ਰਹਿ ਰਾਹੀਂ ਉਹ ਵੀ ਇਸੇ ਸਾਲ ਪਿੜ ਵਿਚ ਸ਼ਾਮਲ ਹੁੰਦੇ ਹਨ। ਇਸ ਸੰਗ੍ਰਹਿ ਦੀ ਚੰਗੀ ਗੱਲ ਇਹ ਹੈ ਕਿ ਇਸ ਦੀਆਂ ਬਹੁਤੀਆਂ ਰਚਨਾਵਾਂ ਵਿਧਾ ਦੇ ਮਾਪਦੰਡਾਂ 'ਤੇ ਖ਼ਰਾ ਉਤਰਨ ਦੀ ਸਮਰੱਥਾ ਰੱਖਦੀਆਂ ਹਨ। ਕੁਝ ਰਚਨਾਵਾਂ ਭਾਵੇਂ ਵਿਧਾਨਕ ਚੌਖਟੇ ਤੋਂ ਬਾਹਰ ਜਾਂਦੀਆਂ ਦਿਖਾਈ ਦਿੰਦੀਆਂ ਹਨ, ਪਰ ਉਹਨਾਂ ਦੀ ਗਿਣਤੀ ਘੱਟ ਹੈ। ਲੇਖਿਕਾ ਨੂੰ ਕਹਾਣੀ ਦੀ ਬੁਣਤੀ ਬੁਣਨ ਦੀ ਜਾਚ ਹੈ। ਉਹ ਸੰਵਾਦ ਸ਼ੈਲੀ ਨਾਲ ਪਾਠਕ ਦੇ ਮਨ ਵਿਚ ਜਗਿਆਸਾ ਪੈਦਾ ਕਰਕੇ ਉਸ ਨੂੰ ਰਚਨਾ ਦੇ ਨਾਲ ਤੋਰਨ ਵਿਚ ਕਾਮਯਾਬ ਹੁੰਦੀ ਹੈ। ਬਹੁਤੀਆਂ ਰਚਨਾਵਾਂ ਵਿਚ 'ਮੈਂ' ਪਾਤਰ ਵਜੋਂ ਉਸ ਦੀ ਉਪਸਥਿਤੀ ਪਾਠਕ ਨੂੰ ਰੜਕਦੀ ਨਹੀਂ, ਬਲਕਿ ਘਟਨਾ ਦ੍ਰਿਸ਼ ਨੂੰ ਸਹੀ ਸਾਕਾਰ ਕਰਨ ਵਿਚ ਸਹਾਈ ਹੁੰਦੀ ਹੈ। ਸੰਵਾਦਾਂ ਲਈ ਵਰਤੀ ਭਾਸ਼ਾ ਮਲਵਈ ਰੰਗਤ ਵਾਲੀ ਹੈ। ਨਾਰੀ ਲੇਖਿਕਾਵਾਂ ਵਿਚ ਹੀ ਡਾ. ਰਵਿੰਦਰ ਕੌਰ ਭਾਟੀਆ 'ਕਰਿਸ਼ਮਾ' ਅਤੇ ਰਜਨੀ 'ਕੂਲੇ ਕੰਡੇ' ਪੁਸਤਕਾਂ ਜ਼ਰੀਏ ਆਪਣੀ ਹਾਜ਼ਰੀ ਲਵਾਉਣ ਵਿਚ ਕਾਮਯਾਬ ਰਹਿੰਦੀਆਂ ਹਨ।




ਪੰਜਾਬੀ ਦੇ ਸਰਬਾਂਗੀ ਲੇਖਕ ਰਣਜੀਤ ਆਜ਼ਾਦ ਕਾਂਝਲਾ 'ਅਰਸ਼ ਦੇ ਤਾਰੇ' ਪੁਸਤਕ ਰਾਹੀਂ ਇਸ ਸਾਲ ਵਿਚ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਉਂਦੇ ਹਨ। ਭਾਵੇਂ ਕਾਂਝਲਾ ਲੰਬੇ ਸਮੇਂ ਤੋਂ ਇਸ ਵਿਧਾ ਦੀ ਸਿਰਜਣਾ ਕਰ ਰਹੇ ਹਨ, ਪਰ ਪੁਸਤਕ ਰੂਪ ਵਿਚ ਇਸ ਸਾਲ ਹੀ ਪੇਸ਼ ਹੁੰਦੇ ਹਨ। ਇਨ੍ਹਾਂ ਦੀਆਂ ਮਿੰਨੀ ਕਹਾਣੀਆਂ ਮਨੁੱਖ ਦੇ ਦੰਭੀ ਕਿਰਦਾਰ ਅਤੇ ਅੰਧ-ਵਿਸ਼ਵਾਸਾਂ 'ਤੇ ਸਵਾਲ ਖੜੇ ਕਰਦੀਆਂ ਹਨ। ਪਰਗਟ ਸਿੰਘ ਜੰਬਰ ਨਿਰੰਤਰ ਲਿਖਣ ਵਾਲਾ ਲੇਖਕ ਹੈ। 'ਖੂਹ ਦੀ ਆਵਾਜ਼' ਉਨ੍ਹਾਂ ਦਾ ਦੂਸਰਾ ਸੰਗ੍ਰਹਿ ਹੈ। ਜੰਬਰ ਆਪਣੇ ਆਲੇ-ਦੁਆਲੇ ਦੀਆਂ ਘਟਨਾਵਾਂ ਨੂੰ ਬਾਰੀਕਬੀਨੀ ਨਾਲ ਦੇਖਦੇ ਹੋਏ ਉਹਨਾਂ ਨੂੰ ਆਪਣੇ ਵਿਸ਼ਿਆਂ ਦਾ ਅਧਾਰ ਬਣਾਉਂਦਾ ਹੈ। ਸੁਰਿੰਦਰ ਮਕਸੂਦਪੁਰੀ 'ਜੀਵਨ ਜੜ੍ਹਾਂ' ਪੁਸਤਕ ਰਾਹੀਂ ਪਾਠਕਾਂ ਨਾਲ ਸਾਂਝ ਪਾਉਂਦੇ ਹਨ, ਇਹ ਇਨ੍ਹਾਂ ਦਾ ਤੀਸਰਾ ਮਿੰਨੀ ਕਹਾਣੀ ਸੰਗ੍ਰਹਿ ਹੈ। ਮਕਸੂਦਪੁਰੀ ਦੀਆਂ ਮਿੰਨੀ ਕਹਾਣੀਆਂ ਇੱਕ ਆਦਰਸ਼ ਸਿਰਜਦੀਆਂ ਹੋਈਆਂ ਪਾਠਕਾਂ ਲਈ ਰਾਹ-ਦਸੇਰਾ ਬਣ ਕੇ ਉਸ ਦੀ ਸੋਚ ਨੂੰ ਹਲੂਣਾ ਦੇਣ ਦਾ ਸਾਰਥਿਕ ਯਤਨ ਕਰਦੀਆਂ ਹੋਈਆਂ ਸਾਹਿਤ ਦੇ ਲੋਕ ਪੱਖੀ ਹੋਣ ਦੇ ਮਕਸਦ ਨੂੰ ਰੂਪਮਾਨ ਕਰਦੀਆਂ ਹਨ।




ਨੌਜਵਾਨ ਲੇਖਕਾਂ ਵਿੱਚੋਂ ਕੁਲਵਿੰਦਰ ਕੁਮਾਰ 'ਵਿਹੜੇ ਵਾਲਾ ਨਿੰਮ', ਸੁਖਵਿੰਦਰ ਦਾਨਗੜ੍ਹ 'ਕੁੱਜੇ 'ਚ ਦਰਿਆ' ਅਤੇ ਐਡਵੋਕੇਟ ਹਰਦੀਪ ਸਿੰਘ ਭੱਟੀ 'ਮਾਧੋ' ਪੁਸਤਕਾਂ ਨਾਲ ਪਾਠਕਾਂ ਦੇ ਦਿਲ ਵਿਚ ਉਤਰਨ ਦਾ ਯਤਨ ਕਰਦੇ ਹਨ। ਨੌਜਵਾਨ ਲੇਖਕਾਂ ਦਾ ਇਸ ਵਿਧਾ ਵੱਲ ਰੁਚਿਤ ਹੋਣਾ ਇਕ ਚੰਗਾ ਸ਼ਗਨ ਹੈ। ਵਿਸ਼ੇ ਪੱਖੋਂ ਨੌਜਵਾਨਾਂ ਦੀਆਂ ਰਚਨਾਵਾਂ ਦਾ ਨਵਾਂਪਣ ਧਿਆਨ ਖਿੱਚਦਾ ਹੈ। ਇਸ ਸਾਲ ਹੀ ਇਕਬਾਲ ਸਿੰਘ ਪੱਟੀ ਦੀ ਪੁਸਤਕ 'ਨਿੱਕ-ਸੁੱਕ' ਵੀ ਸੰਵਾਦ ਰਚਾਉਂਦੀ ਹੈ।

ਸੰਪਾਦਿਤ ਪੁਸਤਕਾਂ ਦੀ ਜੇਕਰ ਗੱਲ ਕਰੀਏ ਤਾਂ 'ਸ਼ਬਦਾਂ ਦੇ ਰਖਵਾਲੇ' ਪੁਸਤਕ ਮਿੰਨੀ ਕਹਾਣੀ ਲੇਖਕ ਮੰਚ (ਰਜਿ.) ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ, ਜੋ ਕਿ ਡਾ. ਸ਼ਿਆਮ ਸੁੰਦਰ ਦੀਪਤੀ, ਜਗਦੀਸ਼ ਰਾਏ ਕੁਲਰੀਆਂ ਅਤੇ ਕੁਲਵਿੰਦਰ ਕੌਸ਼ਲ ਵੱਲੋਂ ਸੰਪਾਦਿਤ ਕੀਤੀ ਗਈ ਹੈ। ਇਸ ਵਿਚ ਦਸ ਨਵ ਹਸਤਾਖ਼ਰਾਂ ਦੀਆਂ ਸੱਤ-ਸੱਤ ਮਿੰਨੀ ਕਹਾਣੀਆਂ ਸ਼ਾਮਲ ਹਨ। ਇਸ ਪੁਸਤਕ ਵਿਚ ਮਿੰਨੀ ਕਹਾਣੀ ਦੇ ਇਕ ਨਵੇਂ ਪੂਰ ਦੀਆਂ ਮਿਆਰੀ ਰਚਨਾਵਾਂ ਨੂੰ ਪੜ੍ਹਿਆ ਜਾ ਸਕਦਾ ਹੈ। ਡਾ. ਹਰਜਿੰਦਰ ਪਾਲ ਕੌਰ ਕੰਗ ਵੱਲੋਂ 'ਕਿਰਦੀ ਜਵਾਨੀ-2' ਨਾਂਅ ਦਾ ਮਿੰਨੀ ਕਹਾਣੀ ਸੰਗ੍ਰਹਿ ਸੰਪਾਦਿਤ ਕੀਤਾ ਗਿਆ ਹੈ, ਜੋ ਕਿ ਨਸ਼ੇ ਦੀ ਸਮੱਸਿਆ 'ਤੇ ਅਧਾਰਿਤ ਰਚਨਾਵਾਂ ਦਾ ਸੰਗ੍ਰਹਿ ਹੈ। ਇਨ੍ਹਾਂ ਨੇ ਜਦੋਂ ਲੱਗਭੱਗ ਇਕ ਦਹਾਕਾ ਪਹਿਲਾਂ ਇਸ ਵਿਸ਼ੇ 'ਤੇ ਕਿਤਾਬ ਸੰਪਾਦਿਤ ਕੀਤੀ ਸੀ, ਉਦੋਂ ਕਦੇ ਇਹ ਨਹੀਂ ਸੋਚਿਆ ਹੋਣਾ ਕਿ ਇਸ ਦਾ ਦੂਸਰਾ ਭਾਗ ਵੀ ਸੰਪਾਦਿਤ ਕਰਨਾ ਪੈਣਾ ਹੈ। ਸਮਾਜ ਵਿਚ ਜਦੋਂ ਸਮੱਸਿਆਵਾਂ, ਬੁਰਾਈਆਂ ਰਹਿੰਦੀਆਂ ਤਾਂ ਉਹ ਵਿਸ਼ੇ ਵਾਰ-ਵਾਰ ਸਾਹਿਤ ਦਾ ਹਿੱਸਾ ਬਣਦੇ ਹਨ ਤੇ ਬਣਾਉਣੇ ਵੀ ਚਾਹੀਦੇ ਹਨ। ਸਮਾਜ ਨੂੰ ਨਰੋਆ, ਸਿਹਤਮੰਦ ਦੇਖਣ ਤੇ ਚਾਹੁਣ ਲਈ ਕਾਰਜ ਕਰਨ ਵਾਲੀਆਂ ਰੂਹਾਂ ਵਿਰਲੀਆਂ ਹੀ ਹੁੰਦੀਆਂ ਹਨ। ਗੁਰਜੀਤ ਕੌਰ ਅਜਨਾਲਾ ਵੱਲੋਂ ਵੀ 'ਬੂੰਦ ਬੂੰਦ ਸਾਗਰ' ਨਾਂਅ ਦਾ ਮਿੰਨੀ ਕਹਾਣੀ ਸੰਗ੍ਰਹਿ ਸੰਪਾਦਿਤ ਕੀਤਾ ਗਿਆ ਹੈ, ਜਿਸ ਵਿਚ 20 ਲੇਖਕ ਸ਼ਾਮਲ ਹਨ। ਸੰਗ੍ਰਹਿ ਵਿਚ ਰਚਨਾਵਾਂ ਦੇ ਵੰਨ-ਸੁਵੰਨੇ ਵਿਸ਼ੇ ਬੋਰੀਅਤ ਮਹਿਸੂਸ ਨਹੀਂ ਹੋਣ ਦਿੰਦੇ।

'ਮੈਂ ਇਕੱਲਵਿਆ ਨਹੀਂ' ਪੁਸਤਕ ਜ਼ਰੀਏ ਜਗਦੀਸ਼ ਰਾਏ ਕੁਲਰੀਆਂ ਹਿੰਦੀ ਲਘੂਕਥਾ ਜਗਤ ਵਿਚ ਦਸਤਕ ਦਿੰਦੇ ਹਨ। ਇਸ ਪੁਸਤਕ ਵਿਚਲੀਆਂ 63 ਲਘੂਕਥਾਵਾਂ ਅਤੇ ਭੂਮਿਕਾ ਵਿਚ ਲੇਖਕ ਵੱਲੋਂ ਲਿਖਿਆ 'ਮੇਰਾ ਲਘੂਕਥਾ ਲੇਖਨ' ਇਕ ਸਾਰਥਿਕ ਸੰਵਾਦ ਤੋਰਦਾ ਹੈ। ਯੋਗਰਾਜ ਪ੍ਰਭਾਕਰ ਵੱਲੋਂ ਵੀ ਲਗਾਤਾਰ ਹਿੰਦੀ ਲਘੂਕਥਾ ਅਤੇ ਪੰਜਾਬੀ ਮਿੰਨੀ ਕਹਾਣੀ 'ਤੇ ਕਾਰਜ ਕੀਤਾ ਜਾ ਰਿਹਾ ਹੈ। ਇਸ ਸਾਲ ਇਨ੍ਹਾਂ ਵੱਲੋਂ ਜਸਬੀਰ ਢੰਡ ਦੇ ਮਿੰਨੀ ਕਹਾਣੀ ਸੰਗ੍ਰਹਿ 'ਨਿੱਕੇ ਨਿੱਕੇ ਈਸਾ' ਦਾ ਹਿੰਦੀ ਅਨੁਵਾਦ ਕੀਤਾ ਗਿਆ ਹੈ। ਯੋਗਰਾਜ ਪ੍ਰਭਾਕਰ ਦੀ ਸੰਪਾਦਨਾ ਹੇਠ ਹੀ ਛਪਦੇ ਹਿੰਦੀ ਦੇ ਮੈਗਜ਼ੀਨ 'ਲਘੂਕਥਾ ਕਲਸ਼' ਦਾ 'ਪੰਜਾਬੀ ਲਘੂਕਥਾ ਮਹਾਂਵਿਸ਼ੇਸ਼ਾਕ' ਪ੍ਰਕਾਸ਼ਿਤ ਹੋਇਆ। ਕੁੱਲ 168 ਪੰਨਿਆਂ ਦੇ ਇਸ ਵੱਡਅਕਾਰੀ ਅੰਕ ਵਿਚ ਪੰਜਾਬੀ ਮਿੰਨੀ ਕਹਾਣੀ ਦੀ ਵਿਕਾਸ ਯਾਤਰਾ ਨੂੰ ਦੇਖਿਆ ਤੇ ਸਮਝਿਆ ਜਾ ਸਕਦਾ ਹੈ।

ਜਦੋਂ ਅਸੀਂ ਡੂੰਘਾਈ ਨਾਲ ਇਹਨਾਂ ਸਾਰੀਆਂ ਗੱਲਾਂ ਨੂੰ ਵਾਚਦੇ ਹਾਂ ਤਾਂ ਮਿੰਨੀ ਕਹਾਣੀ ਵਿਧਾ ਦੀਆਂ ਪ੍ਰਾਪਤੀਆਂ ਉਤਸ਼ਾਹਜਨਕ ਲੱਗਦੀਆਂ ਹਨ, ਪਰ ਬਹੁਤ ਸਾਰੀਆਂ ਚੁਣੌਤੀਆਂ ਹੋਰਨਾਂ ਵਿਧਾਵਾਂ ਵਾਂਗ ਇਸ ਦੇ ਵੀ ਸਨਮੁੱਖ ਹਨ। ਵਰਤਮਾਨ ਸਮੇਂ ਬਹੁਤ ਸਾਰੇ ਲੇਖਕ ਇਸ ਦੇ ਛੋਟੇ ਅਕਾਰ ਅਤੇ ਇਸ ਨੂੰ ਸੌਖੀ ਵਿਧਾ ਸਮਝ ਕੇ ਇਸ ਵੱਲ ਆ ਰਹੇ ਹਨ, ਜਦੋਂ ਕਿ ਇਸ ਵਿਧਾ ਬਾਰੇ ਸਪੱਸ਼ਟਤਾ ਹੋਣੀ ਬਹੁਤ ਜ਼ਰੂਰੀ ਹੈ। ਇਸੇ ਤਰ੍ਹਾਂ ਛੇਤੀ ਕਿਤਾਬ ਛਪਵਾਉਣ ਦੀ ਕਾਹਲ, ਪਿਛਲੇ ਵਿਕਾਸ ਕ੍ਰਮ ਨੂੰ ਨਾ ਵਾਚਣਾ ਅਤੇ ਰਚਨਾ ਦੀ ਸਿਰਜਣਾ ਲਈ ਘਟਨਾ ਦੀ ਚੋਣ ਬਾਰੇ ਸਤਰਕ ਨਾ ਹੋਣਾ ਆਦਿ ਨੁਕਤੇ ਵੀ ਕੱਚ ਘਰੜ ਰਚਨਾਵਾਂ ਦਾ ਕਾਰਨ ਬਣਦੇ ਹਨ। ਇਸ ਲਈ ਜਿੱਥੇ ਲੇਖਕਾਂ ਨੂੰ ਵਰਕਸ਼ਾਪਾਂ ਵਿਚ ਸ਼ਾਮਲ ਹੋ ਕੇ ਇਸ ਵਿਧਾ ਨੂੰ ਸਮਝ ਕੇ ਸੰਜਮ ਨਾਲ ਲਿਖਣਾ ਚਾਹੀਦਾ ਹੈ, ਉਥੇ ਸਾਹਿਤਕ ਜਥੇਬੰਦੀਆਂ ਅਤੇ ਅਕਾਦਮੀਆਂ ਨੂੰ ਇਸ ਦੀ ਪ੍ਰਫੁੱਲਤਾ ਲਈ ਹੋਰ ਵਧੇਰੇ ਕਾਰਜ ਉਲੀਕਣੇ ਚਾਹੀਦੇ ਹਨ। ਭਾਸ਼ਾ ਵਿਭਾਗ ਪੰਜਾਬ ਵੱਲੋਂ ਇਸ ਵਿਧਾ ਲਈ ਵੱਖਰਾ ਸਰਵੋਤਮ ਪੁਸਤਕ ਪੁਰਸਕਾਰ ਸਥਾਪਤ ਕਰਨਾ ਚਾਹੀਦਾ ਹੈ ਤਾਂ ਕਿ ਇਸ ਦੇ ਵਿਕਾਸ ਨੂੰ ਹੋਰ ਵੀ ਬਲ ਮਿਲੇ।

*ਮੋਬਾ : 95018-77033*





ਸਾਹਿਤਕ ਪੱਤਰਕਾਰੀ ਵਿੱਚ
ਨਿਵੇਕਲੀਆਂ ਪੈੜਾਂ ਪਾਉਣ ਵਾਲਾ ਰਸਾਲਾ

ਤਾਸਮਨ

ਪ੍ਰਬੰਧਕ ਸੰਪਾਦਕ : ਤਰਨਦੀਪ ਬਿਲਾਸਪੁਰ
ਸੰਪਾਦਕ : ਸਤਪਾਲ ਭੀਖੀ
ਮੋਬਾ. 98761-55530


ਸਫ਼ਾ 3 ਦੀ ਬਾਕੀ

## ਜੱਟਾਂ-ਜ਼ਿਮੀਦਾਰਾਂ ਦੀ ਹੈਂਕੜ...

ਸਰਦਾਰਾਂ ਦੀ ਧੀ ਪ੍ਰੀਤੋ ਨਾਲ ਵੀ ਅਜਿਹਾ ਹੀ ਕੁਝ ਵਾਪਰਦਾ ਹੈ, ਉਸ ਨਾਲ ਵੀ ਅਮਨਪ੍ਰੀਤ ਸਿੰਘ ਘੱਟ ਨਹੀਂ ਕਰਦਾ, ਬੇਸ਼ੱਕ ਉਹ ਵੀ ਡਟ ਕੇ ਮੁਕਾਬਲਾ ਕਰਦੀ ਹੈ। ਲੜਦੀ ਹੈ, ਪਰ ਅਖੀਰ ਉਸ ਨੂੰ ਵੀ ਇਹਨਾਂ ਜ਼ੁਲਮਾਂ ਅੱਗੇ ਗੋਡੇ ਟੇਕ ਦਿੰਦੀ ਹੈ। ਪੱਪੂ ਤੇ ਟੱਲੀ ਗੈਂਗਸਟਰ ਰਾਹੀਂ ਕੇਸਰਾ ਰਾਮ ਇਹ ਦੱਸਦਾ ਹੈ ਕਿ ਉਹ ਪੈਸੇ ਲਈ ਕੁਝ ਵੀ ਕਰ ਸਕਦੇ ਹਨ। ਕਲੌਂਦੀ ਵਾਲੇ ਸਰਦਾਰ ਆਪਣੀ ਕੰਬਾਈਨ ਦੇ ਕੇ ਇਹ ਕਾਰਾ ਕਰਾਉਂਦੇ ਹਨ ਤੇ ਅਮਨਪ੍ਰੀਤ ਆਪਣੀ ਭਵਿੱਖ ਵਿੱਚ ਰੱਖੀ ਹੋਈ ਫਿਕਸ ਡਿਪਾਜ਼ਟ ਦੀ ਰਕਮ ਨੂੰ ਇਸ ਕੰਮ ਵਿੱਚ ਲਗਾ ਦਿੰਦਾ ਹੈ।

ਗੈਂਗਸਟਰਾਂ ਨੂੰ ਤਾਂ ਪੈਸੇ ਮਿਲ ਜਾਂਦੇ ਹਨ ਤੇ ਦੁਸ਼ਮਣੀ ਕਰਕੇ ਦੋਵੇਂ ਪਰਵਾਰ ਆਪਣਾ-ਆਪਣਾ ਨੁਕਸਾਨ ਕਰਾ ਬੈਠਦੇ ਹਨ। ਬੂਮਰੈਂਗ ਵਿਧੀ ਦੀ ਵਰਤੋਂ ਦੋਵੇਂ ਹੀ ਕਾਂਡਾਂ ਵਿੱਚ ਹੁੰਦੀ ਹੈ। ਦੋਵੇਂ ਭਾਗਾਂ ਵਿੱਚ ਗੱਲ ਜਿੱਥੋਂ ਸ਼ੁਰੂ ਹੁੰਦੀ ਹੈ, ਉੱਥੇ ਹੀ ਖਤਮ ਹੋ ਜਾਂਦੀ ਹੈ। ਚੇਤਨਾ ਪ੍ਰਵਾਹ ਦੀ ਜੁਗਤ ਵੀ ਵਰਤੀ ਗਈ ਹੈ। ਗੁੱਡੋ ਜਾਂ ਪ੍ਰੀਤੋ ਕਈ ਵਾਰ ਆਪਣੀ ਚੇਤਨਾ ਦੇ ਵਹਿਣ ਵਿੱਚ ਵਹਿ ਕੇ ਦੂਰ ਨਿਕਲ ਜਾਂਦੀਆਂ ਹਨ। ਮੌਕਾ ਮੇਲ ਦੀ ਜੁਗਤ ਦਾ ਵਰਣਨ ਵੀ ਮਿਲਦਾ ਹੈ, ਜਿਵੇਂ ਹਸਪਤਾਲ ਵਿੱਚ ਬਿਮਾਰ ਪ੍ਰੀਤੋ ਦੀ ਮਾਂ ਨੂੰ ਜੋਗੀ ਦੀ ਧੀ ਜੀਤੋ ਦਾ ਮਿਲਣਾ, ਇਸੇ ਤਰ੍ਹਾਂ ਅਮਨਪ੍ਰੀਤ ਦੇ ਕੰਪਿਊਟਰ ਸੈਂਟਰ ਵਿੱਚ ਸੈਮੂਅਲ ਨਾਂਅ ਦਾ ਬੰਦਾ ਜੋ ਕਿ ਜੈਲਾ ਸੀ, ਸਿਕਿਉਰਟੀ ਗਾਰਡ ਵਜੋਂ ਪ੍ਰੀਤੋ ਨੂੰ ਮਿਲਦਾ ਹੈ। ਇਸ ਪ੍ਰਕਾਰ ਨਾਵਲਕਾਰ ਨੇ ਪਿਛਲਝਾਤ ਵਰਗੀਆਂ ਬਿਰਤਾਂਤਕ ਜੁਗਤਾਂ ਦੀ ਵਰਤੋਂ ਬੜੀ ਸਫਲਤਾ ਨਾਲ ਕੀਤੀ ਹੈ। ਨਾਵਲ ਵਿੱਚ ਪ੍ਰਭਾਵ ਦੀ ਏਕਤਾ ਵੀ ਬਣੀ ਰਹਿੰਦੀ ਹੈ, ਜਿਸ ਕਰਕੇ ਨਾਵਲ ਇਕੋ ਬੈਠਕ ਵਿੱਚ ਹੀ ਪੜ੍ਹਿਆ ਜਾ ਸਕਦਾ ਹੈ। ਕੇਸਰਾ ਰਾਮ ਦੀ ਹਰ ਕਹਾਣੀ ਪਾਠਕਾਂ ਦੁਆਰਾ ਪਸੰਦ ਕੀਤੀ ਜਾਂਦੀ ਹੈ। ਯਥਾਰਥ ਨੂੰ ਸਿਰਜਦਾ ਹੋਇਆ ਇਹ ਨਾਵਲ ਗੁੱਡੋ ਵੀ ਪਾਠਕਾਂ ਦੇ ਹੁੰਗਾਰੇ ਦੀ ਉਡੀਕ ਵਿੱਚ ਰਹੇਗਾ ਤੇ ਪਾਠਕਾਂ ਦੀ ਸੋਚ ਨੂੰ ਹਲੂਣਾ ਦੇਵੇਗਾ ਕਿ ਜਾਤਾਂ-ਪਾਤਾਂ, ਅਮੀਰਾਂ-ਗਰੀਬਾਂ ਦੇ ਵਿਤਕਰੇ ਸਮਾਜ ਵਿੱਚੋਂ ਕਦੇ ਵੀ ਹਟਾਏ ਨਹੀਂ ਜਾ ਸਕਦੇ। ਕੇਸਰਾ ਰਾਮ ਦਾ ਇਹ ਨਾਵਲ ਜੇਕਰ ਸਮਾਜ ਵਿੱਚੋਂ ਕੁਝ ਹੱਦ ਤੱਕ ਇਸ ਪ੍ਰਕਾਰ ਦੇ ਵਿਤਕਰਿਆਂ ਨੂੰ ਦੂਰ ਕਰਨ ਵਿਚ ਕਾਮਯਾਬ ਹੁੰਦਾ ਹੈ ਤਾਂ ਇਹ ਕੇਸਰਾ ਰਾਮ ਦੀ ਲੇਖਣੀ ਦਾ ਕਮਾਲ ਕਿਹਾ ਜਾ ਸਕਦਾ ਹੈ।

**ਸੰਪਰਕ-98555-95818**

ਸਫ਼ਾ 3 ਦੀ ਬਾਕੀ

## ਚਿੰਤਨ ਦੇ ਸਥਾਪਿਤ ਮਾਪਦੰਡਾਂ ਨੂੰ ਚੁਣੌਤੀ ਪੇਸ਼...

ਰਹਿਣਗੇ। ਇਸ ਲਈ ਬਾਬੇ ਨਾਨਕ ਦੇ ਪਰਕਾਲੀ ਸੰਦੇਸ਼ ਨੂੰ ਅੱਗੇ ਲਿਜਾਣ ਲਈ ਹਰ ਕਾਲ ਖੰਡ ਨੂੰ ਅਜਿਹੀਆਂ ਕਵਿਤਾਵਾਂ ਦੀ ਲੋੜ ਹੈ। ਮੈਂ ਜਿੰਨੀ ਵਾਰ ਵੀ ਇਹ ਕਵਿਤਾ ਪੜ੍ਹੀ ਹੈ ਇਸ ਅੰਦਰਲੀ ਕਾਵਿਕਤਾ ਤੋਂ ਪ੍ਰਭਾਵਿਤ ਹੋਇਆਂ ਹਾਂ।

ਪੰਜਾਬ ਦੀ ਆਪਣੀ ਇਤਿਹਾਸਕ ਪਰੰਪਰਾਂ ਵਿੱਚੋ ਪੈਦਾ ਹੋਈ ਚਿੰਤਨੀ ਦ੍ਰਿਸ਼ਟੀ ਨੂੰ ਪੰਜਾਬੀ ਸਾਹਿਤ ਸਿਰਜਣਾ ਦੀ ਮੁੱਖ ਧਾਰਾ ਬਣਾਉਣ ਲਈ ਉਹ ਪੰਜਾਬ ਦੀ ਰਹਿਤਲ ਨਾਲ ਜੁੜੀਆਂ ਦਸ ਕਵਿਤਾਵਾਂ ਦੀ ਚੋਣ ਉਚੇਚੇ ਤੌਰ 'ਤੇ ਕਰਦਾ ਹੈ। ਦੇਵਨੀਤ ਦੀ ਕਵਿਤਾ 'ਤਾਏ ਦੇ ਪੰਜ ਦਰਿਆ', ਸੁਖਪਾਲ ਦੀ ਕਵਿਤਾ 'ਕਿਰਾਏ ਦਾ ਘਰ', ਗੁਰਤੇਜ ਕੁਹਾਰਵਾਲਾ ਦੀ ਗਜ਼ਲ 'ਹੋਰਾਂ ਵਾਗੂੰ 'ਨੇਰ੍ਹਾ ਢੋਂਦੇ' ਅਜਮੇਰ ਰੋਡੇ ਦੀ ਕਵਿਤਾ 'ਦਿਆਲਾ ਦਸ ਨੰਬਰੀਆਂ', ਨਵਤੇਜ ਭਾਰਤੀ ਦੀ ਕਵਿਤਾ 'ਘਾਹ ਕੱਟਣ ਵਾਲੀ ਮਸ਼ੀਨ', ਸਵਾਮੀ ਅੰਤਰ ਨੀਰਵ ਦੀ ਕਵਿਤਾ 'ਮਿੱਟੀ' ਨੀਤੂ ਅਰੋੜਾ ਦੀ ਕਵਿਤਾ 'ਸੁਪਨਸਾਜ਼', ਮਹਿੰਦਰ ਪਾਲ ਭੱਠਲ ਦੀ ਕਵਿਤਾ 'ਪੁਰਜੇ', ਮਿੰਦਰ ਦੀ ਕਵਿਤਾ ਤੇ 'ਮਾਂ' ਤੇ ਵਰੀ ਰਾਏ ਦੇ ਗੀਤ 'ਐਲਾਨ' ਰਾਹੀਂ ਉਹ ਪੰਜਾਬ ਦੀਆਂ ਅਵਚੇਤਨੀ ਰਮਜ਼ਾਂ ਫੜ੍ਹਦਾ ਹੈ ਤਾਂ ਇਹਨਾਂ ਵਿੱਚੋ ਗੂੰਜਦੀ ਰਹਿਤਲੀ ਧੁਨੀ ਉਸਨੂੰ ਵਿਸੇਸ਼ ਰੂਪ ਵਿੱਚ ਮਾਨਸਿਕ ਸਕੂਨ ਦਿੰਦੀ ਹੈ। ਉਸ ਵੱਲੋਂ ਇਨ੍ਹਾਂ ਕਵਿਤਾਵਾਂ ਦੀ ਕੀਤੀ ਮਨੋਵਿਗਿਆਨਕ ਵਿਆਖਿਆ ਪੰਜਾਬੀ ਕਵਿਤਾ ਦੇ ਪਾਠਕਾਂ ਦੀ ਪਾਠ ਪੜ੍ਹਤ ਨੂੰ ਵੀ ਪ੍ਰਭਾਵਿਤ ਕਰਨ ਵਾਲੀ ਹੈ। ਇਹ ਵਿਆਖਿਆ ਦੇ ਤੱਤਸਾਰ ਨੂੰ ਸਮਝ ਕੇ ਪਾਠਕ ਕਵਿਤਾ ਦੀ ਅੰਦਰੂਨੀ ਸਤਹ ਤੱਕ ਪਹੁੰਚ ਸਕਦਾ ਹੈ। ਸਾਡੀ ਵਧੇਰੇ ਕਾਵਿ ਅਲੋਚਨਾਂ ਦਸਵੀਂ ਜਮਾਤ ਤੱਕ ਕਰਵਾਈ ਜਾਂਦੀ ਕਵਿਤਾ ਦੀ ਪ੍ਰਸੰਗ ਸਹਿਤ ਸਰਲ ਵਿਆਖਿਆ ਵਰਗੀ ਹੈ ਪਰ ਗੁਰਦੀਪ ਸਿੰਘ ਦੀ ਵਿਆਖਿਆ ਪਾਠਕਾਂ ਨੂੰ ਕਵਿਤਾ ਦੇ ਅਣਕਹੇ ਤੇ ਅਣ ਕਿਆਸੇ ਭਾਵਾਂ ਤੱਕ ਲੈ ਕੇ ਜਾਣ ਵਾਲੀ ਹੈ। ਇਸ ਪੁਸਤਕ ਰਾਹੀਂ ਈਸ਼ਵਰ ਗੌੜ ਦੀ ਪੁਸਤਕ 'ਪੜ੍ਹ ਅਖਰੁ ਇਹੋ ਬੁਝੀਏ' ਯਾਦਵਿੰਦਰ ਕਰਫਿਊ ਦੀ ਪੁਸਤਕ 'ਕਿਹੜਾ ਪੰਜਾਬ' ਨਰਿੰਦਰ ਪਾਲ ਕੌਰ ਦੀ ਪੁਸਤਕ 'ਕਸ਼ੀਦ' ਗੁਰਪ੍ਰੀਤ ਦੀ ਪੁਸਤਕ 'ਰਾਹਕੁ' ਤੇ ਗੁਰਚਰਨ ਚਾਹਲ ਭੀਖੀ ਦੀ ਕਹਾਣੀ 'ਰਾਜ਼ੀਬੰਦਾ' ਬਾਰੇ ਵੀ ਬਹੁਤ ਕੁਝ ਨਵਾਂ ਜਾਣਿਆਂ ਜਾ ਸਕਦਾ ਹੈ।

ਜਿਹੜੀ ਸਾਹਿਤ ਚਿੰਤਨੀ ਦ੍ਰਿਸ਼ਟੀ ਸੰਵਾਦਕ ਚਰਚਾ ਨਹੀਂ ਛੇੜਦੀ ਜਾਂ ਸਥਾਪਤ ਹੋਏ ਚਿੰਤਨੀ ਦ੍ਰਿਸ਼ਟੀਕੋਨ ਨਾਲ ਅਸਹਿਮਤ ਹੁੰਦਿਆਂ ਵੀ ਸਹਿਮਤੀ ਦਾ ਸੁਰ ਮਿਲਾਉਂਦੀ ਹੈ ਉਹ ਦ੍ਰਿਸ਼ਟੀ ਅਰਥ ਭਰਪੂਰ ਨਹੀਂ ਸਗੋਂ ਅਰਥਹੀਣ ਤੇ ਖੱਸੀ ਹੁੰਦੀ ਹੈ। ਮੈਂ ਗੁਰਦੀਪ ਸਿੰਘ ਦੀ ਆਲੋਚਨਾ ਦ੍ਰਿਸ਼ਟੀ ਨਾਲ ਕੁਝ ਹੱਦ ਤੱਕ ਸਹਿਮਤ ਹਾਂ ਤੇ ਕੁਝ ਹੱਦ ਤੱਕ ਅਸਹਿਮਤ ਵੀ ਹਾਂ। ਮੈਨੂੰ ਲੱਗਦਾ ਹੈ ਕਿ ਖੱਬੇ ਪੱਖੀ ਚਿੰਤਨ ਸਬੰਧੀ ਉਸਦਾ ਨਜ਼ਰੀਆ ਵਿਵਹਾਰਕ ਨਹੀਂ ਸਗੋਂ ਮਕਾਨਕੀ ਹੈ ਪਰ ਮੇਰਾ ਵਿਚਾਰ ਇਹ ਵੀ ਹੈ ਕਿ ਲੇਖਕਾਂ, ਪਾਠਕਾਂ ਤੇ ਵਿਚਾਰਕਾਂ ਵਿਚਲੀਆਂ ਅਸਹਿਮਤੀਆਂ ਦੇ ਆਪਸ ਵਿਚ ਭਿੜਨ ਨਾਲ ਹੀ ਫੈਸਲਾਂਕੁੰਨ ਸੰਵਾਦ ਦਾ ਜਨਮ ਹੁੰਦਾ ਹੈ ਤੇ ਇਹ ਸੰਵਾਦ ਅੱਗੇ ਚੱਲ ਕੇ ਸਾਹਿਤ ਦੀ ਦਿਸ਼ਾ ਤੇ ਦਸ਼ਾ ਦਾ ਭਵਿੱਖ ਨਿਰਧਾਰਤ ਕਰਦਾ ਹੈ। ਉਸ ਨਾਲ ਆਪਣੀਆਂ ਅਸਹਿਮਤੀਆਂ ਦੇ ਬਾਵਜੂਦ ਮੈਂ ਉਸਨੂੰ ਪੰਜਾਬੀ ਭਾਸ਼ਾ ਦਾ ਇਮਾਨਦਾਰ ਚਿੰਤਕ ਤੇ ਸੂਝਵਾਨ ਆਲੋਚਕ ਮੰਨਦਾ ਹਾਂ, ਜੋ ਸਾਹਿਤ ਸਮੀਖਿਆ ਦੀਆਂ ਸਥਾਪਿਤ ਧਾਰਨਾਵਾਂ ਨੂੰ ਚਨੌਤੀ ਦੇਣ ਦਾ ਹੌਸਲਾ ਰੱਖਦਾ ਹੈ। ਇਹ ਗੱਲ ਮੈਨੂੰ ਰਾਹਤ ਵੀ ਦਿੰਦੀ ਹੈ ਕਿ ਉਸਦੀ ਵਿਚਾਰਧਾਰਕ ਪਹੁੰਚ 'ਮੈਂ ਨਾਂ ਮਾਨੂੰ' ਵਾਲੀ ਅੜੀਅਲ ਮਾਨਸਿਕਤਾ ਵਾਲੀ ਨਹੀਂ' ਸਗੋਂ ਸੰਵਾਦਕ ਹੈ।

ਮੇਰਾ ਇਹ ਵੀ ਵਿਚਾਰ ਹੈ ਕਿ ਜੇ ਸਾਰੇ ਵਿਚਾਰਵਾਨ ਚਿੰਤਕ ਇੱਕੋ ਹੀ ਰਾਹ 'ਤੇ ਤੁਰ ਪੈਣ ਤਾਂ ਸਮਾਂ ਪਾ ਕੇ ਆਲੋਚਨਾ ਦੇ ਫਾਰਮੂਲੇ ਤੇ ਚੌਖਟੇ ਬਣ ਜਾਣ ਦਾ ਡਰ ਰਹਿੰਦਾ ਹੈ ਤੇ ਇਸ ਦੀ ਸੰਵਾਦਕ ਸਮਰੱਥਾ ਖਤਮ ਹੋ ਜਾਂਦੀ ਹੈ । 'ਸੌ ਫੁੱਲ ਖਿੜਣ ਦਿਓ ਤੇ ਸੌ ਵਿਚਾਰ ਭਿੜਣ ਦਿਓ' ਦੀ ਧਾਰਨਾਂ ਅਨੁਸਾਰ ਮੈਂ ਆਪਣੇ ਤੋਂ ਵੱਖਰੀ ਸੁਰ ਦੇ ਗੁਰਦੀਪ ਸਿੰਘ ਅਤੇ ਉਸ ਵਰਗੇ ਹੋਰ ਨੌਜਵਾਨ ਆਲੋਚਕਾਂ ਦਾ ਹਮੇਸ਼ਾ ਸਵਾਗਤ ਹੀ ਕੀਤਾ ਹੈ।

ਗੁਰਦੀਪ ਦੀ ਆਲੋਚਨਾ ਦਾ ਆਪਣਾ ਵੱਖਰਾ ਹੀ ਭਾਸ਼ਾਈ ਮੁਹਾਂਦਰਾ ਹੈ। ਉਹ ਆਲੋਚਨਾਂ ਵੀ ਇਸ ਤਰ੍ਹਾਂ ਕਰਦਾ ਹੈ ਜਿਵੇਂ ਕਿਸੇ ਵਿਸ਼ੇ 'ਤੇ ਕੋਈ ਕਵਿਤਾ ਲਿਖ ਰਿਹਾ ਹੋਵੇ। ਉਸ ਕੋਲ ਸਬਦਾਂ ਦਾ ਵੱਡਾ ਭੰਡਾਰ ਹੈ ਤੇ ਉਸਦੀ ਆਲੋਚਨਾ ਸਹਿਜ ਸੁਭਾਵਿਕ ਹੀ ਇਸ ਭੰਡਾਰ ਵਿੱਚ ਨਵੇ ਸ਼ਬਦਾਂ ਦਾ ਵਾਧਾ ਕਰਦੀ ਰਹਿੰਦੀ ਹੈ। ਉਸ ਵਰਗੀ ਕਾਵਿਕ ਸੁਹਜ ਵਾਲੀ ਆਲੋਚਨਾਤਮਕ ਭਾਸ਼ਾ ਕਿਸੇ ਹੋਰ ਆਲੋਚਕ ਕੋਲ ਨਹੀਂ ਹੈ। ਉਹ ਚਲਦੀ ਗੱਲ ਵਿੱਚੋ ਵਿਸ਼ੇ ਨਾਲ ਮੇਲ ਖਾਂਦੀ ਨਵੀਂ ਗੱਲ ਕੱਢਣ ਦੀ ਮੁਹਾਰਤ ਵੀ ਰੱਖਦਾ ਹੈ ਤੇ ਉਸ ਕੋਲ ਪੁਸ਼ਟੀ ਮੂਲਕ ਉਦਾਹਰਨ ਦੀ ਵੀ ਘਾਟ ਨਹੀ ਹੈ । ਇਸ ਪੁਸਤਕ ਦੇ ਪਾਠ ਤੋਂ ਬਾਅਦ ਇਸ ਬਾਰੇ ਤੁਰਣ ਵਾਲੀ ਸੰਵਾਦਕ ਚਰਚਾ ਵਿਚ ਭਾਗ ਨਾ ਲੈਣਾ ਜਾਂ ਖੁਦ ਸੰਵਾਦਕ ਚਰਚਾ ਦੀ ਸ਼ੁਰੂਆਤ ਕਰਨ ਦੀ ਪਹਿਲ ਕਦਮੀ ਨਾ ਕਰਨਾ ਪੰਜਾਬੀ ਸਾਹਿਤ ਨਾਲ ਵੱਡਾ ਅਨਿਆਂ ਹੈ ਤੇ ਮੈਨੂੰ ਉਮੀਦ ਹੈ ਕਿ ਪੰਜਾਬੀ ਸਾਹਿਤ ਦੇ ਸੁਚੇਤ ਪਾਠਕ ਇਹ ਅਨਿਆਂ ਨਹੀਂ ਕਰਨਗੇ।

*ਮੋਬਾਇਲ -89682-82700*

5-Jan-PAGE-3.qxd 1/4/2025 11:11 PM Page 2



# ਬੀਤੇ ਵਰ੍ਹੇ ਦੀ ਸਾਹਿਤਕ ਪੱਤਰਕਾਰੀ ਦਾ ਦ੍ਰਿਸ਼

**ਭਗਵੰਤ ਰਸੂਲਪੁਰੀ**

ਸਾਲ 2024 ਦੇ ਵਰ੍ਹੇ 'ਚ ਵੀ ਪੰਜਾਬੀ ਦੀ ਸਾਹਿਤਕ ਪੱਤਰਕਾਰੀ ਨੇ ਆਪਣੇ ਸਾਧਨਾ ਦੇ ਬਲ 'ਤੇ ਆਪਣੀ ਬਣਦੀ ਨਿੱਗਰ ਭੂਮਿਕਾ ਨਿਭਾਈ ਹੈ। ਸਾਹਿਤ ਨੂੰ ਪਾਠਕਾਂ ਤੱਕ ਪੁੱਜਦਾ ਕਰਨ ਲਈ ਰਸਾਲਿਆਂ ਦੀ ਭੂਮਿਕਾ ਗੌਲਣਯੋਗ ਰਹੀ, ਜਿਸ ਪਿੱਛੇ ਪ੍ਰਬੰਧਕੀ ਸੰਪਾਦਕਾ ਦੀ ਭੂਮਿਕਾ ਤਾਰੀਫ਼ ਕਰਨਯੋਗ ਕਹੀ ਜਾ ਸਕਦੀ ਹੈ। ਸੰਪਾਦਕਾ ਦੇ ਵਿੱਤੀ ਸਰੋਤ ਰਸਾਲਿਆਂ ਦੀ ਵਿਕਰੀ ਉੱਤੇ ਨਿਰਭਰ ਰਹੇ, ਸੱਤਾ ਪ੍ਰਾਪਤ ਸਰਕਾਰ ਨੇ ਰਸਾਲਿਆਂ ਨੂੰ ਇਸ਼ਤਿਆਰ ਦੇਣ ਦੀ ਨੀਤੀ ਤਿਆਰ ਨਹੀਂ ਕੀਤੀ। ਰਸਾਲੇ ਆਪਣੇ ਸਾਧਨਾ ਦੇ ਸਿਰ 'ਤੇ ਛਪਦੇ ਆ ਰਹੇ ਹਨ। ਪੰਜਾਬੀ ਵਿੱਚ ਤਕਰੀਬਨ ਦੋ ਦਰਜਨ ਰਸਾਲੇ ਇਸ ਸਮੇਂ ਛਪ ਕੇ ਪਾਠਕਾਂ ਤੱਕ ਪੁੱਜ ਰਹੇ ਹਨ। ਇਨ੍ਹਾਂ ਵਿੱਚੋਂ ਇਕ ਦਰਜਨ ਰਸਾਲਿਆਂ ਵਿੱਚ ਛਪੇ ਸਾਹਿਤ ਦੀ ਚਰਚਾ ਸਾਹਿਤਕ ਹਲਕਿਆਂ ਵਿੱਚ ਖ਼ੂਬ ਹੁੰਦੀ ਰਹੀ ਹੈ। ਇਸ ਸਾਲ 'ਵਾਹਗਾ' ਦੀ ਗ਼ੈਰਹਾਜ਼ਰੀ ਰੜਕਦੀ ਰਹੀ ਹੈ। 'ਸੁਰਤਿ' ਰਸਾਲੇ ਨੇ ਸਾਹਿਤਕ ਪੱਤਰਕਾਰੀ 'ਚ ਦਸਤਕ ਦੇ ਕੇ ਹਲਚਲ ਜ਼ਰੂਰ ਪੈਦਾ ਕਰ ਦਿੱਤੀ ਹੈ।

ਸਾਹਿਤਕ ਰਸਾਲਿਆਂ ਦੇ ਮੈਟਰ ਦਾ ਅਧਿਐਨ ਕਰਨ 'ਤੇ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਪਰਚਿਆਂ 'ਚ ਛਪੀ ਕਹਾਣੀ ਨੂੰ ਪਾਠਕਾਂ ਅਤੇ ਲੇਖਕਾਂ ਵੱਲੋਂ ਭਰਵੇਂ ਰੂਪ ਵਿੱਚ ਪਸੰਦ ਕੀਤਾ ਜਾਂਦਾ ਹੈ। ਕਹਾਣੀ ਤੋਂ ਬਿਨਾਂ ਰਸਾਲਾ ਅਧੂਰਾ ਸਮਝਿਆ ਜਾਂਦਾ ਹੈ। ਇਸ ਵਰ੍ਹੇ ਦੇ ਰਸਾਲਿਆਂ ਰਾਹੀਂ ਤਕਰੀਬਨ 200 ਦੇ ਕਰੀਬ ਨਵੀਂ ਕਹਾਣੀ ਪਾਠਕਾਂ ਨੂੰ ਪੜ੍ਹਨ ਨੂੰ ਮਿਲੀ ਹੈ। ਇਸ ਤੋਂ ਇਲਾਵਾ ਮੁਲਾਕਾਤਾਂ, ਚਿੰਤਨ-ਇਤਿਹਾਸ, ਸਮਾਜ ਵਿਗਿਆਨ ਦੇ ਲੇਖ ਅਤੇ ਕਵਿਤਾ, ਵਾਰਤਕ, ਸ਼ਬਦ ਚਿੱਤਰ ਅਤੇ ਕੁਝ ਰਸਾਲਿਆਂ ਦੇ ਵਿਸ਼ੇਸ਼ ਅੰਕ ਵੀ ਚਰਚਾ ਵਿੱਚ ਰਹੇ ਹਨ। ਰਾਗ, ਹੁਣ, ਤਾਸਮਨ, ਸਮਕਾਲੀ ਸਾਹਿਤ, ਕਹਾਣੀ ਧਾਰਾ ਤੇ ਕਹਾਣੀ ਪੰਜਾਬ ਆਪਣੀ ਦਿੱਖ, ਲੇ ਆਊਟ ਅਤੇ ਵਧੀਆ ਪੇਪਰ 'ਤੇ ਛਪਾਈ ਅਤੇ ਉੱਚ ਪੱਧਰ ਦੇ ਮੈਟਰ ਕਰਕੇ ਪਾਠਕਾਂ ਦਾ ਧਿਆਨ ਖਿੱਚਦੇ ਰਹੇ ਹਨ। ਸਿਰਜਣਾ, ਪ੍ਰਵਚਨ, ਸ਼ਬਦ, ਚਿਰਾਗ਼, ਅੱਖਰ, ਏਕਮ ਆਦਿ ਰਸਾਲੇ ਆਪਣੀ ਤੋਰੇ ਛਪਦੇ ਰਹੇ ਅਤੇ ਆਪਣੀ ਪੈਂਠ ਬਣਾਈ ਰੱਖਣ ਵਿੱਚ ਕਾਮਯਾਬ ਰਹੇ।




'ਸੁਰਤਿ' ਏਸ ਵਰ੍ਹੇ ਬਸੰਤ ਰੁੱਤ ਨਾਲ ਪੰਜਾਬੀ ਸਾਹਿਤਕ ਪੱਤਰਕਾਰੀ 'ਚ ਦਸਤਕ ਦਿੰਦਾ ਹੈ। ਪਰਚੇ ਦੀ ਦਿੱਖ ਤੇ ਲੇ-ਆਊਟ ਦੇਖ ਕੇ 'ਇੰਡੀਆ ਟੂਡੇ ਦੀ ਵਰਸ਼ਿਕੀ' ਦਾ ਭੁਲੇਖਾ ਪੈਂਦਾ ਹੈ। ਮਹਿੰਗੇ ਮੁੱਲ ਦਾ ਪੰਜਾਬੀ ਭਾਸ਼ਾ ਵਿੱਚ ਏਹੋ ਜਿਹਾ ਪਰਚਾ ਕੱਢਣਾ ਜਿਗਰੇ ਵਾਲਾ ਕਾਰਜ ਹੈ। ਰਸਾਲੇ ਦੇ ਸਰਪ੍ਰਸਤ ਆਤਮ ਸਿੰਘ ਰੰਧਾਵਾ ਤੇ ਸੰਪਾਦਕ ਗੁਰਬੀਰ ਸਿੰਘ ਬਰਾੜ ਨੇ ਨਾਮਵਰ ਲੇਖਕਾਂ ਤੋਂ ਮੈਟਰ ਪ੍ਰਾਪਤ ਕਰਨ 'ਚ ਕਾਫੀ ਮਿਹਨਤ ਕੀਤੀ ਲੱਗਦੀ ਹੈ। ਪੰਜਾਬੀ ਵਿੱਚ ਏਹੋ ਜਿਹੇ ਰਸਾਲੇ ਦਾ ਪ੍ਰਕਾਸ਼ਨ ਕਰਨਾ 'ਘਰ ਫੂਕ ਕੇ ਤਮਾਸ਼ਾ ਵੇਖਣ' ਵਾਲੀ ਗੱਲ ਆਮ ਹੀ ਕਹੀ ਜਾਂਦੀ ਹੈ, ਪਰ 'ਸੁਰਤਿ' ਦੇ ਸੰਚਾਲਕਾ ਨੇ ਮਹਿੰਗੇ ਪੇਪਰ ਅਤੇ ਮਹਿੰਗੀ ਛਪਾਈ ਵਾਲਾ ਪਰਚਾ ਛਾਪ ਕੇ ਪਾਠਕਾਂ ਤੱਕ ਪੁੱਜਦਾ ਕਰਨ 'ਚ ਸਫ਼ਲਤਾ ਪ੍ਰਾਪਤ ਕੀਤੀ ਹੈ। ਸੰਚਾਲਕਾ ਵੱਲੋਂ ਕਿਹਾ ਗਿਆ ਕਿ ਰਸਾਲੇ ਦਾ ਪਹਿਲਾਂ ਅੰਕ ਦੁਬਾਰਾ ਛਾਪਿਆ ਗਿਆ, ਜਿਸ ਤੋਂ ਪਾਠਕਾਂ ਦੀ ਵਧਦੀ ਮੰਗ ਦਾ ਪਤਾ ਲੱਗਦਾ ਹੈ। ਇਸ ਸਾਲ ਰਸਾਲੇ ਦਾ ਦੂਜਾ ਵਰਖਾ ਅੰਕ ਵੀ ਛਪਦਾ ਹੈ। ਦੋਹਾਂ ਅੰਕਾਂ ਦੀਆਂ ਕਹਾਣੀਆਂ ਦੀ ਵਿਸ਼ੇਸ਼ ਚਰਚਾ ਹੁੰਦੀ ਹੈ, ਨਾਲ ਹੀ ਵੱਡੇ ਕੱਦ ਵਾਲੇ ਲਿਖਾਰੀਆਂ ਦੀਆਂ ਲਿਖਤਾਂ ਵੀ ਪੜ੍ਹੀਆਂ ਜਾਂਦੀਆਂ ਹਨ। ਪਰਚਾ ਹਰ ਵਿਧਾ ਦਾ ਮਿਆਰੀ ਮੈਟਰ ਛਾਪਦਾ ਹੈ। ਅਮਰਜੀਤ ਗਰੇਵਾਲ ਤੇ ਗੁਰਬਚਨ ਦੀਆਂ ਮੁਲਾਕਾਤਾਂ, ਪ੍ਰੇਮ ਪ੍ਰਕਾਸ਼ ਦਾ ਸ਼ਬਦ ਚਿੱਤਰ, ਬਲੀਜੀਤ, ਅਜਮੇਰ ਸਿੱਧੂ, ਬਿੰਦਰ ਬਸਰਾ, ਸੁਖਜੀਤ, ਖ਼ਾਲਿਦ, ਇਲਿਆਸ ਘੁੰਮਣ, ਅੰਬਰ ਹੁਸੈਨੀ ਤੇ ਉਦੇ ਪ੍ਰਕਾਸ਼ ਦੀਆਂ ਕਹਾਣੀਆਂ ਅਤੇ ਨਾਵਲ ਅੰਸ਼, ਸਿਰਜਣ ਪ੍ਰਕਿਰਿਆ, ਬਿਰਤਾਂਤ ਅੰਸ਼ ਤੇ ਹੋਰ ਮੈਟਰ ਪੜ੍ਹਿਆ ਜਾਂਦਾ ਹੈ ਤੇ ਪਾਠਕਾਂ ਵੱਲੋਂ ਸਲਾਹਿਆ ਵੀ ਜਾਂਦਾ ਹੈ। ਇਸ ਸਾਲ ਪਰਚੇ ਦੇ ਦੋ ਅੰਕ ਛਪਦੇ ਹਨ।

ਆਪਣੇ ਅਕਾਰ, ਦਿੱਖ ਤੇ ਲੇ ਆਊਟ ਕਰਕੇ 'ਰਾਗ' ਤੇ 'ਹੁਣ' ਨੇ ਸਾਹਿਤਕ ਪੱਤਰਕਾਰੀ 'ਚ ਹਲਚਲ ਪੈਦਾ ਕੀਤੀ ਹੋਈ ਹੈ। ਰਾਗ ਦੇ ਇਸ ਸਾਲ ਢਾਈ ਅੰਕ ਛਪੇ ਹਨ, ਕਿਉਂਕਿ ਤੀਜਾ ਅੰਕ ਦੋ ਅੰਕਾਂ ਨੂੰ ਜੋੜ ਕੇ ਵਰ੍ਹੇ ਦੇ ਅੰਤ ਵਿੱਚ ਛਪਦਾ ਹੈ। 'ਰਾਗ' ਨੇ ਇਸ ਸਾਲ ਵੀ ਪ੍ਰਿੰਟਿੰਗ, ਲੇ ਆਊਟ, ਛਪਾਈ ਤੇ ਅਕਾਰ ਵਿੱਚ ਕੋਈ ਸਮਝੌਤਾ ਨਹੀਂ ਕੀਤਾ। ਇੰਦਰਜੀਤ ਪੁਰੇਵਾਲ ਦੀ ਸੰਪਾਦਨੀ ਹੇਠ ਛਪ ਰਿਹਾ 'ਰਾਗ' ਸਾਹਿਤਕ ਪੱਤਰਕਾਰੀ 'ਚ ਆਪਣੇ ਦਮ 'ਤੇ ਨਿੱਗਰ ਸਪੇਸ ਬਣਾ ਰਿਹਾ ਹੈ। ਰਸਾਲਾ ਕਵਿਤਾ, ਕਹਾਣੀ, ਮੁਲਾਕਾਤਾਂ ਤੇ ਹੋਰ ਵੰਨਗੀਆਂ ਛਾਪ ਕੇ ਹਰ ਵਰਗ ਦੇ ਪਾਠਕਾਂ ਨੂੰ ਆਪਣੇ ਨਾਲ ਜੋੜਨ 'ਚ ਸਫ਼ਲ ਹੁੰਦਾ ਹੈ। 'ਰਾਗ' ਵਿੱਚ ਇਸ ਵਰ੍ਹੇ ਤਕਰੀਬਨ 26 ਕਹਾਣੀਆਂ ਛਪਦੀਆਂ ਹਨ। ਸ਼ਬਦ ਚਿੱਤਰ, ਮੁਲਾਕਾਤਾਂ ਅਤੇ ਵਾਰਤਕ ਲੇਖ ਪਾਠਕਾਂ ਦਾ ਧਿਆਨ ਖਿੱਚਦੇ ਹਨ। ਜੰਗ ਬਹਾਦੁਰ ਗੋਇਲ, ਜਸਬੀਰ ਭੁੱਲਰ ਤੇ ਅਜੀਤ ਕੌਰ ਦੀਆਂ ਮੁਲਾਕਾਤਾਂ ਚਰਚਾ ਵਿੱਚ ਰਹੀਆਂ ਹਨ। ਜਗਜੀਤ ਬਰਾੜ, ਸੁਰਿੰਦਰ ਨੀਰ, ਮੇਜਰ ਮਾਂਗਟ, ਨਿਰੰਜਣ ਬੋਹਾ, ਦੀਪਤੀ ਬਬੂਟਾ, ਅਜਮੇਰ ਰੋਡੇ, ਗੁਰਪ੍ਰੀਤ ਡੈਨੀ, ਜਸਵੰਤ ਰਾਏ, ਭਗਵੰਤ ਰਸੂਲਪੁਰੀ, ਸਰਘੀ ਦੀਆਂ ਕਹਾਣੀਆਂ ਦਾ ਜ਼ਿਕਰ ਹੁੰਦਾ ਹੈ। 'ਨਾਥ ਚੌਰੇ ਦੀ ਬੇਚੈਨ ਆਤਮਾ-ਦੇਸ ਰਾਜ ਕਾਲੀ' ਬਹੁਤ ਪੜ੍ਹਿਆ ਗਿਆ ਸ਼ਬਦ ਚਿੱਤਰ ਹੈ। ਜਿਸ ਦੀ ਪੀ ਡੀ ਐੱਫ ਫਾਇਲ ਬਣ ਕੇ ਪਾਠਕਾਂ ਵਿੱਚ ਸਰਕੂਲੇਟ ਹੁੰਦੀ ਸੁਣੀ ਗਈ ਹੈ।

ਮੁੱਖ ਸੰਪਾਦਕ ਸੁਸ਼ੀਲ ਦੁਸਾਂਝ ਤੇ ਸੰਪਾਦਕ ਕਮਲ ਦੁਸਾਂਝ ਦੀ ਸੰਪਾਦਕੀ ਟੀਮ ਹੇਠ ਪ੍ਰਕਾਸ਼ਤ ਹੁੰਦੇ 'ਹੁਣ' ਰਸਾਲੇ ਦੇ ਏਸ ਸਾਲ ਦੋ ਅੰਕ ਛਪਦੇ ਹਨ। 'ਹੁਣ' ਮੁਲਾਕਾਤਾਂ ਤੇ ਚਿੰਤਨ ਨਾਲ ਜੁੜੇ ਲੇਖ ਛਾਪਣ ਕਾਰਨ ਚਰਚਾ 'ਚ ਰਹਿੰਦਾ ਹੈ। ਪਰਚੇ 'ਚ ਹੋਰ ਵੰਨ-ਸੁਵੰਨਾ ਮੈਟਰ ਵੀ ਪੜ੍ਹਨ ਯੋਗਤਾ ਕਾਇਮ ਰੱਖਦਾ ਹੈ। ਗੁਲ ਚੌਹਾਨ ਦੀ ਮੁਲਾਕਾਤ ਵਧੇਰੇ ਪੜ੍ਹੀ ਗਈ। ਜਿੰਦਰ, ਦੀਪ ਦਵਿੰਦਰ ਸਿੰਘ, ਰਵੀ ਸ਼ੇਰਗਿੱਲ, ਜਸਵੀਰ ਰਾਣਾ, ਬਲਵੰਤ ਫ਼ਰਵਾਲੀ, ਗੁਰਪ੍ਰੀਤ ਡੈਨੀ ਆਦਿ ਦੀਆਂ ਕਹਾਣੀਆਂ ਚਰਚਾ ਦਾ ਕੇਂਦਰ ਬਣੀਆਂ ਰਹੀਆਂ। ਹਰਵਿੰਦਰ ਭੰਡਾਲ ਦਾ ਲੇਖ 'ਅਜੋਕੇ ਭਾਰਤੀ ਸਮਾਜ ਦੀਆਂ ਨੀਹਾਂ', ਜਸਵੰਤ ਰਾਏ ਵੱਲੋਂ ਅਨੁਵਾਦ-'ਕੀ ਰੰਗਕਰਮੀ ਸ਼ੂਦਰ ਹੁੰਦੇ ਹਨ', ਰਾਜ ਕੁਮਾਰ ਹੰਸ ਦਾ 'ਸ੍ਰੀ ਗੁਰ ਕਥਾ' ਤੇ ਲੇਖ ਪਰਚੇ ਦੀ ਪ੍ਰਾਪਤੀ ਹਨ। 'ਹੁਣ' ਨੇ ਮੈਟਰ, ਮਿਆਰ, ਦਿੱਖ ਤੇ ਪੇਪਰ ਦੀ ਕੁਆਲਟੀ ਨਾਲ ਕੋਈ ਸਮਝੌਤਾ ਨਹੀਂ ਕੀਤਾ। ਪਰਚਾ ਆਪਣੇ ਮਿਆਰ 'ਤੇ ਕਾਇਮ ਰਹਿੰਦਾ ਹੈ। ਪਾਠਕ 'ਹੁਣ' ਦੇ ਹਰ ਨਵੇਂ ਅੰਕ ਦੀ ਉਡੀਕ ਕਰਦੇ ਹਨ। 'ਸੁਰਤਿ', 'ਰਾਗ' ਤੇ 'ਹੁਣ' ਅਕਾਰ ਤੇ ਕੀਮਤ ਪੱਖੋਂ ਵੱਡੇ ਰਸਾਲੇ ਹਨ। ਭਾਵੇਂ ਚਾਰ ਮਹੀਨੇ ਬਾਅਦ ਛਪਦੇ ਰਹੇ, ਪਰ ਪਾਠਕ ਰਸਾਲੇ ਦੀ ਉਡੀਕ ਰੱਖਦੇ ਹਨ।

'ਕਹਾਣੀ ਪੰਜਾਬ' ਦੇ ਏਸ ਵਰ੍ਹੇ ਦੋ ਵੱਡੇ ਅਕਾਰ ਦੇ ਅੰਕ ਛਪ ਕੇ ਪਾਠਕਾਂ ਤੱਕ ਪੁੱਜਦੇ ਹਨ। ਹਰ ਅੰਕ 400 ਪੰਨਿਆਂ ਵਿੱਚ ਭਰਪੂਰ ਸਮੱਗਰੀ ਲੈ ਕੇ ਹਾਜ਼ਰ ਹੁੰਦਾ ਹੈ। ਰਸਾਲੇ ਦੇ ਸੰਪਾਦਕ ਕਰਾਂਤੀਪਾਲ ਮੈਟਰ ਲਿਖਵਾਉਣ ਅਤੇ ਤਰਤੀਬ ਦੇਣ ਵਿੱਚ ਕਾਫੀ ਮਿਹਨਤ ਕਰਦਾ ਹੈ। 'ਕਹਾਣੀ ਪੰਜਾਬ' ਦੇ ਅੰਕ 103 ਅੰਕ ਵਿੱਚ ਕੇਸਰਾ ਰਾਮ ਦਾ ਪੂਰਾ ਨਾਵਲ 'ਗੁੱਡੋ' ਛਪਦਾ ਹੈ। ਗੁੱਡੋ ਰਾਹੀ ਕੇਸਰਾ ਰਾਮ ਨੇ ਭਾਰਤੀ ਸਮਾਜ ਵਿੱਚ ਦਲਿਤ ਨਾਰੀ ਦੇ ਸ਼ੋਸ਼ਣ ਦਾ ਬਿਰਤਾਂਤ ਸਿਰਜਿਆ ਹੈ। ਭੀਸ਼ਮ ਸਾਹਨੀ ਦੀ ਲੰਮੀ ਲਿਖਤ, ਜੰਗੇ ਆਜ਼ਾਦੀ ਤੇ 1857 ਸੰਬੰਧੀ ਅਲੇਖ, ਇਕ ਦਰਜਨ ਭਾਰਤੀ ਕਥਾ, ਹਰਪਾਲ ਪੰਨੂ ਦੀ ਸੰਤ ਜਰਨੈਲ ਸਿੰਘ ਬਾਰੇ ਲਿਖਤ, ਅਸਗਰ ਵਜਾਹਤ ਦੀ ਲਿਖਤ, ਵਿਗਿਆਨ ਕਥਾ ਤੇ ਰਮਾਨਾਥ ਰਾਏ ਦਾ ਨਾਵਲੈਟ ਪਰਚੇ ਦਾ ਹਾਸਲ ਹਨ। 'ਕਹਾਣੀ ਪੰਜਾਬੀ' ਨਿੱਗਰ ਮੈਟਰ ਦੇਣ ਦੀ ਆਪਣੀ ਅਹਿਮ ਭੂਮਿਕਾ ਨਿਭਾਉਂਦਾ ਹੈ। 'ਕਹਾਣੀ ਪੰਜਾਬ' ਦਾ ਹਰ ਅੰਕ ਉਡੀਕਿਆ ਜਾਂਦਾ ਹੈ।



















'ਕਹਾਣੀ ਧਾਰਾ' ਕਹਾਣੀ ਵਿਧਾ ਦੀ ਗੰਭੀਰਤਾ ਨਾਲ ਗੱਲ ਕਰਨ ਵਾਲਾ ਰਸਾਲਾ ਹੈ। ਇਸ ਸਾਲ ਰਸਾਲੇ ਦੇ ਚਾਰ ਅੰਕਾਂ ਵਿੱਚ ਤਕਰੀਬਨ 28 ਚਰਚਿਤ ਕਹਾਣੀਕਾਰਾਂ ਦੀਆਂ ਕਹਾਣੀਆਂ ਪ੍ਰਕਾਸ਼ਤ ਹੋਈਆਂ ਹਨ। ਸਰਬਜੀਤ ਕੌਰ ਸੋਹਲ, ਬਲਵੰਤ ਫ਼ਰਵਾਲ਼ੀ, ਵਿਪਨ ਗਿੱਲ, ਸਵਾਮੀ ਸਰਬਜੀਤ, ਗੁਰਪ੍ਰੀਤ ਡੈਨੀ, ਭੁਪਿੰਦਰ ਸਿੰਘ ਮਾਨ, ਸੁਰਿੰਦਰ ਨੀਰ, ਆਗਾਜ਼ਬੀਰ, ਜਸਪਾਲ ਕੌਰ, ਚਰਨਜੀਤ ਸਿੰਘ ਮਿਨਹਾਸ, ਐੱਚ.ਐੱਸ. ਡਿੰਪਲ, ਗੁਰਵਿੰਦਰ ਸਿੰਘ, ਪ੍ਰੇਮ ਮਾਨ, ਰਘਬੀਰ ਸਿੰਘ ਮਾਨ, ਚਰਨਜੀਤ ਸਿੰਘ ਪੰਨੂ, ਲਖਵਿੰਦਰ ਵਿਰਕ ਦੀਆਂ ਕਹਾਣੀਆਂ ਛਪੀਆਂ ਹਨ। ਜਿਨ੍ਹਾਂ ਨੂੰ ਪਾਠਕਾਂ ਵੱਲੋਂ ਭਰਪੂਰਤਾ ਨਾਲ ਸਲਾਹਿਆ ਗਿਆ ਹੈ। ਜਿਨ੍ਹਾਂ ਦਾ ਸਾਹਿਤਕ ਹਲਕਿਆਂ ਵਿੱਚ ਵੀ ਭਰਵੇਂ ਰੂਪ ਵਿੱਚ ਜ਼ਿਕਰ ਹੁੰਦਾ ਰਿਹਾ ਹੈ। ਇਸ ਸਾਲ ਤੋਂ 'ਕਹਾਣੀ ਧਾਰਾ' ਵਿੱਚ ਵੱਖ-ਵੱਖ ਵਿਧਾਵਾਂ 'ਤੇ ਗੋਸ਼ਟੀ ਕਰਕੇ ਪ੍ਰਕਾਸ਼ਤ ਕਰਨ ਦੀ ਪ੍ਰੰਪਰਾ ਸ਼ੁਰੂ ਕੀਤੀ ਗਈ ਹੈ। ਸੰਪਾਦਕ ਗੋਸ਼ਟੀ ਵਿੱਚ ਸੂਤਰਧਾਰ ਦੀ ਭੂਮਿਕਾ ਨਿਭਾਉਂਦਾ ਹੈ। ਇਸ ਸਾਲ ਛਪੀਆਂ ਪੰਜ ਗੋਸ਼ਟੀਆਂ ਨੂੰ ਪਾਠਕਾਂ ਨੇ ਪਸੰਦ ਕੀਤਾ ਤੇ ਇਸ ਉੱਤੇ ਗੰਭੀਰ ਚਰਚਾ ਵੀ ਕੀਤੀ। ਇਸ ਤੋਂ ਇਲਾਵਾ ਗੰਭੀਰ ਕਿਸਮ ਦੇ ਕਹਾਣੀ ਸੰਗ੍ਰਹਿ ਤੇ ਨਾਵਲ 'ਤੇ ਰਸਾਲੇ ਵਿੱਚ ਖੋਜ ਪੇਪਰ ਲਿਖਵਾ ਕੇ ਛਾਪਣ ਦੀ ਪ੍ਰੰਪਰਾ ਵੀ ਕਾਇਮ ਰੱਖੀ ਗਈ ਹੈ। 'ਮੇਰਾ ਸਟੱਡੀ ਟੇਬਲ' ਵੀ ਰਸਾਲੇ ਵਿੱਚ ਇਕ ਹੋਰ ਪੜ੍ਹਨਯੋਗ ਕਾਲਮ ਹੈ। 'ਕਹਾਣੀ ਧਾਰਾ' ਮਿਆਰੀ ਮੈਟਰ ਛਾਪਣ ਵਿੱਚ ਆਪਣੀ ਅਹਿਮ ਭੂਮਿਕਾ ਅਦਾ ਕਰ ਰਿਹਾ ਹੈ।

'ਸਮਕਾਲੀ ਸਾਹਿਤ' ਦੇ ਇਸ ਸਾਲ ਚਾਰ ਅੰਕ ਛਪ ਕੇ ਪਾਠਕਾਂ ਤੱਕ ਪੁੱਜਦੇ ਹਨ। ਰਸਾਲਾ ਆਪਣੀ ਦਿੱਖ ਤੇ ਮਿਆਰ ਕਾਇਮ ਰੱਖਦਾ ਹੈ। ਵੱਖ-ਵੱਖ ਅੰਕਾਂ ਵਿੱਚ ਮਹਿੰਦਰ ਸਿੰਘ ਸਰਨਾ, ਸੁਰਜੀਤ ਪਾਤਰ, ਵਣਜਾਰਾ ਬੇਦੀ ਉੱਤੇ ਭਰਪੂਰ ਸਮੱਗਰੀ ਛਾਪ ਕੇ ਉਨ੍ਹਾਂ ਨੂੰ ਚੇਤੇ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜੰਗ ਬਹਾਦੁਰ ਗੋਇਲ, ਪਰਮਜੀਤ ਢੀਂਗਰਾ ਦੀਆਂ ਲਿਖਤਾਂ ਹਰ ਅੰਕ ਵਿੱਚ ਅਹਿਮ ਹੁੰਦੀਆਂ ਹਨ। ਅਨੁਵਾਦ ਕਹਾਣੀਆਂ ਦੀ ਚੋਣ ਵੀ ਲਾਜਵਾਬ ਹੁੰਦੀ ਹੈ। ਕਵਿਤਾ, ਕਹਾਣੀ, ਕਿਤਾਬਾਂ ਦੇ ਕਾਲਮ ਵਿੱਚ ਸੰਬੰਧਤ ਸਮੱਗਰੀ ਦੀ ਚੋਣ ਵੀ ਉੱਚ ਪੱਧਰ ਦੀ ਹੁੰਦੀ ਹੈ। ਸੰਪਾਦਕ ਬਲਬੀਰ ਮਾਧੋਪੁਰੀ ਨੇ 'ਸਮਕਾਲੀ ਸਾਹਿਤ' ਦਾ ਮਿਆਰ ਕਾਇਮ ਰੱਖਿਆ ਹੈ। ਰਸਾਲੇ ਦਾ ਸਾਹਿਤਕ ਹਲਕਿਆਂ ਵਿੱਚ ਵਿਸ਼ੇਸ਼ ਸਥਾਨ ਹੈ। ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਪੰਜਾਬੀ ਸਾਹਿਤ ਦੀ ਪ੍ਰਤੀਬੱਧਤਾ ਨਾਲ ਸੇਵਾ ਕਰ ਰਹੀ ਹੈ। 'ਤਾਸਮਨ' ਦੇ ਇਸ ਸਾਲ ਤਿੰਨ ਅੰਕ ਛਪ ਕੇ ਪਾਠਕਾਂ ਤੱਕ ਪੁੱਜਦੇ ਹਨ। ਰਸਾਲੇ ਦਾ 'ਪਰਵਾਸੀ ਪੰਜਾਬੀ ਸਾਹਿਤ ਵਿਸ਼ੇਸ਼ ਅੰਕ' ਦੋ ਅੰਕ ਜੋੜ ਕੇ 424 ਪੰਨਿਆਂ ਦਾ ਇਕ ਯਾਦਗਾਰੀ ਅੰਕ ਛਪਦਾ ਹੈ, ਜਿਸ ਨੂੰ ਪੰਜਾਬੀ ਪਾਠਕਾਂ ਵੱਲੋਂ ਭਰਪੂਰ ਰੂਪ ਨਾਲ ਪਸੰਦ ਕੀਤਾ ਜਾਂਦਾ ਹੈ। 'ਤਾਸਮਨ' ਸਾਹਿਤਕ ਪੱਤਰਕਾਰੀ ਵਿੱਚ ਨਿੱਗਰ ਪੈੜਾਂ ਉਲੀਕ ਰਿਹਾ ਹੈ। ਰਸਾਲੇ ਦੀ ਦਿੱਖ, ਛਪਾਈ ਤੇ ਡਿਜ਼ਾਇਨ ਪੱਖੋਂ ਆਪਣਾ ਸਟੈਂਡਰਡ ਹੈ। ਰਸਾਲੇ ਨੇ ਸਰਘੀ, ਜਿੰਦਰ, ਸਾਂਵਲ ਧਾਮੀ, ਸਵਾਮੀ ਸਰਬਜੀਤ, ਸੁਰਿੰਦਰ ਨੀਰ, ਪਰਵੇਜ਼ ਸੰਧੂ, ਅਜਮੇਰ ਰੌਡੇ, ਗੁਰਮੀਤ ਪਨਾਗ ਆਦਿ ਦੀਆਂ ਮਿਆਰੀ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਹਨ। ਪਰਵਾਸੀ ਅੰਕ ਵਿੱਚ ਜੋਸਫ਼ਾ ਬਰਾਡਸਕੀ, ਗੁਰਬਚਨ, ਅਮਰਜੀਤ ਚੰਦਨ, ਦਾਰਾ ਢਿੱਲੋਂ, ਹਰਵਿੰਦਰ ਭੰਡਾਲ ਤੇ ਹੋਰਨਾਂ ਦੇ ਲੇਖ ਪਾਠਕਾਂ ਦਾ ਧਿਆਨ ਖਿੱਚਦੇ ਹਨ। 'ਤਾਸਮਨ' ਦੀ ਸਮੁੱਚੀ ਟੀਮ ਸਮੇਤ ਸੰਪਾਦਕ ਸਤਪਾਲ ਭੀਖੀ ਪਰਚੇ ਦੇ ਮਿਆਰ ਨੂੰ ਉੱਚਾ ਚੁੱਕਣ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਅ ਰਹੇ ਹਨ।

'ਸਿਰਜਣਾ' ਦੇ ਇਸ ਸਾਲ ਚਾਰ ਅੰਕ ਪ੍ਰਕਾਸ਼ਤ ਹੁੰਦੇ ਹਨ। ਪਰਚੇ ਵਿੱਚ ਛਪਦੀਆਂ ਕਹਾਣੀਆਂ ਵੱਲ ਹਰ ਪਾਠਕ ਦੀ ਨਜ਼ਰ ਹੁੰਦੀ ਹੈ। ਰਸਾਲੇ ਦੇ ਸੰਪਾਦਕ ਰਘਬੀਰ ਸਿੰਘ ਨੇ ਪੰਜਾਬੀ ਪਾਠਕਾਂ ਨੂੰ ਇਸ ਸਾਲ ਵੀ ਨਿੱਗਰ ਕਹਾਣੀਆਂ ਪੜ੍ਹਨ ਨੂੰ ਦਿੱਤੀਆਂ ਹਨ। ਹਰਪ੍ਰੀਤ ਸਿੰਘ ਚਨੂੰ, ਕਮਲ ਸੇਖੋਂ, ਚਰਨਜੀਤ ਮਿਨਹਾਸ, ਬੂਟਾ ਸਿੰਘ ਚੌਹਾਨ, ਰਮਨਦੀਪ ਵਿਰਕ, ਸੁਕੀਰਤ, ਬਲਵਿੰਦਰ ਗਰੇਵਾਲ, ਅੰਬਰ ਹੁਸੈਨੀ, ਬਲਬੀਰ ਪਰਵਾਨਾ ਆਦਿ ਦੀਆਂ ਕਹਾਣੀਆਂ ਪਾਠਕਾਂ ਦਾ ਧਿਆਨ ਖਿੱਚਦੀਆਂ ਹਨ। ਕਿਤਾਬਾਂ ਦੇ ਰੀਵਿਊ ਦਾ ਮਿਆਰ ਪਹਿਲਾਂ ਵਾਂਗ ਕਾਇਮ ਰਹਿੰਦਾ ਹੈ। 'ਸਿਰਜਣਾ' ਪਹਿਲਾਂ ਵਾਂਗ ਪਾਠਕਾਂ ਵਿੱਚ ਹਰਮਨ ਪਿਆਰਾ ਰਹਿੰਦਾ ਹੈ।

'ਪ੍ਰਵਚਨ' ਆਪਣੇ ਚਾਰ ਅੰਕਾਂ ਨਾਲ ਹਾਜ਼ਰੀ ਲਗਵਾਉਂਦਾ ਹੈ। 'ਕਹਾਣੀ ਗੋਸ਼ਟੀ ਅੰਕ' ਨਿਵੇਕਲਾ ਹੋਣ ਕਰਕੇ ਪੜ੍ਹਿਆ ਤੇ ਚਰਚਾ ਦਾ ਕੇਂਦਰ ਰਿਹਾ ਹੈ। ਗੋਸ਼ਟੀ ਵਿੱਚ ਕਹਾਣੀ ਸੰਬੰਧੀ ਵਿਚਾਰੇ ਮੁੱਦੇ ਪੜ੍ਹਨਯੋਗ ਹੁੰਦੇ ਹਨ। ਰਸਾਲਾ ਕਹਾਣੀ ਅਤੇ ਆਲੋਚਨਾ ਨੂੰ ਮੁੱਖ ਤੌਰ 'ਤੇ ਛਾਪਦਾ ਹੈ। ਵਰਿਆਮ ਸੰਧੂ ਦੇ ਸੁਖਜੀਤ ਤੇ ਸੁਰਜੀਤ ਪਾਤਰ 'ਤੇ ਲਿਖੇ ਲੰਮੇ ਸ਼ਬਦ ਚਿੱਤਰ ਪੜ੍ਹੇ ਤੇ ਸਲਾਹੇ ਗਏ ਹਨ। ਰਸਾਲੇ ਦਾ ਸੰਪਾਦਕ ਕੁਲਵੰਤ ਸੰਧੂ ਪਰਚੇ ਦੀ ਨਿਰੰਤਰਤਾ ਬਣਾਈ ਰੱਖਣ ਲਈ ਕਾਫੀ ਮਿਹਨਤ ਕਰ ਰਿਹਾ ਹੈ। ਜਿੰਦਰ ਦੀ ਸੰਪਾਦਨਾ ਹੇਠ 'ਸ਼ਬਦ' ਤੇ 'ਸ਼ਬਦ ਸਪਲੀਮੈਂਟ' ਦੇ ਤਿੰਨ-ਤਿੰਨ ਅੰਕ ਇਸ ਸਾਲ ਛਪਦੇ ਹਨ। 'ਸ਼ਬਦ' ਦੇ ਕਹਾਣੀ ਅੰਕ ਵਿੱਚ ਛਪੀਆਂ ਹਰਪ੍ਰੀਤ ਚੰਨੂ, ਬਲੀਜੀਤ, ਹਰਪ੍ਰੀਤ ਸੇਖਾ, ਭਗਵੰਤ ਰਸੂਲਪੁਰੀ, ਜਸਬੀਰ ਰਾਣਾ, ਅਜਮੇਰ ਸਿੱਧੂ, ਅਰਵਿੰਦਰ ਧਾਲੀਵਾਲ ਸਮੇਤ ਲਹਿੰਦੇ ਪੰਜਾਬ ਦੀਆਂ ਕਹਾਣੀਆਂ ਚਰਚਾ ਵਿੱਚ ਰਹਿੰਦੀਆਂ ਹਨ। 'ਸ਼ਬਦ' ਦਾ ਰਾਜਿੰਦਰ ਸਿੰਘ ਬੇਦੀ ਵਿਸ਼ੇਸ਼ ਅੰਕ' ਵਿੱਚ ਬੇਦੀ ਦੀਆਂ ਹੋਰ ਲਿਖਤਾਂ ਸਮੇਤ ਉਸ ਦਾ ਨਾਵਲ 'ਇੱਕ ਚਾਦਰ ਅੱਧੋਰਾਣੀ' ਛਪਿਆ ਹੈ। ਕੇਸਰ ਸਿੰਘ ਵਾਲਾ ਗੋਸ਼ਟੀ ਵਿੱਚ ਪੜ੍ਹੀਆਂ ਕਹਾਣੀਆਂ ਵਾਲਾ ਅੰਕ ਵੀ ਧਿਆਨ ਖਿੱਚਦਾ ਹੈ। 'ਸ਼ਬਦ ਸਪਲੀਮੈਂਟ' 'ਚ ਅਜੀਤ ਸਿੰਘ ਪੱਤੋ, ਜਰਨੈਲ ਪੁਰੀ ਅਤੇ 'ਸਾਹਿਤ ਆਲੋਚਨਾ ਅੰਕ' ਵੀ ਸਾਂਭਣਯੋਗ ਉਪਰਾਲਾ ਹੈ। ਜਿੰਦਰ 'ਸ਼ਬਦ' ਰਾਹੀਂ ਸਾਹਿਤਕ ਪੱਤਰਕਾਰੀ ਵਿੱਚ ਲੰਮੇ ਸਮੇਂ ਤੋਂ ਨਿੱਗਰ ਯੋਗਦਾਨ ਪਾ ਰਿਹਾ ਹੈ। ਇਸ ਸਾਲ 'ਚਿਰਾਗ਼' ਤ੍ਰੈਮਾਸਿਕ ਦੇ ਚਾਰ ਅੰਕ ਛਪ ਕੇ ਆਉਂਦੇ ਹਨ। ਚਿਰਾਗ਼ ਦਾ 'ਹਰਭਜਨ ਸਿੰਘ ਹੁੰਦਲ ਵਿਸ਼ੇਸ਼ ਅੰਕ' ਸਾਂਭਣਯੋਗ ਉਪਰਾਲਾ ਹੈ। ਰੌਣਕੀ ਰਾਮ, ਹਰਿੰਦਰ ਸੋਹਲ, ਕਰਮਜੀਤ ਸਿੰਘ, ਮੰਗਤ ਰਾਮ ਤੇ ਡਾ. ਮਨਜਿੰਦਰ ਸਿੰਘ ਦੀਆਂ ਲਿਖਤਾਂ ਰਸਾਲੇ ਦੀ ਪ੍ਰਾਪਤੀ ਬਣਦੀਆਂ ਹਨ। ਸੰਪਾਦਕ ਡਾ. ਕਰਮਜੀਤ ਸਿੰਘ ਤੇ ਡਾ. ਜਸਵੰਤ ਰਾਏ 'ਚਿਰਾਗ਼' ਰਾਹੀਂ ਆਪਣੀ ਬਣਦੀ ਭੂਮਿਕਾ ਅਦਾ ਕਰ ਰਹੇ ਹਨ। 'ਅੱਖਰ' ਇਕ ਹੋਰ ਮਿਆਰੀ ਰਸਾਲਾ ਨਿਰੰਤਰ ਛਪ ਰਿਹਾ ਹੈ। ਇਸ ਵਿੱਚ ਕਵਿਤਾ ਨੂੰ ਪ੍ਰਮੁੱਖਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ। ਨਾਲ-ਨਾਲ ਕਹਾਣੀਆਂ ਅਤੇ ਹੋਰ ਵਾਰਤਕ ਸਮੱਗਰੀ ਨੂੰ ਰਸਾਲੇ ਵਿੱਚ ਬਰਾਬਰ ਥਾਂ ਮਿਲਦੀ ਹੈ। ਇਸ ਵਰ੍ਹੇ ਰਸਾਲੇ ਨੂੰ ਸਾਹਿਤਕ ਹਲਕਿਆਂ ਵਿੱਚ ਚਰਚਾ ਦਾ ਕੇਂਦਰ ਬਣਾਉਣ 'ਚ ਸੰਪਾਦਕ 'ਵਿਸ਼ਾਲ' ਦਾ ਖਾਸ ਯੋਗਦਾਨ ਰਿਹਾ ਹੈ। ਤਿੱਖੀ ਸੁਰ ਦੀ ਸੰਪਾਦਕੀ ਸਾਹਿਤਕ ਹਲਕਿਆਂ ਵਿੱਚ ਚਰਚਾ ਦਾ ਕੇਂਦਰ ਰਹਿੰਦੀ ਹੈ। 'ਪ੍ਰਤਿਮਾਨ' ਅਮਰਜੀਤ ਕੌਂਕੇ ਦੀ ਸੰਪਾਦਨਾ ਅਧੀਨ ਛਪਦਾ ਇਕ ਹੋਰ ਰਸਾਲਾ ਹੈ। ਉਸ ਦਾ ਵਿਸ਼ੇਸ਼ ਅੰਕ 'ਯੁਵਾ ਪੰਜਾਬੀ ਕਵਿਤਾ ਵਿਸ਼ੇਸ਼ ਅੰਕ' ਪੰਜਾਬੀ ਕਵਿਤਾ ਦੀ ਨਿਸ਼ਾਨਦੇਹੀ ਕਰਨ ਵਾਲਾ ਅਹਿਮ ਅੰਕ ਹੈ। ਜਿਸ ਵਿੱਚ ਸਮਕਾਲ ਵਿੱਚ ਲਿਖੀ ਜਾ ਰਹੀ ਪੰਜਾਬੀ ਕਵਿਤਾ ਪੜ੍ਹਨ ਨੂੰ ਮਿਲਦੀ ਹੈ। ਅਰਤਿੰਦਰ ਸੰਧੂ ਦੀ ਸੰਪਾਦਨਾ ਹੇਠ 'ਏਕਮ' ਦੇ ਚਾਰ ਅੰਕ ਪ੍ਰਕਾਸ਼ਤ ਹੁੰਦੇ ਹਨ। 'ਏਕਮ' ਦਾ 'ਅਨੁਵਾਦ ਵਿਸ਼ੇਸ਼ ਅੰਕ' ਪਾਠਕਾਂ ਦਾ ਧਿਆਨ ਖਿੱਚਣ ਵਾਲਾ ਰਿਹਾ ਹੈ। ਜਿਸ ਵਿੱਚ ਕਾਫੀ ਮੁੱਲਵਾਨ ਸਮੱਗਰੀ ਪੜ੍ਹਨ ਨੂੰ ਮਿਲਦੀ ਹੈ। 'ਏਕਮ' ਵਿੱਚ ਕਵਿਤਾ, ਗ਼ਜ਼ਲ, ਕਹਾਣੀ ਤੇ ਲੇਖ ਮਿਆਰੀ ਹੁੰਦੇ ਹਨ। ਰਸਾਲੇ ਦੀ ਦਿੱਖ ਤੇ ਡਿਜ਼ਾਇਨ ਪਾਠਕ ਨੂੰ ਆਪਣੇ ਵੱਲ ਖਿੱਚਦੇ ਹਨ।

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਰਸਾਲੇ 'ਆਲੋਚਨਾ' ਦੇ ਇਸ ਸਾਲ ਦੋ ਅੰਕ ਪ੍ਰਕਾਸ਼ਤ ਹੁੰਦੇ ਹਨ। 'ਪੰਜਾਬੀ ਭਾਸ਼ਾ ਵਿਸ਼ੇਸ਼ ਅੰਕ' ਅਤੇ 'ਖੋਜ ਵਿਸ਼ੇਸ਼ ਅੰਕ' ਚਿੰਤਨ, ਖੋਜ ਤੇ ਆਲੋਚਨਾ ਦੇ ਮਿਆਰੀ ਅੰਕ ਹਨ। ਆਲੋਚਨਾ ਦੇ ਪ੍ਰਬੰਧਕਾਂ ਨੇ ਰਸਾਲੇ ਦਾ ਮਿਆਰ ਕਾਇਮ ਰੱਖਿਆ ਹੈ। ਮੁੱਖ ਸੰਪਾਦਕ ਡਾ. ਗੁਲਜ਼ਾਰ ਪੰਧੇਰ ਸਮੇਤ ਰਸਾਲੇ ਦਾ ਇਕ ਸੰਪਾਦਕੀ ਬੋਰਡ ਹੈ, ਜਿਹੜਾ ਮੈਟਰ ਦੀ ਚੋਣ ਕਰਦਾ ਹੈ। ਛਿਮਾਹੀ 'ਸੰਵਾਦ' ਆਲੋਚਨਾ ਦਾ ਇਕ ਹੋਰ ਮਿਆਰੀ ਰਸਾਲਾ ਹੈ, ਜਿਸ ਦੇ ਮੁੱਖ ਸੰਪਾਦਕ ਡਾ. ਮਹਿਲ ਸਿੰਘ ਤੇ ਸੰਪਾਦਕ ਡਾ. ਆਤਮ ਸਿੰਘ ਰੰਧਾਵਾ ਹਨ, ਜਿਨ੍ਹਾਂ ਨੇ ਇਸ ਸਾਲ ਦੋ ਅੰਕ ਪ੍ਰਕਾਸ਼ਤ ਕੀਤੇ ਹਨ। 'ਉੱਤਰ ਮਾਨਵਵਾਦ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਤੇ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ' ਅਤੇ 'ਬਿਰਤਾਂਤ ਦੀ ਜੰਗ' ਦੋ ਸਾਂਭਣਯੋਗ ਵਿਸ਼ੇਸ਼ ਅੰਕ ਹਨ, ਜਿਸ ਵਿੱਚ ਗੰਭੀਰ ਕਿਸਮ ਦੀ ਆਲੋਚਨਾ ਪੜ੍ਹਨ ਨੂੰ ਮਿਲਦੀ ਹੈ। 'ਕਾਵਿ ਲੋਕ' ਕਵਿਤਾ ਵਿਧਾ 'ਤੇ ਕੇਂਦਰਿਤ ਇਕ ਹੋਰ ਆਲੋਚਨਾ ਰਸਾਲਾ ਹੈ, ਜਿਸ ਨੂੰ ਡਾ. ਲਖਵਿੰਦਰ ਸਿੰਘ ਜੌਹਲ ਬੜੀ ਕੁਸ਼ਲਤਾ ਨਾਲ ਸੰਪਾਦਤ ਕਰ ਰਹੇ ਹਨ। ਰਸਾਲੇ ਦਾ 'ਸੁਰਜੀਤ ਪਾਤਰ ਵਿਸ਼ੇਸ਼ ਅੰਕ' ਸਾਹਿਤਕ ਹਲਕਿਆਂ ਵਿੱਚ ਭਰਪੂਰ ਸਲਾਹਿਆ ਗਿਆ। ਕਵਿਤਾ ਦੀਆਂ ਨਵੀਆਂ ਕਿਤਾਬਾਂ ਦੇ ਨਾਲ-ਨਾਲ ਕਵਿਤਾ ਸੰਬੰਧੀ ਸਮੀਖਿਆ ਲੇਖ 'ਕਾਵਿ ਲੋਕ' ਵਿੱਚ ਛਪਦੇ ਹਨ। ਬਲਜੀਤ ਸਿੰਘ ਰੈਨਾ ਵੱਲੋਂ ਤ੍ਰੈਮਾਸਿਕ ਖੋਜ ਜਰਨਲ 'ਆਬਰੂ' ਵੀ ਨਵੀਂ ਆਲੋਚਨਾ ਨੂੰ ਪੈਦਾ ਕਰਨ ਵਿੱਚ ਆਪਣੀ ਅਹਿਮ ਭੂਮਿਕਾ ਅਦਾ ਕਰ ਰਿਹਾ ਹੈ। ਇਸ ਖੋਜ ਜਰਨਲ ਵਿੱਚ ਭਰਵੀਂ ਗਿਣਤੀ ਵਿੱਚ ਖੋਜ ਵਿਦਿਆਰਥੀਆਂ ਦੇ ਖੋਜ ਪੇਪਰ ਵੱਖ-ਵੱਖ ਵਿਧਾਵਾਂ 'ਤੇ ਛਪਦੇ ਹਨ। ਜੋ ਅਜੇ ਪੀ.ਐੱਚ.ਡੀ. ਕਰ ਰਹੇ ਹੁੰਦੇ ਹਨ। ਇਸ ਰਸਾਲੇ ਦੇ ਚਾਰ ਅੰਕ ਛਪੇ ਹਨ। 'ਅਰਮਾਨ' ਇਕ ਹੋਰ ਖੋਜ ਜਰਨਲ ਹੈ। ਜਿਸ ਦੇ ਸੰਪਾਦਕ ਡਾ. ਸੰਦੀਪ ਸਿੰਘ ਮੁੰਡੇ ਹੈ। ਇਹ ਰਸਾਲਾ ਔਨ-ਲਾਇਨ ਪੜ੍ਹਨ ਨੂੰ ਮਿਲ ਜਾਂਦਾ ਹੈ। ਇਸ ਵਿੱਚ ਨਵੇਂ ਖੋਜ ਵਿਦਿਆਰਥੀਆਂ ਅਤੇ ਆਲੋਚਨਾ ਦੇ ਪੇਪਰ ਛਪਦੇ ਹਨ। 'ਪੰਜਾਬੀ ਨਕਸ਼' ਵੀ ਔਨ ਲਾਇਨ ਰਸਾਲਾ ਹੈ, ਜਿਸ ਦੇ ਸੰਪਾਦਕ ਸੋਨੀਆ ਮਨਜਿੰਦਰ ਹਨ। ਇਸ ਰਸਾਲੇ ਦਾ 'ਅਨੁਵਾਦ ਅੰਕ' ਪਾਠਕਾਂ ਵੱਲੋਂ ਕਾਫੀ ਪਸੰਦ ਕੀਤਾ ਗਿਆ ਹੈ।

ਕੁਲਦੀਪ ਸਿੰਘ ਬੇਦੀ ਨੇ 'ਮੀਰਜ਼ਾਦਾ ਬੋਲਿਆ' ਰਾਹੀਂ ਨਿਰੋਲ ਵਿਅੰਗ ਦਾ ਮੈਟਰ ਪ੍ਰਕਾਸ਼ਤ ਕਰਕੇ ਰਸਾਲੇ ਦੀ ਵੱਖਰੀ ਦਿੱਖ ਕਾਇਮ ਰੱਖੀ ਹੈ। ਇਸ ਸਾਲ ਰਸਾਲੇ ਦੇ ਚਾਰ ਅੰਕ ਛਪਦੇ ਹਨ। ਰਸਾਲੇ ਵਿੱਚ ਮਿਆਰੀ ਵਿਅੰਗ ਪੜ੍ਹਨ ਨੂੰ ਮਿਲ ਜਾਂਦੇ ਹਨ। ਸੰਪਾਦਕ ਵੱਲੋਂ ਸਮਕਾਲੀ ਪਰਚਿਆਂ ਬਾਰੇ ਜ਼ਿਕਰ ਪੜ੍ਹਨਯੋਗ ਕਾਲਮ ਹੈ। 'ਸ਼ਬਦ ਤ੍ਰਿੰਜਣ' ਵੀ ਵਿਅੰਗ ਵਿਧਾ ਦੀ ਗੱਲ ਕਰਨ ਵਾਲਾ ਰਸਾਲਾ ਹੈ, ਜਿਸ ਦੇ ਸੰਪਾਦਕ ਮੰਗਤ ਰਾਏ ਮਿੱਤਲ ਹਨ।

'ਮਿੰਨੀ' (ਸੰਪਾਦਕ ਜਗਦੀਸ਼ ਰਾਏ ਕੁਲਰੀਆਂ) ਮਿੰਨੀ ਕਹਾਣੀ ਵਿਧਾ 'ਤੇ ਕੇਂਦਰਤ ਰਸਾਲਾ ਹੈ, ਜਿਸ ਵਿੱਚ ਪੰਜਾਬੀ ਤੋਂ ਇਲਾਵਾ ਅਨੁਵਾਦ ਮਿੰਨੀ ਕਹਾਣੀਆਂ, ਮਿੰਨੀ ਕਹਾਣੀਆਂ ਸੰਬੰਧੀ ਆਲੋਚਨਾ ਪੇਪਰ ਪ੍ਰਕਾਸ਼ਤ ਕੀਤੇ ਜਾਂਦੇ ਹਨ। ਸੰਪਾਦਕ ਮਿੰਨੀ ਕਹਾਣੀ ਪ੍ਰਤੀ ਸਮਰਪਤ ਹੋ ਕੇ ਲੱਗਾ ਅਜਿਹਾ ਸਾਹਿਤਕਾਰ ਹੈ, ਜੋ ਮਿੰਨੀ ਕਹਾਣੀ ਦਾ ਮੁਹਾਂਦਰਾ ਘੜਨ ਵਿੱਚ ਅਹਿਮ ਰੋਲ ਅਦਾ ਕਰ ਰਿਹਾ ਹੈ। 'ਛਿਣ' (ਸੰਪਾਦਕ ਦਵਿੰਦਰ ਪਟਿਆਲਵੀ) ਰਸਾਲਾ ਵੀ ਮਿੰਨੀ ਕਹਾਣੀ ਵਿਧਾ 'ਤੇ ਕੇਂਦਰਤ ਹੈ, ਜਿਸ ਨੇ ਅਨੇਕਾਂ ਮਿੰਨੀ ਕਹਾਣੀਕਾਰ ਪੈਦਾ ਕਰ ਦਿੱਤੇ ਹਨ।

ਉਪਰੋਕਤ ਰਸਾਲਿਆਂ ਤੋਂ ਇਲਾਵਾ ਕੁਝ ਹੋਰ ਰਸਾਲੇ ਵੀ ਹਨ, ਜੋ ਪੰਜਾਬੀ ਸਾਹਿਤ ਨੂੰ ਆਪਣੀ-ਆਪਣੀ ਪੱਧਰ 'ਤੇ ਉਤਸ਼ਾਹਤ ਕਰ ਰਹੇ ਹਨ। ਸਮਾਂਤਰ ਨਜ਼ਰੀਆ (ਸੰਪਾਦਕ ਡਾ. ਗੁਲਜ਼ਾਰ ਸਿੰਘ ਪੰਧੇਰ), ਪੰਜਾਬੀ ਪਰਵਾਸ (ਸੰਪਾਦਕ ਸ. ਪ. ਸਿੰਘ), ਵਰਿਆਮ (ਸੰਪਾਦਕ ਡਾ. ਰਾਜਵੰਤ ਕੌਰ), ਆਪਣੀ ਆਵਾਜ਼ (ਸੰਪਾਦਕ ਲਖਵਿੰਦਰ ਸਿੰਘ ਜੌਹਲ), ਲੋਹ ਮਣੀ (ਸੰਪਾਦਕ ਡਾ. ਸੁਰਜੀਤ ਬਰਾੜ), ਸ਼ਿਵਾਲਿਕ (ਮੁੱਖ ਸੰਪਾਦਕ ਜੇ.ਐੱਸ. ਮਹਿਰਾ), ਮੇਲਾ (ਸੰਪਾਦਕ ਰਜਿੰਦਰ ਮਾਜ਼ੀ), ਅਨੁਤਾਸ਼ (ਸੰਪਾਦਕ ਕਮਲ ਗਿੱਲ), ਜੇਹਲਮ ਦਾ ਪਾਣੀ (ਸੰਪਾਦਕ ਡਾ. ਕੀਰਤ ਸਿੰਘ), ਘੁਮੱਕੜਨਾਮਾ (ਮੁੱਖ ਸੰਪਾਦਕ ਹਰਜਿੰਦਰ ਅਨੂਪਗੜ੍ਹ), ਅਦਬੀ ਮਹਿਕ (ਸੰਪਾਦਕ ਸਤਪਾਲ ਸਾਹਲੋਂ), ਕਲਾਕਾਰ ਸਾਹਿਤਕ (ਸੰਪਾਦਕ ਕੰਵਲਜੀਤ ਭੱਠਲ), ਰਣਜੀਤ (ਸੰਪਾਦਕ ਇੰਜ. ਕਰਮਜੀਤ ਸਿੰਘ), ਪ੍ਰੀਤ ਲੜੀ (ਸੰਪਾਦਕ ਪੂਨਮ ਸਿੰਘ), ਮੁਹਾਂਦਰਾ (ਮੁੱਖ ਸੰਪਾਦਕ ਜੋਗਿੰਦਰ ਸਿੰਘ ਨਿਰਾਲਾ, ਸੰਪਾਦਕ ਡਾ. ਰਾਹੁਲ ਰੁਪਾਲ) ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਨ੍ਹਾਂ ਤੋਂ ਇਲਾਵਾ ਬਾਲ ਸਾਹਿਤ ਨੂੰ ਸਮਰਪਤ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਰਸਾਲੇ 'ਪੰਖੜੀਆਂ' ਅਤੇ 'ਪ੍ਰਾਇਮਰੀ ਸਿੱਖਿਆ' ਤੋਂ ਇਲਾਵਾ ਬਲਜਿੰਦਰ ਮਾਨ ਦੀ ਸੰਪਾਦਨਾ ਹੇਠ ਛਪਦੇ ਰਸਾਲੇ 'ਨਿੱਕੀਆਂ ਕਰੂੰਬਲਾਂ' ਰਸਾਲੇ ਬੱਚਿਆਂ ਦੇ ਸੁਹਜ-ਸੁਆਦ ਦਾ ਮੈਟਰ ਪ੍ਰਕਾਸ਼ਤ ਕਰਕੇ ਆਪਣੀ ਬਣਦੀ ਭੂਮਿਕਾ ਅਦਾ ਕਰ ਰਹੇ ਹਨ। ਪੰਖੜੀਆਂ ਤੇ ਪ੍ਰਾਇਮਰੀ ਸਿੱਖਿਆ ਰਸਾਲੇ ਤਾਂ ਰੰਗੀਨ ਆਰਟ ਪੇਪਰ ਉੱਤੇ ਛਪ ਕੇ ਬੱਚਿਆਂ ਤੱਕ ਪੁੱਜਦੇ ਹਨ।




ਬੀਤੇ ਵਰ੍ਹੇ ਸ਼ਾਹਮੁਖੀ 'ਚ ਵੀ ਸਾਹਿਤਕ ਪੱਤਰਕਾਰੀ ਨੇ ਮੱਲ੍ਹਾਂ ਮਾਰੀਆਂ ਹਨ। ਲਹਿੰਦੇ ਪੰਜਾਬ 'ਚ ਸ਼ਾਹਮੁਖੀ 'ਚ ਲਹਿਰਾਂ (ਇਰਫ਼ਾਨ ਅਖ਼ਤਰ), ਕਾਂਗਾਂ (ਅਫ਼ਜ਼ਲ ਰਾਜ਼), ਵੰਗਾਂ (ਮੁਸ਼ਤਕਾ ਆਜਿਜ਼), ਲੋਕ ਵਿਰਾਗ (ਮੁਖ਼ਤਾਰ ਅਹਿਮਦ), ਚੰਬਾ (ਰਿਆਜ਼ ਸ਼ਹੀਦ), ਸੁਮੇਲ (ਇਜਾਜ਼), ਪੰਚਮ (ਮਕਸੂਦ ਸਾਕਿਬ), ਤ੍ਰਿੰਝਣ (ਸੁਗਰਾ ਸਦਫ਼), ਬਾਰਾਂ ਮਾਹ (ਜ਼ੁਬੈਰ ਅਹਿਮਦ), ਸਾਹਿਤ (ਇਲਿਆਸ ਘੁੰਮਣ), ਵੰਝਲੀ (ਤੌਕੀਰ ਚੁਗ਼ਤਾਈ) ਵਰਗੇ ਰਸਾਲੇ ਛਪ ਰਹੇ ਨੇ, ਜਿਨ੍ਹਾਂ ਵਿੱਚ ਲਹਿੰਦੇ ਤੇ ਚੜ੍ਹਦੇ ਪੰਜਾਬ ਦਾ ਸਾਹਿਤ ਪ੍ਰਮੁੱਖਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ।

ਪੰਜਾਬੀ ਦੇ ਸਾਹਿਤਕ ਰਸਾਲਿਆਂ ਨੇ ਅਕਾਰ ਅਤੇ ਦਿੱਖ ਪੱਖੋਂ ਬਹੁਤ ਸੁਧਾਰ ਕੀਤਾ ਹੈ। ਅਕਾਰ ਵਿੱਚ ਵੱਡੇ ਰਸਾਲਿਆਂ ਨੇ ਪੰਜਾਬੀ ਲੇਖਕਾਂ ਨੂੰ ਚੰਗਾ ਲਿਖਣ ਲਈ ਹੁੱਝਾਂ ਵੀ ਮਾਰੀਆਂ ਹਨ। ਹਰ ਸੰਪਾਦਕ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹਨੂੰ ਉੱਤਮ ਦਰਜੇ ਦਾ ਮਿਆਰੀ ਮੈਟਰ ਮਿਲਦਾ ਰਹੇ। ਹੁਣ ਰਸਾਲਿਆਂ ਦਾ ਸੰਪਾਦਕ ਲੇਖਕ ਤੱਕ ਪਹੁੰਚ ਕਰਕੇ ਕਹਾਣੀਆਂ, ਕਵਿਤਾਵਾਂ ਅਤੇ ਹੋਰ ਲੇਖ ਲਿਖਵਾਉਣ ਲਈ ਕਹਿੰਦੇ ਹਨ। ਇਹ ਚੰਗੀ ਪਿਰਤ ਵੀ ਹੈ। ਜਿਨ੍ਹਾਂ ਰਸਾਲਿਆਂ ਦਾ ਸਾਹਿਤਕ ਹਲਕਿਆਂ ਵਿੱਚ ਉੱਚੇ ਦਰਜੇ ਦਾ ਮਿਆਰ ਸਥਾਪਤ ਹੋ ਜਾਂਦਾ ਹੈ, ਉਨ੍ਹਾਂ ਰਸਾਲੇ ਨੂੰ ਚੰਗਾ ਮੈਟਰ ਮਿਲਣ ਦੀ ਕੋਈ ਸਮੱਸਿਆ ਵੀ ਨਹੀਂ ਆਉਂਦੀ। ਦੂਜੇ ਪਾਸੇ ਹਰ ਚੰਗਾ ਲਿਖਣ ਵਾਲੇ ਲੇਖਕ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹਦੀ ਕਵਿਤਾ, ਕਹਾਣੀ, ਲੇਖ ਉਸ ਰਸਾਲੇ ਵਿੱਚ ਛਪੇ, ਜਿਸ ਨੂੰ ਗੰਭੀਰ ਕਿਸਮ ਦੇ ਵੱਡੀ ਗਿਣਤੀ ਵਿੱਚ ਪਾਠਕ ਪੜ੍ਹਦੇ ਹੋਣ। ਪੰਜਾਬੀ ਵਿੱਚ ਸਾਹਿਤਕ ਰਸਾਲੇ ਬਹੁਤ ਛਪ ਰਹੇ ਹਨ। ਇਹ ਚੰਗੀ ਗੱਲ ਵੀ ਹੈ, ਪਰ ਰਸਾਲਿਆਂ ਨੂੰ ਚੰਗੇ ਮੈਟਰ ਦੀ ਸਮੱਸਿਆ ਆਉਂਦੀ ਰਹਿੰਦੀ ਹੈ। ਜਿਸ ਕਾਰਨ ਉਹ ਅਨੁਵਾਦ ਰਚਨਾਵਾਂ ਦਾ ਆਸਰਾ ਲੈਂਦੇ ਹਨ। ਕਈ ਛਪੀਆਂ ਰਚਨਾਵਾਂ ਨੂੰ ਦੁਬਾਰਾ ਛਾਪਣ ਲਈ ਬੇਬੱਸ ਹੁੰਦੇ ਹਨ। ਅੱਜ ਦੇ ਸਮੇਂ ਵਿੱਚ ਰਸਾਲੇ ਤਿਆਰ ਕਰਨ ਉਪਰੰਤ ਛਪਵਾਉਣੇ ਜਿੱਥੇ ਮਹਿੰਗੇ ਹੋ ਰਹੇ ਹਨ, ਉੱਥੇ ਪ੍ਰਿੰਟਿੰਗ ਦੇ ਢੰਗ-ਤਰੀਕੇ ਵੀ ਬਦਲ ਰਹੇ ਹਨ। ਮੁਕਾਬਲੇ ਦੇ ਯੁੱਗ ਵਿੱਚ ਸੰਪਾਦਕ ਕੁਆਲਿਟੀ ਦੀ ਪ੍ਰਿੰਟਿੰਗ ਨੂੰ ਪਹਿਲ ਦੇਣ ਲੱਗ ਪਏ ਹਨ। ਇਹ ਇਕ ਮਹਿੰਗਾ ਤਰੀਕਾ ਵੀ ਹੈ। ਦੂਜੇ ਪਾਸੇ ਰਸਾਲੇ ਪਾਠਕਾਂ ਤੱਕ ਪੁੱਜਦੇ ਕਰਨ ਦੇ ਢੰਗ-ਤਰੀਕੇ ਚੜ੍ਹਦੇ ਸਾਲ (2025 ਨੂੰ) ਹੋਰ ਮਹਿੰਗੇ ਹੋ ਗਏ ਹਨ। ਹੁਣ ਭਾਰਤੀ ਡਾਕ ਵਿੱਚ ਰਸਾਲੇ ਭੇਜਣਾ ਤਿੰਨ ਗੁਣਾ ਮਹਿੰਗੇ ਹੋ ਗਏ ਹਨ। ਨਵੇਂ ਸਾਲ ਤੋਂ ਸੰਪਾਦਕਾਂ ਨੂੰ ਆਪਣੇ-ਆਪਣੇ ਰਸਾਲੇ ਹੋਰ ਮਹਿੰਗੇ ਕਰਨੇ ਪੈਣਗੇ। ਸਧਾਰਨ ਬੁੱਕ ਪੋਸਟ ਤੇ ਰਜਿ. ਬੁੱਕ ਪੋਸਟ ਬਹੁਤ ਮਹਿੰਗੀ ਹੋ ਗਈ ਹੈ। ਇਕ ਕਿਸਮ ਨਾਲ ਸੱਤਾ ਪ੍ਰਾਪਤ ਸਰਕਾਰਾਂ ਸਾਹਿਤ ਦੀ ਸੰਘੀ ਘੁੱਟ ਰਹੀਆਂ ਹਨ। ਇਸ ਦੇ ਬਾਵਜੂਦ ਪੰਜਾਬੀ ਦੀ ਸਾਹਿਤਕ ਪੱਤਰਕਾਰੀ ਪਹਿਲਾਂ ਵਾਂਗ ਆਪਣਾ ਬਣਦਾ ਫਰਜ਼ ਨਿਭਾਉਂਦੀ ਰਹੇਗੀ। ਅਜਿਹੀ ਉਮੀਦ ਰੱਖਣੀ ਬਣਦੀ ਵੀ ਹੈ। ਆਸ ਕਰਦੇ ਹਾਂ ਕਿ ਪੰਜਾਬੀ ਦੇ ਰਸਾਲੇ ਮਿਆਰੀ ਅਤੇ ਉੱਤਮ ਦਰਜੇ ਦਾ ਸਾਹਿਤ ਆਪਣੇ ਰਸਾਲਿਆਂ ਰਾਹੀ ਪਾਠਕਾਂ ਨੂੰ ਪਹਿਲਾਂ ਵਾਂਗ ਦਿੰਦੇ ਰਹਿਣਗੇ ਅਤੇ ਸੰਪਾਦਕ ਸਾਹਿਤਕ, ਭਾਸ਼ਾ, ਇਤਿਹਾਸ, ਸੱਭਿਆਚਾਰ ਨਾਲ ਸੰਬੰਧਤ ਮੁੱਦਿਆਂ 'ਤੇ ਆਪਣੀ ਗੱਲ ਜ਼ਿੰਮੇਵਾਰੀ ਨਾਲ ਕਰਦੇ ਰਹਿਣਗੇ।

ਸੰਪਰਕ 94170-64350

## ਬਾਲ ਕੋਨਾ



ਹਰਨੂਰ ਕੌਰ, ਪੰਜਵੀਂ, ਸੇਂਟ ਪੌਲ ਕਾਨਵੈਂਟ ਸਕੂਲ, ਦਸੂਹਾ



ਕੁਮਾਰੀ ਸੀਆ, 6ਵੀਂ, ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ, ਹੁਸ਼ਿਆਰਪੁਰ



ਅੰਮ੍ਰਿਤਪਾਲ ਸਿੰਘ, ਤੀਜੀ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ, ਰੂਪਨਗਰ




ਤਿਕਸ਼ਿਤਾ ਗੁਪਤਾ, ਤੀਜੀ, ਪੈਰਾਗੌਨ ਇੰਟਰਨੈਸ਼ਨਲ ਸਕੂਲ, ਡੇਹਲੋਂ